

Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

for Free Consultation!!!

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 34, August 29, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕਰੋਨਾ ਖਿਲਾਫ ਜੰਗ: ਕੈਪਟਨ ਸਰਕਾਰ ਦੀ ਨੀਅਤ 'ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਮਹਾਮਾਰੀ ਦਾ ਪਸਾਰਾ ਦਿਨੋ-ਦਿਨ ਵਧ ਰਿਹਾ ਹੈ। ਅਜਿਹੇ ਔਖੇ ਵੇਲੇ ਲੋਕਾਂ ਦੀ ਬਾਂਹ ਫੜਨ ਦੀ ਥਾਂ ਪੰਜਾਬ ਸਰਕਾਰ ਨੇ ਸਾਰਾ ਜ਼ੋਰ ਲੋਕਾਂ ਉਤੇ ਸਖਤੀ ਕਰਨ ਵਲ ਲਾਇਆ ਹੋਇਆ ਹੈ। ਮੁੱਖ ਮੰਤਰੀ ਦੇ ਫੇਸਬੁੱਕ ਲਾਈਵ ਵਿਚ ਲੋਕ ਕਰੋਨਾ ਬਾਰੇ ਨਹੀਂ ਸਗੋਂ ਉਨ੍ਹਾਂ ਉਤੇ ਲਾਈਆਂ ਸਖਤੀਆਂ ਵਿਚ ਢਿੱਲ ਦੇਣ ਤੇ ਸਿਹਤ ਸਹੂਲਤ ਦੀ ਗਰਕ ਚੁੱਕੀ ਹਾਲਤ ਬਾਰੇ ਉਲਾਂਭੇ ਦਿੰਦੇ ਹਨ।

ਪੰਜਾਬ ਦੇ ਹਾਲਾਤ ਇਸ ਸਮੇਂ ਇਹ ਹਨ ਕਿ ਲੋਕ ਕਰੋਨਾ ਤੋਂ ਨਹੀਂ, ਦੋ ਡੰਗ ਦੀ ਰੋਟੀ ਤੋਂ ਫਿਕਰਮੰਦ ਹਨ। ਸਰਕਾਰੀ ਸਖਤੀਆਂ ਨੇ ਲੋਕਾਂ ਦਾ ਛੋਟਾ-ਮੋਟਾ ਕਾਰੋਬਾਰ ਤਬਾਹ ਕਰ ਦਿੱਤਾ ਹੈ। ਸਿਹਤ ਮਾਹਿਰ, ਸਮਾਜ ਸੇਵਕ ਤੇ ਸਿਆਸੀ ਆਗੂ ਲਗਾਤਾਰ ਸਵਾਲ ਕਰ ਰਹੇ ਹਨ ਕਿ ਪੰਜਾਬ ਵਿਚ ਕਰੋਨਾ ਦੇ ਵਾਧੇ ਅਤੇ ਮੌਤ ਦਰ ਠੱਲ੍ਹਣ ਲਈ ਲੋਕਾਂ ਨੂੰ ਡਾਕਟਰੀ ਸਹਿਯੋਗ ਤੇ ਸਹੂਲਤਾਂ ਵਿਚ ਵਾਧਾ ਕਰਨ ਦੀ ਬਜਾਏ ਉਲਟਾ ਸਖਤ ਪਾਬੰਦੀਆਂ ਦਾ ਰਾਹ ਅਖਤਿਆਰ ਕਰਨਾ ਸਮਝ ਤੋਂ ਪਰੇ ਦੀ ਗੱਲ ਹੈ। ਦਰਅਸਲ ਭਾਰਤੀ ਹਾਕਮਾਂ ਨੇ ਸ਼ੁਰੂ ਤੋਂ ਹੀ ਇਸ ਮਹਾਮਾਰੀ ਨੂੰ ਵਿਗਿਆਨਕ ਢੰਗ ਤੇ ਸਿਹਤ ਮਾਹਰਾਂ ਦੀ ਰਾਏ ਮੁਤਾਬਕ ਨਿਜੱਠਣ ਤੋਂ ਪਾਸਾ ਵੱਟਿਆ ਹੋਇਆ ਹੈ। ਜਦੋਂ ਮੁਲਕ ਵਿਚ ਮਹਾਮਾਰੀ ਪੈਰ ਪਸਾਰ ਰਹੀ ਸੀ ਤਾਂ 25 ਮਾਰਚ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਬੜਾ ਜ਼ੋਰ ਦੇ ਕੇ ਕਿਹਾ ਸੀ ਕਿ ਮਹਾਭਾਰਤ ਯੁੱਧ 18 ਦਿਨ ਵਿਚ ਜਿੱਤਿਆ ਗਿਆ ਸੀ ਅਤੇ ਕਰੋਨਾ ਨੂੰ 21 ਦਿਨ ਵਿਚ ਜਿੱਤ ਲਵਾਂਗੇ। ਲੋਕਾਂ ਨੂੰ ਇਸ ਮਹਾਮਾਰੀ ਦੀ ਅਸਲੀਅਤ ਦੱਸਣ ਦੀ ਥਾਂ ਮੋਦੀ ਨੇ ਤਾਲੀਆਂ-ਥਾਲੀਆਂ ਵਜਾਉਣ ਤੇ ਮੋਮਬੱਤੀਆਂ ਜਗਾਉਣ ਦਾ ਸੱਦਾ ਦੇ ਕੇ ਕਾਫੀ ਹੱਦ ਤੱਕ ਸਾਫ ਕਰ ਦਿੱਤਾ ਕਿ ਭਾਰਤ ਵਿਚ ਜੰਗ ਦੀ ਦਿਸ਼ਾ ਦੀ ਹੋਵੇਗੀ। ਪੰਜਾਬ ਸਰਕਾਰ ਵੀ ਇਸੇ ਰਾਹ ਤੁਰੀ ਤੇ ਕਾਂਗਰਸ ਪਾਰਟੀ ਨੇ ਘਰਾਂ ਦੀਆਂ ਛੱਤਾਂ ਉਤੇ ਚੜ੍ਹ ਕੇ ਜੈਕਾਰੇ ਛੱਡਣ ਦੀ ਸਲਾਹ ਦੇ ਦਿੱਤੀ।

ਹੁਣ ਜਦੋਂ ਇਹ ਗੱਲ ਸਾਫ ਹੋ ਚੁੱਕਾ ਹੈ ਕਿ ਤਾਲਾਬੰਦੀ, ਕਰਫਿਊ ਅਤੇ ਸਖਤ ਪਾਬੰਦੀਆਂ ਇਸ ਮਹਾਮਾਰੀ ਨੂੰ ਡੱਕਣ ਦਾ ਸਿਰਫ ਆਰਜ਼ੀ ਹੱਲ ਸੀ, ਇਹ ਸਿਰਫ ਸਰਕਾਰ ਨੂੰ ਸਿਹਤ ਸਹੂਲਤਾਂ ਨੂੰ ਪੈਰਾਂ ਸਿਰ ਕਰਨ ਲਈ ਵਾਧੂ ਸਮਾਂ ਦੇਣ ਲਈ

### ਸਹੂਲਤਾਂ ਦੀ ਥਾਂ ਸਖਤੀ ਉਤੇ ਜ਼ੋਰ ਖਿਲਾਫ ਰੋਹ

ਸਨ ਪਰ ਪੰਜਾਬ ਸਰਕਾਰ ਇਨ੍ਹਾਂ ਪਾਬੰਦੀਆਂ ਆਸਰੇ ਹੀ ਮਹਾਮਾਰੀ ਨੂੰ ਭਜਾਉਣ ਦਾ ਭਰਮ ਪਾਲੀ ਬੈਠੀ ਹੈ। ਮਾਹਿਰ ਇਸ ਪੱਖੋਂ ਹੈਰਾਨ ਹਨ ਕਿ ਕਰੋਨਾ ਕੇਸਾਂ ਵਿਚ ਵਾਧੇ ਕਾਰਨ ਹਸਪਤਾਲਾਂ ਵਿਚ ਬੈੱਡ ਮਿਲਣ ਵਿਚ ਦਿੱਕਤ ਆ ਰਹੀ ਹੈ। ਵੈਂਟੀਲੇਟਰ, ਆਕਸੀਮੀਟਰ ਨਹੀਂ ਮਿਲ ਰਹੇ ਤੇ ਆਈ.ਸੀ.ਯੂ. ਘਟ ਗਏ ਹਨ ਪਰ ਸਰਕਾਰ ਆਪਣੀਆਂ ਇਨ੍ਹਾਂ ਨਕਾਮੀਆਂ ਬਾਰੇ ਗੱਲ ਕਰਨ ਲਈ ਤਿਆਰ ਹੀ ਨਹੀਂ ਹੈ।

ਤਿੰਨ ਮਹੀਨਿਆਂ ਦੇ ਸਖਤ ਲੌਕਡਾਊਨ ਪਿੱਛੋਂ ਆਪਣੇ ਕਾਰੋਬਾਰ ਨੂੰ ਮੁੜ ਲੀਹੇ ਪਾਉਣ ਲਈ ਜੱਦੋ-ਜਹਿਦ ਕਰ ਰਹੇ ਲੋਕ ਸਰਕਾਰ ਨੂੰ ਆਪਣੀਆਂ ਨੀਤੀਆਂ ਬਦਲਣ ਲਈ ਤਰਲਾ ਮਾਰ ਰਹੇ ਹਨ। ਇਸ ਦੇ ਬਾਵਜੂਦ ਕੈਪਟਨ ਸਰਕਾਰ ਨੇ ਸੂਬੇ ਵਿਚ ਧਾਰਾ 144 ਸਮੇਤ ਸਖਤ ਪਾਬੰਦੀਆਂ ਲਾ ਕੇ ਲੋਕਾਂ ਨੂੰ ਮੁੜ ਘਰੀਂ ਡੱਕ ਦਿੱਤਾ ਹੈ। ਪੰਜਾਬ ਸਰਕਾਰ ਦੀ ਨੀਤੀ ਤੋਂ ਸਾਫ ਜਾਪ ਰਿਹਾ ਹੈ ਕਿ ਹਾਕਮ ਧਿਰ ਨੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਹਾਲ ਉਤੇ ਛੱਡ ਕੇ ਸਾਰਾ ਜ਼ੋਰ ਆਪਣੀਆਂ ਨਾਲਾਇਕੀਆਂ ਛੁਪਾਉਣ ਉਤੇ ਲਾਇਆ ਹੋਇਆ ਹੈ।

ਦਰਅਸਲ, ਕੈਪਟਨ ਵੀ ਕੇਂਦਰ ਦੀ ਮੋਦੀ ਸਰਕਾਰ ਵਾਂਗ ਕਰੋਨਾ ਬਹਾਨੇ ਚੰਮ ਦੀਆਂ ਚਲਾਉਣ ਵਾਲੀ ਨੀਤੀ ਉਤੇ ਚੱਲ ਰਿਹਾ ਹੈ। ਕੈਪਟਨ ਸਰਕਾਰ ਦੀ ਸਾਢੇ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਖਿਲਾਫ ਸੂਬੇ ਦੇ ਲੋਕਾਂ ਵਿਚ ਰੋਹ ਹੈ। ਕਾਂਗਰਸ ਸਰਕਾਰ ਦੀਆਂ ਨਾਲਾਇਕੀਆਂ ਖਿਲਾਫ ਪਾਰਟੀ ਅੰਦਰੋਂ ਵੱਡੇ ਪੱਧਰ ਉਤੇ ਬਾਗੀ ਸੁਰਾਂ ਉਠ ਰਹੀਆਂ ਹਨ। ਤਾਜ਼ਾ ਵਾਪਰੇ ਸ਼ਰਾਬ ਕਾਂਡ ਨੇ ਸਰਕਾਰ ਦੀਆਂ ਚੂਲਾਂ ਹਿਲਾਈਆਂ ਹੋਈਆਂ ਹਨ। ਇਹ ਤਾਜ਼ਾ ਸਖਤੀਆਂ ਕਰੋਨਾ ਦੀ ਥਾਂ ਸਰਕਾਰ ਦੀਆਂ ਇਨ੍ਹਾਂ ਨਕਾਮੀਆਂ ਖਿਲਾਫ ਉਠੀਆਂ ਆਵਾਜ਼ਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵੱਧ ਜਾਪ ਰਹੀਆਂ ਹਨ।

ਵਿਰੋਧੀ ਧਿਰਾਂ ਦੋਸ਼ ਲਾ ਰਹੀਆਂ ਹਨ ਕਿ ਰਾਤ ਦਾ ਕਰਫਿਊ ਰੇਤ ਮਾਫੀਆ, ਨਸ਼ਾ ਅਤੇ ਸ਼ਰਾਬ ਤਸਕਰਾਂ ਨੂੰ ਖੁੱਲ੍ਹ ਖੇਡਣ ਲਈ ਲਗਾਇਆ ਗਿਆ ਹੈ। ਅਸਲ ਵਿਚ, ਭਾਰਤ ਸਮੇਤ ਜ਼ਿਆਦਾਤਰ ਦੇਸ਼ਾਂ ਨੂੰ ਕਰੋਨਾ ਵਾਇਰਸ ਉਤੇ ਕਾਬੂ ਪਾਉਣ ਦੇ ਕਿਸੇ ਸੰਭਾਵੀ ਸਮੇਂ ਬਾਰੇ ਅਨਿਸ਼ਚਤਤਾ ਕਾਰਨ ਤਾਲਾਬੰਦੀਆਂ ਖਤਮ ਕਰ ਕੇ ਅਰਥਚਾਰੇ ਦੀ ਖੜੋਤ ਨੂੰ ਤੋੜਨ ਦੇ ਫੈਸਲੇ ਕਰਨੇ ਪਏ ਸਨ, ਪਰ ਹੁਣ ਇਸ ਸਾਲ ਦੇ ਅੰਤ ਤੱਕ ਕਰੋਨਾ ਨਾਲੋਂ ਭੁੱਖ ਨਾਲ ਵੱਧ ਮਰਨ ਦੀਆਂ ਰਿਪੋਰਟਾਂ ਦੇ ਬਾਵਜੂਦ ਹੁਕਮਰਾਨ ਲੋਕਾਂ ਨਾਲ ਸੰਵਾਦ ਰਚਾ ਕੇ ਅਤੇ ਉਨ੍ਹਾਂ ਨੂੰ ਫੈਸਲਿਆਂ ਵਿਚ ਹਿੱਸੇਦਾਰ ਬਣਾਉਣ ਦੀ ਬਜਾਇ ਬੇਤੁਕੇ ਫੈਸਲੇ ਲੈ ਰਹੇ ਹਨ।

ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਅਨੁਸਾਰ ਇਹ


*(ਬਾਕੀ ਸਫਾ 6 ਉਤੇ)*


## ਜਥੇਦਾਰ ਵਲੋਂ ਸਿੱਖ ਨੌਜਵਾਨਾਂ ਉਤੇ ਸਖਤੀ ਬਾਰੇ ਫਿਕਰਮੰਦੀ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਵਾਰ ਸਿੱਖ ਨੌਜਵਾਨਾਂ ਉਤੇ ਸਖਤੀ ਉਤੇ ਫਿਕਰਮੰਦੀ ਜ਼ਾਹਿਰ ਕੀਤੀ ਹੈ। ਪੰਜ ਸਿੰਘ ਸਹਿਬਾਨ ਦੀ ਇਕੱਤਰਤਾ ਵਿਚ ਵੀ ਇਸ ਮਸਲੇ ਉਤੇ ਵਿਚਾਰ ਚਰਚਾ ਹੋਈ ਹੈ। ਜਿਸ ਪਿੱਛੋਂ ਜਥੇਦਾਰ ਨੇ ਸਾਫ ਆਖਿਆ ਹੈ ਕਿ ਅਰਦਾਸ ਕਰਨਾ ਸਿੱਖ ਦਾ ਧਾਰਮਿਕ ਫਰਜ਼ ਹੈ ਤੇ ਸਿੱਖ ਹਮੇਸ਼ਾ ਅਰਦਾਸ ਰਾਹੀਂ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਨੂੰ ਦ੍ਰਿੜ੍ਹ ਕਰਦਾ ਹੈ।

ਜਥੇਦਾਰ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਪੁਲਿਸ ਨੇ ਅਕਾਲ ਤਖਤ ਉਤੇ ਖਾਲਿਸਤਾਨ ਬਾਰੇ ਅਰਦਾਸ ਕਰਨ ਦੇ ਮਾਮਲੇ ਵਿਚ ਸਿੱਖ ਨੌਜਵਾਨ ਗੁਰਮੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਦਾਅਵਾ ਕਰ ਰਹੀ ਹੈ ਕਿ ਭਾਰਤ 'ਚ ਪਾਬੰਦੀਸ਼ੁਦਾ ਅਮਰੀਕਾ ਆਧਾਰਿਤ ਸਿੱਖ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਖਾਲਿਸਤਾਨ ਤੇ ਰੈਫਰੈਂਡਮ 2020 ਲਈ ਅਕਾਲ ਤਖਤ ਸਾਹਿਬ ਸਨਮੁਖ ਅਰਦਾਸ ਕਰਨ ਦੀ ਦਿੱਤੀ ਚੁਣੌਤੀ ਤਹਿਤ ਇਸ ਨੌਜਵਾਨ ਨੇ ਅਰਦਾਸ ਕੀਤੀ ਹੈ।


ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਅਨੁਸਾਰ ਸਿੱਖਸ ਫਾਰ ਜਸਟਿਸ ਦੇ ਸੰਸਥਾਪਕ ਗੁਰਪਤਵੰਤ ਸਿੰਘ ਪੰਨੂੰ ਵਲੋਂ ਮੁੱਖ ਮੰਤਰੀ ਨੂੰ ਚੁਣੌਤੀ ਦਿੰਦਿਆਂ ਬੀਤੇ ਦਿਨੀਂ ਕੌਮ ਦੀ ਆਜ਼ਾਦੀ, ਖਾਲਿਸਤਾਨ ਤੇ ਰੈਫਰੈਂਡਮ 2020 ਲਈ 23 ਅਗਸਤ ਨੂੰ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕਰਕੇ ਇਸ ਦੀ ਵੀਡੀਓ ਭੇਜਣ ਵਾਲੇ ਨੂੰ 5 ਹਜ਼ਾਰ ਡਾਲਰ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ।

ਯਾਦ ਰਹੇ ਕਿ ਪਿਛਲੇ ਤਕਰੀਬਨ ਢਾਈ ਮਹੀਨਿਆਂ ਖਾਲਿਸਤਾਨ ਤੇ ਰੈਫਰੈਂਡਮ 2020 ਦੇ ਨਾਮ ਉਤੇ ਪੰਜਾਬ ਵਿਚ ਸਿੱਖ ਨੌਜਵਾਨਾਂ ਦੀ ਧੜਾ ਧੜ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਪੰਜਾਬ ਦੀਆਂ ਧਾਰਮਿਕ ਜਥੇਬੰਦੀਆਂ ਸਮੇਤ ਸਿਆਸੀ ਧਿਰਾਂ ਵੀ ਪੰਜਾਬ ਸਰਕਾਰ ਦੀ ਇਸ ਧੱਕੇਸ਼ਾਹੀ ਦਾ ਵਿਰੋਧ ਕਰ ਰਹੀਆਂ ਹਨ। ਜ਼ਿਲ੍ਹਾ ਸੰਗਰੂਰ ਦੇ ਪਿੰਡ ਰੱਤਾਖੇੜਾ ਦੇ 22 ਸਾਲਾ



ਅੰਮ੍ਰਿਤਧਾਰੀ ਨੌਜਵਾਨ ਲਵਪ੍ਰੀਤ ਸਿੰਘ ਵਲੋਂ ਖੁਦਕੁਸ਼ੀ ਤੋਂ ਬਾਅਦ ਇਹ ਮਾਮਲਾ ਕਾਫੀ ਭਖ ਗਿਆ ਸੀ। ਇਸ ਨੌਜਵਾਨ ਦੀ 13 ਜੁਲਾਈ ਨੂੰ ਚੰਡੀਗੜ੍ਹ ਵਿਚ ਕੇਂਦਰੀ ਜਾਂਚ ਏਜੰਸੀ ਵਲੋਂ ਪੁੱਛਗਿੱਛ ਕੀਤੀ ਗਈ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਨੌਜਵਾਨ ਇੰਨਾ ਡਰਿਆ ਕਿ ਉਸ ਨੇ ਇਕ ਗੁਰਦੁਆਰੇ ਵਿਚ ਖੁਦਕੁਸ਼ੀ ਕਰ ਲਈ। ਯਾਦ ਰਹੇ ਕਿ ਕੇਂਦਰ ਸਰਕਾਰ ਨੇ ਬਣਾਏ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਹੇਠ ਪਿਛਲੇ ਦਿਨਾਂ 'ਚ ਵੱਡੀ ਗਿਣਤੀ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀ ਹਨ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



**LEAF XPRESS**
INIANAPOLIS, IN

**Now Hiring!**

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

Call, ISHAN: 317-688-9222

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਦਰਿਆਈ ਪਾਣੀਆਂ ਦੇ ਮਸਲੇ 'ਤੇ ਪੰਜਾਬ ਦਾ ਸਿਆਸੀ ਪਾਰਾ ਚੜ੍ਹਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਪਾਣੀਆਂ ਦੇ ਰੌਲੇ ਨੂੰ ਆਪਸੀ ਸਹਿਮਤੀ ਨਾਲ ਨਿਬੇੜਨ ਲਈ ਸੁਪਰੀਮ ਕੋਰਟ ਦੇ ਹੁਕਮਾਂ ਉਤੇ ਹੋਈ ਪਲੇਠੀ ਮੀਟਿੰਗ ਤੋਂ ਬਾਅਦ ਪੰਜਾਬ ਦਾ ਸਿਆਸੀ ਪਾਰਾ ਚੜ੍ਹ ਗਿਆ ਹੈ। ਭਾਵੇਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦਾ ਪੱਖ ਠੋਕ ਕੇ ਰੱਖਿਆ ਪਰ ਵਿਰੋਧੀ ਧਿਰਾਂ ਸਵਾਲ ਚੁੱਕ ਰਹੀਆਂ ਹਨ ਕਿ ਸਰਕਾਰ ਜੇਕਰ ਪਹਿਲਾਂ ਤੋਂ ਹੀ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੀ ਤਾਂ ਇਹ ਦਿਨ ਨਾ ਵੇਖਣੇ ਪੈਂਦੇ।

ਉਧਰ, ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਐਸ.ਵਾਈ.ਐਲ. ਅਤੇ ਪੰਜਾਬ ਦੇ ਪਾਣੀਆਂ ਬਾਰੇ ਸਰਬ ਪਾਰਟੀ ਮੀਟਿੰਗ ਸੱਦਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿਚ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ, ਕਾਨੂੰਨੀ ਮਾਹਿਰਾਂ, ਕਿਸਾਨ-ਮਜ਼ਦੂਰਾਂ ਦੀਆਂ ਜਥੇਬੰਦੀਆਂ ਨੂੰ ਸੱਦਿਆ ਜਾਵੇ ਤਾਂ ਜੋ ਕੇਂਦਰ ਸਮੇਤ ਸਾਰੀਆਂ ਸੂਬਾ ਸਰਕਾਰਾਂ ਨੂੰ ਇਕਮੱਤ ਸੰਦੇਸ਼ ਦਿੱਤਾ ਜਾ ਸਕੇ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਇਕ ਬੂੰਦ ਵੀ ਪਾਣੀ ਨਹੀਂ ਹੈ।

ਉਧਰ, ਐਸ.ਵਾਈ.ਐਲ. ਮੁੱਦੇ ਉਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸਰਕਾਰ 'ਤੇ ਸਵਾਲ ਖੜ੍ਹੇ ਕੀਤੇ ਹਨ। ਵਿਧਾਇਕ ਬੈਂਸ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਲ ਮੀਟਿੰਗ 'ਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਣੀ ਦੇਣ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਣ ਸਬੰਧੀ ਦਿੱਤਾ ਬਿਆਨ ਚੰਗਾ ਸੀ, ਪਰ ਉਨ੍ਹਾਂ ਨੂੰ ਇਸ ਮੁੱਦੇ ਦੇ ਹੱਲ ਲਈ ਸਿਆਸਤ ਤੋਂ ਉਪਰ ਉਠਣਾ ਪਵੇਗਾ। ਉਨ੍ਹਾਂ ਕਿਹਾ ਕਿ ਅੱਜ ਤੱਕ ਕਿਸੇ ਪਾਰਟੀ ਨੇ ਇਸ ਮੁੱਦੇ ਦਾ ਹੱਲ ਨਹੀਂ ਕੱਢਿਆ।

ਵਿਧਾਇਕ ਬੈਂਸ ਨੇ ਕਿਹਾ ਕਿ ਅੱਜ ਤੱਕ ਹਰੇਕ ਸਰਕਾਰ ਇਹੀ ਕਹਿੰਦੀ ਰਹੀ ਹੈ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਪਾਣੀ ਨਹੀਂ ਹੈ, ਕੋਈ ਇਹ ਸਾਬਤ ਕਰਨ ਵੱਲ ਧਿਆਨ ਨਹੀਂ ਦੇ ਰਿਹਾ ਕਿ ਹਰਿਆਣਾ ਦਾ ਪੰਜਾਬ ਦੇ ਪਾਣੀ 'ਤੇ ਹੱਕ ਹੀ ਨਹੀਂ ਹੈ। ਜੇ ਰਾਜਸਥਾਨ ਨੂੰ ਜਾ ਰਹੇ




ਪਾਣੀ ਦਾ ਬਿੱਲ ਭੇਜਿਆ ਜਾਵੇ ਤਾਂ ਇਹ 16 ਲੱਖ ਕਰੋੜ ਰੁਪਏ ਬਣਦਾ ਹੈ ਜਦਕਿ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਸਮੇਤ ਹੋਰ ਕਰਜ਼ਾ ਸਿਰਫ ਚਾਰ ਲੱਖ ਕਰੋੜ ਹੈ। ਉਨ੍ਹਾਂ ਕਿਹਾ ਕਿ ਸਾਲ 2002 'ਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਹਰਿਆਣਾ ਨੂੰ ਪਾਣੀ ਦਿੱਤਾ ਜਾਵੇ, ਪਰ ਸਾਡੀਆਂ ਸਰਕਾਰਾਂ ਨੇ ਸਹੀ ਤਰੀਕੇ ਨਾਲ ਕਾਨੂੰਨੀ ਲੜਾਈ ਨਹੀਂ ਲੜੀ। ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਪਾਣੀ ਸਬੰਧੀ ਹਿਮਾਚਲ ਸਰਕਾਰ ਨਾਲ 21 ਕਰੋੜ ਦਾ ਸਮਝੌਤਾ ਕੀਤਾ ਹੈ ਜਦਕਿ ਪੰਜਾਬ ਵੱਲੋਂ ਜਾ ਰਹੇ ਪਾਣੀ 'ਤੇ ਚੁੱਪੀ ਧਾਰੀ ਹੋਈ ਹੈ।

ਵਿਧਾਇਕ ਬੈਂਸ ਨੇ ਕਿਹਾ ਕਿ ਪੰਜਾਬ 'ਚ ਆਈਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਗਲਤ ਪਲੇਟਫਾਰਮ 'ਤੇ ਲੜਾਈ ਲੜਦੀਆਂ ਰਹੀਆਂ ਹਨ। 1966 'ਚ ਪੰਜਾਬ ਤੋਂ ਹਰਿਆਣਾ ਵੱਖ ਹੋ ਗਿਆ। ਪੁਨਰਗਠਨ ਐਕਟ ਦੀ ਧਾਰਾ 78-79-80 ਨੂੰ ਚੁਣੌਤੀ ਨਹੀਂ ਦਿੱਤੀ ਗਈ। ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਇਕ ਵਾਰ ਇਸ ਧਾਰਾ ਨੂੰ ਚੁਣੌਤੀ ਦਿੰਦਿਆਂ ਅਦਾਲਤ 'ਚ ਪਟੀਸ਼ਨ ਦਾਇਰ ਕਰ ਦਿੱਤੀ। ਉਸ ਮਗਰੋਂ ਦਰਬਾਰਾ ਸਿੰਘ ਗੁਰੂ ਮੁੱਖ ਮੰਤਰੀ ਬਣੇ ਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਨਾਲ ਪਾਣੀ ਦੇ ਮੁੱਦੇ 'ਤੇ ਮੀਟਿੰਗ ਹੋਈ। ਉਸ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਨੂੰ ਸਾਫ ਕਿਹਾ ਕਿ ਜੇ ਮੁੱਖ ਮੰਤਰੀ ਰਹਿਣਾ ਹੈ ਤਾਂ ਪਟੀਸ਼ਨ ਵਾਪਸ ਲੈਣ। ਅਖੀਰ ਇਹ ਪਟੀਸ਼ਨ ਵਾਪਸ ਹੋ ਗਈ।

ਇਸ ਮਗਰੋਂ ਐਸ.ਵਾਈ.ਐਲ. ਉਤੇ ਕੰਮ ਸ਼ੁਰੂ ਹੋ ਗਿਆ। 2004 'ਚ ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਨਹਿਰ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਵਾਟਰ ਟਰਮੀਨੇਸ਼ਨ ਐਕਟ 2004 ਲਿਆਂਦਾ। ਇਹ ਐਕਟ ਰਾਸ਼ਟਰਪਤੀ ਕੋਲ ਪੁੱਜਿਆ ਤਾਂ ਉਨ੍ਹਾਂ ਨੇ ਕਾਨੂੰਨੀ ਰਾਇ ਲਈ ਕਿ ਕੀ ਇਹ ਐਕਟ 1966 ਪੁਨਰਗਠਨ ਐਕਟ ਦੀ ਧਾਰਾ 78 ਤੇ 1956 ਇੰਟਰ-ਸਟੇਟ ਵਾਟਰ ਡਿਸਪਿਊਟ ਦੀ ਧਾਰਾ 14 ਦਾ ਉਲੰਘਣ ਤਾਂ ਨਹੀਂ। ਕਾਨੂੰਨੀ ਰਾਇ 'ਚ ਸਾਫ ਹੋ ਗਿਆ ਕਿ ਇਹ ਐਕਟ ਦਾ ਉਲੰਘਣ ਹੈ। ਸ੍ਰੀ ਬੈਂਸ ਨੇ ਕਿਹਾ ਕਿ ਜੇ ਸਹੀ 'ਚ ਕੈਪਟਨ ਪਾਣੀ ਦੇ ਰਾਖੇ ਹਨ ਤਾਂ ਦੁਬਾਰਾ ਵਾਟਰ ਟਰਮੀਨੇਸ਼ਨ ਐਕਟ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਧਾਰਾ 78 ਨੂੰ ਚੁਣੌਤੀ ਦਿੰਦਿਆਂ 2007 'ਚ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਸੀ। ਅੱਜ ਤਕ ਇਹ ਪਟੀਸ਼ਨ ਬਕਾਇਆ ਪਈ ਹੈ।

ਭਾਜਪਾ ਦਾ ਕਹਿਣਾ ਹੈ ਕਿ ਐਸ.ਵਾਈ.ਐਲ. ਦਾ ਕੇਸ ਉਲਝਾਉਣ ਤੇ ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕਰਨ ਲਈ ਕਾਂਗਰਸ ਸਰਕਾਰਾਂ ਜ਼ਿੰਮੇਵਾਰ ਹਨ। ਪਾਰਟੀ ਦੇ ਸੂਬਾ ਜਨਰਲ ਸਕੱਤਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਐਸ.ਵਾਈ.ਐਲ. ਨਹਿਰ ਨੂੰ ਬਣਾਉਣ ਦਾ ਕੰਮ ਉਸ ਸਮੇਂ ਦੇ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਤਤਕਾਲੀ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸ਼ੁਰੂ ਕੀਤਾ ਗਿਆ ਸੀ। ਪੰਜਾਬ 'ਚ ਪਹਿਲਾਂ ਹੀ ਪਾਣੀ ਦਾ ਸੰਕਟ ਹੈ, ਇਸ ਲਈ ਪੰਜਾਬ ਕਿਸੇ ਹੋਰ ਸੂਬੇ ਨੂੰ ਪਾਣੀ ਨਹੀਂ ਦੇ ਸਕਦਾ। ਉਨ੍ਹਾਂ ਕਿਹਾ ਕਿ ਪਾਰਟੀ ਦਾ ਵਫਦ ਕੇਂਦਰ ਸਰਕਾਰ ਨੂੰ ਮਿਲੇਗਾ ਅਤੇ ਮੌਜੂਦਾ ਸਥਿਤੀ ਤੋਂ ਜਾਣੂ ਕਰਵਾਏਗਾ।

ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨੂੰ ਨਾਮੁਮਕਿਨ ਦੱਸਦਿਆਂ ਦਲ ਖਾਲਸਾ ਨੇ ਆਖਿਆ ਕਿ ਪੰਜਾਬ ਕੋਲ ਗੈਰ-ਰਾਇਪੇਰੀਅਨ ਸੂਬਿਆਂ ਨੂੰ ਦੇਣ ਲਈ ਦਰਿਆਈ ਪਾਣੀ ਦੀ ਇਕ ਵੀ ਵਾਧੂ ਬੂੰਦ ਨਹੀਂ ਹੈ। ਜਥੇਬੰਦੀ ਨੇ ਕਿਹਾ ਕਿ ਮਸਲਾ ਪਾਣੀਆਂ ਦੀ ਵੰਡ ਦਾ ਨਹੀਂ, ਸਗੋਂ ਪਾਣੀਆਂ ਦੀ ਮਾਲਕੀ ਦਾ ਹੈ ਅਤੇ ਪੰਜਾਬ ਸੂਬਾ ਬਿਆਸ, ਸਤਲੁਜ ਅਤੇ ਰਾਵੀ ਦੇ ਪਾਣੀਆਂ ਦਾ ਮਾਲਕੀ ਹੱਕ ਰੱਖਦਾ ਹੈ। ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦੀ ਲੁੱਟ ਜਾਰੀ ਰੱਖਣ ਲਈ ਹੀ ਕੇਂਦਰ ਸਰਕਾਰ ਨੇ ਗੈਰ-ਰਾਇਪੇਰੀਅਨ ਸਿਧਾਂਤ ਅਤੇ ਨਿਯਮ ਦੇ ਉਲਟ ਜਾ ਕੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦਾ ਫੈਸਲਾ ਲਿਆ ਸੀ, ਜੋ ਹੁਣ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ।

## ਖੱਟਰ ਨਾਲ ਜਲਦੀ ਮੁਲਾਕਾਤ ਕਰਨਗੇ ਕੈਪਟਨ



**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਸਤਲੁਜ-ਯਮੁਨਾ ਲਿੰਕ ਨਹਿਰ ਮਾਮਲੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਐਮ.ਐਲ. ਖੱਟਰ ਨਾਲ ਜਲਦੀ ਮੁਲਾਕਾਤ ਕਰਨਗੇ। ਉਨ੍ਹਾਂ ਉਮੀਦ ਵੀ ਪ੍ਰਗਟਾਈ ਕਿ ਹਰਿਆਣਾ ਦੇ ਮੁੱਖ ਮੰਤਰੀ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਨਾਜ਼ੁਕ ਸਥਿਤੀ ਨੂੰ ਦੇਖਦੇ ਹੋਏ ਐਸ.ਵਾਈ.ਐਲ. ਬਾਰੇ ਪੰਜਾਬ ਦਾ ਦ੍ਰਿਸ਼ਟੀਕੋਣ ਜ਼ਰੂਰ ਵਿਚਾਰਨਗੇ। ਉਨ੍ਹਾਂ ਕਿਹਾ ਕਿ ਹਰਿਆਣਾ ਪਹਿਲਾਂ ਹੀ ਸ਼ਾਰਦਾ-ਯਮੁਨਾ ਲਿੰਕ ਨਹਿਰ ਪ੍ਰੋਜੈਕਟ ਰਾਹੀਂ ਪੰਜਾਬ ਨਾਲੋਂ 1 ਐਮ.ਏ.ਐਫ. ਵੱਧ ਪਾਣੀ ਲੈ ਰਿਹਾ ਹੈ। ਉਨ੍ਹਾਂ ਹਰਿਆਣਾ ਤੇ ਕੇਂਦਰ ਨੂੰ ਕਿਹਾ ਹੈ ਕਿ ਇਰਾੜੀ ਕਮਿਸ਼ਨ 35 ਸਾਲ ਪੁਰਾਣਾ ਹੈ ਅਤੇ ਪੰਜਾਬ ਵਿੱਚ ਪਾਣੀ ਦੀ ਉਪਲਬਧਤਾ ਬਾਰੇ ਹੁਣ ਨਵੇਂ ਸਿਰਿਓਂ ਮੁਲਾਂਕਣ ਦੀ ਲੋੜ ਹੈ।

## ਚਾਂਦੀ ਦੀ ਕਹੀ ਨਾਲ ਟੱਕ ਲਾਉਣ ਵਾਲਿਆਂ ਤੋਂ ਆਸ ਨਹੀਂ: ਮਾਨ

**ਪਟਿਆਲਾ:** ਸੰਸਦ ਮੈਂਬਰ ਤੇ 'ਆਪ' ਦੇ ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਆਖਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਪੰਜਾਬ ਦੇ ਪਾਣੀਆਂ 'ਤੇ ਪਹਿਰੇਦਾਰੀ ਦੀ ਗੱਲ ਕਿਹੜੇ ਮੂੰਹ ਨਾਲ ਕਰ ਰਹੇ ਹਨ, ਕਿਉਂਕਿ ਉਹ ਖੁਦ ਹਰਿਆਣਾ ਨੂੰ ਪਾਣੀ ਦੇਣ ਮੌਕੇ ਚਾਂਦੀ ਦੀ ਕਹੀ ਲੈ ਕੇ ਗਏ ਸਨ। ਜਦੋਂ ਐਸ.ਵਾਈ.ਐਲ. ਨਹਿਰ ਦਾ ਪਿੰਡ ਕਪੂਰੀ ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਦਘਾਟਨ ਕੀਤਾ ਸੀ ਤਾਂ ਉਦੋਂ ਕੈਪਟਨ ਅਮਰਿੰਦਰ ਸਿੰਘ ਸੰਸਦ ਮੈਂਬਰ ਹੁੰਦਿਆਂ ਉਨ੍ਹਾਂ ਲਈ ਚਾਂਦੀ ਦੀ ਕਹੀ ਲੈ ਕੇ ਗਏ ਸਨ। ਸ੍ਰੀ ਮਾਨ ਨੇ ਆਖਿਆ ਕਿ ਅਸਲ 'ਚ ਪਾਣੀਆਂ ਦੇ ਮਾਮਲੇ ਵਿਚ ਸਾਰੇ ਰਲੇ ਹੋਏ ਹਨ।



## ਐਸ.ਵਾਈ.ਐਲ. ਦੀ ਉਸਾਰੀ ਨਹੀਂ ਹੋਣ ਦਿਆਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਰਾਇਪੇਰੀਅਨ ਸਿਧਾਂਤਾਂ ਸਬੰਧੀ ਨਿਰੰਤਰ ਤੇ ਸਿਧਾਂਤਕ ਸਟੈਂਡ ਬਾਰੇ ਕੋਈ ਵੀ ਸਮਝੌਤਾ ਕਰਨ ਵਿਰੁੱਧ ਚਿਤਾਵਨੀ ਦਿੱਤੀ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਾਬਕਾ ਸਰਕਾਰ ਵੱਲੋਂ ਇਸ ਨਹਿਰ ਵਾਸਤੇ ਗ੍ਰਹਿਣ ਕੀਤੀ ਜ਼ਮੀਨ ਇਸ ਦੇ ਅਸਲ ਮਾਲਕ ਕਿਸਾਨਾਂ ਨੂੰ ਵਾਪਸ ਦੇਣ ਮਗਰੋਂ ਇਹ ਮਾਮਲਾ ਹਮੇਸ਼ਾ ਲਈ ਬੰਦ ਹੋ ਗਿਆ ਹੈ। ਬਾਦਲ ਨੇ ਮੁੜ ਦੁਹਰਾਇਆ ਕਿ ਪੰਜਾਬੀ ਅਤੇ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨਹੀਂ ਹੋਣ ਦੇਵੇਗਾ।



# ਗੁਰਪਤਵੰਤ ਪੰਨੂ 'ਤੇ ਦਲਿਤ ਨੌਜਵਾਨ ਦੇ 15 ਹਜ਼ਾਰ ਡਾਲਰ ਠੱਗਣ ਦੇ ਦੋਸ਼

**ਨਵੀਂ ਦਿੱਲੀ:** ਅਮਰੀਕਾ ਵਿਚ ਰਹਿੰਦੇ ਇਕ ਸਿੱਖ ਨੇ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਉਤੇ ਪੰਜਾਬ ਦੇ ਇਕ ਦਲਿਤ ਨੌਜਵਾਨ ਨਾਲ 15,000 ਡਾਲਰ ਦੀ ਠੱਗੀ ਮਾਰਨ ਦੇ ਦੋਸ਼ ਲਾਏ ਹਨ। ਸੋਸ਼ਲ ਮੀਡੀਆ ਉਤੇ ਪਾਈ ਇਸ ਵੀਡੀਓ ਵਿਚ ਕੈਲੀਫੋਰਨੀਆ ਦੇ ਸੁਰਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਵਰ੍ਹੇ ਏਜੰਟ ਰਾਹੀਂ ਅਮਰੀਕਾ ਆਏ ਪੰਜਾਬ ਦੇ ਇਕ ਦਲਿਤ ਨੌਜਵਾਨ ਨੂੰ ਜੇਲ੍ਹ ਹੋ ਗਈ। ਉਸ ਦਾ ਕੇਸ ਲੜਨ ਲਈ ਉਨ੍ਹਾਂ ਨੇ ਪੰਨੂ ਨਾਲ ਸੰਪਰਕ ਕੀਤਾ।

ਪੰਨੂ ਨੇ 15,000 ਡਾਲਰ ਮੰਗੇ ਪਰ ਰਕਮ ਮਿਲਣ ਮਗਰੋਂ ਪੰਨੂ ਨੇ ਨਾ ਤਾਂ ਕੇਸ ਦੀ ਪੈਰਵੀ ਕੀਤੀ ਅਤੇ ਨਾ ਹੀ ਰਕਮ ਵਾਪਸ ਕੀਤੀ। ਅਖੀਰ ਉਸ ਦਲਿਤ ਨੌਜਵਾਨ ਨੂੰ ਦਸੰਬਰ ਵਿਚ ਵਾਪਸ ਪੰਜਾਬ ਭੇਜ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ



ਕਿ ਪੰਨੂ ਲੋਕਾਂ ਨੂੰ ਮੂਰਖ ਬਣਾ ਕੇ ਪੈਸੇ ਠੱਗ ਰਿਹਾ ਹੈ ਅਤੇ ਬਾਅਦ ਵਿਚ ਫੋਨ ਕਾਲ ਦਾ ਜਵਾਬ ਵੀ ਨਹੀਂ ਦਿੰਦਾ। ਉਨ੍ਹਾਂ ਪੰਨੂ ਨੂੰ ਧੋਖੇਬਾਜ਼ ਵਿਅਕਤੀ ਦੱਸਦਿਆਂ ਕਿਹਾ ਕਿ ਹੁਣ ਉਹ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨਾਲ ਖੇਡ ਰਿਹਾ ਹੈ। ਭੋਲੇ-ਭਾਲੇ ਨੌਜਵਾਨਾਂ ਨੂੰ ਲਾਲਚ ਦੇ ਕੇ ਖਾਲਿਸਤਾਨ ਦੇ ਝੰਡੇ ਲਹਿਰਾਉਣ ਲਈ ਆਖਦਾ ਹੈ ਅਤੇ ਬਾਅਦ ਵਿਚ ਕਿਸੇ ਨੂੰ ਕੋਈ ਰਕਮ ਨਹੀਂ ਭੇਜਦਾ।

# ਆਰਡੀਨੈਂਸਾਂ ਖਿਲਾਫ ਸੰਘਰਸ਼ ਤਿੱਖਾ ਕਰਨ ਦਾ ਐਲਾਨ

**ਭਵਾਨੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਵੱਲੋਂ ਪਿੰਡ ਮਾਝੀ ਦੇ ਗੁਰਦੁਆਰਾ ਸਾਹਿਬ ਵਿਚ ਬਲਾਕ ਪੱਧਰਾ ਚੋਣ ਇਜਲਾਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ ਦੀ ਨਿਗਰਾਨੀ ਹੇਠ ਕੀਤਾ ਗਿਆ। ਇਹ ਇਜਲਾਸ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਨੂੰ ਸਮਰਪਿਤ ਕੀਤਾ ਗਿਆ।

ਇਜਲਾਸ ਵਿਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਤਿੰਨ ਆਰਡੀਨੈਂਸਾਂ ਅਤੇ ਬਿਜਲੀ ਬਿੱਲ ਖਿਲਾਫ ਚੱਲ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਤੇ ਸੁਨਾਮ ਬਲਾਕ ਦੇ ਪ੍ਰਧਾਨ ਸੰਤ ਰਾਮ ਛਾਜਲੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਕਿਸਾਨ ਵਿਰੋਧੀ ਤਿੰਨ ਆਰਡੀਨੈਂਸਾਂ ਨਾਲ ਪੰਜਾਬ ਦੀ ਕਿਸਾਨੀ ਤੇ ਸਮੁੱਚੀ ਆਰਥਿਕਤਾ ਤਬਾਹ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕਰੋਨਾ ਵਾਇਰਸ ਦੀ ਆੜ ਹੇਠ ਕਰਫਿਊ ਤੇ ਦਫਾ 144 ਲਗਾ ਕੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਹੱਕ ਮੰਗਦੇ ਵਰਗਾਂ ਨੂੰ ਦਬਾਉਣ ਦੀਆਂ ਸਾਜ਼ਿਸ਼ਾਂ ਕਰ ਰਹੀਆਂ ਹਨ।

ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਕੈਪਟਨ ਸਰਕਾਰ ਕੇਂਦਰ ਵਿਚਲੀ ਮੋਦੀ ਸਰਕਾਰ ਦੇ ਨਕਸ਼ੇ-ਕਦਮ 'ਤੇ ਚੱਲ ਰਹੀ ਹੈ ਸਗੋਂ ਉਸ ਤੋਂ ਵੀ ਵਧਵੀਆਂ ਗੱਲਾਂ ਕਰ ਰਹੀ। ਸਰਕਾਰ ਵਲੋਂ ਬਿਨਾਂ ਵਜ੍ਹਾ ਲੋਕਾਂ ਉਤੇ ਲਾਈਆਂ ਜਾ ਰਹੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

# ਹੁਣ ਬਾਰਡਰ ਸੀਲ ਕਰਨ ਦੀ ਤਿਆਰੀ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਹਫਤਾਵਾਰੀ ਤੇ ਰਾਤ ਦੇ ਕਰਫਿਊ ਦੇ ਐਲਾਨ ਤੋਂ ਬਾਅਦ ਹੁਣ ਸੂਬੇ ਦੇ ਬਾਰਡਰ ਸੀਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸੰਕੇਤ ਦਿੱਤੇ ਹਨ ਕਿ ਜੇਕਰ ਹਾਲਾਤ ਨਾ ਸੁਧਰੇ ਤਾਂ ਰਾਜ ਦੇ ਬਾਰਡਰ ਸੀਲ ਕਰਨ ਦਾ ਫੈਸਲਾ ਲਿਆ ਜਾ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਕਰੋਨਾ ਨੂੰ ਲੈ ਕੇ ਹਾਲਤ ਬਾਕੀ ਦੇਸ਼ ਦੇ ਮੁਕਾਬਲੇ ਫਿਰ ਵੀ ਬਿਹਤਰ ਹੈ ਤੇ ਰਾਜ ਸਰਕਾਰ ਤੇ ਸਿਹਤ ਵਿਭਾਗ ਕਰੋਨਾ ਦੇ ਅਸਰ ਨੂੰ ਘੱਟ ਕਰਨ ਦੀ ਦਿਨ ਰਾਤ ਕੋਸ਼ਿਸ਼ 'ਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਰਾਜ 'ਚ ਹਰ ਰੋਜ਼ 2 ਹਜ਼ਾਰ ਟੈਸਟ ਦੀ ਸਮਰੱਥਾ ਹਾਸਲ ਕਰ ਲਈ ਗਈ ਹੈ ਤੇ ਅਗਲੇ 15 ਦਿਨਾਂ 'ਚ ਇਹ ਸਮਰੱਥਾ 3 ਹਜ਼ਾਰ ਟੈਸਟ ਦੀ ਕਰ ਲਈ ਜਾਵੇਗੀ। ਰਾਜ 'ਚ ਕਰੋਨਾ ਦੀ ਮੌਜੂਦਾ ਹਾਲਤ ਚਿੰਤਾਜਨਕ ਹੈ ਤੇ ਮੌਤਾਂ ਦਾ ਅੰਕੜਾ ਵੀ ਦਿਨੋ-ਦਿਨ ਵਧ ਰਿਹਾ ਹੈ।

ਆਮ ਲੋਕਾਂ ਨੂੰ ਕੋਵਿਡ ਨਿਯਮਾਂ ਦਾ ਗੰਭੀਰਤਾ ਨਾਲ ਪਾਲਣ ਕਰਨ ਦੀ ਅਪੀਲ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਹਾਲਾਤ 'ਤੇ ਪਲ-ਪਲ ਨਜ਼ਰ ਰੱਖੀ ਜਾ ਰਹੀ ਹੈ ਤੇ ਜੇਕਰ ਜ਼ਰੂਰੀ ਹੋਇਆ ਤਾਂ ਰਾਜ ਸਰਕਾਰ ਬਾਹਰੀ ਰਾਜਾਂ ਤੋਂ ਪੰਜਾਬ ਆ ਰਹੇ ਲੋਕਾਂ 'ਤੇ ਰੋਕ ਲਗਾਉਣ ਲਈ ਬਾਰਡਰ ਸੀਲ ਕਰਨ ਦਾ ਕਦਮ ਚੁੱਕ ਸਕਦੀ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਬਾਹਰੀ ਰਾਜਾਂ ਤੋਂ ਆਉਣ ਵਾਲੇ ਲੋਕਾਂ ਦੀ ਬਾਰਡਰ 'ਤੇ ਹੀ ਮੈਡੀਕਲ ਜਾਂਚ ਦਾ ਪ੍ਰਬੰਧ ਕੀਤਾ ਗਿਆ ਹੈ, ਪਰ ਮਿਲੀ ਸੂਚਨਾ ਅਨੁਸਾਰ ਲੋਕ ਫਿਰ ਵੀ ਕਿਸੇ ਨਾ ਕਿਸੇ ਰਸਤੇ ਰਾਜ 'ਚ ਦਾਖਲ ਹੋ ਰਹੇ ਹਨ, ਜੋ ਪੰਜਾਬ ਤੇ ਪੰਜਾਬ ਵਾਸੀਆਂ ਲਈ ਖਤਰਨਾਕ ਹੋ ਸਕਦਾ ਹੈ, ਜਿਸ ਦੇ ਚੱਲਦੇ ਹਾਲਾਤ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ ਤੇ ਲੋੜ ਪੈਣ ਉਤੇ ਸਖਤ ਕਦਮ ਵੀ ਚੁੱਕੇ ਜਾ ਸਕਦੇ ਹਨ।

# ਆਪਣੀ ਹੀ ਸਰਕਾਰ ਦੀਆਂ ਨਾਲਾਇਕੀਆਂ ਗਿਣਾਉਣ ਲੱਗੇ ਕਾਂਗਰਸੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਨਾਲਾਇਕੀ ਖਿਲਾਫ ਪਾਰਟੀ ਅੰਦਰ ਹੀ ਰੋਹ ਭਖਦਾ ਨਜ਼ਰ ਆ ਰਿਹਾ ਹੈ। ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋਂ ਤੋਂ ਬਾਅਦ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨੇ ਇਹ ਗੱਲ ਸਵੀਕਾਰ ਕੀਤੀ ਹੈ ਕਿ ਸੂਬਾ ਸਰਕਾਰ ਪੰਜਾਬ ਵਿਚੋਂ ਰੇਤ, ਬੱਜਰੀ ਤੇ ਕੇਬਲ ਮਾਫੀਆ ਨੂੰ ਕੰਟਰੋਲ ਕਰਨ ਵਿਚ ਨਾਕਾਮ ਰਹੀ ਹੈ। ਢਿੱਲੋਂ ਨੇ ਕਿਹਾ ਕਿ ਕਾਂਗਰਸ ਸਰਕਾਰ ਕੋਲ ਅਜੇ ਡੇਢ ਸਾਲ ਪਿਆ ਹੈ। ਇਸ ਸਮੇਂ ਦੌਰਾਨ ਜੇ ਮਾਫੀਆ ਵਿਰੁੱਧ ਕੋਈ ਸਖਤੀ ਨਾ ਵਰਤੀ ਗਈ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਖਮਿਆਜ਼ਾ ਭੁਗਤਣਾ ਪਵੇਗਾ।

ਆਪਣੀ ਸਰਕਾਰ ਬਾਰੇ ਬੋਲਣ 'ਤੇ



ਕਾਰਵਾਈ ਹੋਣ ਸਬੰਧੀ ਪੁੱਛਣ ਉਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਮੀਡੀਆ ਦੇ ਸਵਾਲ ਦਾ ਜਵਾਬ ਦਿੱਤਾ ਹੈ। ਉਂਜ ਜਿੰਨੀ ਵਾਰ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲਬਾਤ ਹੁੰਦੀ ਹੈ ਤਾਂ ਉਹ ਪਾਰਟੀ ਪਲੇਟਫਾਰਮ 'ਤੇ ਮੁੱਦੇ ਰੱਖਦੇ ਹਨ, ਉਨ੍ਹਾਂ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋਂ ਵਾਂਗ ਕਦੇ ਜਨਤਕ ਤੌਰ ਉਤੇ ਮੁੱਦੇ ਨਹੀਂ ਉਠਾਏ। ਯੂਥ ਕਾਂਗਰਸੀ ਆਗੂ ਪੰਜਾਬ ਵਿਚ ਸ਼ਰਾਬ ਮਾਫੀਆ ਤੇ ਨਸ਼ਿਆਂ ਵਿਰੁੱਧ ਕੈਪਟਨ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਾ ਕੀਤੇ ਜਾਣ ਬਾਰੇ ਸਵਾਲਾਂ ਦਾ ਠੋਸ ਜਵਾਬ ਨਾ ਦੇ ਸਕੇ। ਹਾਲਾਂਕਿ ਉਨ੍ਹਾਂ ਨੇ ਦਾਅਵਾ ਕੀਤਾ ਕਿ ਕਾਂਗਰਸ ਸਰਕਾਰ ਹਰ ਵਰਗ ਦਾ ਖਿਆਲ ਰੱਖ ਰਹੀ ਹੈ।

ਸ੍ਰੀ ਢਿੱਲੋਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੇ ਲੋਕਾਂ ਪ੍ਰਤੀ ਜਵਾਬਦੇਹ ਬਣਾਉਣ ਲਈ ਯੂਥ ਕਾਂਗਰਸ ਹਰ ਪਲੇਟਫਾਰਮ ਉਤੇ ਡੇਰਾ ਮੁਖੀ ਸਬੰਧੀ ਪੰਜ ਸਵਾਲ ਪੁੱਛੇਗੀ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਜਨਮ ਦਿਨ ਮੌਕੇ ਸੂਬੇ ਨੂੰ ਹਰਿਆ-ਭਰਿਆ ਬਣਾਉਣ ਦੀ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਵਾਤਾਵਰਨ ਸਾਫ਼ ਰੱਖਿਆ ਜਾ ਸਕੇ।

# ਸਿੱਖਾਂ, ਮੁਸਲਮਾਨਾਂ ਨੂੰ 'ਸ਼ੱਕ' ਨਾਲ ਦੇਖਿਆ ਜਾ ਰਿਹੈ: ਓਬਾਮਾ

**ਨਿਊ ਯਾਰਕ:** ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਮੁਲਕ ਵਿਚ ਰਹਿੰਦੇ ਸਿੱਖਾਂ, ਮੁਸਲਮਾਨਾਂ ਤੇ ਹੋਰਨਾਂ ਭਾਈਚਾਰਿਆਂ ਨੂੰ ਕਈ ਪੀੜ੍ਹੀਆਂ ਤੋਂ ਉਨ੍ਹਾਂ ਦੇ ਪ੍ਰਮਾਤਮਾ ਦੀ ਬੰਦਗੀ ਕਰਨ ਦੇ ਢੰਗ ਤਰੀਕਿਆਂ ਕਰਕੇ 'ਸ਼ੱਕ ਦੀ ਨਿਗ੍ਹਾ' ਨਾਲ ਵੇਖਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ।

ਓਬਾਮਾ ਨੇ ਅਮਰੀਕੀਆਂ ਨੂੰ ਸੱਦਾ ਦਿੱਤਾ ਕਿ ਉਹ 'ਅਜਿਹੇ ਰਾਸ਼ਟਰਪਤੀ ਤੇ ਸੱਤਾ ਵਿੱਚ ਬੈਠੇ ਹੋਰਨਾਂ' ਨੂੰ ਵੋਟਾਂ ਰਾਹੀਂ ਲਾਂਭੇ ਕਰ ਦੇਣ, ਜੋ ਚੀਜ਼ਾਂ ਨੂੰ ਪੁਰਾਣੀਆਂ ਰਵਾਇਤਾਂ ਮੁਤਾਬਕ ਰੱਖ ਕੇ ਉਨ੍ਹਾਂ ਦਾ ਲਾਹਾ ਲੈਣਾ ਚਾਹੁੰਦੇ ਹਨ। ਓਬਾਮਾ ਨੇ ਕਿਹਾ ਕਿ ਉਨ੍ਹਾਂ ਦਾ ਜਾਨਸ਼ੀਨ (ਟਰੰਪ) ਰਾਸ਼ਟਰਪਤੀ ਦੇ ਅਹੁਦੇ ਨਾਲ 'ਰਿਐਲਿਟੀ ਸ਼ੋਅ' ਵਾਂਗ ਵਰਤਾਅ ਕਰਦਾ ਹੈ। ਉਨ੍ਹਾਂ ਕਿਹਾ ਕਿ ਸਿਖਰਲਾ ਰਿਪਬਲੀਕਨ ਆਗੂ (ਰਾਸ਼ਟਰਪਤੀ ਦੇ)



ਅਹੁਦੇ ਦੇ ਹਾਣ ਦਾ ਨਹੀਂ ਬਣ ਸਕਿਆ ਕਿਉਂਕਿ ਇਨ੍ਹਾਂ ਸਮਰੱਥ ਹੀ ਨਹੀਂ ਸੀ।

ਡੈਮੋਕਰੈਟਿਕ ਪਾਰਟੀ ਦੀ ਕੌਮੀ ਕਨਵੈਨਸ਼ਨ 2020 ਮੌਕੇ ਸਾਬਕਾ ਰਾਸ਼ਟਰਪਤੀ ਨੇ ਅਮਰੀਕੀ ਸਦਰ ਡੋਨਲਡ ਟਰੰਪ 'ਤੇ ਹੱਲਾ ਬੋਲਦਿਆਂ ਦੇਸ਼ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਟਰੰਪ ਤੇ ਉਹਦੇ ਪ੍ਰਸ਼ਾਸਨ ਨੂੰ 'ਆਪਣੀਆਂ ਤਾਕਤਾਂ ਖੋਹਣ' ਦੀ ਇਜਾਜ਼ਤ ਨਾ ਦੇਣ। ਉਨ੍ਹਾਂ ਕਿਹਾ, 'ਧਿਆਨ ਰੱਖਿਓ ਕਿਤੇ ਇਹ ਤੁਹਾਡੀ ਜਮਹੂਰੀਅਤ ਨਾ ਖੋਹ ਲੈਣ।' ਓਬਾਮਾ ਨੇ ਕਿਹਾ, 'ਆਇਰਿਸ਼, ਇਤਾਲਵੀਆਂ, ਏਸ਼ੀਅਨਜ਼ ਤੇ ਲਾਤੀਨੀਆਂ ਨੂੰ ਉਨ੍ਹਾਂ ਦੇ ਜੱਦੀ ਮੁਲਕਾਂ ਵਿਚ ਵਾਪਸ ਜਾਣ ਲਈ ਆਖਿਆ ਗਿਆ। ਯਹੂਦੀਆਂ ਤੇ ਕੈਥੋਲਿਕਾਂ, ਸਿੱਖਾਂ ਤੇ ਮੁਸਲਿਮਾਂ ਨੂੰ ਇਹ ਅਹਿਸਾਸ ਕਰਵਾਇਆ ਗਿਆ ਕਿ ਉਨ੍ਹਾਂ ਦੇ ਰੱਬ ਦੀ ਅਕੀਦਤ ਕਰਨ ਦੇ ਢੰਗ ਤਰੀਕੇ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਸਿਆਹਫਾਮ ਅਮਰੀਕੀਆਂ ਨੂੰ ਜ਼ੰਜੀਰਾਂ 'ਚ ਜਕੜਿਆ ਤੇ ਸੂਲੀ ਉਤੇ ਚਾੜ੍ਹਿਆ ਗਿਆ। ਲੰਗਰ ਦੀਆਂ ਕਤਾਰਾਂ 'ਚ ਬੈਠਣ ਲਈ ਉਨ੍ਹਾਂ 'ਤੇ ਥੁੱਕਿਆ ਗਿਆ। ਵੋਟ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਕੁੱਟ ਸੁੱਟਿਆ।'

# 27 ਫੀਸਦੀ ਬੱਚਿਆਂ ਕੋਲ ਸਮਾਰਟਫੋਨ ਜਾਂ ਲੈਪਟਾਪ ਹੀ ਨਹੀਂ

**ਨਵੀਂ ਦਿੱਲੀ:** ਕਰੋਨਾ ਕਾਰਨ ਸਰਕਾਰ ਵਲੋਂ ਬੱਚਿਆਂ ਦੀਆਂ ਆਨਲਾਈਨ ਕਲਾਸਾਂ ਲਾਉਣ ਦਾ ਫੁਰਮਾਨ ਜਾਰੀ ਕੀਤਾ ਗਿਆ ਹੈ, ਉਥੇ ਇਹ ਗੱਲ ਸਾਹਮਣੇ ਆਈ ਹੈ ਕਿ ਘੱਟੋ ਘੱਟ 27% ਵਿਦਿਆਰਥੀਆਂ ਕੋਲ ਸਮਾਰਟਫੋਨ ਜਾਂ ਲੈਪਟਾਪ ਹੀ ਨਹੀਂ, 28% ਵਿਦਿਆਰਥੀ ਅਤੇ ਮਾਪੇ ਬਿਜਲੀ ਕੱਟਾਂ ਕਾਰਨ ਪ੍ਰੇਸ਼ਾਨ ਹਨ। ਇਹ ਦੋ ਕਮੀਆਂ ਕਾਰਨ ਬੱਚਿਆਂ ਦੀ ਪੜ੍ਹਾਈ ਉਤੇ ਮਾੜਾ ਅਸਰ ਪੈ ਰਿਹਾ ਹੈ। ਇਹ ਖੁਲਾਸਾ ਨੈਸ਼ਨਲ ਕੌਂਸਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ (ਐਨ. ਸੀ. ਈ.ਆਰ.ਟੀ.) ਦੇ ਸਰਵੇ 'ਚ ਕੀਤਾ ਗਿਆ।

ਆਨਲਾਈਨ ਪੜ੍ਹਾਈ



ਐਨ.ਸੀ.ਈ.ਆਰਟ.ੀ .ਦੇ ਇਸ ਸਰਵੇਖਣ ਵਿਚ 34,000 ਲੋਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਵਿਦਿਆਰਥੀ, ਮਾਪੇ, ਅਧਿਆਪਕ ਅਤੇ ਕੇਂਦਰੀ ਵਿਦਿਆਲਿਆ, ਨਵੋਦਿਆ ਵਿਦਿਆਲਿਆ ਅਤੇ ਸੀ.ਬੀ.ਐਸ.ਈ. ਨਾਲ ਸਬੰਧਤ ਸਕੂਲ ਦੇ ਪ੍ਰਿੰਸੀਪਲ ਸ਼ਾਮਲ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਉਣ ਲਈ ਡਿਜੀਟਲ ਯੰਤਰਾਂ ਦੀ ਵਰਤੋਂ ਦੀ ਜਾਣਕਾਰੀ ਦੀ ਘਾਟ ਤੇ ਅਧਿਆਪਕਾਂ ਵਿਚ ਆਨਲਾਈਨ ਸਿੱਖਿਆ ਦੇਣ ਦੇ ਬਾਰੇ ਤਜਰਬਾ ਨਾ ਹੋਣ ਕਾਰਨ ਪੜ੍ਹਨ ਤੇ ਪੜ੍ਹਾਉਣ ਵਿਚ ਕਾਫੀ ਮੁਸ਼ਕਿਲ ਆ ਰਹੀ ਹੈ।


# Matrimonials

## ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

## ਲੜਕੇ ਦੀ ਲੋੜ ਹੈ

Looking for a well-settled and educated boy in America for a beautiful US born Hindu Nai girl of 31 yrs, 5'-2", Masters in English and a JD (law) degree, Divorced with 1 child. Whole family is well-settled in New York. Please contact, Ph: 347-252-6400 34-37


# ਪੰਜਾਬ 'ਚ ਮਹਿੰਗੇ ਬਿਜਲੀ ਸਮਝੌਤਿਆਂ ਦੀਆਂ ਪਰਤਾਂ ਖੁੱਲ੍ਹੀਆਂ

**ਚੰਡੀਗੜ੍ਹ:** ਪੰਜਾਬ ਵਿਚ ਬਿਜਲੀ ਸਮਝੌਤਿਆਂ ਦੇ ਨਾਲ ਹੁਣ ਨਵਾਂ ਵਿਵਾਦ ਜੁੜ ਗਿਆ ਹੈ। ਐਡਵੋਕੇਟ ਜਨਰਲ (ਏ.ਜੀ.) ਵਲੋਂ ਦਿੱਤੇ ਗਏ ਕਾਨੂੰਨੀ ਮਸ਼ਵਰੇ (18 ਫਰਵਰੀ 2020) ਤੋਂ ਪਤਾ ਚੱਲਦਾ ਹੈ ਕਿ ਕਿਵੇਂ ਮੰਤਰੀ-ਮੰਡਲ ਦਾ ਫੈਸਲਾ ਅਣਡਿੱਠ ਕਰ ਕੇ ਨਵੇਂ ਫੈਸਲੇ ਅਫਸਰਾਂ ਦੇ ਪੱਧਰ 'ਤੇ ਲਏ ਗਏ।

ਐਡਵੋਕੇਟ ਜਨਰਲ ਪੰਜਾਬ ਦੇ 'ਕਾਨੂੰਨੀ ਮਸ਼ਵਰੇ' ਨੇ ਮਹਿੰਗੇ ਬਿਜਲੀ ਸਮਝੌਤੇ ਦੇ ਨਵੇਂ ਪਾਜ ਉਧੇੜੇ ਹਨ ਜਿਸ 'ਚ ਸੀਨੀਅਰ ਅਫਸਰਾਂ ਉਤੇ ਉਂਗਲ ਧਰੀ ਗਈ ਹੈ। ਇਵੇਂ ਮੁੱਖ ਇੰਜੀਨੀਅਰ (ਪ੍ਰੋਜੈਕਟਸ) ਦੀ ਗੁਪਤ ਰਿਪੋਰਟ ਵੀ ਕਈ ਸਵਾਲ ਖੜ੍ਹੇ ਕਰ ਰਹੀ ਹੈ ਕਿ ਮਹਿੰਗੇ ਬਿਜਲੀ ਸਮਝੌਤੇ ਕਿਉਂ ਕੀਤੇ ਗਏ ਅਤੇ ਕਿਨ੍ਹਾਂ ਸਿਆਸਤਦਾਨਾਂ ਅਤੇ ਅਫਸਰਾਂ ਨੇ ਇਸ ਵਿਚ ਅਹਿਮ ਭੂਮਿਕਾ ਨਿਭਾਈ। 'ਪੰਜਾਬੀ ਟ੍ਰਿਬਿਊਨ' ਵਿਚ ਛਪੀ ਖਬਰ ਮੁਕਾਬਕ ਪੰਜਾਬ ਸਰਕਾਰ ਨੇ ਪ੍ਰਾਈਵੇਟ ਥਰਮਲਾਂ ਲਈ ਕੋਲਾ ਬਿਜਲੀ ਬੋਰਡ ਦੀ ਆਪਣੀ ਪਛਵਾੜਾ (ਝਾਰਖੰਡ) ਖਾਣ ਦੀ ਬਜਾਏ 'ਕੋਲ ਇੰਡੀਆ' ਤੋਂ ਮਹਿੰਗਾ ਕੋਲਾ ਲਿਆ ਅਤੇ ਏ.ਜੀ. ਦੀ ਰਾਏ ਅਨੁਸਾਰ ਇਹ ਫੈਸਲਾ ਲੈਣ 'ਚ ਸੀਨੀਅਰ ਅਫਸਰਾਂ ਦੀ ਭੂਮਿਕਾ ਰਹੀ।

ਨਤੀਜੇ ਵਜੋਂ ਇਕੱਲੇ ਤਲਵੰਡੀ ਸਾਬੋ ਥਰਮਲ ਪਲਾਂਟ ਦਾ ਸਾਲਾਨਾ ਕਰੀਬ 300 ਕਰੋੜ ਦਾ ਬੋਝ ਖਪਤਕਾਰ ਚੁੱਕਣਗੇ। ਕੈਪਟਨ ਸਰਕਾਰ ਸਮੇਂ ਕੈਬਨਿਟ ਨੇ 6 ਸਤੰਬਰ 2006 ਨੂੰ 2000 ਮੈਗਾਵਾਟ ਦੇ ਦੋ ਥਰਮਲ ਲਾਏ ਜਾਣ ਨੂੰ ਸਿਧਾਂਤਕ ਪ੍ਰਵਾਨਗੀ ਦਿੱਤੀ। ਫੈਸਲਾ ਲਿਆ ਗਿਆ ਕਿ ਪਛਵਾੜਾ ਕੋਲਾ ਖਾਣ ਤੋਂ ਕੋਲਾ ਲਿਆ ਜਾਵੇ ਜਿਥੇ 3000 ਮੈਗਾਵਾਟ ਬਿਜਲੀ ਉਤਪਾਦਨ ਲਈ ਕੋਲਾ 30 ਤੋਂ 40 ਵਰ੍ਹਿਆਂ ਲਈ ਮੌਜੂਦ ਸੀ। ਗੱਠਜੋੜ ਸਰਕਾਰ ਨੇ ਆਉਂਦੇ ਹੀ ਤਲਵੰਡੀ ਸਾਬੋ ਅਤੇ ਨਾਭਾ ਪਾਵਰ ਲਿਮਟਿਡ ਤਹਿਤ ਦੋ ਸਪੈਸ਼ਲ ਪਰਪਜ਼ ਵਹੀਕਲ ਦਾ ਗਠਨ ਕੀਤਾ, ਜਿਨ੍ਹਾਂ ਦਾ ਸੀਨੀਅਰ ਅਧਿਕਾਰੀ ਨੂੰ ਚੇਅਰਮੈਨ (ਮੌਜੂਦਾ ਵਧੀਕ ਮੁੱਖ ਸਕੱਤਰ, ਪਾਵਰ) ਲਾਇਆ। ਫੈਸਲੇ ਲੈਣ ਦੀ ਕੜੀ ਵਿਚ ਹੋਰ ਅਧਿਕਾਰੀ ਸਕੱਤਰ (ਪਾਵਰ) ਸਨ। ਦਸਤਾਵੇਜ਼ਾਂ ਅਨੁਸਾਰ ਸਮੱਸਿਆ ਉਦੋਂ ਸ਼ੁਰੂ ਹੋਈ ਜਦੋਂ ਦੋਵਾਂ ਥਰਮਲਾਂ ਦੀ ਸਮਰੱਥਾ 2000 ਮੈਗਾਵਾਟ ਤੋਂ ਵਧਾ ਕੇ 3380 ਮੈਗਾਵਾਟ ਕਰ ਦਿੱਤੀ ਗਈ ਅਤੇ ਪਛਵਾੜਾ ਕੋਲਾ ਖਾਣ ਤੋਂ ਸਸਤਾ ਕੁਆਲਟੀ ਵਾਲਾ ਕੋਲਾ ਲੈਣ ਤੋਂ ਮੂੰਹ ਫੇਰ ਲਿਆ ਗਿਆ।

ਬਿਜਲੀ ਬੋਰਡ ਦੇ ਤਤਕਾਲੀ ਡਾਇਰੈਕਟਰ (ਪ੍ਰੋਜੈਕਟਸ) ਇੰਜੀਨੀਅਰ ਕੇ.ਬੀ. ਕਾਂਸਲ ਨੇ ਆਪਣੀ ਰਾਏ ਦਿੰਦਿਆਂ (ਐਂਟਰੀ ਨੰਬਰ 679/ ਡੀਬੀਟੀ-6, ਮਿਤੀ 3 ਦਸੰਬਰ 2007) ਵਿਚ ਸੁਝਾਅ ਦਿੱਤਾ ਕਿ ਬਿਜਲੀ ਬੋਰਡ ਦੇ 'ਬੋਰਡ ਆਫ ਡਾਇਰੈਕਟਰਜ਼' ਨੇ 18 ਜੁਲਾਈ 2006 ਦੀ ਮੀਟਿੰਗ ਵਿਚ ਅਤੇ ਕੈਬਨਿਟ ਨੇ 6 ਸਤੰਬਰ 2006 ਦੀ ਮੀਟਿੰਗ ਵਿਚ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਦੀ ਪ੍ਰਵਾਨਗੀ ਦਿੱਤੀ ਸੀ ਕਿ ਇਹ ਕੋਲਾ ਵਰਤੇ ਜਾਣ ਨਾਲ ਬਿਜਲੀ ਪ੍ਰਤੀ ਯੂਨਿਟ 20 ਤੋਂ 25 ਪੈਸਾ ਸਸਤੀ ਪਵੇਗੀ

ਜਿਸ ਅਨੁਸਾਰ ਬਿਜਲੀ ਬੋਰਡ ਨੂੰ ਸਾਲਾਨਾ 300 ਕਰੋੜ ਦੀ ਬੱਚਤ ਹੋਵੇਗੀ ਪਰ ਇਸ ਦੇ ਉਲਟ ਪ੍ਰਾਈਵੇਟ ਥਰਮਲਾਂ ਲਈ 'ਕੋਲ ਇੰਡੀਆ'



ਤੋਂ ਕੋਲਾ ਲੈਣ ਦਾ ਫੈਸਲਾ ਹੋਇਆ ਜੋ ਘੱਟ ਗਰੇਡ ਵਾਲਾ ਹੈ ਜਿਸ ਨਾਲ ਬਿਜਲੀ ਦਾ ਟੈਰਿਫ ਵਧਿਆ। ਐਡਵੋਕੇਟ ਜਨਰਲ ਦੇ 'ਕਾਨੂੰਨੀ ਮਸ਼ਵਰੇ' ਦੀ ਲੜੀ ਨੰਬਰ 41 ਵਿਚ ਦਰਜ ਹੈ ਕਿ ਹੈਰਾਨੀ ਹੈ ਕਿ ਪਛਵਾੜਾ ਕੋਲਾ ਖਾਣ ਤੋਂ ਕੋਲਾ ਲੈਣ ਅਤੇ ਕੈਬਨਿਟ ਮੀਟਿੰਗ ਦੇ ਫੈਸਲੇ ਬਾਰੇ ਮੁੱਖ ਇੰਜੀਨੀਅਰ (ਪ੍ਰੋਜੈਕਟ) ਨੇ ਉਦੋਂ ਦੇ ਮੈਂਬਰ (ਵਿੱਤ) ਅਤੇ ਸਕੱਤਰ (ਪਾਵਰ) ਨਾਲ 4 ਦਸੰਬਰ 2007 ਨੂੰ ਮਾਮਲਾ ਵਿਚਾਰਿਆ। ਮੁੱਖ ਇੰਜੀਨੀਅਰ ਵਲੋਂ ਪੱਤਰ ਤੇ ਖੁਦ ਦਿੱਤੀ ਨੋਟਿੰਗ ਅਨੁਸਾਰ ਪਛਵਾੜਾ ਕੋਲਾ ਖਾਣ ਤੋਂ ਕੋਲਾ ਲੈਣ ਦੀ ਤਜਵੀਜ਼ ਅਧਿਕਾਰੀਆਂ ਦੇ ਪੱਧਰ 'ਤੇ ਰੱਦ ਕਰ ਦਿੱਤੀ ਗਈ।

ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪਹਿਲੀ ਜਨਵਰੀ 2020 ਨੂੰ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਅਧਿਕਾਰੀਆਂ ਦੀ ਗੈਰ-ਸੰਜੀਦਗੀ ਦਾ ਖਮਿਆਜ਼ਾ ਆਮ ਖਪਤਕਾਰਾਂ ਨੂੰ ਭੁਗਤਣਾ ਪਵੇਗਾ। ਐਡਵੋਕੇਟ ਜਨਰਲ ਨੇ ਕਾਨੂੰਨੀ ਰਾਏ ਦਿੱਤੀ ਹੈ ਕਿ ਪੰਜਾਬ ਸਰਕਾਰ ਵਲੋਂ ਬਿਜਲੀ ਸਮਝੌਤਿਆਂ ਨੂੰ ਲੈ ਕੇ ਜੋ 'ਵ੍ਹਾਈਟ ਪੇਪਰ' ਤਿਆਰ ਕੀਤਾ ਜਾ ਰਿਹਾ ਹੈ, ਉਸ ਵਿਚ ਇਨ੍ਹਾਂ ਨੁਕਤਿਆਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਮੁੱਖ ਮੰਤਰੀ ਨੇ 17 ਜਨਵਰੀ 2020 ਨੂੰ 'ਵ੍ਹਾਈਟ ਪੇਪਰ' ਜਾਰੀ ਕਰਨ ਦੇ ਹੁਕਮ ਦਿੱਤੇ ਸਨ।

# ਚਿੱਟਾ ਪੀਂਦਾ ਫੜਿਆ ਏ.ਐਸ.ਆਈ. ਕੈਪਟਨ ਵਲੋਂ ਬਰਖਾਸਤ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਉਤੇ ਪੰਜਾਬ ਪੁਲਿਸ ਦੇ ਏ.ਐਸ.ਆਈ./ਐਲ.ਆਰ. ਜ਼ੋਰਾਵਰ ਸਿੰਘ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ ਜਿਸ ਦੀ ਚਿੱਟਾ ਪੀਂਦੇ ਦੀ ਵੀਡੀਓ ਵਾਇਰਲ ਹੋਈ ਸੀ।

ਮੁੱਖ ਮੰਤਰੀ ਵਲੋਂ ਅਜਿਹੀ ਗਲਤੀ ਕਰਦੇ ਕਿਸੇ ਵੀ ਵਰਦੀਧਾਰੀ ਮੁਲਾਜ਼ਮ ਖਿਲਾਫ ਸਖਤ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ। ਇਸ ਸਬੰਧੀ ਐਸ.ਐਸ.ਪੀ. ਤਰਨ ਤਾਰਨ ਵਲੋਂ ਹੁਕਮ ਜਾਰੀ ਕੀਤੇ ਗਏ। ਮੁੱਖ ਮੰਤਰੀ ਨੇ ਆਪਣੇ 'ਕੈਪਟਨ ਨੂੰ ਸਵਾਲ' ਫੇਸਬੁੱਕ ਲਾਈਵ ਸੈਸ਼ਨ ਦੌਰਾਨ ਜਾਂਚ ਪਿੱਛੋਂ ਏ.ਐਸ.ਆਈ. ਨੂੰ ਬਰਖਾਸਤ ਕਰਨ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਏ.ਐਸ.ਆਈ. ਜ਼ੋਰਾਵਰ ਸਿੰਘ ਨੂੰ ਨੌਕਰੀ ਉਤੇ ਕਾਇਮ ਰੱਖਣਾ ਸੂਬੇ, ਪੁਲਿਸ ਫੋਰਸ ਅਤੇ ਆਮ ਲੋਕਾਂ ਦੇ ਹਿੱਤਾਂ ਖਿਲਾਫ ਹੋਵੇਗਾ।


ਕੁਕ ਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ 'ਚ ਨਾਰਥ ਇੰਡੀਅਨ ਕੁਕ, ਸ਼ੈਫ, ਵੇਟਰ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ

ਫੋਨ: 414-581-3784

bsingh1350@me.com

28-34

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਕਰੋਨਾ 'ਭਜਾਉਣ' ਲਈ ਕੈਪਟਨ ਸਰਕਾਰ ਵਲੋਂ ਹੋਰ ਸਖਤੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰੋਨਾ ਵਾਇਰਸ ਮਹਾਮਾਰੀ ਦੇ ਮੱਦੇਨਜ਼ਰ ਪੰਜਾਬ ਭਰ ਵਿਚ ਪੰਜ ਤੋਂ ਵਧੇਰੇ ਵਿਅਕਤੀਆਂ ਦੀ ਸ਼ਮੂਲੀਅਤ ਵਾਲੇ ਸਾਰੇ ਇਕੱਠਾਂ 'ਤੇ ਰੋਕ ਲਈ ਧਾਰਾ 144 ਲਾਗੂ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਹਾਲਾਤ ਹੋਰ ਖਰਾਬ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਕੋਵਿਡ ਕੇਸਾਂ ਦਾ ਅੰਕੜਾ 15 ਸਤੰਬਰ ਤੋਂ ਇਕ ਲੱਖ ਨੂੰ ਪਾਰ ਕਰ ਸਕਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਫਤਾਵਾਰੀ ਲੌਕਡਾਊਨ ਤੋਂ ਇਲਾਵਾ 31 ਅਗਸਤ ਤੋਂ ਮਗਰੋਂ ਸਖਤੀ ਲਈ ਨਵੇਂ ਕਦਮ ਉਠਾਏ ਜਾ ਸਕਦੇ ਹਨ। ਅਮਰਿੰਦਰ ਸਿੰਘ ਨੇ ਆਪਣੇ ਫੇਸਬੁੱਕ ਲਾਈਵ ਪ੍ਰੋਗਰਾਮ 'ਚ ਸਖਤ ਰੁਖ ਅਪਨਾਉਂਦਿਆਂ ਕਿਹਾ ਕਿ ਵਿਆਹ ਅਤੇ ਭੋਗ ਸਮਾਗਮਾਂ ਤੋਂ ਬਿਨਾਂ ਪੰਜਾਬ ਵਿਚ ਕਿਤੇ ਵੀ ਪੰਜ ਤੋਂ ਜ਼ਿਆਦਾ ਵਿਅਕਤੀਆਂ ਨੂੰ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਜਿਹੇ ਇਕੱਠ ਕਰਨ ਵਾਲੇ ਪ੍ਰਬੰਧਕਾਂ ਖਿਲਾਫ ਕਾਰਵਾਈ ਹੋਵੇਗੀ। ਉਨ੍ਹਾਂ ਸਿਆਸੀ ਧਿਰਾਂ ਨੂੰ ਧਰਨਿਆਂ ਸਮੇਤ ਇਕੱਠਾਂ ਤੋਂ ਬਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਚਿਤਾਵਨੀ ਵੀ ਦਿੱਤੀ ਕਿ ਧਾਰਾ 144 ਦੀ ਉਲੰਘਣਾ ਦੀ ਸੂਰਤ ਵਿਚ ਪ੍ਰਬੰਧਕਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ।

ਮੁੱਖ ਮੰਤਰੀ ਵੱਲੋਂ ਸਾਰੇ ਧਾਰਮਿਕ ਤੇ ਸਮਾਜਿਕ ਆਗੂਆਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਪੰਜਾਬ ਵਿਚ ਜਿਥੇ ਵੀ ਕੋਵਿਡ ਕੇਸਾਂ ਵਿਚ ਵਾਧਾ ਹੋ ਰਿਹਾ ਹੈ, ਉਥੇ ਆਪਣੇ ਪੈਰੋਕਾਰਾਂ ਨੂੰ ਧਾਰਾ 144 ਦੀ ਉਲੰਘਣਾ ਨਾ ਕਰਨ ਅਤੇ ਲਾਗੂ ਕੀਤੇ ਗਏ ਸੁਰੱਖਿਆ ਉਪਾਵਾਂ/ਪਾਬੰਦੀਆਂ ਦੀ ਪਾਲਣਾ ਕਰਨ ਲਈ ਆਖਣ। ਉਨ੍ਹਾਂ ਵੱਲੋਂ ਪੁਲਿਸ ਨੂੰ ਵਿਆਹ ਅਤੇ ਭੋਗ ਸਮਾਗਮਾਂ ਦੌਰਾਨ ਸਮਾਜਿਕ ਦੂਰੀ ਅਤੇ ਵਿਅਕਤੀਆਂ ਦੀ ਤੈਅ ਗਿਣਤੀ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਵੀ ਦਿੱਤੇ ਗਏ ਹਨ।

## ਪੰਜਾਬ 'ਚ ਧਾਰਾ 144 ਸਣੇ ਸਖਤ ਪਾਬੰਦੀਆਂ ਲਾਈਆਂ



ਅਮਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਟੈਸਟਿੰਗ ਵਧੇ ਮਗਰੋਂ ਕੋਵਿਡ ਕੇਸਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧੀ ਹੈ। ਅੰਕੜੇ ਨਿਰਾਸ਼ ਕਰਨ ਵਾਲੇ ਹਨ। ਜੇਕਰ ਲੋਕ ਲੋੜੀਂਦੇ ਰੱਖਿਆ ਉਪਾਵਾਂ ਦੀ ਪਾਲਣਾ ਨਹੀਂ ਕਰਨਗੇ ਤਾਂ ਸਥਿਤੀ ਹੋਰ ਬਦਤਰ ਹੋਵੇਗੀ। ਉਨ੍ਹਾਂ ਕਿਹਾ ਕਿ ਲੋਕ ਇਸ ਨੂੰ ਹਲਕੇ ਵਿਚ ਲੈ ਰਹੇ ਹਨ ਜਿਸ ਕਰਕੇ ਸਰਕਾਰ ਨੂੰ ਸਖਤ ਕਦਮ ਚੁੱਕਣੇ ਪੈ ਰਹੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਮਾਸਕ ਨਾ ਪਹਿਨਣ ਕਰਕੇ ਰੋਜ਼ਾਨਾ ਆਧਾਰ ਉਤੇ 3000 ਤੋਂ 6000 ਲੋਕਾਂ ਦੇ ਚਲਾਨ ਕੱਟੇ ਜਾ ਰਹੇ ਹਨ। 3 ਸਤੰਬਰ ਤੱਕ ਪੰਜਾਬ ਵਿਚ ਕੇਸਾਂ ਦੇ 64000 ਤੱਕ ਪੁੱਜਣ ਦੇ ਕਿਆਸ ਹਨ ਅਤੇ 15 ਸਤੰਬਰ ਤੱਕ ਇਹ ਗਿਣਤੀ ਇਕ ਲੱਖ ਪਾਰ ਕਰ ਜਾਵੇਗੀ। ਮਾਹਿਰਾਂ ਨੇ 3 ਸਤੰਬਰ ਤੱਕ ਮੌਤਾਂ ਦੀ ਗਿਣਤੀ 1500 ਤੱਕ ਪੁੱਜਣ ਦਾ ਕਿਆਸ ਕੀਤਾ ਹੈ। ਮੁੱਖ ਮੰਤਰੀ ਨੇ ਪੁਲਿਸ ਕਰਮੀਆਂ, ਡਾਕਟਰਾਂ ਤੇ ਇਲਾਜ ਨਾਲ ਜੁੜੇ ਹੋਰ ਸਟਾਫ, ਸਰਕਾਰੀ ਮੁਲਾਜ਼ਮਾਂ ਤੇ ਗੈਰ-ਸਰਕਾਰੀ ਸੰਸਥਾਵਾਂ ਆਦਿ ਸਮੇਤ ਮੂਹਰਲੀ ਕਤਾਰ ਦੇ ਸਾਰੇ ਵਰਕਰਾਂ ਦਾ ਕੋਵਿਡ ਖਿਲਾਫ ਮੋਹਰੀ ਹੋ ਕੇ ਲੜਨ ਲਈ ਧੰਨਵਾਦ ਕੀਤਾ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਰੋਨਾ ਦੇ ਲੱਛਣਾਂ ਤੋਂ ਤੁਰਤ ਬਾਅਦ ਹਸਪਤਾਲ ਪੁੱਜਣ ਤਾਂ ਜੋ ਛੇਤੀ ਇਲਾਜ ਰਾਹੀਂ ਹਾਲਤ ਵਿਗੜਨ ਤੋਂ ਰੋਕੀ ਜਾ ਸਕੇ। ਉਨ੍ਹਾਂ ਲੋਕਾਂ ਨੂੰ ਛੇਤੀ ਟੈਸਟ ਕਰਵਾਉਣ ਦੀ ਵੀ ਅਪੀਲ ਕੀਤੀ ਤੇ ਕਿਹਾ ਕਿ ਉਹ ਖੁਦ ਹੁਣ ਤੱਕ 2 ਵਾਰ ਟੈਸਟ ਕਰਵਾ ਚੁੱਕੇ ਹਨ। ਉਨ੍ਹਾਂ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਕਿ ਹਰੇਕ ਕੋਵਿਡ ਮਰੀਜ਼ ਪਿੱਛੇ ਪੰਜਾਬ ਸਰਕਾਰ ਨੂੰ ਕੇਂਦਰ ਤੋਂ 3 ਲੱਖ ਰੁਪਏ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਅਸਲ 'ਚ ਰਾਜ ਸਰਕਾਰ ਨੂੰ ਇਕ ਪੈਸਾ ਵੀ ਨਹੀਂ ਮਿਲ ਰਿਹਾ। ਮੁੱਖ ਮੰਤਰੀ ਨੇ ਕਿਹਾ ਕਿ ਰੋਜ਼ਾਨਾ 3 ਤੋਂ 6 ਹਜ਼ਾਰ ਲੋਕਾਂ ਦੇ ਮਾਸਕ ਨਾ ਪਹਿਨਣ ਕਾਰਨ ਚਲਾਨ ਹੋ ਰਹੇ ਹਨ।

## ਤਸਕਰਾਂ ਨੂੰ ਖੁੱਲ੍ਹ ਦੇਣ ਲਈ ਸਖਤੀ ਕੀਤੀ: ਜਰਨੈਲ ਸਿੰਘ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਰੋਨਾ ਵਾਇਰਸ ਦੇ ਮੱਦੇਨਜ਼ਰ ਸੂਬੇ 'ਚ ਲਾਈ ਹਫਤਾਵਾਰੀ ਤਾਲਾਬੰਦੀ ਅਤੇ ਰਾਤ ਦੇ ਕਰਫਿਊ ਨੂੰ ਤਰਕਹੀਣ ਦੱਸਦਿਆਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਨੇ ਰਾਤ ਦਾ ਕਰਫਿਊ ਰੇਤ ਮਾਫੀਆ, ਨਸ਼ਾ ਅਤੇ ਸ਼ਰਾਬ ਤਸਕਰਾਂ ਨੂੰ ਖੁੱਲ੍ਹਾ ਖੇਡਣ ਲਈ ਪੰਜਾਬ ਦੇ ਲੋਕਾਂ ਉਤੇ ਥੋਪਿਆ ਹੈ। ਜਰਨੈਲ ਸਿੰਘ ਨੇ ਦਿੱਲੀ ਸਰਕਾਰ ਵੱਲੋਂ ਕਰੋਨਾ ਦੇ ਫੈਲਾਅ ਨੂੰ ਰੋਕਣ ਲਈ ਚੁੱਕੇ ਕਦਮਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਕਰਫਿਊ ਦੌਰਾਨ ਲੌਕਡਾਊਨ ਦਾ ਵਿਗਿਆਨਕ ਤੌਰ ਉਤੇ ਉਦੋਂ ਹੀ ਲਾਭ ਮਿਲ ਸਕਦਾ ਹੈ, ਜੇ ਇਹ ਘੱਟੋ-ਘੱਟ 14 ਦਿਨ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।

## ਸਿਹਤ ਸੇਵਾਵਾਂ 'ਚ ਸੁਧਾਰ ਕਰੇ ਸਰਕਾਰ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਸਿਹਤ ਸੇਵਾਵਾਂ 'ਚ ਸੁਧਾਰ ਲਿਆਉਣ ਦੀ ਥਾਂ ਸਾਰਾ ਜ਼ੋਰ ਪੰਜਾਬ ਦੇ ਸਮੁੱਚੇ ਢਾਂਚੇ ਨੂੰ ਠੱਪ ਕਰਨ ਉਤੇ ਲਾ ਦਿੱਤਾ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਬਿਆਨ ਰਾਹੀਂ ਕਿਹਾ ਕਿ ਇਸ ਬੰਦੀ ਨਾਲ ਛੋਟੇ ਦੁਕਾਨਦਾਰਾਂ, ਵਪਾਰੀਆਂ ਤੇ ਹੁਨਰਮੰਦ ਵਰਕਰਾਂ 'ਤੇ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਆਪਣੀਆਂ ਅਸਫਲਤਾਵਾਂ ਉਤੇ ਪਰਦਾ ਪਾਉਣ ਲਈ ਵੱਡੀ ਪੱਧਰ 'ਤੇ ਹੋ ਰਹੇ ਰੋਸ ਵਿਖਾਵਿਆਂ ਨੂੰ ਰੋਕਣ ਲਈ ਇਕਪਾਸੜ ਫੈਸਲੇ ਲੈ ਰਹੀ ਹੈ।

## ਸਹੂਲਤ ਤੋਂ ਸੱਖਣੀਆਂ ਪਾਬੰਦੀਆਂ: ਡਾ. ਗਾਂਧੀ

**ਚੰਡੀਗੜ੍ਹ:** ਪੇਸ਼ੇ ਵਜੋਂ ਡਾਕਟਰ ਤੇ ਲੋਕ ਸਭਾ ਮੈਂਬਰ ਰਹੇ ਡਾ. ਧਰਮਵੀਰ ਗਾਂਧੀ ਦਾ ਕਹਿਣਾ ਹੈ ਕਿ ਕੈਪਟਨ ਸਰਕਾਰ ਕਰੋਨਾ ਵਿਚ ਫਸੇ ਲੋਕਾਂ ਨੂੰ ਸਹਿਯੋਗ ਤੇ ਸਹੂਲਤਾਂ ਦੀ ਬਜਾਏ ਲਗਾਤਾਰ ਸਖਤੀਆਂ ਤੇ ਪਾਬੰਦੀਆਂ ਦੇ ਤੋਹਫੇ ਹੀ ਦੇ ਰਹੀ ਹੈ। ਲੱਗਦਾ ਹੈ ਕਿ ਸਰਕਾਰ ਭਮਤਰੀ ਪਈ ਹੈ, ਉਸ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਨਾ ਤਾਂ ਕੋਈ ਵਿਗਿਆਨਕ ਵਿਆਖਿਆ ਹੈ ਤੇ ਨਾ ਹੀ ਅਮਲੀ ਤੁਕ। ਸਗੋਂ ਇਹ ਫੈਸਲੇ ਬੜੇ ਹਾਸੋਹੀਣੇ ਤੇ ਗੈਰ-ਵਿਗਿਆਨਕ ਲੱਗ ਰਹੇ ਹਨ। ਰਾਤ ਨੂੰ ਕਿਧਰੇ ਵੀ ਕੋਈ ਭੀੜ ਨਹੀਂ ਹੁੰਦੀ ਪਰ ਸਰਕਾਰ ਨੇ ਪੰਜ ਸ਼ਹਿਰਾਂ ਵਿਚ ਕਰਫਿਊ ਲਗਾ ਕੇ ਲੋਕਾਂ ਨੂੰ ਭੈਅ-ਭੀਤ ਕਰਨ ਦਾ ਯਤਨ ਕੀਤਾ ਹੈ।


# ਮੁਲਤਾਨੀ ਅਗਵਾ ਕੇਸ: ਸੁਮੇਧ ਸੈਣੀ ਖਿਲਾਫ ਕਤਲ ਦਾ ਕੇਸ ਦਰਜ

**ਮੁਹਾਲੀ:** ਪੰਜਾਬ ਦੇ ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਪੁੱਤਰ ਅਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇ.ਈ.) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤ-ਭਰੀ ਹਾਲਤ ਵਿਚ ਲਾਪਤਾ ਕਰਨ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ।

ਮੁਹਾਲੀ ਅਦਾਲਤ ਨੇ ਵਾਅਦਾ ਮੁਆਫ ਗਵਾਹ ਬਣੇ ਯੂਟੀ ਪੁਲਿਸ ਦੇ ਦੋ ਸਾਬਕਾ ਇੰਸਪੈਕਟਰਾਂ ਜਗੀਰ ਸਿੰਘ ਅਤੇ ਕੁਲਦੀਪ ਸਿੰਘ ਸੰਧੂ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਪੰਜਾਬ ਪੁਲਿਸ ਦੀ ਸਿੱਟ ਨੂੰ ਸਾਬਕਾ ਡੀ.ਜੀ.ਪੀ. ਸੈਣੀ ਖਿਲਾਫ ਧਾਰਾ 302 ਦੇ ਜੁਰਮ ਦਾ ਵਾਧਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਮਗਰੋਂ ਪੁਲਿਸ ਨੇ ਸੈਣੀ ਖਿਲਾਫ ਕਤਲ ਕੇਸ ਦਰਜ ਕਰ ਲਿਆ ਹੈ। ਇਸ ਗੱਲ ਦੀ ਪੁਸ਼ਟੀ ਵਿਸ਼ੇਸ਼ ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਨੇ ਕੀਤੀ ਹੈ। ਦੋਵੇਂ ਸਾਬਕਾ ਇੰਸਪੈਕਟਰਾਂ ਨੇ ਮੁਹਾਲੀ ਦੀ ਜੁਡੀਸ਼ਲ ਤੇ ਡਿਊਟੀ ਮੈਜਿਸਟਰੇਟ ਰਸਵੀਨ ਕੌਰ ਦੀ ਅਦਾਲਤ ਵਿਚ ਸੀ.ਆਰ.ਪੀ.ਸੀ. ਦੀ ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਸਨ।

ਉਨ੍ਹਾਂ ਅਦਾਲਤ ਨੂੰ ਦੱਸਿਆ ਸੀ ਕਿ ਉਨ੍ਹਾਂ ਉਤੇ ਕਿਸੇ ਦਾ ਕੋਈ ਦਬਾਅ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਲਾਲਚ ਵਿਚ ਆ ਕੇ ਬਿਆਨ ਦਰਜ ਕਰਵਾ ਰਹੇ ਹਨ ਬਲਕਿ ਆਪਣੀ ਮਰਜ਼ੀ ਅਨੁਸਾਰ ਵਾਅਦਾ ਮੁਆਫ ਗਵਾਹ ਬਣੇ ਹਨ। ਅਦਾਲਤ ਨੇ ਸਾਬਕਾ ਪੁਲਿਸ ਅਫਸਰਾਂ ਦੇ ਬਿਆਨ ਦਰਜ ਕਰਨ ਅਤੇ ਪੁਲਿਸ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਫੈਸਲਾ ਰਾਖਵਾਂ ਰੱਖਿਆ ਸੀ। ਅਦਾਲਤ ਨੇ ਪੁਲਿਸ ਨੂੰ ਸੈਣੀ ਖਿਲਾਫ ਕਤਲ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ, ਜਿਸ ਮਗਰੋਂ ਮੁਹਾਲੀ ਪੁਲਿਸ ਨੇ ਕੇਸ ਦਰਜ ਕਰ ਲਿਆ।

ਪੰਜਾਬ ਸਰਕਾਰ ਵਲੋਂ ਇਸ ਕੇਸ ਦੀ ਪੈਰਵੀ ਲਈ ਨਿਯੁਕਤ ਵਿਸ਼ੇਸ਼ ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਅਤੇ ਪੀੜਤ ਪਰਿਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਇਨ੍ਹਾਂ ਦੋਵੇਂ ਅਫਸਰਾਂ ਨੇ ਆਪਣੇ ਬਿਆਨਾਂ ਵਿਚ ਪੂਰੇ ਘਟਨਾਕ੍ਰਮ ਉਤੇ ਰੋਸ਼ਨੀ ਪਾਉਂਦਿਆਂ ਅਦਾਲਤ ਨੂੰ ਦੱਸਿਆ ਕਿ 1991 ਵਿਚ ਚੰਡੀਗੜ੍ਹ ਵਿਚ ਐਸ.ਐਸ.ਪੀ. ਵਜੋਂ ਤਾਇਨਾਤੀ ਦੌਰਾਨ ਸੁਮੇਧ ਸੈਣੀ ਦੇ ਕਾਫਲੇ ਉਤੇ ਹੋਏ ਬੰਬ ਧਮਾਕੇ ਤੋਂ ਬਾਅਦ ਮੁਲਜ਼ਮਾਂ ਦੀ ਪੈੜ ਨੱਪਣ ਲਈ ਵਿਸ਼ੇਸ਼ ਤਲਾਸ਼ੀ ਅਭਿਆਨ ਚਲਾਇਆ ਗਿਆ ਸੀ। ਇਸ ਧਮਾਕੇ ਵਿਚ ਤਿੰਨ ਪੁਲਿਸ ਕਰਮਚਾਰੀ ਮਾਰੇ ਗਏ ਸੀ ਜਦੋਂਕਿ ਸੈਣੀ ਤੇ ਕੁਝ ਹੋਰ ਪੁਲਿਸ ਜਵਾਨ ਜਖਮੀ ਹੋ ਗਏ ਸਨ। ਉਦੋਂ ਸੈਣੀ 'ਤੇ ਕਹਿਣ ਉਤੇ ਬਲਵੰਤ ਸਿੰਘ ਮੁਲਤਾਨੀ ਨੂੰ ਮੁਹਾਲੀ ਸਥਿਤ ਉਸ ਦੇ ਘਰੋਂ ਚੁੱਕ ਕੇ ਸੈਕਟਰ-17 ਦੇ ਥਾਣੇ ਵਿਚ ਲਿਆਂਦਾ ਗਿਆ ਸੀ, ਜਿਥੇ ਉਸ ਉਤੇ ਸੈਣੀ ਦੀ ਮੌਜੂਦਗੀ ਵਿਚ ਬੇਤਹਾਸ਼ਾ ਤਸ਼ੱਦਦ ਢਾਹਿਆ ਗਿਆ।



ਥਾਣੇ ਵਿਚ ਮੁਲਤਾਨੀ 'ਤੇ ਢਾਹੇ ਅਣਮਨੁੱਖੀ ਤਸ਼ੱਦਦ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਮਗਰੋਂ ਨੌਜਵਾਨ ਦੀ ਲਾਸ਼ ਟਿਕਾਣੇ ਲਾਉਣ ਲਈ ਵੱਖ-ਵੱਖ ਪੁਲਿਸ ਅਫਸਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਇਹੀ ਨਹੀਂ ਪੁਲਿਸ ਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਕਾਦੀਆਂ (ਗੁਰਦਾਸਪੁਰ) ਥਾਣੇ ਵਿਚ ਝੂਠਾ ਕੇਸ ਦਰਜ ਕਰਕੇ ਇਹ ਦਰਸਾਇਆ ਕਿ ਮੁਲਤਾਨੀ ਪੁਲਿਸ ਹਿਰਾਸਤ ਵਿਚੋਂ ਭੱਜ ਗਿਆ ਹੈ। ਇਸ ਸਬੰਧੀ ਯੂਟੀ ਪੁਲਿਸ ਦੀ ਟੀਮ ਨੇ ਵਾਪਸ ਚੰਡੀਗੜ੍ਹ ਆ ਕੇ ਸੈਕਟਰ-17 ਦੇ ਥਾਣੇ ਵਿਚ ਵੀ ਡੀ.ਡੀ.ਆਰ. ਦਰਜ ਕੀਤੀ ਸੀ।

ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਮੇਤ ਛੇ ਮੁਲਜ਼ਮਾਂ ਐਸ.ਪੀ. ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ, ਹਰ ਸਹਾਏ ਸ਼ਰਮਾ (69) ਵਾਸੀ ਸੈਕਟਰ-51ਡੀ, ਜਗੀਰ ਸਿੰਘ (70) ਵਾਸੀ ਸੈਕਟਰ-51, ਅਨੋਖ ਸਿੰਘ (65) ਵਾਸੀ ਸੈਕਟਰ-21 ਅਤੇ ਕੁਲਦੀਪ ਸਿੰਘ ਸੰਧੂ (66) ਵਾਸੀ ਮਨੀਮਾਜਰਾ ਦੇ ਖਿਲਾਫ ਮਟੌਰ ਥਾਣੇ ਵਿਚ ਧਾਰਾ 364, 201, 344, 330, 219 ਅਤੇ 120ਬੀ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਵੰਡ ਵੇਲੇ ਮਾਰੇ ਗਏ ਪੰਜਾਬੀਆਂ ਦੀ ਯਾਦਗਾਰ ਹਟਾਉਣ ਖਿਲਾਫ ਰੋਹ



**ਅੰਮ੍ਰਿਤਸਰ:** ਦੇਸ਼ ਵੰਡ ਵੇਲੇ ਭਾਰਤ ਤੇ ਪਾਕਿਸਤਾਨ ਦੋਵੇਂ ਪਾਸੇ ਮਾਰੇ ਗਏ ਲਗਭਗ 10 ਲੱਖ ਪੰਜਾਬੀਆਂ ਦੀ ਯਾਦ 'ਚ ਅਟਾਰੀ ਸਰਹੱਦ ਉਤੇ ਬਣਾਇਆ ਗਿਆ ਸਮਾਰਕ ਚੁੱਪ ਚਪੀਤੇ ਹਟਾ ਦਿੱਤਾ ਗਿਆ ਹੈ, ਜਿਸ 'ਤੇ ਸਖਤ ਇਤਰਾਜ਼ ਉਠੇ ਹਨ। ਇਹ ਸਮਾਰਕ 30 ਦਸੰਬਰ 1996 ਨੂੰ ਫੋਕਲੋਰ ਰਿਸਰਚ ਅਕੈਡਮੀ ਚੰਡੀਗੜ੍ਹ ਨੇ ਸਥਾਪਤ ਕੀਤਾ ਸੀ। ਸਮਾਰਕ ਬਣਾਉਣ ਸਮੇਂ ਪੰਜ ਦਰਿਆਵਾਂ ਦਾ ਪਾਣੀ ਇਸ ਦੀ ਨੀਂਹ ਵਿਚ ਪਾਇਆ ਗਿਆ।

ਫੋਕਲੋਰ ਰਿਸਰਚ ਅਕੈਡਮੀ ਚੰਡੀਗੜ੍ਹ ਨੇ ਯਾਦਗਾਰ ਨੂੰ ਚੁੱਪ-ਚੁਪੀਤੇ ਹਟਾਉਣ ਨੂੰ ਮੰਦਭਾਗਾ ਕਰਾਰ ਦਿੱਤਾ। ਇਸ ਦੇ ਵਿਰੋਧ ਵਿਚ ਚੰਡੀਗੜ੍ਹ ਵਿਚ ਇਕੱਠੇ ਹੋਏ ਫੋਕਲੋਰ ਰਿਸਰਚ ਅਕੈਡਮੀ ਚੰਡੀਗੜ੍ਹ ਦੇ ਪ੍ਰਧਾਨ ਡਾ. ਤਾਰਾ ਸਿੰਘ ਸੰਧੂ, ਜਨਰਲ ਸਕੱਤਰ ਪ੍ਰੋ. ਈਸ਼ਵਰ ਦਿਆਲ ਗੌੜ, ਪ੍ਰੋ. ਮਨਜੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ, ਅਜੈ ਪਾਲ ਸਿੰਘ ਬਰਾੜ ਤੇ ਹੋਰਾਂ ਨੇ ਇਸ ਯਾਦਗਾਰ ਨੂੰ ਮੁੜ ਬਣਾਉਣ ਦੀ ਮੰਗ ਕੀਤੀ ਹੈ।

ਫੋਕਲੋਰ ਰਿਸਰਚ ਅਕੈਡਮੀ ਚੰਡੀਗੜ੍ਹ ਦੇ ਪ੍ਰਧਾਨ ਤਾਰਾ ਸਿੰਘ ਸੰਧੂ ਨੇ ਦੱਸਿਆ ਕਿ ਇਹ ਸਮਾਰਕ ਕਿਸੇ ਸਿਆਸੀ ਮੰਤਵ ਨਾਲ ਸਥਾਪਤ ਨਹੀਂ ਕੀਤਾ ਗਿਆ ਸੀ। ਇਹ ਸਮਾਰਕ ਦਾ ਪ੍ਰੋਜੈਕਟ ਬੀ.ਐਸ.ਐਫ. ਦੇ ਤਤਕਾਲੀ ਡੀ.ਆਈ.ਜੀ. ਰਾਹੀਂ ਪਾਸ ਕਰਾਇਆ ਗਿਆ ਸੀ ਤੇ ਮਗਰੋਂ ਇਸ ਥਾਂ ਦੀ ਚੋਣ ਕੀਤੀ ਗਈ। ਇਸ ਸਮਾਰਕ 'ਤੇ ਲਹਿੰਦੇ ਤੇ ਚੜ੍ਹਦੇ ਦੋਵੇਂ ਪੰਜਾਬ ਦੇ ਆਗੂਆਂ ਤੇ ਲੋਕਾਂ ਨੇ ਸਿਜਦੇ ਕੀਤੇ ਸਨ। ਉਸ ਵੇਲੇ ਰਾਜਾ ਪੋਰਸ ਹਿੰਦ-ਪਾਕਿ ਪੰਜਾਬੀ ਮਿੱਤਰਤਾ ਮੇਲੇ ਵੀ ਲਾਏ ਗਏ। ਉਨ੍ਹਾਂ ਆਖਿਆ ਕਿ ਦੁੱਖ ਇਸ ਗੱਲ ਦਾ ਹੈ ਕਿ ਇਸ ਸਮਾਰਕ ਨੂੰ ਚੁੱਪ ਚਪੀਤੇ ਢਾਹ ਦਿੱਤਾ ਗਿਆ ਹੈ ਤੇ ਇਸ ਨੂੰ ਢਾਹੁਣ ਤੋਂ ਪਹਿਲਾਂ ਕੋਈ ਸੂਚਨਾ ਵੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨਾਲ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਡਾ. ਤਾਰਾ ਸਿੰਘ ਸੰਧੂ ਅਤੇ ਪ੍ਰੋ. ਈਸ਼ਵਰ ਦਿਆਲ ਗੌੜ ਨੇ ਕਿਹਾ ਕਿ 24 ਸਾਲ ਪਹਿਲਾਂ ਪੰਜਾਬ ਪ੍ਰੇਮੀਆਂ ਅਤੇ ਬੁੱਧੀਜੀਵੀਆਂ ਨੇ ਇਕੱਠੇ ਹੋ ਕੇ ਇਹ ਯਾਦਗਾਰ ਬਣਾਈ ਸੀ। ਇਸ ਯਾਦਗਾਰ ਉਤੇ ਹਰ ਸਾਲ ਉਨ੍ਹਾਂ ਬੇਕਸੂਰ ਪੰਜਾਬੀਆਂ ਦੀ ਯਾਦ ਵਿਚ ਮੇਲਾ ਲਗਦਾ ਸੀ ਜੋ 1947 ਵਿਚ ਵੰਡ ਦੌਰਾਨ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਯਾਦਗਾਰ 'ਤੇ ਭਾਰਤ ਅਤੇ ਪਾਕਿਸਤਾਨ ਤੋਂ ਪੰਜਾਬੀ ਪ੍ਰੇਮੀ ਸਿਜਦਾ ਕਰਨ ਆਉਂਦੇ ਸਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਇਸ ਯਾਦਗਾਰ ਨੂੰ ਮੁੜ ਬਣਾ ਕੇ ਦੇਵੇ, ਨਹੀਂ ਤਾਂ ਪੰਜਾਬੀ ਇਕੱਠੇ ਹੋ ਕੇ ਨਵੇਂ ਸਿਰੇ ਤੋਂ ਖੁਦ ਯਾਦਗਾਰ ਬਣਾਉਣਗੇ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਅਟਾਰੀ ਸਰਹੱਦ ਤੋਂ ਇਸ ਯਾਦਗਾਰ ਨੂੰ ਹਟਾਉਣ ਪਿੱਛੇ ਕੁਝ ਰਾਸ਼ਟਰਵਾਦੀ ਲੋਕਾਂ ਦਾ ਹੱਥ ਹੋ ਸਕਦਾ ਹੈ ਜਿਨ੍ਹਾਂ ਬਿਨਾਂ ਕਿਸੇ ਨੂੰ ਦੱਸੇ ਉਸ ਨੂੰ ਹਟਾ ਦਿੱਤਾ।

## ਯਾਦਗਾਰ ਮੁੜ ਬਣਾਉਣ ਦਾ ਭਰੋਸਾ

**ਅੰਮ੍ਰਿਤਸਰ:** ਵੰਡ ਵੇਲੇ ਮਾਰੇ ਗਏ ਤਕਰੀਬਨ 10 ਲੱਖ ਬੇਕਸੂਰ ਪੰਜਾਬੀਆਂ ਦੀ ਯਾਦ ਵਿਚ ਬਣਾਏ ਗਏ ਸਮਾਰਕ ਨੂੰ ਢਾਹੇ ਜਾਣ ਦੇ ਵਿਰੋਧ ਵਿਚ ਫੋਕਲੋਰ ਰਿਸਰਚ ਅਕਾਦਮੀ ਤੇ ਹਿੰਦ-ਪਾਕਿ ਦੋਸਤੀ ਮੰਚ ਦੇ ਵਫਦ ਨੇ ਬੀ.ਐਸ.ਐਫ. ਦੇ ਡੀ.ਆਈ.ਜੀ. ਭੁਪਿੰਦਰ ਸਿੰਘ ਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਵਫਦ ਨੇ ਅਟਾਰੀ ਸਰਹੱਦ 'ਤੇ ਸਮਾਰਕ ਮੁੜ ਸਥਾਪਤ ਕਰਨ ਦੀ ਮੰਗ ਕੀਤੀ। ਬੀ.ਐਸ.ਐਫ. ਦੇ ਡੀ.ਆਈ.ਜੀ. ਅਤੇ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਨੇ ਭਰੋਸਾ ਦਿੱਤਾ ਕਿ ਇਹ ਸਮਾਰਕ ਅਟਾਰੀ ਸਰਹੱਦ ਵਿਖੇ ਚੱਲ ਰਹੇ ਸੁੰਦਰੀਕਰਨ ਕਾਰਜਾਂ ਕਰ ਕੇ ਹਟਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਨਵੀਂ ਸੁੰਦਰੀਕਰਨ ਯੋਜਨਾ ਦੌਰਾਨ ਇਸ ਯਾਦਗਾਰੀ ਸਮਾਰਕ ਨੂੰ ਜਲਦੀ ਹੀ ਪਹਿਲਾਂ ਨਾਲੋਂ ਵੱਡਾ ਅਤੇ ਢੁਕਵੇਂ ਸਥਾਨ 'ਤੇ ਸਥਾਪਤ ਕੀਤਾ ਜਾਵੇਗਾ।

# ਅਕਾਲ ਤਖਤ ਵਲੋਂ ਪਾਵਨ ਸਰੂਪ ਮਾਮਲੇ 'ਚ ਦੋਸ਼ੀਆਂ ਖਿਲਾਫ ਕਾਰਵਾਈ ਦੇ ਆਦੇਸ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚੋਂ ਘਟੇ 267 ਪਾਵਨ ਸਰੂਪਾਂ ਦੀ ਜਾਂਚ ਰਿਪੋਰਟ ਉਤੇ ਵਿਚਾਰ ਕਰਨ ਮਗਰੋਂ ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਇਕ ਹਫਤੇ ਵਿਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸੱਦ ਕੇ ਜਾਂਚ ਰਿਪੋਰਟ ਵਿਚ ਦੋਸ਼ੀ ਪਾਏ ਗਏ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

ਸ੍ਰੀ ਅਕਾਲ ਤਖਤ ਉਤੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਦਿਲਬਾਗ ਸਿੰਘ ਸ਼ਾਮਲ ਸਨ। ਇਕ ਬਿਆਨ ਰਾਹੀਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਟਿੰਗ ਦੀ ਕਾਰਵਾਈ ਦੇ ਵੇਰਵੇ ਦਿੱਤੇ ਹਨ। ਉਨ੍ਹਾਂ ਆਖਿਆ ਕਿ 267 ਪਾਵਨ ਸਰੂਪਾਂ ਦੇ ਮਾਮਲੇ ਵਿਚ ਕੀਤੀ ਗਈ ਜਾਂਚ ਦੌਰਾਨ ਵੱਡੇ ਪੱਧਰ 'ਤੇ ਲਾਪਰਵਾਹੀ ਅਤੇ ਖਾਮੀਆਂ ਸਾਹਮਣੇ ਆਈਆਂ ਹਨ। ਰਿਕਾਰਡ ਵਿਚ ਘੱਟ ਪਾਏ ਗਏ ਪਾਵਨ ਸਰੂਪਾਂ ਦੀ ਗਿਣਤੀ 267 ਤੋਂ ਵੱਧ ਹੈ।

ਸਟੋਰ ਲੈਜਰ ਨੂੰ ਵੀ ਠੀਕ ਢੰਗ ਨਾਲ ਨਹੀਂ ਲਿਖਿਆ ਗਿਆ ਹੈ। ਇਸ ਵਿਚ ਕਈ ਥਾਵਾਂ ਉਤੇ



ਲਿਖਣ ਮਗਰੋਂ ਕਟਿੰਗ ਕੀਤੀ ਗਈ ਹੈ ਜਿਸ ਤੋਂ ਛੇੜਛਾੜ ਕੀਤੀ ਸਾਬਤ ਹੋਈ ਹੈ। 2013-14 ਅਤੇ 2014-15 ਦੀਆਂ ਲੈਜਰਾਂ ਦੀ ਜਾਂਚ ਦੌਰਾਨ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿਚ 328 ਸਰੂਪ ਘੱਟ ਮਿਲੇ ਹਨ। ਉਨ੍ਹਾਂ ਦੱਸਿਆ ਕਿ ਜਾਂਚ ਰਿਪੋਰਟ ਵਿਚ ਪਬਲੀਕੇਸ਼ਨ ਵਿਭਾਗ ਦੀਆਂ ਬਿੱਲ ਬੁੱਕਾਂ ਅਤੇ ਡੁੱਚਾਂ (ਕੱਚੇ ਬਿੱਲ) ਵਿਚ ਵੀ ਵੱਡਾ ਅੰਤਰ ਮਿਲਿਆ ਹੈ। ਲੈਜਰਾਂ ਨਾਲ ਛੇੜਛਾੜ ਅਤੇ 2016 ਤੱਕ ਇਸ ਦਾ ਕੋਈ ਆਡਿਟ ਹੀ ਨਹੀਂ ਕਰਾਇਆ ਗਿਆ।

ਪਾਵਨ ਸਰੂਪਾਂ ਸਬੰਧੀ ਜਾਂਚ ਰਿਪੋਰਟ ਨੂੰ ਜਨਤਕ ਨਹੀਂ ਕੀਤਾ ਗਿਆ ਹੈ। ਇਸ ਸਬੰਧੀ ਮੀਡੀਆ ਤੋਂ ਦੂਰੀ ਰੱਖੀ ਗਈ ਹੈ। ਇਸ ਸਬੰਧੀ ਮੀਡੀਆ ਨਾਲ ਗੱਲਬਾਤ ਵੀ ਨਹੀਂ ਕੀਤੀ ਗਈ। ਜਾਰੀ ਕੀਤੇ ਬਿਆਨ ਵਿਚ ਦੋਸ਼ੀ ਪਾਏ ਗਏ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਵਾਂ ਤੋਂ ਇਲਾਵਾ ਉਨ੍ਹਾਂ ਦੇ ਦੋਸ਼ ਤੇ ਗਿਣਤੀ ਦੇ ਵੇਰਵੇ ਵੀ ਨਹੀਂ ਦਿੱਤੇ ਗਏ।

## ਕੈਨੇਡਾ 'ਚ ਪਾਵਨ ਸਰੂਪ ਛਪਾਈ ਮਾਮਲੇ ਸਬੰਧੀ ਸਪੱਸ਼ਟੀਕਰਨ ਮੰਗਿਆ

**ਅੰਮ੍ਰਿਤਸਰ:** ਕੈਨੇਡਾ ਵਿਚ ਆਪਣੇ ਪੱਧਰ 'ਤੇ ਬਿਨਾਂ ਪ੍ਰਵਾਨਗੀ ਪਾਵਨ ਸਰੂਪ ਛਾਪਣ ਦੇ ਮਾਮਲੇ ਵਿਚ ਕੈਨੇਡਾ ਵਾਸੀ ਰਿਪੁਦਮਨ ਸਿੰਘ ਮਲਿਕ ਅਤੇ ਬਲਵੰਤ ਸਿੰਘ ਪੰਧੇਰ ਨੂੰ ਇਕ ਮਹੀਨੇ ਵਿਚ ਅਕਾਲ ਤਖਤ ਉਤੇ ਆਪਣਾ ਸਪੱਸ਼ਟੀਕਰਨ ਦੇਣ ਲਈ ਆਦੇਸ਼ ਦਿੱਤਾ ਗਿਆ ਹੈ। ਇਹ ਫੈਸਲਾ ਅੱਜ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕੀਤਾ ਗਿਆ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਕੈਨੇਡਾ ਵਾਸੀਆਂ ਨੇ ਅਕਾਲ ਤਖਤ ਤੋਂ ਮਈ 1998 ਤੋਂ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਹੁਕਮਨਾਮੇ ਵਿਚ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ ਸਿਰਫ ਸ਼੍ਰੋਮਣੀ ਕਮੇਟੀ ਹੀ ਕਰ ਸਕਦੀ ਹੈ।

# ਮੁਤਵਾਜ਼ੀ ਜਥੇਦਾਰ ਨੇ ਇਕਬਾਲ ਸਿੰਘ ਨੂੰ ਪੰਥ ਵਿਚੋਂ ਛੇਕਿਆ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸਿੱਖ ਗੁਰੂਆਂ ਨੂੰ ਲਵ ਕੁਸ਼ ਦੇ ਵੰਸ਼ਜ਼ ਦੱਸਣ ਦੇ ਮਾਮਲੇ ਵਿਚ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਸਿੱਖ ਪੰਥ 'ਚੋਂ ਛੇਕਣ ਦਾ ਐਲਾਨ ਕੀਤਾ ਹੈ। ਉਨ੍ਹਾਂ ਸਾਬਕਾ ਜਥੇਦਾਰ ਕੋਲੋਂ ਆਪਣੇ ਨਾਂ ਨਾਲ ਗਿਆਨੀ, ਜਥੇਦਾਰ ਅਤੇ ਸਿੰਘ ਲਾਉਣ ਦਾ ਹੱਕ ਵੀ ਵਾਪਸ ਲੈ ਲਿਆ। ਉਨ੍ਹਾਂ ਗੋਬਿੰਦ ਰਮਾਇਣ ਬਿਆਨ ਮਾਮਲੇ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਬਿਆਨ ਵਾਪਸ ਲੈਣ ਅਤੇ ਸਿੱਖ ਕੌਮ ਕੋਲੋਂ ਮੁਡ ਮੁਆਫੀ ਮੰਗਣ ਵਾਸਤੇ ਆਖਿਆ ਹੈ।

ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਭਾਈ ਮੰਡ ਨੇ ਆਖਿਆ ਕਿ ਪੰਜ ਸਿੰਘਾਂ ਨਾਲ ਮੀਟਿੰਗ ਤੋਂ ਬਾਅਦ ਇਹ ਫੈਸਲਾ ਕੀਤਾ ਹੈ। ਉਨ੍ਹਾਂ ਆਖਿਆ ਕਿ 12 ਅਗਸਤ ਨੂੰ ਗਿਆਨੀ ਇਕਬਾਲ ਸਿੰਘ ਨੂੰ ਆਦੇਸ਼ ਦਿੱਤਾ ਸੀ ਕਿ ਉਹ 20 ਅਗਸਤ ਨੂੰ ਸ੍ਰੀ ਅਕਾਲ ਤਖਤ ਉਤੇ ਪੇਸ਼ ਹੋ ਕੇ ਆਪਣਾ ਪੱਖ ਰੱਖੇ ਪਰ ਉਹ ਨਹੀਂ ਆਇਆ ਹੈ। ਉਨ੍ਹਾਂ ਆਖਿਆ ਕਿ ਉਸ ਨੇ ਸਿੱਖ ਗੁਰੂਆਂ ਨੂੰ ਲਵ ਕੁਸ਼ ਦੇ ਵੰਸ਼ਜ਼ ਦੱਸ ਕੇ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਅੰਗ ਸਾਬਤ ਕਰਨ ਦਾ ਯਤਨ ਕੀਤਾ ਹੈ। ਇਸ ਸਬੰਧੀ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਵੀ ਆਈਆਂ ਹਨ। ਗਿਆਨੀ ਇਕਬਾਲ ਸਿੰਘ ਕੋਲੋਂ ਸਪੱਸ਼ਟੀਕਰਨ ਵੀ ਮੰਗਿਆ ਗਿਆ ਸੀ। ਉਨ੍ਹਾਂ ਆਖਿਆ ਕਿ ਹੁਣ ਉਨ੍ਹਾਂ ਦਾ ਸਿੱਖ ਪੰਥ ਨਾਲ



ਕੋਈ ਵਾਸਤਾ ਨਹੀਂ ਹੈ। ਇਸੇ ਤਰ੍ਹਾਂ ਸਿੱਖ ਸੰਗਤ ਵੀ ਉਸ ਨਾਲ ਕੋਈ ਸਬੰਧ ਨਾ ਰੱਖੇ।

ਉਨ੍ਹਾਂ ਆਖਿਆ ਕਿ ਪੰਥ ਵਿਚੋਂ ਛੇਕਣ ਤੋਂ ਬਾਅਦ ਉਸ ਨੂੰ ਆਜ਼ਾਦੀ ਹੈ ਕਿ ਉਹ ਆਪਣਾ ਨਵਾਂ ਨਾਮਕਰਨ ਕਰਕੇ ਕਿਸੇ ਵੀ ਹੋਰ ਕੌਮ ਦਾ ਹਿੱਸਾ ਬਣ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੋਬਿੰਦ ਰਮਾਇਣ ਸਬੰਧੀ ਦਿੱਤੇ ਬਿਆਨ ਬਾਰੇ ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਨੂੰ ਆਪਣਾ ਬਿਆਨ ਵਾਪਸ ਲੈਣ ਅਤੇ ਸਿੱਖ ਕੌਮ ਕੋਲੋਂ ਮੁਆਫੀ ਮੰਗਣ ਲਈ 15 ਦਿਨ ਦਾ ਸਮਾਂ ਦਿੱਤਾ ਗਿਆ ਹੈ, ਜੋ 27 ਅਗਸਤ ਨੂੰ ਪੂਰਾ ਹੋ ਗਿਆ ਹੈ। ਜੇਕਰ ਉਹ ਆਪਣਾ ਬਿਆਨ ਵਾਪਸ ਨਹੀਂ ਲੈਂਦੇ ਅਤੇ ਸਿੱਖ ਕੌਮ ਕੋਲੋਂ ਮੁਆਫੀ ਨਹੀਂ ਮੰਗਦੇ ਤਾਂ ਇਸ ਸਬੰਧੀ ਅਗਲਾ ਫੈਸਲਾ ਸਮਾਂ ਪੂਰਾ ਹੋਣ ਤੋਂ ਬਾਅਦ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਸਿੱਖ ਕੌਮ ਵਿਚਾਲੇ ਏਕਤਾ ਬਾਰੇ ਵੀ ਆਖਿਆ। ਮੁਤਵਾਜ਼ੀ ਜਥੇਦਾਰਾਂ ਵਿਚਾਲੇ ਆਪਸੀ ਏਕਤਾ ਨਾ ਹੋਣ ਬਾਰੇ ਉਹ ਕੋਈ ਵੀ ਤਸੱਲੀਬਖਸ਼ ਜਵਾਬ ਨਾ ਦੇ ਸਕੇ।

# ਘਰੋਂ ਚੁੱਕੇ ਪਾਵਨ ਸਰੂਪਾਂ ਦੀ ਜਾਣਕਾਰੀ ਅਕਾਲ ਤਖਤ ਨੂੰ ਦੇਣ ਲਈ ਕਿਹਾ

**ਪਟਨਾ ਸਾਹਿਬ:** ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਨੇ ਕਿਹਾ ਹੈ ਕਿ ਲੋਕਾਂ ਦੇ ਘਰਾਂ, ਡੇਰਿਆਂ ਅਤੇ ਹੋਰ ਸਥਾਨਾਂ ਤੋਂ ਜਬਰੀ ਚੁੱਕੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਅਤੇ ਹੋਰ ਧਾਰਮਿਕ ਲਿਟਰੇਚਰ ਸਬੰਧੀ ਜਾਣਕਾਰੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੀਆਂ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਪਹੁੰਚ ਰਹੀਆਂ ਹਨ ਕਿ ਪਿਛਲੇ ਕੁਝ ਸਾਲਾਂ ਤੋਂ ਆਪੇ ਬਣੀਆਂ ਧਾਰਮਿਕ ਜਥੇਬੰਦੀਆਂ ਸਤਿਕਾਰ ਕਮੇਟੀਆਂ ਆਦਿ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੁਆਰਾ ਕੋਈ ਮਾਨਤਾ ਪ੍ਰਾਪਤ ਨਹੀਂ, ਲਗਾਤਾਰ ਲੋਕਾਂ ਦੇ ਘਰਾਂ ਵਿਚੋਂ ਜਾਂ ਹੋਰ ਸਥਾਨਾਂ ਤੋਂ ਸਤਿਕਾਰ ਨਾ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਧਿਰ ਅਸਥਾਨ ਢੁਕਵਾਂ ਨਹੀਂ ਆਦਿ ਬਹਾਨੇ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਪੁਰਾਤਨ ਬੀੜਾਂ, ਜਿਨ੍ਹਾਂ ਵਿਚੋਂ ਕਈ ਹੱਥ ਲਿਖਤ ਸਰੂਪ ਅਤੇ ਕਈ ਬੇਸ਼ਕੀਮਤੀ ਪੁਰਾਣੇ ਛਾਪੇ ਦੀਆਂ ਬੀੜਾਂ ਅਤੇ ਕੁਝ ਪੁਰਾਤਨ ਲਹੌਰੀ ਤੇ ਕਸ਼ਮੀਰੀ ਪੇਪਰ ਤੇ ਲਿਖੀਆਂ ਵੀ ਹੋ ਸਕਦੀਆਂ ਹਨ ਅਤੇ ਪੁਰਾਤਨ ਨਜ਼ਰੀਏ ਤੋਂ ਬਹੁਤ ਕੀਮਤੀ ਧਰੋਹਰ ਹਨ, ਲੋਕਾਂ ਨੂੰ ਡਰਾ-ਧਮਕਾ ਕੇ ਚੁੱਕ ਕੇ ਲੈ ਗਏ ਹਨ।

ਉਨ੍ਹਾਂ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਹੈ। ਇਹ ਬੀੜਾਂ ਕੌਣ ਲੈ ਗਏ, ਇਹ ਸਰੂਪ ਕਿੱਥੇ, ਕਿਸ ਰੂਪ ਵਿਚ ਹਨ? ਇਹ ਕਿੰਨੀ ਗਿਣਤੀ ਵਿਚ ਹਨ? ਇਹ ਕਿਸ ਹਾਲਤ ਵਿਚ ਹਨ?, ਇਹ ਸਭ ਪੰਥ ਨੂੰ ਪਤਾ ਹੋਣਾ ਚਾਹੀਦਾ ਹੈ ਤੇ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਇਹ ਬੇਸ਼ਕੀਮਤੀ ਪੰਥ ਦੇ ਪੁਰਾਤਨ ਸਰੋਤ ਕਿਤੇ ਗਲਤ ਹੱਥਾਂ ਵਿਚ ਤਾਂ ਨਹੀਂ ਪਹੁੰਚ ਗਏ।

# ਵਿਵਾਦ ਵਾਲੀਆਂ ਗਤੀਵਿਧੀਆਂ ਰੋਕਣ ਲਈ ਮਾਹਿਰਾਂ ਦੀ ਟੀਮ ਤਿਆਰ ਕਰਨ ਦੇ ਹੁਕਮ

**ਅੰਮ੍ਰਿਤਸਰ:** ਸਤਿਕਾਰ ਕਮੇਟੀਆਂ ਦੀਆਂ ਵਿਵਾਦਤ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਗੁਰਮਤਿ ਮਾਹਿਰਾਂ ਦੀ ਟੀਮ ਤਿਆਰ ਕੀਤੀ ਜਾਵੇ, ਜੋ ਬੇਅਦਬੀ ਜਾਂ ਮਨਮੱਤ ਦੀ ਸ਼ਿਕਾਇਤ ਮਿਲਣ ਉਤੇ ਤੁਰਤ ਲੋੜੀਂਦੀ ਕਾਰਵਾਈ ਕਰੇ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ ਤੋਂ ਜਾਰੀ ਕੀਤੇ ਬਿਆਨ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਣਾ ਸਾਰਿਆਂ ਦਾ ਫਰਜ਼ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਕਿ ਸਿੰਘਾਂ ਦੀ ਅਜਿਹੀ ਟੀਮ ਤਿਆਰ ਕਰਨ, ਜੋ ਬੇਅਦਬੀ ਜਾਂ ਮਨਮੱਤ ਦੀ ਸ਼ਿਕਾਇਤ ਮਿਲਣ 'ਤੇ ਤੁਰਤ ਪੁੱਜੇ ਅਤੇ ਗੁਰਮਤਿ ਦੀ ਰੋਸ਼ਨੀ ਵਿਚ ਕਾਰਵਾਈ ਕਰੇ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਪੱਤਰ ਵੀ ਭੇਜਿਆ ਗਿਆ ਹੈ। ਵੇਰਵਿਆਂ ਮੁਤਾਬਕ ਗੁਰਮਤਿ ਮਾਹਿਰਾਂ ਦੀ ਟੀਮ ਵਿਚ ਪੰਜ ਮੈਂਬਰ ਹੋਣਗੇ। ਇਹ ਟੀਮ ਸ਼ਿਕਾਇਤ ਮਿਲਣ ਮਗਰੋਂ ਪਹਿਲਾਂ ਨੇੜਲੇ ਗੁਰਦੁਆਰੇ ਨੂੰ ਸੂਚਿਤ ਕਰੇਗੀ ਤੇ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਨੂੰ ਵੀ ਸੂਚਿਤ ਕੀਤਾ ਜਾਵੇਗਾ। ਲੋੜ ਮੁਤਾਬਕ ਤਖਤ ਸਾਹਿਬਾਨ ਤੋਂ ਵੀ ਮਦਦ ਲਈ ਜਾ ਸਕੇਗੀ। ਇਹ ਟੀਮ ਬੇਅਦਬੀ ਜਾਂ ਮਨਮੱਤ ਕਰਨ ਵਾਲਿਆਂ ਨੂੰ ਸਮਝਾਏਗੀ ਅਤੇ ਮਾਮਲੇ ਦਾ ਨਿਪਟਾਰਾ ਕਰੇਗੀ। ਇਹ ਟੀਮ ਡਰਾਉਣ ਧਮਕਾਉਣ ਦੀ ਥਾਂ ਬੇਸਮਝ ਲੋਕਾਂ ਨੂੰ ਮਰਿਆਦਾ ਅਤੇ ਸਤਿਕਾਰ ਬਣਾਈ ਰੱਖਣ ਸਬੰਧੀ ਜਾਣਕਾਰੀ ਦੇਵੇਗੀ।

ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿਚ ਸਿੱਖ ਕੌਮ ਅੰਦਰ ਹਫੜਾ-ਦਫੜੀ ਅਤੇ ਹੰਕਾਰ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਕਈ ਲੋਕ ਇਹ ਕਹਿ ਰਹੇ ਹਨ ਕਿ ਜੇ ਇਹੀ ਹਾਲਾਤ ਰਹੇ ਤਾਂ ਸਿੱਖ ਖਤਮ ਹੋ ਜਾਣਗੇ। ਜਥੇਦਾਰ ਨੇ ਇਨ੍ਹਾਂ ਟਿੱਪਣੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਸਿੱਖ ਕਦੇ ਵੀ ਖਤਮ ਨਹੀਂ ਹੋ ਸਕਦੇ ਹਨ, ਬਸ਼ਰਤੇ ਜੇ ਉਹ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲੈਣ। ਹਕੂਮਤਾਂ ਜਿੰਨੀਆਂ ਵੀ ਤਾਕਤਵਰ ਕਿਉਂ ਨਾ ਹੋਣ ਕਦੇ ਵੀ ਸਿੱਖਾਂ ਨੂੰ ਦਬਾਇਆ ਨਹੀਂ ਜਾ ਸਕਦਾ ਹੈ।

## ਨੌਜਵਾਨ ਧਰਮ ਅਤੇ ਰਾਜਨੀਤੀ 'ਚ ਅੱਗੇ ਆਉਣ: ਜਥੇਦਾਰ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਗੁਰਦੁਆਰਾ ਕੈਂਬੋਵਾਲ ਵਿਖੇ ਸਾਦੇ ਢੰਗ ਨਾਲ ਮਨਾਈ ਗਈ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਧਰਮ, ਰਾਜਨੀਤੀ ਤੇ ਧਰਮ ਦਾ ਸੁਮੇਲ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਾਜਨੀਤੀ ਵਿਚ ਆਉਣਾ ਵੀ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਜਾਇਜ਼ ਸੀ। ਉਨ੍ਹਾਂ ਕਿਹਾ ਕਿ ਰਾਜਨੀਤੀ ਅਤੇ ਧਰਮ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਦੀ ਲੋੜ ਹੈ। ਇਸ ਲਈ ਨੌਜਵਾਨ ਅੱਗੇ ਆਉਣ।

# ਸਿੱਖ ਸੰਗਤ ਨੂੰ ਢੱਡਰੀਆਂਵਾਲੇ ਦੇ ਸਮਾਗਮ ਨਾ ਕਰਵਾਉਣ ਦੇ ਆਦੇਸ਼

**ਅੰਮ੍ਰਿਤਸਰ:** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਮਾਮਲੇ ਦੀ ਜਾਂਚ ਰਿਪੋਰਟ ਨੂੰ ਘੋਖਣ ਮਗਰੋਂ ਪੰਜ ਸਿੰਘ ਸਾਹਿਬਾਨ ਨੇ ਸਿੱਖ ਸੰਗਤ ਨੂੰ ਆਦੇਸ਼ ਕੀਤਾ ਹੈ ਕਿ ਜਦ ਤੱਕ ਢੱਡਰੀਆਂਵਾਲਾ ਆਪਣੀ ਗਲਤ ਬਿਆਨੀ ਲਈ ਅਕਾਲ ਤਖਤ ਉਤੇ ਪੇਸ਼ ਹੋ ਕੇ ਮੁਆਫੀ ਨਹੀਂ ਮੰਗਦਾ, ਉਦੋਂ ਤੱਕ ਸਿੱਖ ਸੰਗਤ ਉਸ ਦੇ ਸਮਾਗਮ ਨਾ ਕਰਵਾਏ। ਇਸ ਦੇ ਪ੍ਰਚਾਰ ਨੂੰ ਨਾ ਸੁਣਿਆ ਜਾਵੇ ਤੇ ਨਾ ਹੀ ਉਸ ਦੀਆਂ ਵੀਡੀਓ ਆਦਿ ਅਗਾਂਹ ਸਾਂਝੀਆਂ ਕੀਤੀਆਂ ਜਾਣ।

ਢੱਡਰੀਆਂਵਾਲਾ ਮਾਮਲੇ ਦੀ ਜਾਂਚ ਰਿਪੋਰਟ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪੀ ਗਈ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਾਂਚ ਰਿਪੋਰਟ ਮੁਤਾਬਕ ਸਿੱਖ ਪ੍ਰਚਾਰਕ ਵਲੋਂ ਗੁਰਮਤਿ ਪ੍ਰਤੀ ਗਲਤ ਬਿਆਨਬਾਜ਼ੀ ਕੀਤੀ ਗਈ ਹੈ ਅਤੇ ਉਹ ਆਪਣੇ ਇਨ੍ਹਾਂ ਕਥਨਾਂ ਸਬੰਧੀ ਸਪੱਸ਼ਟੀਕਰਨ ਦੇਣ ਤੋਂ ਵੀ ਇਨਕਾਰੀ ਹੈ। ਜੇਕਰ ਕੋਈ ਉਸ ਦਾ ਸਮਾਗਮ ਕਰਾਉਂਦਾ ਹੈ ਅਤੇ ਉਥੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਪੰਜ ਸਿੰਘ ਸਾਹਿਬਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਸਿੱਖ ਪ੍ਰਚਾਰਕ ਹੁਣ ਵੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਪ੍ਰਤੀ ਗਲਤ ਕਥਨ ਬਿਆਨਣ ਤੋਂ ਬਾਜ਼ ਨਾ ਆਇਆ ਤਾਂ ਉਸ ਖਿਲਾਫ



ਸਖਤ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਭਾਈ ਹਰਿੰਦਰ ਸਿੰਘ ਨਿਰਵੈਰ ਖਾਲਸਾ ਜਥਾ ਯੂਕੇ, ਜਿਸ ਖਿਲਾਫ ਸਿੱਖ ਸੰਗਤ ਵਲੋਂ ਸ਼ਿਕਾਇਤ ਕਰਕੇ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਗੁਰੂ ਨਾਨਕ ਦੇਵ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਹੈ, ਬਾਰੇ ਪੰਜ ਸਿੰਘ ਸਾਹਿਬਾਨ ਨੇ ਆਖਿਆ ਕਿ ਉਸ ਕੋਲੋਂ ਸਪੱਸ਼ਟੀਕਰਨ ਮੰਗਿਆ ਗਿਆ ਸੀ, ਪਰ ਉਸ ਨੇ ਨਹੀਂ ਭੇਜਿਆ। ਇਸ ਬਾਰੇ ਵੀ ਆਦੇਸ਼ ਕੀਤਾ ਗਿਆ ਹੈ ਕਿ ਜਦੋਂ ਤੱਕ ਉਹ ਅਕਾਲ ਤਖਤ ਉਤੇ ਮੁਆਫੀ ਨਹੀਂ ਮੰਗਦਾ, ਉਸ ਦੇ ਸਮਾਗਮ ਨਾ ਕਰਵਾਏ ਜਾਣ। ਚੀਫ ਖਾਲਸਾ ਦੀਵਾਨ ਦੇ ਗੈਰ ਅੰਮ੍ਰਿਤਧਾਰੀ ਮੈਂਬਰਾਂ ਸਬੰਧੀ ਸ਼ਿਕਾਇਤ ਦਾ ਮਾਮਲਾ ਵਿਚਾਰਦਿਆਂ ਉਨ੍ਹਾਂ ਆਖਿਆ ਕਿ ਇਸ ਸਬੰਧੀ ਕਈ ਵਾਰ ਸੰਸਥਾ ਕੋਲੋਂ ਜਾਣਕਾਰੀ ਮੰਗੀ ਹੈ ਪਰ ਉਨ੍ਹਾਂ ਨਹੀਂ ਭੇਜੀ। ਦੀਵਾਨ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਸਬੰਧਤ ਜਾਣਕਾਰੀ ਲੈ ਕੇ 18 ਸਤੰਬਰ ਨੂੰ ਸ੍ਰੀ ਅਕਾਲ ਤਖਤ ਵਿਖੇ ਹਾਜ਼ਰ ਹੋਣ। ਉੜੀਸਾ ਦੇ ਜਗਨਨਾਥ ਪੁਰੀ ਵਿਖੇ ਬਾਬਾ ਸ਼ਮਸ਼ੇਰ ਸਿੰਘ ਵਲੋਂ ਬਣਾਏ ਗਏ ਗੁਰਦੁਆਰਾ ਆਰਤੀ ਸਾਹਿਬ ਬਾਰੇ ਉਸ ਨੂੰ ਆਦੇਸ਼ ਕੀਤਾ ਗਿਆ ਹੈ ਕਿ ਇਕ ਮਹੀਨੇ ਵਿਚ ਉਹ ਗੁਰਦੁਆਰੇ ਦਾ ਨਾਂ ਤਬਦੀਲ ਕਰੇ ਅਤੇ ਇਸ ਸਬੰਧੀ ਜਾਣਕਾਰੀ ਅਕਾਲ ਤਖਤ 'ਤੇ ਭੇਜੇ। ਅਯੁੱਧਿਆ 'ਚ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵਲੋਂ ਗੁਰੂ ਸਾਹਿਬਾਨ ਨੂੰ ਲਵ-ਕੁਸ਼ ਦੇ ਵੰਸ਼ਜ ਦੱਸੇ ਜਾਣ ਬਾਰੇ ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਉਹ ਅਜਿਹੇ ਕਿਸੇ ਦਾਅਵੇ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਸਿੱਖ ਇਕ ਵੱਖਰੀ ਕੌਮ ਹੈ ਅਤੇ ਵੱਖਰੀ ਰਹੇਗੀ।

## ਸਾਜ਼ਿਸ਼ ਤਹਿਤ ਫੈਸਲੇ ਕੀਤੇ ਜਾ ਰਹੇ: ਢੱਡਰੀਆਂਵਾਲਾ

**ਪਟਿਆਲਾ :** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਅਕਾਲ ਤਖਤ ਸਾਹਿਬ 'ਤੇ ਪੰਜ ਸਿੰਘ ਸਹਿਬਾਨ ਵਲੋਂ ਲਏ ਫੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਸਿੰਘ ਸਹਿਬਾਨ ਦੀਆਂ ਰਵਾਇਤਾਂ ਖਿਲਾਫ ਸਿੱਧੀ ਲਕੀਰ ਖਿੱਚਦਿਆਂ ਸਪਸ਼ਟ ਕੀਤਾ ਹੈ ਕਿ ਉਹ ਸਿਆਸੀ ਆਗੂਆਂ ਦੇ ਗੁਲਾਮ ਪੱਖਪਾਤੀ ਜਥੇਦਾਰਾਂ ਨੂੰ ਮੰਨਦੇ ਹੀ ਨਹੀਂ ਹਨ।

ਭਾਈ ਢੱਡਰੀਆਂਵਾਲੇ ਨੇ ਵੀਡੀਓ ਜ਼ਰੀਏ ਇਹ ਵੀ ਸਪੱਸ਼ਟ ਕੀਤਾ ਕਿ ਉਹ ਆਪਣੀ ਵਿਚਾਰਧਾਰਾ 'ਤੇ ਪਹਿਰਾ ਦੇਣ ਤੋਂ ਬਿਲਕੁਲ ਵੀ ਪਿੱਛੇ ਨਹੀਂ ਹਟਣਗੇ। ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਕਾਇਮ ਰਹਿਣ ਤੇ ਹੌਸਲਾ ਰੱਖਣ ਦਾ ਵੀ ਸੱਦਾ ਦਿੱਤਾ ਹੈ। ਤਿੱਖੇ ਪ੍ਰਤੀਕਰਮ 'ਚ ਆਪਣੇ ਆਪ ਨੂੰ ਗੁਰਮਤਿ ਪ੍ਰਚਾਰ ਪੱਖੋਂ ਬੇਕਸੂਰ ਦੱਸਦਿਆਂ ਆਖਿਆ ਹੈ ਕਿ ਉਨ੍ਹਾਂ ਖਿਲਾਫ ਸਾਜ਼ਿਸ਼ ਤਹਿਤ ਫੈਸਲੇ ਲਏ ਜਾ ਰਹੇ ਹਨ, ਜਦਕਿ ਉਨ੍ਹਾਂ ਗੁਰੂ ਘਰ ਜਾਂ ਗੁਰੂ ਸਾਹਿਬਾਨ ਖਿਲਾਫ ਕਦੇ ਵੀ ਕੋਈ ਕੂੜ ਪ੍ਰਚਾਰ ਨਹੀਂ ਕੀਤਾ।

## ਕੈਨੇਡਾ 'ਚ ਸੜਕ ਹਾਦਸਿਆਂ 'ਚ 3 ਪੰਜਾਬੀਆਂ ਦੀ ਮੌਤ

**ਟੋਰਾਂਟੋ:** ਕੈਨੇਡਾ ਦੇ ਵੱਖ-ਵੱਖ ਇਲਾਕਿਆਂ 'ਚ ਵਾਪਰੇ ਦੋ ਸੜਕ ਹਾਦਸਿਆਂ 'ਚ ਪੰਜਾਬੀ ਨੌਜਵਾਨਾਂ ਜਸਪ੍ਰੀਤ ਸਿੰਘ (24), ਜਤਿੰਦਰ ਪਾਲ ਸਿੰਘ (24) ਤੇ ਗੁਰਕੀਰਤ ਸਿੰਘ ਰੰਧਾਵਾ (27) ਦੀ ਮੌਤ ਹੋ ਗਈ। ਮ੍ਰਿਤਕ ਬਰੈਂਪਟਨ ਵਾਸੀ ਸਨ। ਜਾਣਕਾਰੀ ਅਨੁਸਾਰ ਟੋਰਾਂਟੋ ਤੋਂ ਲਗਭਗ 1800 ਕਿਲੋਮੀਟਰ ਉਤਰ ਵਲ ਹਾਈਵੇ-17 ਉਤੇ ਇਗਨੈਸ ਕਸਬੇ ਨੇੜੇ ਦੋ ਟਰੱਕਾਂ ਦੀ ਆਹਮੋ-ਸਾਹਮਣੀ ਭਿਆਨਕ ਟੱਕਰ ਹੋ ਗਈ, ਜਿਸ ਦੌਰਾਨ ਇਕ ਟਰੱਕ 'ਚ ਸਵਾਰ ਦੋ ਨੌਜਵਾਨਾਂ ਨੇ ਮੌਕੇ ਉਤੇ ਹੀ ਦਮ ਤੋੜ ਦਿੱਤਾ, ਜਦੋਂਕਿ ਦੂਸਰੇ ਟਰੱਕ ਦੇ ਸਵਾਰਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ। ਘਟਨਾ ਤੋਂ ਕਈ ਘੰਟੇ ਬਾਅਦ ਤੱਕ ਹਾਈਵੇ ਨੂੰ ਆਵਾਜਾਈ ਲਈ ਬੰਦ ਰੱਖਣਾ ਪਿਆ।

**Punjab Times**

Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦਾਦੂਵਾਲ ਵਲੋਂ ਮੁਤਵਾਜ਼ੀ ਜਥੇਦਾਰੀ ਤੋਂ ਅਸਤੀਫਾ

**ਤਲਵੰਡੀ ਸਾਬੋ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸ਼ੁਕਰਾਨੇ ਵਜੋਂ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨਤਮਸਤਕ ਹੋਏ। ਇਸ ਦੌਰਾਨ ਉਨ੍ਹਾਂ ਤਖਤ ਸਾਹਿਬ ਦੀ ਮੁਤਵਾਜ਼ੀ ਜਥੇਦਾਰੀ ਤੋਂ ਅਸਤੀਫਾ ਦੇ ਕੇ ਸਰਬੱਤ ਖਾਲਸਾ ਨੂੰ ਇਹ ਸੇਵਾ ਕਿਸੇ ਹੋਰ ਸੇਵਾਦਾਰ ਨੂੰ ਸੌਂਪਣ ਦੀ ਅਪੀਲ ਕੀਤੀ ਹੈ।

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ 10 ਨਵੰਬਰ 2015 ਨੂੰ ਸ਼ਹੀਦਾਂ ਦੀ ਧਰਤੀ ਚੱਬਾ 'ਤੇ ਸਰਬੱਤ ਖਾਲਸਾ ਵਿਚ ਸੰਗਤ ਨੇ ਉਨ੍ਹਾਂ ਨੂੰ ਤਖਤ ਦਮਦਮਾ ਸਾਹਿਬ ਦਾ ਜਥੇਦਾਰ ਥਾਪਿਆ ਸੀ। ਹੁਣ ਉਨ੍ਹਾਂ ਨੂੰ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਹੈ, ਜਿਸ ਕਰਕੇ ਉਹ ਹੁਣ ਤਖਤ ਦਮਦਮਾ ਸਾਹਿਬ ਪ੍ਰਤੀ ਆਪਣੀ ਸੇਵਾ ਅਤੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰੱਥ ਹੋਣਗੇ। ਇਸ ਲਈ ਉਨ੍ਹਾਂ ਤਖਤ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਸਰਬੱਤ ਖਾਲਸਾ ਨੂੰ ਅਸਤੀਫਾ ਦੇ ਕੇ ਬੇਨਤੀ ਕੀਤੀ ਕਿ ਇਹ ਸੇਵਾ ਹੁਣ ਕਿਸੇ ਹੋਰ ਗੁਰਸਿੱਖ ਸਿੰਘ ਨੂੰ ਸੌਂਪੀ ਜਾਵੇ।

ਦਾਦੂਵਾਲ ਨੇ ਕਿਹਾ ਕਿ ਉਹ ਜਿਥੇ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਲਈ ਉਪਰਾਲੇ ਕਰਨਗੇ, ਉਥੇ ਹੀ ਪਹਿਲਾਂ ਦੀ ਤਰ੍ਹਾਂ ਦੇਸ਼-ਵਿਦੇਸ਼ ਵਿੱਚ ਨਸ਼ਿਆਂ ਖਿਲਾਫ ਮੁਹਿੰਮ ਅਤੇ ਸਿੱਖੀ ਦੇ ਪ੍ਰਚਾਰ ਤੇ ਪਸਾਰ ਦੀ ਲਹਿਰ ਸ਼ੁਰੂ ਕਰਨਗੇ।

## ਅਕਾਲ ਤਖਤ ਵਲੋਂ ਸੁੱਚਾ ਸਿੰਘ ਲੰਗਾਹ ਨੂੰ ਮੁਆਫੀ ਦੇਣ ਤੋਂ ਨਾਂਹ

**ਅੰਮ੍ਰਿਤਸਰ:** ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਵਲੋਂ ਸ੍ਰੀ ਸਾਹਿਬ ਉਤੇ ਭੇਜੇ ਖਿਮਾ ਯਾਚਨਾ 'ਤੇ ਸਪੱਸ਼ਟ ਕਰਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਲੰਗਾਹ ਨੂੰ ਕੋਈ ਮੁਆਫੀ ਨਹੀਂ ਦਿੱਤੀ ਗਈ ਹੈ। ਇਸ ਲਈ ਸੰਗਤਾਂ ਇਸ ਨਾਲ ਕੋਈ ਮਿਲਵਰਤਨ ਨਾ ਰੱਖਣ। ਦੱਸ ਦਈਏ ਕਿ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਮੁੜ ਅੰਮ੍ਰਿਤਪਾਨ ਕਰਨ ਉਪਰੰਤ ਪੰਥ 'ਚ ਵਾਪਸੀ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇਕ ਵਾਰ ਫਿਰ ਫਰਿਆਦ ਕੀਤੀ ਸੀ। ਉਨ੍ਹਾਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਖਿਮਾ ਯਾਚਨਾ ਦੀ ਕੀਤੀ ਗਈ ਇਹ ਚੌਥੀ ਫਰਿਆਦ ਹੈ ਪਰ ਇਸ ਵਾਰ ਵੀ ਸ੍ਰੀ ਅਕਾਲ ਤਖਤ ਤੋਂ ਖਾਰਜ ਕਰ ਦਿੱਤਾ ਗਿਆ। ਲੰਗਾਹ ਵਲੋਂ ਪੰਥ 'ਚ ਮੁੜ ਵਾਪਸੀ ਲਈ ਕਈ ਵਾਰ ਯਤਨ ਕੀਤੇ ਗਏ ਪਰ ਹਰ ਵਾਰ ਉਨ੍ਹਾਂ ਨੂੰ ਅਸਫਲਤਾ ਹੀ ਹੋਈ।

ਪੰਥ 'ਚੋਂ ਛੇਕੇ ਗਏ ਲੰਗਾਹ ਦਾ ਖਿਮਾ ਯਾਚਨਾ ਪੱਤਰ ਉਨ੍ਹਾਂ ਦੇ ਪੁੱਤਰ ਸੁਖਜਿੰਦਰ ਸਿੰਘ ਸੋਨੂੰ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਸੌਂਪਿਆ ਗਿਆ। ਇਸ ਤੋਂ ਪਹਿਲਾਂ ਲੰਗਾਹ ਵਲੋਂ ਪੰਥ ਵਿਚ ਵਾਪਸੀ ਲਈ ਪਹਿਲਾਂ 18 ਅਗਸਤ 2018 ਨੂੰ, ਦੂਜੀ ਵਾਰ 17 ਅਕਤੂਬਰ 2019 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਲਿਖਤੀ ਬੇਨਤੀ ਕੀਤੀ ਗਈ ਅਤੇ ਤੀਜੀ ਵਾਰ ਉਨ੍ਹਾਂ ਨੇ 13 ਮਾਰਚ 2020 ਨੂੰ ਖੁਦ ਹਾਜ਼ਰ ਹੋ ਕੇ ਇਕ ਫਰਿਆਦੀ ਅਪੀਲ ਕੀਤੀ ਸੀ, ਪਰ ਜਥੇਦਾਰ ਵਲੋਂ ਉਸ ਦੀਆਂ ਇਨ੍ਹਾਂ ਬੇਨਤੀਆਂ 'ਤੇ ਵਿਚਾਰ ਕਰਨ ਸਬੰਧੀ ਲੰਮਾ ਸਮਾਂ ਪਾ ਦਿੱਤਾ ਗਿਆ।

## ਅਜੇ ਸੋਨੀਆ ਗਾਂਧੀ ਹੱਥ ਹੀ ਰਹੇਗੀ ਕਾਂਗਰਸ ਦੀ ਕਮਾਨ

**ਨਵੀਂ ਦਿੱਲੀ:** ਕਾਂਗਰਸ 'ਚ ਲੀਡਰਸ਼ਿਪ ਸਬੰਧੀ ਪੈਦਾ ਹੋਏ ਵਿਵਾਦ ਨੂੰ ਠੱਲ੍ਹਣ ਲਈ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਿਊ.ਸੀ.) ਸੋਨੀਆ ਗਾਂਧੀ ਦੀ ਹਮਾਇਤ 'ਤੇ ਆ ਗਈ। ਸੀ.ਡਬਲਿਊ.ਸੀ. ਦੀ ਕਰੀਬ ਸੱਤ ਘੰਟਿਆਂ ਤੱਕ ਚੱਲੀ ਆਨਲਾਈਨ ਬੈਠਕ ਦੌਰਾਨ ਸੋਨੀਆ ਗਾਂਧੀ ਨੂੰ ਬੇਨਤੀ ਕੀਤੀ ਗਈ ਕਿ ਉਹ ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੇ ਇਜਲਾਸ ਤੱਕ ਪਾਰਟੀ ਦੇ ਅੰਤਰਿਮ ਪ੍ਰਧਾਨ ਦੇ ਅਹੁਦੇ 'ਤੇ ਬਣੇ ਰਹਿਣ।

ਪਾਰਟੀ ਨੂੰ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਲਈ ਉਨ੍ਹਾਂ ਨੂੰ ਜਥੇਬੰਦੀ 'ਚ ਲੋੜੀਂਦੇ ਬਦਲਾਅ ਕਰਨ ਦੇ ਵੀ ਅਧਿਕਾਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ 23 ਆਗੂਆਂ ਨੇ ਪਾਰਟੀ 'ਚ ਫੇਰਬਦਲ ਕਰਕੇ ਸਾਂਝੀ ਲੀਡਰਸ਼ਿਪ ਦੀ ਵਕਾਲਤ ਕਰਦਿਆਂ ਪੂਰੇ ਸਮੇਂ ਲਈ ਮਕਬੂਲ ਆਗੂ ਨੂੰ ਪ੍ਰਧਾਨ ਬਣਾਉਣ ਦੀ ਮੰਗ ਕੀਤੀ ਸੀ। ਇਨ੍ਹਾਂ ਆਗੂਆਂ ਨੂੰ ਵੀ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਕਿਸੇ ਨੂੰ ਵੀ ਪਾਰਟੀ ਅਤੇ ਇਸ ਦੀ ਲੀਡਰਸ਼ਿਪ ਨੂੰ ਕਮਜ਼ੋਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਬੰਦੀ ਸਿੰਘ 28 ਸਾਲਾਂ ਬਾਅਦ ਰਿਹਾ

**ਨਾਭਾ:** ਨਾਭਾ ਦੀ ਮੈਕਸੀਮਮ ਸਕਿਓਰਿਟੀ ਜੇਲ੍ਹ 'ਚ ਬੰਦੀ ਲਾਲ ਸਿੰਘ ਪੁੱਤਰ ਭਾਗ ਸਿੰਘ ਪਿੰਡ ਅਕਾਲਗੜ੍ਹ ਜ਼ਿਲ੍ਹਾ ਕਪੂਰਥਲਾ ਦੀ 28 ਸਾਲਾਂ ਬਾਅਦ ਨਾਭਾ ਦੀ ਅਤਿ ਸੁਰੱਖਿਅਤ ਜੇਲ੍ਹ ਤੋਂ ਸਰਕਾਰ ਵਲੋਂ ਰਿਹਾ ਕਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਲਾਲ ਸਿੰਘ ਸੰਨ 1992 ਤੋਂ ਟਾਡਾ ਅਤੇ ਹੋਰ ਕਈ ਮਾਮਲਿਆਂ ਦੇ ਅਧੀਨ ਜੇਲ੍ਹ ਵਿਚ ਬੰਦ ਸੀ।

ਲਾਲ ਸਿੰਘ ਦੀ ਰਿਹਾਈ ਸਬੰਧੀ ਕਈ ਵਾਰ ਕਿਆਸਆਰਾਈਆਂ ਲੱਗਦੀਆਂ ਰਹੀਆਂ ਪਰ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਗਿਆ ਸੀ। ਇਸ ਰਿਹਾਈ ਕਾਰਨ ਸਿੱਖ ਕੌਮ ਵਿਚ ਖੁਸ਼ੀ ਪਾਈ ਜਾ ਰਹੀ ਹੈ। ਲਾਲ ਸਿੰਘ ਦੀ ਰਿਹਾਈ ਬਾਰੇ ਕਈ ਵਾਰ ਸਰਕਾਰ ਵਲੋਂ ਹੁਕਮ ਜਾਰੀ ਕੀਤੇ ਗਏ ਸਨ ਪਰ ਅਜੇ ਹੁਕਮ ਅਮਲ ਵਿਚ ਲਿਆਂਦੇ ਗਏ ਹਨ।

## ਰਿਪਬਲਿਕਨ ਪਾਰਟੀ ਨੇ ਟਰੰਪ ਨੂੰ ਰਾਸ਼ਟਰਪਤੀ ਅਹੁਦੇ ਦਾ ਮੁੜ ਉਮੀਦਵਾਰ ਚੁਣਿਆ

**ਸ਼ਾਰਲਟ:** ਰਿਪਬਲਿਕਨ ਪਾਰਟੀ ਦੇ ਡੈਲੀਗੇਟਸ ਨੇ ਡੋਨਲਡ ਟਰੰਪ ਨੂੰ ਰਾਸ਼ਟਰਪਤੀ ਅਹੁਦੇ ਅਤੇ ਮਾਈਕ ਪੈਂਸ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਰਸਮੀ ਤੌਰ 'ਤੇ ਮੁੜ ਉਮੀਦਵਾਰ ਚੁਣ ਲਿਆ ਹੈ।

ਰਿਪਬਲਿਕਨ ਡੈਲੀਗੇਟਸ ਦੀ ਹਫਤਾ ਭਰ ਚੱਲਣ ਵਾਲੀ ਕਾਨਫਰੰਸ ਦੌਰਾਨ ਅਮਰੀਕੀ ਲੋਕਾਂ ਨੂੰ ਯਕੀਨ ਦਿਵਾਇਆ ਜਾਵੇਗਾ ਕਿ ਟਰੰਪ ਦੂਜੀ ਵਾਰ ਰਾਸ਼ਟਰਪਤੀ ਚੁਣੇ ਜਾਣ ਦੇ ਕਾਬਲ ਹਨ। ਕਰੋਨਾ ਵਾਇਰਸ ਮਹਾਮਾਰੀ ਦੇ ਬਾਵਜੂਦ ਡੈਲੀਗੇਟਸ ਚਾਰਲਟ ਕਨਵੈਨਸ਼ਨ ਸੈਂਟਰ 'ਚ ਇਕੱਠੇ ਹੋਣਗੇ ਪਰ ਉਹ ਸਮਾਜਿਕ ਦੂਰੀ ਦੇ ਪਾਲਣ ਦੇ ਨਾਲ ਨਾਲ ਚਿਹਰੇ 'ਤੇ ਮਾਸਕ ਵੀ ਲਗਾ ਕੇ ਰੱਖਣਗੇ। ਇਸ ਦੇ ਉਲਟ ਡੈਮੋਕਰੈਟਸ ਨੇ ਜੋਅ ਬਾਇਡਨ ਨੂੰ ਰਾਸ਼ਟਰਪਤੀ ਚੋਣ ਲੜਨ ਦੀ ਪ੍ਰਵਾਨਗੀ ਦੇਣ ਸਮੇਂ ਵੀਡੀਓ ਕਾਨਫਰੰਸਿੰਗ ਰਾਹੀਂ ਹਾਜ਼ਰੀ ਲਵਾਈ ਸੀ ਅਤੇ ਵੱਡੇ ਇਕੱਠ ਕਰਨ ਤੋਂ ਗੁਰੇਜ਼ ਕੀਤਾ ਸੀ।

## ਕਰੋਨਾ ਖਿਲਾਫ ਜੰਗ: ਕੈਪਟਨ ਸਰਕਾਰ ਦੀ ਨੀਅਤ 'ਤੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਰੋਕਾਂ ਅਸਲ ਵਿਚ ਸਿਆਸੀ, ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਉਠਾ ਰਹੇ ਲੋਕਾਂ ਦੇ ਇਕੱਠਾਂ ਨੂੰ ਰੋਕਣ ਲਈ ਲਗਾਈਆਂ ਜਾ ਰਹੀਆਂ ਹਨ।

ਕਰੋਨਾ ਵਿਰੁਧ ਜੰਗ ਵਿਚ ਪੰਜਾਬ ਸਰਕਾਰ ਦੀ 'ਪ੍ਰਾਪਤੀ' ਇਹ ਹੈ ਕਿ ਇਸ ਔਖੀ ਘੜੀ ਵਿਚ ਹਸਪਤਾਲਾਂ ਵਿਚ ਮਰੀਜ਼ ਦਾਖਲ ਕਰਨ ਦੀ ਜਗ੍ਹਾ ਹੀ ਨਹੀਂ ਰਹੀ। ਦੂਸਰੀਆਂ ਬਿਮਾਰੀਆਂ, ਜੋ ਕਿ ਪਹਿਲਾਂ ਤੋਂ ਹੀ ਚਲਦੀਆਂ ਹਨ, ਨਾਲ ਪੀੜਤ ਮਰੀਜ਼ ਤੜਫ ਰਹੇ ਹਨ। ਲੁਧਿਆਣਾ ਵਿਚ ਕਰੋਨਾ ਦੇ ਨਾਲ ਜੁੜੇ ਬੈੱਡਾਂ ਦੀ ਕਮੀ ਰੋਜ਼ ਸਾਹਮਣੇ ਆ ਜਾਂਦੀ ਹੈ ਤੇ ਅੰਕੜੇ ਦਿਲ ਹਿਲਾ ਦਿੰਦੇ ਹਨ। ਭਾਵੇਂ ਸਰਕਾਰ ਨੇ ਪ੍ਰਾਈਵੇਟ ਹਸਪਤਾਲਾਂ ਦੇ ਰੇਟਾਂ ਵਿਚ ਕਮੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ, ਫਿਰ ਵੀ ਇਹ ਪੈਸਾ ਵੀ ਕੋਈ ਘੱਟ ਨਹੀਂ ਹੈ।

ਤੀਸਰੇ ਦਰਜੇ ਦੇ ਰੋਗੀ ਜਿਨ੍ਹਾਂ ਨੂੰ ਵੈਂਟੀਲੇਟਰ ਦੀ ਲੋੜ ਪੈਂਦੀ ਹੈ, ਉਨ੍ਹਾਂ ਨੂੰ ਹਰ ਰੋਜ਼ 20,000 ਰੁਪਏ ਹਸਪਤਾਲ ਨੂੰ ਦੇਣੇ ਪੈਣਗੇ ਜੋ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਹਸਪਤਾਲਾਂ ਦੇ ਮੁਤਾਬਕ ਰੋਜ਼ ਦਿਹਾੜੀ ਦੇ ਟੈਸਟਾਂ, ਆਕਸੀਜਨ ਲਗਾਉਣ ਤੇ ਵੈਂਟੀਲੇਟਰ ਚਲਾਉਣ ਦੇ ਖਰਚੇ ਇੰਨੇ ਹਨ ਕਿ ਵੀਹ ਹਜ਼ਾਰ ਵਿਚ ਵੀ ਇਹ ਪੂਰੇ ਨਹੀਂ ਹੁੰਦੇ। ਇਸ ਲਈ ਇਹ ਮੁਸ਼ਕਿਲ ਖੜ੍ਹੀ ਹੋ ਗਈ ਹੈ ਕਿ ਮਰੀਜ਼ ਪਹਿਲੇ ਤਾਂ ਬੈੱਡ ਲੈਣ ਲਈ ਧੱਕੇ ਖਾਂਦੇ ਫਿਰਦੇ ਹਨ, ਦੂਸਰਾ ਜੇ ਦਾਖਲਾ ਮਿਲ ਵੀ ਜਾਏ ਤਾਂ ਉਸ ਦਾ ਉਹ ਖਰਚਾ ਨਹੀਂ ਦੇ ਸਕਦੇ।

ਸਰਕਾਰ ਦੀਆਂ ਨੀਤੀਆਂ ਤੋਂ ਜਾਪ ਰਿਹਾ ਹੈ ਕਿ ਉਸ ਨੇ ਸਭ ਕੁਝ ਲੋਕਾਂ ਦੀ ਆਪਣੀ ਜ਼ਿੰਮੇਵਾਰੀ ਉਤੇ ਸੁੱਟ ਦਿੱਤਾ ਹੈ। ਆਈ.ਐੱਲ.ਓ. ਦੀ ਇਕ ਰਿਪੋਰਟ ਮੁਤਾਬਕ ਇਸ ਸਮੇਂ ਦੌਰਾਨ 40 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਚਲੇ ਜਾਣਗੇ, ਜੋ ਦੇਸ਼ ਦੀ ਆਬਾਦੀ ਦਾ ਲਗਭਗ ਇਕ ਤਿਹਾਈ ਹੈ। ਜਦੋਂ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਨੇ ਆਪਣੀ ਆਬਾਦੀ ਨੂੰ ਤਿੰਨ-ਤਿੰਨ ਮਹੀਨੇ ਲਈ ਰੋਟੀ ਖਾਣ ਤੋਂ ਇਲਾਵਾ ਹੋਰ ਲੋੜਾਂ ਪੂਰੀਆਂ ਕਰਨ ਲਈ ਖੁੱਲ੍ਹੇ ਪੈਸੇ ਦਿੱਤੇ ਹਨ, ਭਾਰਤ ਸਰਕਾਰ ਨੇ 5 ਕਿੱਲੋ ਦਾਣੇ ਤੇ ਇਕ ਕਿੱਲੋ ਦਾਲ ਜਿਸ ਦੀ ਕੀਮਤ ਮਸਾਂ 200 ਰੁਪਏ ਦੇ ਕਰੀਬ ਬਣਦੀ ਹੈ, ਦੇ ਕੇ ਸਾਰ ਲਿਆ ਹੈ। ਉਲਟਾ ਲੋਕਾਂ ਦੇ ਹਿੱਤਾਂ ਦੇ ਉਲਟ ਕਾਨੂੰਨ ਬਣਾਏ ਜਾ ਰਹੇ ਹਨ।

## ਆਰ.ਬੀ.ਆਈ. ਨੇ ਸਾਲ 2019-20 'ਚ ਨਹੀਂ ਛਾਪੇ 2000 ਦੇ ਨਵੇਂ ਨੋਟ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ 2019-20 ਵਿਚ 2000 ਰੁਪਏ ਦੇ ਨਵੇਂ ਨੋਟ ਨਹੀਂ ਛਾਪੇ। ਇਸ ਸਮੇਂ ਦੌਰਾਨ 2000 ਦੇ ਨੋਟਾਂ ਦਾ ਪਸਾਰ ਘਟ ਗਿਆ ਹੈ। ਇਹ ਜਾਣਕਾਰੀ ਰਿਜ਼ਰਵ ਬੈਂਕ 2019-20 ਦੀ ਸਾਲਾਨਾ ਰਿਪੋਰਟ ਵਿਚ ਦਿੱਤੀ ਗਈ ਹੈ। ਰਿਪੋਰਟ ਦੇ ਅਨੁਸਾਰ ਮਾਰਚ 2018 ਦੇ ਅੰਤ ਵਿਚ ਚੱਲ ਰਹੇ 2000 ਦੇ ਨੋਟਾਂ ਦੀ ਸੰਖਿਆ 33,632 ਲੱਖ ਸੀ, ਜੋ ਮਾਰਚ, 2019 ਦੇ ਅੰਤ ਤੱਕ 32,910 ਲੱਖ ਰਹਿ ਗਈ। ਮਾਰਚ 2020 ਦੇ ਅੰਤ ਤੱਕ 2000 ਦੇ ਨੋਟਾਂ ਦੀ ਗਿਣਤੀ ਹੋਰ ਘਟ ਕੇ 27398 ਲੱਖ ਹੋ ਗਈ ਹੈ। ਰਿਪੋਰਟ ਦੇ ਅਨੁਸਾਰ ਮਾਰਚ 2020 ਦੇ ਅੰਤ ਤੱਕ ਬਜ਼ਾਰ ਵਿਚ ਕੁੱਲ ਮੁਦਰਾ ਵਿਚ 2000 ਦੇ ਨੋਟਾਂ ਦਾ ਹਿੱਸਾ ਘੱਟ ਕੇ 2.4 ਪ੍ਰਤੀਸ਼ਤ ਰਹਿ ਗਿਆ ਹੈ।

## ਦੇਸ਼ ਨੂੰ ਵਿਕਾਸ ਦੇ ਰਾਹ ਪੈਣ ਲਈ ਵਿਆਪਕ ਸੁਧਾਰਾਂ ਦੀ ਲੋੜ: ਆਰ.ਬੀ.ਆਈ.

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਦੇ ਦੌਰਾਨ ਵਿਕਾਸ ਦੇ ਰਾਹ 'ਤੇ ਪੈਣ ਲਈ ਭਾਰਤ ਨੂੰ ਡੂੰਘੇ ਅਤੇ ਵਿਆਪਕ ਸੁਧਾਰਾਂ ਦੀ ਲੋੜ ਹੈ। ਕੇਂਦਰੀ ਬੈਂਕ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਮਹਾਮਾਰੀ ਕਾਰਨ ਦੇਸ਼ ਦੀ ਸੰਭਾਵਿਤ ਵਿਕਾਸ ਦਰ ਹੇਠਾਂ ਆਵੇਗੀ।

ਰਿਜ਼ਰਵ ਬੈਂਕ ਨੇ ਆਪਣੇ 'ਮੁਲਾਂਕਣ ਅਤੇ ਸੰਭਾਵਨਾਵਾਂ' ਵਿਚ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਨੇ ਆਲਮੀ ਅਰਥਚਾਰੇ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਹੈ। ਭਵਿੱਖ ਵਿਚ ਵਿਸ਼ਵਵਿਆਪੀ ਆਰਥਿਕਤਾ ਦਾ ਆਕਾਰ ਇਸ ਗੱਲ ਉਤੇ ਨਿਰਭਰ ਕਰੇਗਾ ਕਿ ਮਹਾਂਮਾਰੀ ਕਿਵੇਂ ਫੈਲਦੀ ਹੈ, ਮਹਾਂਮਾਰੀ ਕਿੰਨੀ ਦੇਰ ਰਹਿੰਦੀ ਹੈ ਤੇ ਕਿੰਨੀ ਦੇਰ ਤੱਕ ਇਸ ਨੂੰ ਰੋਕਣ ਲਈ ਟੀਕਾ ਆਉਂਦਾ ਹੈ।

## ਕਰੋਨਾ: ਬ੍ਰਾਜ਼ੀਲ ਨੂੰ ਪਿੱਛੇ ਛੱਡ ਕੇ ਦੂਜੇ ਨੰਬਰ 'ਤੇ ਪੁੱਜ ਸਕਦਾ ਹੈ ਭਾਰਤ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਕੇਸ ਲਗਾਤਾਰ ਵਧ ਰਹੇ ਹਨ। ਆਖਰੀ ਇਕ ਮਹੀਨੇ ਵਿਚ ਕਰੋਨਾ ਪੀੜਤਾਂ ਦਾ ਗ੍ਰਾਫ ਤੇਜ਼ੀ ਨਾਲ ਵਧਿਆ ਹੈ, ਹਾਲਾਂਕਿ ਦੇਸ਼ 'ਚ ਸਿਹਤਯਾਬ ਦਰ ਵੀ ਵਧ ਰਹੀ ਹੈ। ਜੇਕਰ ਕਰੋਨਾ ਮਾਮਲਿਆਂ ਦੇ ਅੰਕੜਾ ਇਸ ਤਰ੍ਹਾਂ ਹੀ ਵਧਦਾ ਰਿਹਾ ਤਾਂ ਇਕ ਮਹੀਨੇ ਅੰਦਰ ਭਾਰਤ ਬ੍ਰਾਜ਼ੀਲ ਨੂੰ ਪਿੱਛੇ ਛੱਡ ਕੇ ਵਿਸ਼ਵ 'ਚ ਦੂਜੇ ਨੰਬਰ ਉਤੇ ਆ ਜਾਵੇਗਾ। ਰੋਜ਼ਾਨਾ ਨਵੇਂ ਮਾਮਲੇ ਵਧਣ ਦੀ ਦਰ ਹੋਵੇ ਜਾਂ ਮੌਤਾਂ ਦਾ ਅੰਕੜਾ, ਭਾਰਤ 'ਚ ਇਹ ਰਫਤਾਰ ਬ੍ਰਾਜ਼ੀਲ ਦੇ ਮੁਕਾਬਲੇ ਲਗਭਗ ਢਾਈ ਗੁਣਾ ਹੈ। ਬ੍ਰਾਜ਼ੀਲ 'ਚ ਨਵੇਂ ਮਾਮਲੇ ਪਿਛਲੇ ਕੁਝ ਦਿਨਾਂ ਦੇ ਮੁਕਾਬਲੇ ਹੁਣ ਕਾਬੂ 'ਚ ਆਉਣ ਲੱਗੇ ਹਨ।

## ਪੰਜਾਬ 'ਚ ਵਾਹਨ ਦਸਤਾਵੇਜ਼ਾਂ ਦੀ ਮਿਆਦ 31 ਦਸੰਬਰ ਤੱਕ ਵਧਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਰੋਨਾ ਮਹਾਮਾਰੀ ਕਾਰਨ ਰਾਜ ਵਿਚਲੇ ਵਾਹਨਾਂ ਨਾਲ ਸਬੰਧਤ ਦਸਤਾਵੇਜ਼ਾਂ ਦੀ ਵੈਧਤਾ 31 ਦਸੰਬਰ 2020 ਤੱਕ ਵਧਾ ਦਿੱਤੀ ਹੈ। ਟ੍ਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਕਿਹਾ ਕਿ ਡਰਾਈਵਿੰਗ ਲਾਇਸੈਂਸ, ਆਰਸੀ ਜਾਂ ਪਰਮਿਟ, ਜੋ ਫਰਵਰੀ ਵਿਚ ਖਤਮ ਹੋ ਗਏ ਸਨ ਅਤੇ ਤਾਲਾਬੰਦੀ ਦੀਆਂ ਪਾਬੰਦੀਆਂ ਕਾਰਨ ਨਵਿਆਏ ਨਹੀਂ ਜਾ ਸਕੇ, ਹੁਣ ਉਹ ਇਸ ਸਾਲ 31 ਦਸੰਬਰ ਤੱਕ ਵੈਧ ਮੰਨੇ ਜਾਣਗੇ।

ਉਨ੍ਹਾਂ ਕਿਹਾ ਕਿ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਡਰਾਈਵਿੰਗ ਲਾਇਸੈਂਸ, ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਪਰਮਿਟ ਨਾਲ ਜੁੜੇ ਤਾਜ਼ਾ ਨਿਰਦੇਸ਼ ਜਾਰੀ ਕੀਤੇ ਹਨ ਤੇ ਇਸ ਤਹਿਤ ਰਾਜ ਸਰਕਾਰ ਨੇ ਵੀ ਆਪਣੇ ਨਾਗਰਿਕਾਂ ਨੂੰ ਰਾਹਤ ਦਿੱਤੀ ਹੈ।

## ਨੀਰਵ ਮੋਦੀ ਦੀ ਪਤਨੀ ਖਿਲਾਫ ਗ੍ਰਿਫਤਾਰੀ ਵਾਰੰਟ

**ਨਵੀਂ ਦਿੱਲੀ:** 2 ਅਰਬ ਡਾਲਰ ਤੋਂ ਵੱਧ ਦੇ ਪੀ.ਐਨ.ਬੀ. ਬੈਂਕ ਧੋਖਾਧੜੀ ਮਾਮਲੇ ਦੇ ਮੁੱਖ ਮੁਲਜ਼ਮ ਨੀਰਵ ਮੋਦੀ ਦੀ ਪਤਨੀ ਅਮੀ ਮੋਦੀ ਖਿਲਾਫ ਇੰਟਰਪੋਲ ਗਲੋਬਲ ਨੇ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਇਹ ਕਾਰਵਾਈ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਬੇਨਤੀ ਉਤੇ ਕੀਤੀ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮਹਾਰਾਜਾ ਦਲੀਪ ਸਿੰਘ ਦੇ ਪੁੱਤਰ ਦਾ ਘਰ ਵਿਕਾਊ

**ਲੰਡਨ:** ਸਿੱਖ ਰਾਜ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੇ ਬੇਟੇ ਪ੍ਰਿੰਸ ਵਿਕਟਰ ਅਲਬਰਟ ਦਲੀਪ ਸਿੰਘ ਦਾ ਲੰਡਨ ਸਥਿਤ ਘਰ ਵਿਕਣ ਲੱਗਾ ਹੈ, ਜਿਸ ਦੀ ਕੀਮਤ 1.55 ਕਰੋੜ ਪੌਂਡ ਮਿਥੀ ਗਈ ਹੈ। ਮਹਾਰਾਜਾ ਦਲੀਪ ਸਿੰਘ ਬਰਤਾਨੀਆ 'ਚ ਜਲਾਵਤਨ ਕਰਨ ਤੋਂ ਬਾਅਦ ਲੰਡਨ 'ਚ ਰਹੇ ਸਨ ਅਤੇ ਉਨ੍ਹਾਂ ਦੇ ਪੁੱਤਰ ਵਿਕਟਰ



ਦਲੀਪ ਸਿੰਘ ਦਾ ਜਨਮ 1866 ਨੂੰ ਲੰਡਨ 'ਚ ਹੀ ਹੋਇਆ ਸੀ ਅਤੇ ਮਹਾਰਾਣੀ ਵਿਕਟੋਰੀਆ ਉਨ੍ਹਾਂ ਦੀ ਧਰਮੀ ਮਾਂ ਬਣੀ ਸੀ।

ਵਿਕਟਰ ਦਲੀਪ ਸਿੰਘ ਦਾ ਵਿਆਹ ਕਵੈਂਟਰੀ ਦੇ 9ਵੇਂ ਅਰਲ ਦੀ ਬੇਟੀ ਲੇਡੀ ਐਨੀ ਕਵੈਂਟਰੀ ਨਾਲ ਹੋਇਆ ਸੀ ਅਤੇ ਵਿਆਹ ਤੋਂ ਬਾਅਦ ਇਸ ਜੋੜੇ ਦਾ ਦੱਖਣ-ਪੱਛਮੀ ਕੰਜ਼ਿਗਟਨ ਦੇ ਲਿਟਲ ਬੋਲਟਨਜ਼ ਖੇਤਰ 'ਚ ਇਹ ਪਹਿਲਾ ਘਰ ਸੀ, ਜਿਸ ਨੂੰ ਬ੍ਰਿਟਿਸ਼ ਅਧਿਕਾਰੀਆਂ ਵਲੋਂ ਲੈ ਕੇ ਦਿੱਤਾ ਗਿਆ ਸੀ। ਬੇਉਚੈਂਪ ਅਸਟੇਟ ਦੇ ਮੈਨੇਜਿੰਗ ਡਾਇਰੈਕਟਰ ਅਨੁਸਾਰ ਲਾਹੌਰ ਦੇ ਜਲਾਵਤਨ ਰਾਜਕੁਮਾਰ ਦੇ ਇਸ ਘਰ ਦੀਆਂ ਉੱਚੀਆਂ ਛੱਤਾਂ ਅਤੇ 52 ਫੁੱਟ ਸ਼ਾਨਦਾਰ ਬਗੀਚਾ ਹੈ। 1868 ਦੇ ਅਖੀਰ 'ਚ ਇਸ ਘਰ ਨੂੰ ਅਰਧ ਸਰਕਾਰੀ ਮਲਕੀਅਤ ਵਾਲੀ ਈਸਟ ਇੰਡੀਆ ਕੰਪਨੀ ਨੇ ਕਿਰਾਏ ਉਤੇ ਦੇਣ ਲਈ ਖਰੀਦਿਆ ਸੀ। ਈਸਟ ਇੰਡੀਆ ਕੰਪਨੀ, ਜਿਸ ਨੇ 1858 ਤੱਕ ਭਾਰਤ 'ਤੇ ਉਸ ਸਮੇਂ ਤੱਕ ਰਾਜ ਕੀਤਾ, ਜਿਸ ਨੂੰ ਬਾਅਦ 'ਚ ਬਰਤਾਨਵੀ ਹਕੂਮਤ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਮਕਾਨ ਨੂੰ ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਨੂੰ ਕਿਰਾਏ 'ਤੇ ਦੇ ਦਿੱਤਾ ਗਿਆ। ਇਸ ਤੋਂ ਇਲਾਵਾ ਦਲੀਪ ਸਿੰਘ ਦੇ ਪਰਿਵਾਰ ਨੇ ਵਿੰਬਲਡਨ ਅਤੇ ਰੋਹੈਮਪਟਨ 'ਚ ਵੀ ਕਈ ਜਾਇਦਾਦਾਂ ਦੀ ਵਰਤੋਂ ਕੀਤੀ ਅਤੇ ਨਾਲ ਹੀ ਇੰਗਲੈਂਡ ਦੇ ਸਫੋਕ 'ਚ 17000 ਏਕੜ ਵਾਲਾ ਅਲਵੀਡਨ ਹਾਲ ਵੀ ਉਨ੍ਹਾਂ ਕੋਲ ਸੀ, ਜੋ ਭਾਰਤੀ ਮਹਾਰਾਜਿਆਂ ਦੇ ਮਹੱਲਾਂ ਵਾਂਗ ਤਿਆਰ ਕੀਤਾ ਗਿਆ ਸੀ।

ਪ੍ਰਿੰਸ ਵਿਕਟਰ ਅਲਬਰਟ ਜੈ ਦਲੀਪ ਸਿੰਘ ਮਹਾਰਾਣੀ ਬੰਬਾ ਮੂਲਰ ਦਾ ਵੱਡਾ ਬੇਟਾ ਸੀ, ਜਿਸ ਦੀ ਭੈਣ ਸੋਫੀਆ ਦਲੀਪ ਸਿੰਘ ਨੇ ਬਰਤਾਨੀਆ ਵਿਚ ਔਰਤਾਂ ਦੇ ਹੱਕਾਂ ਲਈ ਵੱਡਾ ਸੰਘਰਸ਼ ਲੜਿਆ। 1898 'ਚ ਵਿਕਟਰ ਅਤੇ ਐਨੀ ਨੇ ਪਰਿਵਾਰਾਂ ਦੇ ਵਿਰੋਧ ਤੋਂ ਬਾਅਦ ਵਿਆਹ ਕਰਵਾ ਲਿਆ ਸੀ। ਇਹ ਵਿਆਹ ਈਟਨ ਸਕੁਏਅਰ ਦੇ ਸੇਂਟ ਪੀਟਰਜ਼ ਚਰਚ 'ਚ ਹੋਇਆ ਸੀ। ਇਹ ਵਿਆਹ ਵਿਕਟਰ ਦੇ ਜੂਏ ਦੇ ਦੋਸਤ ਪ੍ਰਿੰਸ ਆਫ ਵੇਲਜ਼ ਐਡਵਰਡ ਦੇ ਦਖਲ ਕਾਰਨ ਸੰਭਵ ਹੋਇਆ, ਜੋ ਬਾਅਦ 'ਚ ਬਰਤਾਨੀਆ ਦਾ ਕਿੰਗ ਐਡਵਰਡ 7ਵੇਂ ਵਜੋਂ ਜਾਣਿਆ ਜਾਣ ਲੱਗਾ।

ਵਿਕਟਰ ਦਲੀਪ ਸਿੰਘ ਨੂੰ ਜੂਆ ਖੇਡਣ, ਘੋੜ ਦੌੜ ਅਤੇ ਪਾਰਟੀਆਂ ਕਰਨ ਦਾ ਸ਼ੌਕ ਸੀ। ਉਸ ਨੂੰ ਸਰਕਾਰ ਵਲੋਂ ਲਿਟਲ ਬੋਲਟਨ ਘਰ ਅਤੇ 8250 ਪੌਂਡ ਸਾਲਾਨਾ ਭੱਤਾ ਅਤੇ ਉਸ ਦੀ ਪਤਨੀ ਐਨੀ ਦੀ ਸਾਲਾਨਾ ਆਮਦਨ 2500 ਪੌਂਡ ਹੋਣ ਦੇ ਬਾਵਜੂਦ ਉਹ 1902 'ਚ ਦਿਵਾਲੀਆ ਹੋ ਗਏ ਅਤੇ ਉਨ੍ਹਾਂ ਸਿਰ 1 ਲੱਖ 17 ਹਜ਼ਾਰ 900 ਪੌਂਡ ਦਾ ਕਰਜ਼ਾ ਹੋ ਗਿਆ। ਪ੍ਰਿੰਸ ਵਿਕਟਰ ਅਤੇ ਉਨ੍ਹਾਂ ਦੀ ਪਤਨੀ ਪਹਿਲੇ ਵਿਸ਼ਵ ਯੁੱਧ ਦੌਰਾਨ ਮਨੱਕੋ ਚਲੇ ਗਏ, ਜਿੱਥੇ 1918 'ਚ 51 ਸਾਲ ਦੀ ਉਮਰ 'ਚ ਉਨ੍ਹਾਂ ਦੀ ਮੌਤ ਹੋ ਗਈ ਅਤੇ ਉਨ੍ਹਾਂ ਦੀ ਪਤਨੀ ਐਨੀ 82 ਸਾਲ ਦੀ ਉਮਰ ਤੱਕ ਇਸੇ ਘਰ 'ਚ ਜੁਲਾਈ 1956 ਤੱਕ ਰਹੀ। 1871 ਦੀ ਜਨਗਣਨਾ ਅਨੁਸਾਰ ਇਹ ਘਰ ਈਸਟ ਇੰਡੀਆ ਕੰਪਨੀ ਦੇ ਨਾਂ ਰਜਿਸਟਰ ਸੀ।

# ਵੰਡ ਤੋਂ ਪਹਿਲਾਂ ਬਣੀ ਬਾਬੇ ਨਾਨਕ ਦੀ ਤਸਵੀਰ ਪ੍ਰਦਰਸ਼ਨੀ 'ਚ ਸ਼ਾਮਲ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੀ ਤਕਰੀਬਨ 80 ਵਰ੍ਹੇ ਪਹਿਲਾਂ ਬਣਾਈ ਗਈ ਤਸਵੀਰ, ਜੋ ਦੇਸ਼ ਵੰਡ ਵੇਲੇ ਗੁਆਚ ਗਈ ਸੀ, ਮੁੜ ਮਿਲਣ ਮਗਰੋਂ ਇਸ ਨੂੰ 'ਪਾਰਟੀਸ਼ਨ ਮਿਊਜ਼ੀਅਮ' ਦੀ ਪ੍ਰਦਰਸ਼ਨੀ ਵਿਚ ਪ੍ਰਦਰਸ਼ਿਤ ਕੀਤਾ ਗਿਆ ਹੈ।



ਇਹ ਤਸਵੀਰ ਸਰਦਾਰੀ ਲਾਲ ਪ੍ਰਾਸ਼ਰ ਵੱਲੋਂ 1939-40 ਵਿਚ ਬਣਾਈ ਗਈ ਸੀ। ਤੇਲ ਵਾਲੇ ਰੰਗਾਂ ਨਾਲ ਬਣਾਈ ਇਹ ਤਸਵੀਰ ਸ੍ਰੀ ਪ੍ਰਾਸ਼ਰ ਦੀ ਬੇਟੀ ਡਾ. ਪ੍ਰਜਨਾ ਪ੍ਰਾਸ਼ਰ ਵੱਲੋਂ ਇਥੇ 'ਪਾਰਟੀਸ਼ਨ ਮਿਊਜ਼ੀਅਮ' ਵਿਚ ਪ੍ਰਦਰਸ਼ਨੀ ਲਈ ਭੇਜੀ ਗਈ ਹੈ। ਉਨ੍ਹਾਂ ਨੇ ਇਹ ਤਸਵੀਰ 1939-40 ਵਿਚ ਬਣਾਈ ਸੀ ਪਰ ਦੇਸ਼ ਵੰਡ ਵੇਲੇ ਇਹ ਉਧਰ ਪਾਕਿਸਤਾਨ ਵਿਚ ਹੀ ਰਹਿ ਗਈ ਸੀ।

ਪ੍ਰਾਸ਼ਰ ਪਰਿਵਾਰ ਵੰਡ ਤੋਂ ਬਾਅਦ ਭਾਰਤ ਆ ਗਿਆ ਅਤੇ ਰਫਿਊਜੀ ਕੈਂਪ ਵਿਚ ਠਹਿਰਿਆ। ਭਾਰਤ ਵਿਚ ਉਹ ਸ਼ਿਮਲਾ, ਮਦਰਾਸ ਅਤੇ ਮੁੰਬਈ ਵਿਚ ਵੱਖ-ਵੱਖ ਥਾਵਾਂ ਉਤੇ ਠਹਿਰੇ ਅਤੇ ਬਾਅਦ ਵਿਚ ਉਨ੍ਹਾਂ ਨੇ ਦਿੱਲੀ ਵਿਚ ਪੱਕਾ ਘਰ ਬਣਾ ਲਿਆ। ਪਾਕਿਸਤਾਨੀ ਮਿੱਤਰ ਅਬਦੁਰ ਰਹਿਮਾਨ ਚੁਗਤਾਈ ਰਾਹੀਂ ਇਸ ਤਸਵੀਰ ਬਾਰੇ ਪਤਾ ਲੱਗਣ ਉਤੇ ਉਨ੍ਹਾਂ ਨੇ ਇਹ ਭਾਰਤ ਮੰਗਵਾ ਲਈ। ਪਾਰਟੀਸ਼ਨ ਮਿਊਜ਼ੀਅਮ ਦੀ ਮੈਨੇਜਰ ਰਾਜਵਿੰਦਰ ਕੌਰ ਨੇ ਦੱਸਿਆ ਕਿ ਕਰੋਨਾ ਕਾਰਨ ਮਿਊਜ਼ੀਅਮ ਬੰਦ ਹੈ ਪਰ ਆਨਲਾਈਨ ਪ੍ਰਦਰਸ਼ਨੀ ਲਾਈ ਗਈ ਹੈ, ਜਿਸ ਵਾਸਤੇ ਇਹ ਪੁਰਾਤਨ ਤਸਵੀਰ ਪ੍ਰਾਸ਼ਰ ਪਰਿਵਾਰ ਵੱਲੋਂ ਭੇਜੀ ਗਈ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਵੰਡ ਨਾਲ ਜੁੜੀ ਇਹ ਤਸਵੀਰ ਬਹੁਤ ਅਹਿਮ ਹੈ।

# ਕਰੋਨਾ: ਦਰਬਾਰ ਸਾਹਿਬ ਵਿਖੇ ਮੂੰਹ ਢੱਕਣਾ ਲਾਜ਼ਮੀ ਕਰਾਰ

**ਅੰਮ੍ਰਿਤਸਰ:** ਕਰੋਨਾ ਦੇ ਵਧ ਰਹੇ ਪ੍ਰਭਾਵ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਗੁਰੂ ਘਰ ਮੱਥਾ ਟੇਕਣ ਆਉਣ ਵਾਲੀ ਸੰਗਤ ਵਾਸਤੇ ਮਾਸਕ ਪਹਿਨਣਾ ਜਾਂ ਮੂੰਹ ਢੱਕ ਕੇ ਰੱਖਣਾ ਲਾਜ਼ਮੀ ਕਰ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਤੇ ਦਰਸ਼ਨੀ ਡਿਉਢੀ ਦੇ ਬਾਹਰ ਸ਼੍ਰੋਮਣੀ ਕਮੇਟੀ ਨੇ ਆਪਣੇ ਕਰਮਚਾਰੀ ਤਾਇਨਾਤ ਕਰ ਦਿੱਤੇ ਹਨ, ਜੋ ਮੱਥਾ ਟੇਕਣ ਆਉਣ ਵਾਲੀ ਸੰਗਤ ਨੂੰ ਮੂੰਹ ਢੱਕ ਕੇ ਰੱਖਣ ਲਈ ਆਖ ਰਹੇ ਸਨ।

ਮੈਨੇਜਰ ਮੁਖਤਾਰ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਕਰੋਨਾ ਤੋਂ ਬਚਾਅ ਵਾਸਤੇ ਪਹਿਲਾਂ ਵੀ ਸਿਹਤ ਵਿਭਾਗ ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਸਿਹਤ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਹੀ ਇਥੇ ਸ਼ਰਧਾਲੂਆਂ ਨੂੰ ਹੱਥ ਸੈਨੇਟਾਈਜ਼ ਕਰਨ ਅਤੇ ਹਰੇਕ ਸ਼ਰਧਾਲੂ ਦੇ ਪਰਿਕਰਮਾ ਵਿਚ ਦਾਖਲ ਹੋਣ ਤੋਂ ਪਹਿਲਾਂ ਸਰੀਰਕ ਤਾਪਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹੋਰ ਲੋੜੀਂਦੀਆਂ ਸਾਵਧਾਨੀਆਂ ਵੀ ਵਰਤੀਆਂ ਜਾ ਰਹੀਆਂ ਹਨ।

ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ



ਸਜਾਏ ਗਏ ਨਗਰ ਕੀਰਤਨ ਸਮੇਂ ਆਪਸੀ ਦੂਰੀ ਅਤੇ ਮਾਸਕ ਪਹਿਨਣ ਦੇ ਨਿਯਮਾਂ ਦੀ ਉਲੰਘਣਾ ਹੋਈ ਸੀ। ਅਜਿਹੀ ਸਥਿਤੀ ਵਿਚ ਸ਼੍ਰੋਮਣੀ ਕਮੇਟੀ ਦੀ ਇਹ ਕਾਰਵਾਈ ਦੇਰ ਆਏ ਦਰੁਸਤ ਆਏ ਵਾਲੀ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਇਸ ਵੇਲੇ ਕਰੋਨਾ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਜਿਸ ਕਾਰਨ ਸਰਕਾਰ ਵੱਲੋਂ ਵੀ ਸਖਤੀ ਕੀਤੀ ਗਈ ਹੈ। ਹਫਤਾਵਾਰੀ ਤਾਲਾਬੰਦੀ ਦੌਰਾਨ ਦਰਬਾਰ ਸਾਹਿਬ ਵਿਖੇ ਸੰਗਤ ਦੀ ਆਮਦ ਵੀ ਘੱਟ ਰਹੀ।

# ਬੇਅਦਬੀ ਮਾਮਲਾ: ਕੇਸ ਦੀ ਸੁਣਵਾਈ ਹੁਣ 9 ਸਤੰਬਰ ਨੂੰ ਹੋਵੇਗੀ

**ਚੰਡੀਗੜ੍ਹ:** ਬੇਅਦਬੀ ਮਾਮਲੇ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਜਾਰੀ ਜਾਂਚ 'ਤੇ ਅੰਤਰਿਮ ਰੋਕ ਲਗਾਉਣ ਦੇ ਮਾਮਲੇ 'ਚ ਸੀ.ਬੀ.ਆਈ. ਦੇ ਸਪੈਸ਼ਲ ਜੱਜ ਜੀ.ਐਸ. ਸੇਖੋਂ ਦੀ ਅਦਾਲਤ 'ਚ ਬਹਿਸ ਦੌਰਾਨ ਸੀ.ਬੀ.ਆਈ. ਨੇ ਮੁੜ ਉਹੀ ਗੱਲ ਦੁਹਰਾਈ ਕਿ ਉਸ ਨੂੰ ਤਿੰਨਾਂ ਮਾਮਲਿਆਂ ਦੀ ਜਾਂਚ ਸੌਂਪੀ ਗਈ ਸੀ।

ਇਸ ਮਾਮਲੇ 'ਚ ਸੀ.ਬੀ.ਆਈ. ਵੱਲੋਂ ਕਲੋਜ਼ਰ ਰਿਪੋਰਟ ਦਾਖਲ ਕਰਨ ਤੋਂ ਬਾਅਦ ਪੰਜਾਬ ਪੁਲਿਸ ਦੇ ਇਕ ਅਧਿਕਾਰੀ ਵੱਲੋਂ ਇਕ ਪੱਤਰ ਭੇਜ ਕੇ ਕੁਝ ਨਵੇਂ ਤੱਥਾਂ ਬਾਰੇ ਦੱਸਿਆ ਗਿਆ ਸੀ, ਜਿਸ ਉਤੇ ਸੀ.ਬੀ.ਆਈ. ਇਸ ਮਾਮਲੇ ਦੀ ਮੁੜ ਤੋਂ ਜਾਂਚ ਕਰ ਰਹੀ ਹੈ। ਇਨ੍ਹਾਂ ਮਾਮਲਿਆਂ 'ਚ ਸੀ.ਬੀ.ਆਈ. ਵੱਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਹੋਰ ਕੋਈ ਵੀ ਏਜੰਸੀ ਜਾਂਚ ਨਹੀਂ ਕਰ ਸਕਦੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਸੁਪਰੀਮ ਕੋਰਟ 'ਚ ਰੀਵਿਊ ਪਟੀਸ਼ਨ ਦਾਖਲ ਕੀਤੀ ਗਈ ਹੈ, ਜੋ ਕਿ ਹਾਲੇ ਵਿਚਾਰ ਅਧੀਨ ਹੈ।

ਉਧਰ, ਪੰਜਾਬ ਸਰਕਾਰ ਵਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ ਸੀਨੀਅਰ ਐਡਵੋਕੇਟ ਹਰੀਨ ਰਾਵਲ ਵੱਲੋਂ ਜਦੋਂ ਸੀ.ਬੀ.ਆਈ. ਦੀਆਂ ਦਲੀਲਾਂ ਦਾ ਜਵਾਬ ਦਿੱਤਾ ਜਾ ਰਿਹਾ ਸੀ ਤਾਂ ਐਸ.ਜੀ.ਪੀ.ਸੀ. ਦੇ ਮੈਨੇਜਰ ਦੇ ਵਕੀਲ ਸਤਨਾਮ ਸਿੰਘ ਕਲੇਰ ਨੇ ਆਵਾਜ਼ ਸਾਫ ਸੁਣਾਈ ਨਾ ਦੇਣ ਬਾਰੇ ਇਤਰਾਜ਼ ਕੀਤਾ, ਜਿਸ ਦੇ ਚੱਲਦਿਆਂ ਅਦਾਲਤ ਨੇ ਕੰਪਿਊਟਰ 'ਚ ਤਕਨੀਕੀ ਨੁਕਸ ਪੈਣ ਦਾ ਕਾਰਨ ਦੱਸਦਿਆਂ ਇਸ ਮਾਮਲੇ ਦੀ ਅਗਲੀ ਸੁਣਵਾਈ 9 ਸਤੰਬਰ ਉਤੇ ਪਾ ਦਿੱਤੀ। ਉਧਰ, ਅਦਾਲਤ 'ਚ ਸਿੱਟ ਦੇ ਮੈਂਬਰ ਇੰਸਪੈਕਟਰ ਦਲਬੀਰ ਸਿੰਘ ਵੱਲੋਂ ਇਕ ਹੋਰ ਗਵਾਹ ਦੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਣ ਬਾਰੇ ਦਿੱਤੀ ਅਪੀਲ 'ਤੇ ਜੱਜ ਨੇ ਕਿਹਾ ਕਿ ਜੇਕਰ ਕਿਸੇ ਨੇ ਵੀਡੀਓ ਕਾਨਫਰੰਸਿੰਗ ਜ਼ਰੀਏ ਆਪਣਾ ਪੱਖ ਪੇਸ਼ ਕਰਨਾ ਹੈ ਤਾਂ ਇਸ ਬਾਰੇ ਅਦਾਲਤ 'ਚ ਸੁਣਵਾਈ ਤੋਂ 2 ਦਿਨ ਪਹਿਲਾਂ ਲਿਖਤੀ ਅਰਜ਼ੀ ਦਾਇਰ ਕੀਤੀ ਜਾਵੇ।

## -ਕੈਨੇਡਾ 'ਚ ਸਰੂਪ ਛਪਾਈ ਮਾਮਲਾ-

# ਅਕਾਲ ਤਖਤ ਦੇ ਆਦੇਸ਼ਾਂ 'ਤੇ ਪ੍ਰਿੰਟਿੰਗ ਪ੍ਰੈਸ ਬੰਦ

**ਅੰਮ੍ਰਿਤਸਰ:** ਅਕਾਲ ਤਖਤ ਵਲੋਂ ਕੀਤੇ ਆਦੇਸ਼ਾਂ ਤੋਂ ਬਾਅਦ ਕੈਨੇਡਾ ਵਿਚ ਆਪਣੇ ਪੱਧਰ 'ਤੇ ਪਾਵਨ ਸਰੂਪ ਛਾਪਣ ਦੇ ਮਾਮਲੇ ਵਿਚ 24 ਘੰਟਿਆਂ ਦੌਰਾਨ ਕਾਰਵਾਈ ਸ਼ੁਰੂ ਹੋ ਗਈ ਹੈ। ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਨੇ ਅਕਾਲ ਤਖਤ ਦੇ ਆਦੇਸ਼ਾਂ ਮੁਤਾਬਕ ਛਾਪਾਖਾਨਾ (ਪ੍ਰਿੰਟਿੰਗ ਪ੍ਰੈਸ) ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ।

ਅਕਾਲ ਤਖਤ ਉਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਕੈਨੇਡਾ ਵਾਸੀ ਰਿਪੁਦਮਨ ਸਿੰਘ ਮਲਿਕ ਅਤੇ ਬਲਵੰਤ ਸਿੰਘ ਪੰਧੇਰ ਨੂੰ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਇਨ੍ਹਾਂ ਦੋਵਾਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਮਹੀਨੇ ਵਿਚ ਆਪਣਾ ਸਪੱਸ਼ਟੀਕਰਨ ਅਕਾਲ ਤਖਤ ਉਤੇ ਭੇਜਣ। ਇਸ ਤੋਂ ਇਲਾਵਾ ਹੁਣ ਤੱਕ ਤਿਆਰ ਕੀਤੇ ਗਏ ਸਰੂਪ ਅਤੇ ਪ੍ਰੈਸ ਮਸ਼ੀਨਰੀ ਨੂੰ ਸਰੀ ਦੇ ਗੁਰਦੁਆਰੇ ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ ਡੈਲਟਾ ਵਿਖੇ ਭੇਜਿਆ ਜਾਵੇ। ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਵੀ ਆਦੇਸ਼ ਕੀਤਾ ਗਿਆ ਹੈ ਕਿ ਉਹ ਛਾਪੇ ਗਏ ਸਰੂਪਾਂ ਵਿਚ ਅੱਖਰਾਂ, ਤੱਤਕਰੇ ਤੋਂ ਰਾਗ ਮਾਲਾ ਤੱਕ ਵਾਧ ਘਾਟ ਦਾ ਮਿਲਾਨ ਕਰਨ ਅਤੇ ਇਸ ਸਬੰਧੀ ਰਿਪੋਰਟ ਛੇ ਮਹੀਨਿਆਂ ਵਿਚ ਅਕਾਲ ਤਖਤ ਉਤੇ ਭੇਜਣ। ਇਨ੍ਹਾਂ ਆਦੇਸ਼ਾਂ ਤੋਂ ਬਾਅਦ ਰਿਪੁਦਮਨ ਸਿੰਘ ਮਲਿਕ ਅਤੇ ਬਲਵੰਤ ਸਿੰਘ ਪੰਧੇਰ ਵਲੋਂ ਚਲਾਈ ਜਾ ਰਹੀ ਨਿੱਜੀ ਸੰਸਥਾ ਸਤਨਾਮ ਰਿਲੀਜ਼ਸ ਸੁਸਾਇਟੀ ਵਲੋਂ ਪ੍ਰਕਾਸ਼ਿਤ ਕੀਤੇ ਸਰੂਪ ਅਤੇ ਪ੍ਰਿੰਟਿੰਗ ਮਸ਼ੀਨ ਨੂੰ ਸਰੀ ਦੇ ਗੁਰਦੁਆਰੇ ਵਿਚ ਪਹੁੰਚਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਹੈ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਸਿੱਖ ਜਥੇਬੰਦੀਆਂ ਵਿਚ ਰੋਸ

**ਏਲਨਾਬਾਦ:** ਨੇੜਲੇ ਪਿੰਡ ਜੀਵਨ ਨਗਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਗ੍ਰਿਫਤਾਰ ਚਾਰ ਜਣਿਆਂ ਵਿਚੋਂ ਔਰਤ ਨੂੰ ਜ਼ਮਾਨਤ ਦੇਣ ਖਿਲਾਫ ਵੱਖ-ਵੱਖ ਸਿੱਖ ਜਥੇਬੰਦੀਆਂ ਵਿਚ ਰੋਸ ਪਾਇਆ ਜਾ ਰਿਹਾ ਹੈ।

ਨੇੜਲੇ ਪਿੰਡ ਜੀਵਨ ਨਗਰ ਦੇ ਕੋਲ ਢਾਣੀ ਚੇਲੇ ਵਾਲੀ ਵਿਚ ਬੀਤੇ ਦਿਨੀਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਪੁਲਿਸ ਨੇ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਵਿਚੋਂ ਔਰਤ ਨੂੰ ਏਲਨਾਬਾਦ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਸੀ। ਜ਼ਮਾਨਤ ਖਿਲਾਫ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਅਤੇ ਸਿੱਖ ਸੰਗਤ ਇਥੇ ਏਲਨਾਬਾਦ ਕਚਹਿਰੀ ਵਿਚ ਇਕੱਠੀ ਹੋ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ, ਤਖਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਮੀਤ ਸਿੰਘ ਤਿਲੋਕੇਵਾਲਾ ਅਤੇ ਮਾਨ ਸਿੰਘ ਦਲ ਖਾਲਸਾ ਆਦਿ ਨੇ ਕਿਹਾ ਕਿ ਪਰਿਵਾਰ ਵੱਲੋਂ ਆਪਸੀ ਰੰਜਿਸ਼ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨਾ ਅਪਰਾਧ ਹੈ ਅਤੇ ਸਿੱਖ ਸੰਗਤਾਂ ਮੁਲਜ਼ਮਾਂ ਨੂੰ ਸਖਤ ਸਜ਼ਾ ਦੇਣ ਦੀ ਮੰਗ ਕਰਨਗੀਆਂ।

# ਸਤਿਕਾਰ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦਾ ਹੱਥ ਲਿਖਤ ਸਰੂਪ ਪਰਿਵਾਰ ਨੂੰ ਮੋੜਿਆ

**ਜਲੰਧਰ:** ਸਤਿਕਾਰ ਕਮੇਟੀ ਨੇ ਪਿਛਲੇ ਸਮੇਂ ਤੋਂ ਚੱਲਦੇ ਆ ਰਹੇ ਵਿਵਾਦ ਦਾ ਨਿਬੇੜਾ ਕਰਦਿਆਂ ਜਲੰਧਰ ਦੇ ਇਕ ਸਿੱਖ ਪਰਿਵਾਰ ਦੇ ਘਰੋਂ 2016 ਵਿਚ ਚੁੱਕਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਰਿਵਾਰ ਨੂੰ ਵਾਪਸ ਕਰ ਦਿੱਤਾ। ਸਰੂਪ ਵਾਪਸ ਆਉਣ ਉਤੇ ਪਰਿਵਾਰ ਕਾਫੀ ਖੁਸ਼ ਸੀ।

ਪਰਿਵਾਰ ਵੱਲੋਂ ਹਰਸਿਮਰਨਬੀਰ ਸਿੰਘ ਸਤਿਕਾਰ ਕਮੇਟੀ ਦੇ ਸੱਦੇ 'ਤੇ ਪਿੰਡ ਸਿਆਲਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੁੱਜੇ, ਜਿਥੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਤੇ ਹੋਰਾਂ ਦੀ ਹਾਜ਼ਰੀ ਵਿਚ ਇਹ ਸਰੂਪ ਪਰਿਵਾਰ ਨੂੰ ਸੌਂਪਿਆ ਗਿਆ ਜੋ ਪੂਰੀ ਸ਼ਰਧਾ ਨਾਲ ਪਾਵਨ ਸਰੂਪ ਲੈ ਕੇ ਜਲੰਧਰ ਸਥਿਤ ਆਪਣੇ ਗ੍ਰਹਿ ਵਿਖੇ ਪਹੁੰਚੇ। ਦੇਸ਼ ਦੀ ਵੰਡ ਸਮੇਂ ਇਸ ਪਰਿਵਾਰ ਨੇ ਆਪਣੇ ਘਰ ਦਾ ਸਾਮਾਨ ਲਿਆਉਣ ਦੀ ਥਾਂ ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਲਿਆਂਦਾ ਸੀ। ਉਹ ਪਿਛਲੇ 70 ਸਾਲਾਂ ਤੋਂ ਇਸ ਦੀ ਸੇਵਾ ਸੰਭਾਲ ਕਰਦੇ ਆ ਰਹੇ ਸਨ। ਅਕਤੂਬਰ 2016 ਵਿਚ ਉਨ੍ਹਾਂ ਦੇ ਘਰੋਂ ਸਤਿਕਾਰ ਕਮੇਟੀ ਇਹ ਇਤਿਹਾਸਕ ਸਰੂਪ ਚੁੱਕ ਕੇ ਲੈ ਗਈ ਸੀ।



ਜ਼ਿਕਰਯੋਗ ਹੈ ਕਿ ਸਤਿਕਾਰ ਕਮੇਟੀ ਦੇ ਆਗੂ ਬਲਬੀਰ ਸਿੰਘ ਮੁੱਛਲ ਦੀ ਅਗਵਾਈ ਵਿਚ ਸਤਿਕਾਰ ਕਮੇਟੀ ਨੇ ਪਹਿਲੀ ਅਕਤੂਬਰ 2016 ਨੂੰ ਰਣਬੀਰ ਸਿੰਘ ਦੇ ਜਲੰਧਰ ਸਥਿਤ ਗ੍ਰਹਿ ਤੋਂ ਇਹ ਸਰੂਪ 'ਧਾਰਮਿਕ ਅਵੱਗਿਆ' ਦਾ ਹਵਾਲਾ ਦੇ ਕੇ ਚੁੱਕਿਆ ਸੀ ਅਤੇ ਲਿਖ ਕੇ ਦਿੱਤਾ ਸੀ ਕਿ ਸਰੂਪ 16 ਅਗਸਤ 2016 ਤੱਕ ਵਾਪਸ ਕਰ ਦਿੱਤਾ ਜਾਵੇਗਾ। ਹੁਣ ਇਹ ਸਰੂਪ ਲਗਭਗ 4 ਸਾਲਾਂ ਬਾਅਦ ਸਤਿਕਾਰ ਕਮੇਟੀ ਦੇ ਕੰਮਾਂ ਬਾਰੇ ਵਿਵਾਦ ਖੜ੍ਹਾ ਹੋ ਜਾਣ ਅਤੇ ਪਰਿਵਾਰ ਵੱਲੋਂ ਮਾਮਲਾ ਮੀਡੀਆ ਵਿਚ ਲਿਜਾਏ ਜਾਣ ਤੋਂ ਬਾਅਦ ਵਾਪਸ ਕੀਤਾ ਗਿਆ ਹੈ।

# ਅਫਗਾਨ ਸਿੱਖਾਂ ਦਾ ਜਥਾ ਭਾਰਤ ਪੁੱਜਾ



**ਨਵੀਂ ਦਿੱਲੀ:** ਅਫਗਾਨਿਸਤਾਨ 'ਚ ਘੱਟ ਗਿਣਤੀਆਂ ਨਾਲ ਹੋ ਰਹੀਆਂ ਵਧੀਕੀਆਂ ਤੇ ਧੱਕੇਸ਼ਾਹੀਆਂ ਦੇ ਚੱਲਦਿਆਂ ਸਿੱਖ-ਹਿੰਦੂ ਭਾਈਚਾਰੇ ਨਾਲ ਸਬੰਧਤ ਲੋਕਾਂ ਦਾ ਭਾਰਤ ਵਿਚ ਆਉਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। 26 ਜੁਲਾਈ ਨੂੰ 11 ਲੋਕਾਂ ਦਾ ਪਹਿਲਾ ਜਥਾ ਦਿੱਲੀ ਪੁੱਜਾ ਸੀ ਤੇ 128 ਸਿੱਖਾਂ ਦਾ ਇਕ ਹੋਰ ਜਥਾ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਾ, ਜਿਸ ਤੋਂ ਬਾਅਦ ਇਨ੍ਹਾਂ ਸਾਰਿਆਂ ਨੂੰ ਇਤਿਹਾਸਕ ਗੁਰਦੁਆਰਾ ਮੋਤੀ ਬਾਗ ਵਿਖੇ ਇਕਾਂਤਵਾਸ 'ਚ ਭੇਜਿਆ ਗਿਆ। ਇਸ ਜਥੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵੀ ਨਾਲ ਲਿਆਂਦੇ ਗਏ ਹਨ। ਜਾਣਕਾਰੀ ਮੁਤਾਬਕ ਦੋਵੇਂ ਸਰੂਪਾਂ ਨੂੰ ਇਕ ਸੁਸਾਇਟੀ ਵੱਲੋਂ ਪੂਰੀ ਮਰਿਆਦਾ ਸਹਿਤ ਮਹਾਵੀਰ ਨਗਰ ਦੇ ਇਕ ਗੁਰਦੁਆਰੇ 'ਚ ਲਿਜਾਇਆ ਗਿਆ। ਇਹ ਵੀ ਦੱਸਿਆ ਗਿਆ ਹੈ ਕਿ ਇਹ ਦੋਵੇਂ ਸਰੂਪ ਉਸ ਗੁਰਦੁਆਰਾ ਸਾਹਿਬ ਤੋਂ ਲਿਆਂਦੇ ਗਏ ਹਨ, ਜਿਥੇ ਬੀਤੇ ਦਿਨੀਂ ਹੀ ਤਾਲਿਬਾਨ ਵੱਲੋਂ ਹਮਲਾ ਕੀਤਾ ਗਿਆ ਸੀ। ਜਥੇ ਵਿਚ ਸ਼ਾਮਲ ਸਾਰੇ ਲੋਕਾਂ ਨੇ ਭਾਰਤ ਪੁੱਜਣ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਨਾਲ ਹੀ ਅਫਗਾਨਿਸਤਾਨ 'ਚ ਉਨ੍ਹਾਂ ਨਾਲ ਵਾਪਰਨ ਵਾਲੀਆਂ ਵਧੀਕੀਆਂ ਨੂੰ ਵੀ ਯਾਦ ਕੀਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਵੀਡੀਓ ਸੁਨੇਹੇ ਰਾਹੀਂ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਇਨ੍ਹਾਂ ਦੇ ਰਹਿਣ ਸਮੇਤ ਹੋਰ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀ ਮਦਦ ਨਾਲ ਇਹ ਸਾਰੇ ਸਹੀ ਸਲਾਮਤ ਇਥੇ ਪੁੱਜੇ ਹਨ ਤੇ ਹੁਣ ਇਨ੍ਹਾਂ ਦੀ ਰਿਹਾਇਸ਼ ਤੇ ਰੁਜ਼ਗਾਰ ਦਾ ਹੱਲ ਵੀ ਕੱਢਿਆ ਜਾਏਗਾ।

## ਨਨਕਾਣਾ ਸਾਹਿਬ ਦਾ ਗ੍ਰੰਥੀ ਭਾਰਤ ਆਉਣ ਦਾ ਇੱਛੁਕ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਦੇ ਪਰਿਵਾਰ ਨੇ ਪਾਕਿਸਤਾਨ ਸਰਕਾਰ ਤੋਂ ਮੁਲਕ ਛੱਡ ਕੇ ਜਾਣ ਲਈ ਪਾਸਪੋਰਟ ਜਾਰੀ ਕਰਨ ਦੀ ਮੰਗ ਕੀਤੀ ਹੈ। ਸ੍ਰੀ ਸਿਰਸਾ ਨੇ ਦੱਸਿਆ ਕਿ ਹੈੱਡ ਗ੍ਰੰਥੀ ਦੀ ਧੀ ਜਗਜੀਤ ਕੌਰ ਨੂੰ ਅਗਵਾ ਕਰ ਕੇ ਇਸਲਾਮ ਧਾਰਨ ਕਰਵਾ ਕੇ ਜਬਰੀ ਉਸ ਦਾ ਨਿਕਾਹ ਕਰ ਦਿੱਤਾ ਗਿਆ। ਪੰਜਾਬ ਦੇ ਰਾਜਪਾਲ ਦੇ ਭਰੋਸੇ ਦੇ ਬਾਵਜੂਦ ਉਥੋਂ ਦੀ ਅਦਾਲਤ ਨੇ ਲੜਕੀ ਨੂੰ ਪਰਿਵਾਰ ਨਾਲ ਭੇਜਣ ਦੀ ਥਾਂ ਅਗਵਾਕਾਰ ਨਾਲ ਤੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪਰਿਵਾਰ ਹੁਣ ਬਹੁਤ ਦੁਖੀ ਹੈ। ਪਰਿਵਾਰ ਦੇ 10 ਮੈਂਬਰਾਂ ਨੇ ਸਰਕਾਰ ਨੂੰ ਲਿਖਤੀ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਪਾਸਪੋਰਟ ਦਿੱਤੇ ਜਾਣ ਤਾਂ ਜੋ ਉਹ ਪਾਕਿਸਤਾਨ ਛੱਡ ਕੇ ਕਿਸੇ ਦੂਜੇ ਮੁਲਕ ਵਿਚ ਸ਼ਰਨ ਲੈ ਸਕਣ।

# ਸਿੱਖ ਜਥੇਬੰਦੀਆਂ ਵਲੋਂ ਭਾਗਵਤ ਖਿਲਾਫ ਸਖਤ ਕਾਰਵਾਈ ਦੀ ਮੰਗ



**ਬਠਿੰਡਾ:** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਦੀ ਅਗਵਾਈ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਭਾਰਤੀ ਸੰਵਿਧਾਨ ਦਾ ਅਪਮਾਨ ਕਰਨ ਵਾਲੇ ਆਰ.ਐਸ.ਐਸ ਮੁਖੀ ਮੋਹਨ ਭਾਗਵਤ ਖਿਲਾਫ ਐਸ.ਐਸ.ਪੀ. ਬਠਿੰਡਾ ਨੂੰ ਮਿਲੇ ਤੇ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ।

ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਨਵੇਂ ਭਾਰਤੀ ਸੰਵਿਧਾਨ ਵਾਲਾ ਕਿਤਾਬਚਾ ਮੋਹਨ ਭਾਗਵਤ ਦੀ ਫੋਟੋ ਤੇ ਦਸਤਖਤ ਸਮੇਤ ਘੁੰਮ ਰਿਹਾ ਹੈ। ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਦਾ ਸਖਤ ਨੋਟਿਸ ਲੈਂਦਿਆਂ ਮੋਹਨ ਭਾਗਵਤ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ। ਸਿੱਖ ਆਗੂਆਂ ਨੇ ਕਿਹਾ ਇਸ ਕਿਤਾਬਚੇ ਵਿਚ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੋਂ ਲੈ ਕੇ ਕਿਸੇ ਲੋਕਰਾਜੀ ਸੰਸਥਾ ਦੇ ਮੈਂਬਰ ਚੁਣੇ ਜਾਣ ਦਾ ਹੱਕ ਕੇਵਲ ਬ੍ਰਾਹਮਣ ਸ਼੍ਰੇਣੀ ਕੋਲ ਰਾਖਵਾਂ ਹੋਣ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਉਨ੍ਹਾਂ ਦੋਸ਼ ਲਗਾਏ ਕਿ ਇਸ ਨਵੇਂ ਸੰਵਿਧਾਨ ਵਾਲੇ ਕਿਤਾਬਚੇ ਵਿਚ ਸ਼ੂਦਰ ਅਤੇ ਔਰਤਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰਨ ਦਾ ਜ਼ਿਕਰ ਵੀ ਕੀਤਾ ਗਿਆ ਹੈ ਅਤੇ ਹੋਰ ਨਾਗਰਿਕਤਾ ਸਬੰਧੀ ਦਰਜਾਬੰਦੀ ਕੀਤੀ ਗਈ ਹੈ। ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ. ਰਾਓ ਅੰਬੇਦਕਰ ਦਾ ਅਪਮਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਵੇਂ ਸੰਵਿਧਾਨ ਵਿਚ ਭਾਰਤ ਦੇ ਰਾਸ਼ਟਰਵਾਦੀ ਨਾਗਰਿਕਾਂ ਅਤੇ ਅੰਬੇਦਕਰਵਾਦੀ ਸੋਚ ਨਾਲ ਜੁੜੇ ਕਰੋੜਾਂ ਭਾਰਤੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।


# ਲੰਗਾਹ ਨਾਲ ਮਿਲਵਰਤਨ ਰੱਖਣ ਵਾਲਿਆਂ ਖਿਲਾਫ ਸਖਤੀ

**ਅੰਮ੍ਰਿਤਸਰ:** ਪੰਥ ਵਿਚੋਂ ਛੇਕੇ ਹੋਏ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨਾਲ ਮਿਲਵਰਤਨ ਰੱਖਣ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਦੋ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ 2 ਹਜ਼ਾਰ ਰੁਪਏ ਜੁਰਮਾਨਾ ਕਰ ਕੇ ਉਨ੍ਹਾਂ ਦੇ ਤਬਾਦਲੇ ਕੀਤੇ ਗਏ ਹਨ। ਇਸੇ ਤਰ੍ਹਾਂ ਤਿੰਨ ਪ੍ਰਚਾਰਕਾਂ ਦੇ ਵੀ ਇਸੇ ਦੋਸ਼ ਹੇਠ ਤਬਾਦਲੇ ਕੀਤੇ ਗਏ ਹਨ। ਇਸ ਮਾਮਲੇ ਵਿਚ ਗੁਰਦੁਆਰਾ ਬਾਰਠ ਸਾਹਿਬ ਪਠਾਨਕੋਟ ਦੇ ਮੈਨੇਜਰ ਜਗਦੀਸ਼ ਸਿੰਘ ਅਤੇ ਧਾਰੀਵਾਲ ਦੇ ਗੁਰਦੁਆਰਾ ਬੁਰਜ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਦਾ ਤਬਾਦਲਾ ਹਰਿਆਣਾ ਸਥਿਤ ਦੋ ਗੁਰਦੁਆਰਿਆਂ ਵਿਚ ਕੀਤਾ ਗਿਆ ਹੈ। ਦੋਵਾਂ ਨੂੰ 2-2 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਭਾਈ ਬਲਬੀਰ ਸਿੰਘ ਅਤੇ ਭਾਈ ਜਗਰੂਪ ਸਿੰਘ ਪ੍ਰਚਾਰਕਾਂ ਨੂੰ ਧਰਮ ਪ੍ਰਚਾਰ ਕਮੇਟੀ ਤੋਂ ਹਰਿਆਣਾ ਸਿੱਖ ਮਿਸ਼ਨ ਵਿਚ ਤਬਾਦਲਾ ਕਰ ਦਿੱਤਾ ਗਿਆ। ਇਕ ਹੋਰ ਪ੍ਰਚਾਰਕ ਭਾਈ ਗੁਰਨਾਮ ਸਿੰਘ ਦਾ ਤਬਾਦਲਾ ਗੁਰਦੁਆਰਾ ਗੜ੍ਹੀ ਗੁਰਦਾਸ ਨੰਗਲ ਤੋਂ ਹੈੱਡ ਆਫਿਸ ਕਰ ਦਿੱਤਾ ਗਿਆ ਹੈ।

ਇਹ ਕਾਰਵਾਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਸ ਸਬੰਧੀ ਰਿਪੋਰਟ ਮਿਲਣ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਕਾਰਵਾਈ ਲਈ ਕੀਤੀ ਗਈ ਹਦਾਇਤ ਤੋਂ ਬਾਅਦ ਕੀਤੀ ਗਈ ਹੈ। ਇਸ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਹਾਇਕ ਦਰਸ਼ਨ ਸਿੰਘ ਨੇ ਕਰਦਿਆਂ ਆਖਿਆ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਜੋ ਆਦੇਸ਼ ਕੀਤੇ ਗਏ ਸਨ, ਸ਼੍ਰੋਮਣੀ ਕਮੇਟੀ ਵੱਲੋਂ ਉਸ ਮੁਤਾਬਕ ਹੀ ਕਾਰਵਾਈ ਕੀਤੀ ਗਈ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਤਿੰਨ ਕਰਮਚਾਰੀਆਂ ਖਿਲਾਫ ਕਾਰਵਾਈ ਕਰ ਚੁੱਕੀ ਹੈ।

# ਸਰਕਾਰੀ ਅਣਦੇਖੀ: ਪੰਜਾਬੀ ਰਾਜ ਭਾਸ਼ਾ ਐਕਟ ਵੀ ਨਾ ਦਿਵਾ ਸਕਿਆ ਮਾਂ ਬੋਲੀ ਨੂੰ ਬਣਦਾ ਹੱਕ

**ਪਟਿਆਲਾ:** ਪੰਜਾਬੀ ਮਾਂ ਬੋਲੀ ਨੂੰ ਸੂਬੇ 'ਚ ਬਣਦਾ ਸਤਿਕਾਰ ਦਿਵਾਉਣ ਲਈ ਸਰਕਾਰਾਂ ਵੱਲੋਂ ਐਕਟ ਤਾਂ ਬਣਾ ਦਿੱਤਾ ਗਿਆ ਪਰ ਜੋ ਅੱਜ ਤੱਕ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ। ਸਾਲ 2008 'ਚ ਬਣੇ ਪੰਜਾਬ ਰਾਜ ਭਾਸ਼ਾ ਤਰਮੀਮ ਐਕਟ ਦੀਆਂ ਧਾਰਾਵਾਂ ਅਨੁਸਾਰ ਪੰਜਾਬੀ ਭਾਸ਼ਾ ਨੂੰ ਅਮਲੀ ਰੂਪ 'ਚ ਲਾਗੂ ਕਰਵਾਉਣ ਲਈ ਬਣਾਈਆਂ ਜਾਂਦੀਆਂ ਜ਼ਿਲ੍ਹਾ ਅਤੇ ਰਾਜ ਪੱਧਰੀ ਪੰਜਾਬੀ ਭਾਸ਼ਾ ਅਧਿਕਾਰਤ ਕਮੇਟੀਆਂ ਬਣਾਉਣ ਦੀ ਤਜਵੀਜ਼ ਵੀ ਸਰਕਾਰ ਦੀ ਬੇਰੁਖੀ ਕਾਰਨ ਅੱਧ ਵਿਚਾਲੇ ਹੀ ਰੁਲ ਕੇ ਰਹਿ ਗਈ ਹੈ। ਇਹੀ ਕਾਰਨ ਹੈ ਕਿ ਅੱਜ ਸੂਬੇ ਦੀ ਅਫਸਰਸ਼ਾਹੀ ਪੰਜਾਬੀ ਭਾਸ਼ਾ ਦੀ ਅਣਦੇਖੀ ਲਈ ਸਭ ਤੋਂ ਅੱਗੇ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮਾਤ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਬਣਾਏ ਨਿਯਮਾਂ ਨੂੰ ਸਰਕਾਰ ਨੇ ਖੁਦ ਹੀ ਵਿਸਾਰਿਆ ਹੋਇਆ ਹੈ। ਇਥੋਂ ਤੱਕ ਕਿ ਤਰਮੀਮ ਐਕਟ 2008 ਦੀ ਧਾਰਾ 8 ਡੀ 'ਚ ਪੰਜਾਬੀ ਭਾਸ਼ਾ ਨਾਲ ਕੁਤਾਹੀ ਕਰਨ ਵਾਲੇ ਅਧਿਕਾਰੀ ਖਿਲਾਫ ਚਿਤਾਵਨੀ ਤੋਂ ਬਾਅਦ ਕਾਨੂੰਨੀ ਕਾਰਵਾਈ ਦੀ ਵੀ ਤਜਵੀਜ਼ ਹੈ ਪਰ ਪਿਛਲੇ ਲੰਮੇ




ਸਮੇਂ ਤੋਂ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਮਿਸਾਲੀ ਸਜ਼ਾ ਨਹੀਂ ਮਿਲੀ।

1967 'ਚ ਉਸ ਸਮੇਂ ਦੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਵੱਲੋਂ ਪੰਜਾਬੀ ਭਾਸ਼ਾ ਐਕਟ 1967 ਪਾਸ ਕਰਵਾਇਆ ਸੀ ਜਿਸ ਨੂੰ ਅਪਰੈਲ 1968 'ਚ ਅਮਲੀ ਤੌਰ ਉਤੇ ਲਾਗੂ ਕੀਤਾ ਗਿਆ। ਭਾਵੇਂ ਕਿ ਭਾਸ਼ਾ ਐਕਟ 1967 ਲਾਗੂ ਤਾਂ ਹੋਇਆ ਪਰ ਇਸ ਐਕਟ 'ਚ ਪੰਜਾਬੀ ਮਾਂ ਬੋਲੀ ਨੂੰ ਅਣਗੌਲਣ ਕਰਨ ਵਾਲਿਆਂ ਖਿਲਾਫ ਕਰਵਾਈ ਕਰਨ ਦੀ ਤਜਵੀਜ਼ ਨਹੀਂ ਸੀ ਜਿਸ ਕਾਰਨ ਮਾਤ ਭਾਸ਼ਾ ਨਾਲ ਵਿਤਕਰਾ ਜਾਰੀ ਰਿਹਾ। ਇਸੇ ਕਾਰਨ ਸੰਨ 2008 'ਚ ਇਕ ਵਾਰ ਮੁੜ ਭਾਸ਼ਾ ਐਕਟ ਵਿਚ ਸੋਧ ਕਰਕੇ ਕੁਝ ਨਵੀਆਂ ਧਰਾਵਾਂ ਜੋੜੀਆਂ ਗਈਆਂ। ਇਸ ਸੋਧੇ ਐਕਟ ਦੀ ਧਾਰਾ 8-ਏ ਦੇ ਅਨੁਸਾਰ ਭਾਸ਼ਾ ਵਿਭਾਗ ਪੰਜਾਬ ਦੇ ਨਿਰਦੇਸ਼ਕ ਨੂੰ ਅਖਤਿਆਰ ਦਿੱਤੇ ਗਏ ਕਿ ਉਨ੍ਹਾਂ ਵੱਲੋਂ ਨਿਯੁਕਤ ਅਧਿਕਾਰੀ ਵੱਖ-ਵੱਖ ਦਫਤਰਾਂ ਦਾ ਮੁਆਇਨਾ ਕਰ ਸਕਦਾ ਹੈ ਜਦੋਂਕਿ ਧਾਰਾ 8 ਬੀ ਅਨੁਸਾਰ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਲਈ ਰਾਜ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਬਣਾਉਣ ਲਈ ਆਖਿਆ ਗਿਆ। ਪਹਿਲਾਂ ਪਹਿਲਾਂ ਕਮੇਟੀਆਂ ਬਣੀਆਂ ਵੀ ਪਰ ਫਿਰ ਅਤੇ ਵਿਭਾਗ ਨੇ ਇਨ੍ਹਾਂ ਕਮੇਟੀਆਂ ਨੂੰ ਅੱਖੋਂ ਪਰੋਖੇ ਕਰ ਦਿੱਤਾ। ਕਮੇਟੀਆਂ ਵੱਲੋਂ ਸਮੇਂ-ਸਮੇਂ ਉਤੇ ਬੈਠਕਾਂ ਕਰਕੇ ਪੰਜਾਬੀ ਭਾਸ਼ਾ ਸਬੰਧੀ ਹੋਏ ਸੁਧਾਰਾਂ ਅਤੇ ਖਾਮੀਆਂ ਦੀ ਸਮੀਖਿਆ ਕਰਕੇ ਅਗਲੇਰੀ ਕਾਰਵਾਈ ਕਰਨੀ ਹੁੰਦੀ ਹੈ। ਰਾਜ ਪੱਧਰੀ ਕਮੇਟੀ 'ਚ ਸੂਬੇ ਦਾ ਉਚੇਰੀ ਸਿੱਖਿਆ ਮੰਤਰੀ ਕਮੇਟੀ ਦਾ ਚੇਅਰਮੈਨ ਜਦੋਂ ਕਿ ਭਾਸ਼ਾ ਵਿਭਾਗ ਦਾ ਡਾਇਰੈਕਟਰ ਕਨਵੀਨਰ ਦੇ ਤੌਰ ਉਤੇ ਕੰਮ ਕਰਦਾ ਹੈ।

# ਜੰਗੀ ਸ਼ਹੀਦਾਂ ਦੇ ਵਾਰਸਾਂ ਨੂੰ ਵਧੀ ਹੋਈ ਐਕਸ ਗ੍ਰੇਸ਼ੀਆ ਲਈ ਬਜਟ ਅਲਾਟ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜੰਗੀ ਸ਼ਹੀਦਾਂ ਦੇ ਵਾਰਸਾਂ ਤੇ ਦਿਵਿਆਂਗ ਸੈਨਿਕਾਂ ਨੂੰ ਵਧੀ ਹੋਈ ਐਕਸ ਗ੍ਰੇਸ਼ੀਆ ਰਕਮ ਦੀ ਅਦਾਇਗੀ ਲਈ ਬਜਟ ਅਲਾਟ ਕਰ ਦਿੱਤਾ ਹੈ।

ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਹੁਣ ਜਦੋਂ ਬਜਟ ਅਲਾਟ ਹੋ ਚੁੱਕਿਆ ਹੈ ਤਾਂ ਵਿਭਾਗ ਵਲੋਂ ਇੰਟੈਗਰੇਟਿਡ ਹੈੱਡਕੁਆਰਟਰ, ਰੱਖਿਆ ਮੰਤਰਾਲਾ (ਆਰਮੀ) ਨੂੰ ਲਿਖਿਆ ਗਿਆ ਹੈ ਕਿ ਗਲਵਾਨ ਘਾਟੀ ਅਤੇ ਹੋਰ ਦਹਿਸ਼ਤਗਰਦੀ ਵਿਰੋਧੀ ਆਪਰੇਸ਼ਨਾਂ ਦੇ ਸ਼ਹੀਦਾਂ ਜਿਨ੍ਹਾਂ ਵਿਚ ਸਿਪਾਹੀ ਗੁਰਬਿੰਦਰ ਸਿੰਘ (3 ਪੰਜਾਬ) ਨੰ: 254989ਐਫ, ਸਿਪਾਹੀ ਗੁਰਤੇਜ ਸਿੰਘ (3 ਪੰਜਾਬ) ਨੰ: 2516683ਐਕਸ, ਲਾਂਸ ਨਾਇਕ ਸਲੀਮ ਖਾਨ (58 ਇੰਜੀਨੀਅਰ ਰੈਜੀਮੈਂਟ) ਨੰ: 18014108ਐਕਸ, ਨਾਇਕ ਰਾਜਵਿੰਦਰ ਸਿੰਘ(24 ਪੰਜਾਬ/53 ਆਰ.ਆਰ.) ਨੰ:2503271ਐਕਸ ਅਤੇ ਸਿਪਾਹੀ ਲਖਵੀਰ ਸਿੰਘ (4 ਸਿੱਖ ਲਾਈਟ ਇਨਫੈਂਟਰੀ) ਨੰ:4493039ਐਚ ਵੀ ਸ਼ਾਮਲ ਹਨ, ਦੇ ਬੈਟਲ ਕੈਜੂਅਲਟੀ ਸਰਟੀਫਿਕੇਟ ਤਰਜੀਹੀ ਆਧਾਰ ਉਤੇ ਮੁਹੱਈਆ ਕਰਵਾਏ ਜਾਣ ਤਾਂ ਜੋ ਇਨ੍ਹਾਂ ਦੇ ਵਾਰਸਾਂ ਨੂੰ ਐਕਸ ਗ੍ਰੇਸ਼ੀਆ ਰਕਮ ਪ੍ਰਦਾਨ ਕੀਤੀ ਜਾ ਸਕੇ।

# ਇੰਦੌਰ ਦੇਸ਼ ਦਾ ਸਭ ਤੋਂ ਸਵੱਛ ਸ਼ਹਿਰ, ਉਤਰੀ ਜ਼ੋਨ ਵਿਚ ਪੰਜਾਬ ਦਾ ਦਬਦਬਾ

**ਨਵੀਂ ਦਿੱਲੀ:** ਹਾਊਸਿੰਗ ਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰਾਲੇ ਦੇ ਕੂੜਾ ਮੁਕਤ ਸ਼ਹਿਰਾਂ ਲਈ ਰੇਟਿੰਗ ਪ੍ਰੋਟੋਕੋਲ ਅਨੁਸਾਰ ਇੰਦੌਰ, ਸੂਰਤ, ਨਵੀਂ ਮੁੰਬਈ, ਅੰਬਿਕਾਪੁਰਾ, ਰਾਜਕੋਟ ਤੇ ਮੈਸੂਰ ਨੂੰ ਪੰਜ ਤਾਰਾ ਸ਼ਹਿਰਾਂ, 86 ਸ਼ਹਿਰਾਂ ਨੂੰ ਤਿੰਨ-ਤਾਰਾ ਅਤੇ 64 ਸ਼ਹਿਰਾਂ ਨੂੰ ਇਕ-ਤਾਰਾ ਰੇਟਿੰਗ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਪੰਜਾਬ ਦੇ ਜਲੰਧਰ ਨੂੰ ਭਾਰਤ ਦੇ ਸਭ ਤੋਂ ਸਾਫ ਕੰਟੋਨਮੈਂਟ ਦਾ ਪੁਰਸਕਾਰ ਹਾਸਲ ਹੋਇਆ ਹੈ। ਇਹ ਐਲਾਨ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਸਵੱਛ ਸਰਵੇਖਣ ਪੁਰਸਕਾਰ ਵੰਡਣ ਮੌਕੇ ਕੀਤਾ। ਲਗਾਤਾਰ ਤੀਜੇ ਵਰ੍ਹੇ ਸਵੱਛ ਸਰਵੇਖਣ ਪੱਖੋਂ ਉਤਰੀ ਜ਼ੋਨ ਵਿਚ ਪੰਜਾਬ ਵੱਲੋਂ ਆਪਣਾ ਚੋਟੀ ਦਾ ਸਥਾਨ ਬਰਕਰਾਰ ਰੱਖਿਆ ਅਤੇ ਸਵੱਛ ਸਰਵੇਖਣ-2020 ਵਿਚ ਕੌਮੀ ਪੱਧਰ ਉਤੇ ਓਵਰਆਲ ਦਰਜਾਬੰਦੀ ਵਿਚ ਸੁਧਾਰ ਕਰਦੇ ਹੋਏ ਛੇਵਾਂ ਸਥਾਨ ਹਾਸਲ ਕੀਤਾ।

ਜ਼ਿਕਰਯੋਗ ਹੈ ਕਿ ਸਵੱਛ ਸਰਵੇਖਣ ਸਾਲ 2014 ਵਿਚ ਸ਼ੁਰੂ ਕੀਤੀ ਗਈ ਸਵੱਛ ਭਾਰਤ ਮੁਹਿੰਮ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਕਰਨ ਲਈ ਕੀਤਾ ਗਿਆ ਸੀ। ਇਹ ਸਰਵੇਖਣ 4,242 ਸ਼ਹਿਰਾਂ, 62 ਕੰਟੋਨਮੈਂਟ ਬੋਰਡਾਂ ਅਤੇ ਗੰਗਾ ਨਦੀ ਕੰਢੇ ਵੱਸੇ 92 ਕਸਬਿਆਂ ਵਿਚ ਕੀਤਾ ਗਿਆ ਸੀ ਅਤੇ ਇਹ ਸਰਵੇਖਣ 28 ਦਿਨਾਂ ਵਿਚ ਪੂਰਾ ਕੀਤਾ ਗਿਆ। ਸਰਵੇਖਣ ਦੌਰਾਨ ਮੱਧ ਪ੍ਰਦੇਸ਼ ਵਿਚ




ਸਥਿਤ ਸ਼ਹਿਰ ਇੰਦੌਰ ਲਗਾਤਾਰ ਚੌਥੀ ਵਾਰ ਸਭ ਤੋਂ ਸਾਫ ਸ਼ਹਿਰ ਵਜੋਂ ਉਭਰ ਕੇ ਸਾਹਮਣੇ ਆਇਆ ਜਦੋਂਕਿ ਸੂਰਤ ਤੇ ਨਵੀਂ ਮੁੰਬਈ ਨੇ ਇਕ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦੀ ਕੈਟਾਗਰੀ ਵਿਚ ਲੜੀਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ। ਜ਼ਿਕਰਯੋਗ ਹੈ ਕਿ ਸਾਲ 2016 ਵਿਚ ਜਦੋਂ ਇਹ ਸਰਵੇਖਣ ਸ਼ੁਰੂ ਹੋਇਆ ਸੀ ਤਾਂ ਉਦੋਂ ਸਭ ਤੋਂ ਪਹਿਲਾਂ ਕਰਨਾਟਕ ਦੇ ਸ਼ਹਿਰ ਮੈਸੂਰ ਨੂੰ ਦੇਸ਼ ਦੇ ਸਭ ਤੋਂ ਸਾਫ ਸ਼ਹਿਰ ਦਾ ਪੁਰਸਕਾਰ ਮਿਲਿਆ ਸੀ, ਜਦੋਂਕਿ ਉਸ ਤੋਂ ਬਾਅਦ ਲਗਾਤਾਰ ਤਿੰਨ ਸਾਲਾਂ ਤੱਕ ਇੰਦੌਰ ਸਿਖਰਲਾ ਸਥਾਨ ਹਾਸਲ ਕਰਦਾ ਰਿਹਾ।

ਇਹ ਚੌਥੀ ਵਾਰ ਹੈ ਜਦੋਂ ਇੰਦੌਰ ਲਗਾਤਾਰ ਸਿਖਰਲੇ ਸਥਾਨ ਉਤੇ ਕਾਇਮ ਹੈ। ਛੱਤੀਸਗੜ੍ਹ ਨੇ ਸੌ ਤੋਂ ਵੱਧ ਸ਼ਹਿਰੀ ਸਥਾਨਕ ਸਰਕਾਰਾਂ ਕੈਟਾਗਰੀ ਵਿਚ ਸਭ ਤੋਂ ਸਾਫ ਰਾਜ ਦਾ ਵੱਕਾਰੀ ਖਿਤਾਬ ਜਿੱਤਿਆ ਹੈ ਜਦੋਂਕਿ ਝਾਰਖੰਡ ਨੂੰ ਸੌ ਤੋਂ ਘੱਟ ਸ਼ਹਿਰੀ ਸਥਾਨਕ ਸਰਕਾਰਾਂ ਕੈਟਾਗਰੀ ਵਿਚ ਜੇਤੂ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ 117 ਹੋਰ ਪੁਰਸਕਾਰ ਮੰਤਰੀ ਵੱਲੋਂ ਦਿੱਤੇ ਗਏ। ਪੰਜਾਬ 'ਚ ਪੈਂਦੇ ਜਲੰਧਰ ਨੂੰ ਭਾਰਤ ਦੇ ਸਭ ਤੋਂ ਸਾਫ ਕੰਟੋਨਮੈਂਟ ਤੇ ਵਾਰਾਣਸੀ ਨੂੰ ਗੰਗਾ ਕੰਢੇ ਵੱਸੇ ਸਭ ਤੋਂ ਸੋਹਣੇ ਕਸਬੇ ਦਾ ਖਿਤਾਬ ਮਿਲਿਆ ਹੈ।

## ਚੰਡੀਗੜ੍ਹ ਸਰਬੋਤਮ ਕੇਂਦਰ ਸ਼ਾਸਿਤ ਪ੍ਰਦੇਸ਼

**ਚੰਡੀਗੜ੍ਹ** ਨੂੰ 'ਸਿਟੀਜ਼ਨ ਫੀਡਬੈਕ ਵਿਚ ਸਰਬੋਤਮ ਕੇਂਦਰ ਸ਼ਾਸਿਤ ਪ੍ਰਦੇਸ਼', ਜਦੋਂਕਿ ਗਾਂਧੀ ਨਗਰ ਨੂੰ 'ਨਵੀਨਤਾ ਤੇ ਸਰਬੋਤਮ ਸੇਵਾਵਾਂ ਵਿਚ ਸਰਬੋਤਮ ਰਾਜ' ਦਾ ਦਰਜਾ ਮਿਲਿਆ ਹੈ। ਗਰੇਟਰ ਹੈਦਰਾਬਾਦ ਨੂੰ 'ਸਿਟੀਜ਼ਨ ਫੀਡਬੈਕ ਕੈਟਾਗਰੀ 'ਚ ਬੈਸਟ ਮੈਗਾ ਸਿਟੀ ਦਾ ਖਿਤਾਬ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਝਾਰਖੰਡ ਨੂੰ 100 ਤੋਂ ਘੱਟ ਸਥਾਨਕ ਸਰਕਾਰਾਂ ਕੈਟਾਗਰੀ ਵਿਚ 'ਸਭ ਤੋਂ ਸਾਫ ਰਾਜ' ਦਾ ਦਰਜਾ ਦਿੱਤਾ ਗਿਆ ਹੈ। ਇਸ ਕੈਟਾਗਰੀ 'ਚ ਝਾਰਖੰਡ ਤੋਂ ਬਾਅਦ ਹਰਿਆਣਾ, ਉਤਰਾਖੰਡ, ਸਿੱਕਮ, ਅਸਾਮ ਤੇ ਹਿਮਾਚਲ ਪ੍ਰਦੇਸ਼ ਆਉਂਦੇ ਹਨ।

## ਕੈਪਟਨ ਅਮਰਿੰਦਰ ਵਲੋਂ ਪੰਜਾਬ ਦੀ ਸ਼ਲਾਘਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਗਾਤਾਰ ਤੀਜੇ ਵਰ੍ਹੇ ਸਵੱਛ ਸਰਵੇਖਣ ਪੱਖੋਂ ਉਤਰੀ ਜ਼ੋਨ ਵਿਚ ਸੂਬੇ ਵੱਲੋਂ ਆਪਣਾ ਚੋਟੀ ਦਾ ਸਥਾਨ ਬਰਕਰਾਰ ਰੱਖਣ ਅਤੇ ਸਵੱਛ ਸਰਵੇਖਣ-2020 ਵਿਚ ਕੌਮੀ ਪੱਧਰ ਉਤੇ ਓਵਰਆਲ ਦਰਜਾਬੰਦੀ ਵਿਚ ਸੁਧਾਰ ਕਰਦੇ ਹੋਏ ਛੇਵਾਂ ਸਥਾਨ ਹਾਸਲ ਕਰਨ ਉਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਸ ਪ੍ਰਾਪਤੀ ਨੂੰ ਵੱਡੇ ਪੱਧਰ ਉਤੇ ਲੋਕਾਂ ਦੀ ਸ਼ਮੂਲੀਅਤ ਦਾ ਸਿੱਟਾ ਦੱਸਦਿਆਂ ਮੁੱਖ ਮੰਤਰੀ ਨੇ ਇਸ ਦਾ ਸਿਹਰਾ ਸ਼ਹਿਰੀ ਪੱਧਰ 'ਤੇ ਮਜ਼ਬੂਤ ਢਾਂਚੇ, ਮੁਹਿੰਮ ਰਾਹੀਂ ਲੋਕਾਂ ਦੇ ਵਿਹਾਰ 'ਚ ਬਦਲਾਅ ਅਤੇ ਸਿਖਲਾਈਯਾਫਤਾ ਅਮਲੇ ਸਿਰ ਬੰਨ੍ਹਿਆ ਜਿਨ੍ਹਾਂ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ। ਹੁਣ ਬੀਤੇ ਲਗਾਤਾਰ ਤਿੰਨ ਵਰ੍ਹਿਆਂ ਤੋਂ ਉਤਰੀ ਜ਼ੋਨ ਜਿਸ 'ਚ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਉਤਰ ਪ੍ਰਦੇਸ਼ ਸ਼ਾਮਲ ਹਨ, ਵਿਚ ਪੰਜਾਬ ਦਾ ਚੋਟੀ ਦਾ ਸਥਾਨ ਬਰਕਰਾਰ ਹੈ।

# ਇਰਵਿਨਪ੍ਰੀਤ ਸਿੰਘ ਸਿੱਖ ਰਿਲੀਜੀਆਸ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਬਣੇ



*ਇਰਵਿਨਪ੍ਰੀਤ ਸਿੰਘ*



*ਅਮਰਦੇਵ ਸਿੰਘ ਬਦੇਸ਼ਾ*



*ਦਵਿੰਦਰ ਸਿੰਘ ਰੰਗੀ*



*ਡਾ. ਜਸਵੀਰ ਕੌਰ ਸਿੰਘ*



*ਡਾ. ਅਮਰਜੀਤ ਸਿੰਘ*

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਆਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੇ ਨਵੇਂ ਅਤੇ ਪੁਰਾਣੇ ਬੋਰਡ ਮੈਂਬਰਾਂ ਦੀ ਲੰਘੀ 22 ਅਗਸਤ ਨੂੰ ਹੋਈ ਸੰਵਿਧਾਨਕ ਮੀਟਿੰਗ ਵਿਚ ਨਵੇਂ ਕਾਰਜਕਾਰੀ ਸੇਵਾਦਾਰਾਂ ਦੀ ਨਿਯੁਕਤੀ ਕੀਤੀ ਗਈ ਹੈ। ਸ. ਇਰਵਿਨਪ੍ਰੀਤ ਸਿੰਘ ਨੂੰ ਪ੍ਰਧਾਨ, ਸ. ਅਮਰਦੇਵ ਸਿੰਘ ਬਦੇਸ਼ਾ ਨੂੰ ਐਗਜ਼ੈਕਟਿਵ ਸੈਕਟਰੀ, ਡਾ. ਜਸਬੀਰ ਕੌਰ ਸਿੰਘ ਨੂੰ ਰਿਲੀਜੀਅਸ ਸੈਕਟਰੀ ਅਤੇ ਡਾ. ਅਮਰਜੀਤ ਸਿੰਘ ਨੂੰ ਖਜਾਨਚੀ ਦੀ ਸੇਵਾ ਸੌਂਪੀ ਗਈ ਹੈ।

ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਆਫ ਇਲੀਨਾਏ, ਸ਼ਿਕਾਗੋ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਸ. ਇਰਵਿਨਪ੍ਰੀਤ ਸਿੰਘ ਨੂੰ ਕਰੀਬ 27 ਸਾਲ ਦਾ ਮੈਨੇਜਮੈਂਟ ਤੇ ਟੈਕਨੀਕਲ ਤਜਰਬਾ ਹਾਸਲ ਹੈ। ਉਹ ਕੌਮਾਂਤਰੀ ਪੱਧਰ ਦੀਆਂ ਕਈ ਵਿਸ਼ਾਲ ਤੇ ਵਿਭਿੰਨ ਟੀਮਾਂ ਵਿਚ ਕੰਮ ਕਰ ਚੁਕੇ ਹਨ। ਉਹ 2014 ਤੋਂ ਸਿੱਖ ਰਿਲੀਜੀਅਸ ਸੁਸਾਇਟੀ ਦੀ ਸੰਵਿਧਾਨ ਸੋਧ ਕਮੇਟੀ ਦੇ ਮੈਂਬਰ ਸਨ ਅਤੇ 2018 ਤੋਂ 2020 ਤੱਕ ਗੁਰਦੁਆਰਾ ਸਾਹਿਬ ਦੇ ਬੋਰਡ ਵਿਚ ਐਗਜ਼ੈਕਟਿਵ ਸੈਕਟਰੀ ਦੀ ਸੇਵਾ ਨਿਭਾਈ। ਉਹ ਅੰਮ੍ਰਿਤਸਰ ਤੋਂ ਹਨ ਅਤੇ 1987 ਵਿਚ ਅਮਰੀਕਾ ਆ ਗਏ ਸਨ।

ਇਸ ਤੋਂ ਇਲਾਵਾ ਸ. ਬਦੇਸ਼ਾ 2012 ਤੋਂ ਗੁਰਦੁਆਰਾ ਸਾਹਿਬ ਦੇ ਗੁਰਮਤਿ ਸਕੂਲ ਦੇ ਪ੍ਰਿੰਸੀਪਲ ਹਨ। ਪਿਛਲੇ ਦੋ ਸਾਲ ਤੋਂ ਮੈਂਟੀਨੈਂਸ ਅਤੇ ਡਿਵੈਲਪਮੈਂਟ ਦੀ ਸੇਵਾ ਕੀਤੀ। ਪਹਿਲਾਂ ਵੀ ਵੱਖ ਵੱਖ ਖੇਤਰਾਂ ਵਿਚ ਸਮਾਜ ਸੇਵਾ ਕਰਦੇ ਰਹੇ ਹਨ। ਉਹ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਮਿਡਵੈਸਟ-ਸ਼ਿਕਾਗੋ ਦੇ ਮੁਢਲੇ ਮੈਂਬਰਾਂ 'ਚੋਂ ਹਨ ਅਤੇ ਪ੍ਰਧਾਨ ਵੀ ਰਹਿ ਚੁਕੇ ਹਨ।

ਡਾ. ਜਸਵੀਰ ਕੌਰ ਸਿੰਘ 1990ਵਿਆਂ ਤੋਂ ਐਸ. ਆਰ. ਐਸ. ਦੇ ਨੌਜਵਾਨ ਕਾਰਕੁਨ ਹਨ। ਉਹ ਕੈਂਪਾਂ ਅਤੇ ਐਸ. ਆਰ. ਐਸ. ਵਿਚ ਸਿੱਖ ਇਤਿਹਾਸ, ਗੁਰਮਤਿ ਅਤੇ ਗਤਕੇ ਦੀ ਸਿਖਲਾਈ ਦਿੰਦੇ ਹਨ। ਉਹ ਮਾਨਸਿਕ ਤੇ ਸਰੀਰਕ ਸਿਹਤ, ਸਿੱਖ ਨੈਟਵਰਕਿੰਗ, ਅੰਤਰ-ਧਰਮ, ਵੱਡਿਆਂ ਲਈ ਸੈਰਾਂ ਆਦਿ ਜਿਹੀਆਂ ਭਾਈਚਾਰਕ ਯੋਜਨਾਵਾਂ ਦਾ ਪ੍ਰਬੰਧ ਕਰਦੇ ਰਹਿੰਦੇ ਹਨ। ਐਸ. ਆਰ. ਐਸ. ਦੀਆਂ ਐਡਹਾਕ ਅਤੇ ਲੰਮੇ ਸਮੇਂ ਵਾਲੀ ਯੋਜਨਾ ਕਮੇਟੀਆਂ ਲਈ ਸੇਵਾ ਕਰਦੇ ਹਨ।

ਗੁਰਦੁਆਰਾ ਪੈਲਾਟਾਈਨ ਵਿਚ ਮੈਡੀਕਲ ਕਲਿਨਿਕ ਸ਼ੁਰੂ ਕਰਨ ਦਾ ਸਿਹਰਾ ਡਾ. ਅਮਰਜੀਤ ਸਿੰਘ ਨੂੰ ਜਾਂਦਾ ਹੈ ਅਤੇ ਪਿਛਲੇ ਕਰੀਬ ਵੀਹ ਸਾਲਾਂ ਤੋਂ ਨਿਰੰਤਰ ਸੇਵਾ ਨਿਭਾ ਰਹੇ ਹਨ। ਨੌਜਵਾਨ ਤੇ ਬਜੁਰਗਾਂ ਦੇ ਕੰਮਾਂ ਵਿਚ ਅਤੇ ਸਿਹਤ ਬਾਰੇ ਜਾਣਕਾਰੀ ਵਿਚ ਉਹ ਖਾਸ ਦਿਲਚਸਪੀ ਰੱਖਦੇ ਹਨ। ਉਹ ਇੰਡੀਅਨ ਮੈਡੀਕਲ ਐਸੋਸੀਏਸ਼ਨ, ਇਲੀਨਾਏ ਦੇ ਸਾਲ 2005 ਵਿਚ ਪ੍ਰਧਾਨ ਵੀ ਰਹਿ ਚੁਕੇ ਹਨ।

ਬੀਬੀ ਨਾਨਕੀ ਕੌਰ ਅਮਰੀਕਾ ਦੀ ਜੰਮਪਲ ਪਹਿਲੀ ਵਾਰ ਬੋਰਡ ਮੈਂਬਰ ਬਣੀ ਹੈ। ਉਹ ਆਈ. ਟੀ. ਟੀਮ ਨਾਲ ਕੰਮ ਕਰੇਗੀ।

ਸ. ਪ੍ਰੇਮਪਾਲ ਸਿੰਘ ਪਿਛਲੇ ਦੋ ਸਾਲਾਂ ਤੋਂ ਖਜਾਨਚੀ ਦੇ ਸੇਵਾ ਕਰਦੇ ਆ ਰਹੇ ਹਨ। ਗੁਰਦੁਆਰੇ ਦੇ ਖਰਚੇ ਵਿਚ ਕਾਫੀ ਬੱਚਤ ਕੀਤੀ ਹੈ ਅਤੇ ਰੀਫਾਇਨਾਂਸ ਕਰਕੇ ਗੁਰੂ ਘਰ ਦੇ ਲੋਨ ਦੀ ਕਿਸ਼ਤ ਵੀ ਕਾਫੀ ਘਟ ਗਈ ਹੈ।

ਬੋਰਡ ਮੈਂਬਰ ਬੀਬੀ ਸਲਵਿੰਦਰ ਕੌਰ ਸੰਧੂ ਪਿਛਲੇ ਦੋ ਸਾਲਾਂ ਤੋਂ ਲਾਇਬਰੇਰੀ ਵਿਚ ਸੇਵਾ ਕਰਦੇ ਰਹੇ ਹਨ। ਸ. ਜੈਰਾਮ ਸਿੰਘ ਕਾਹਲੋਂ 2018 ਤੋਂ ਬੋਰਡ ਦੇ ਮੈਂਬਰ ਹਨ। ਪਿਛਲੇ ਕਈ ਦਹਾਕਿਆਂ ਤੋਂ ਵੱਖ ਵੱਖ ਅਦਾਰਿਆਂ ਰਾਹੀਂ ਸਮਾਜ ਸੇਵਾ ਕਰਦੇ ਰਹੇ ਹਨ। ਪੀ. ਐਚ. ਓ. ਅਤੇ ਸੰਸਥਾ ਪਿੰਗਲਵਾੜਾ ਲਈ ਵੀ ਮੂਹਰੇ ਹੋ ਕੇ ਸੇਵਾ ਕਰਦੇ ਰਹਿੰਦੇ ਹਨ। ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਸਬੰਧੀ ਸੇਵਕ ਬਣ ਕੇ ਪਿਛਲੇ ਕਰੀਬ 8 ਸਾਲਾਂ ਤੋਂ ਸੇਵਾ ਕਰ ਰਹੇ ਹਨ।

ਸ. ਹਰਜੀਤ ਸਿੰਘ ਗਿੱਲ ਅਤੇ ਸ. ਗੁਰਮੀਤ ਸਿੰਘ ਬੈਂਸ ਚਾਰ ਸਾਲ ਬੋਰਡ ਦੇ ਮੈਂਬਰ ਰਹੇ ਹਨ। ਇਸ ਦੌਰਾਨ ਉਨ੍ਹਾਂ ਨੇ ਲੰਗਰ ਇੰਚਾਰਜ ਅਤੇ ਰਿਲੀਜੀਅਸ ਸੈਕਟਰੀ ਦੀਆਂ ਸੇਵਾਵਾਂ ਨਿਭਾਈਆਂ। ਸ. ਤੇਜਿੰਦਰ ਸਿੰਘ ਵੀ ਚਾਰ ਸਾਲ ਬੋਰਡ ਦੇ ਮੈਂਬਰ ਰਹੇ ਹਨ ਅਤੇ ਬਹੁਤ ਸੇਵਾ ਕਰਨ ਤੋਂ ਬਾਅਦ ਸੇਵਮੁਕਤ ਹੋ ਰਹੇ ਹਨ। ਸ. ਯਾਦਵਿੰਦਰ ਸਿੰਘ ਗਰੇਵਾਲ ਬੋਰਡ ਦੇ ਨਵੇਂ ਮੈਂਬਰ ਬਣੇ ਹਨ। ਉਹ ਪਿਛਲੇ 18 ਸਾਲਾਂ ਤੋਂ ਪੀ. ਸੀ. ਐਸ. ਦੇ ਮੈਂਬਰ ਹਨ।

ਮੀਟਿੰਗ ਵਿਚ ਪੁਰਾਣੇ ਬੋਰਡ ਵੱਲੋਂ ਡਾ. ਪਰਦੀਪ ਸਿੰਘ ਗਿੱਲ, ਸ. ਇਰਵਿਨਪ੍ਰੀਤ ਸਿੰਘ, ਸ. ਪ੍ਰੇਮਪਾਲ ਸਿੰਘ, ਸ. ਅਮਰਦੇਵ ਸਿੰਘ, ਸ. ਗੁਰਮੀਤ ਸਿੰਘ ਬੈਂਸ, ਬੀਬੀ ਸਲਵਿੰਦਰ ਕੌਰ ਸੰਧੂ, ਸ. ਜੈਰਾਮ ਸਿੰਘ ਕਾਹਲੋਂ ਅਤੇ ਸ. ਹਰਜੀਤ ਸਿੰਘ ਗਿੱਲ ਹਾਜ਼ਰ ਸਨ। ਸ. ਤੇਜਿੰਦਰ ਸਿੰਘ ਕਿਸੇ ਕਾਰਨ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕੇ। ਸੀ. ਆਈ. ਸੀ. ਵਲੋਂ ਡਾ. ਬਲਵੰਤ ਸਿੰਘ ਹੰਸਰਾ, ਸ. ਗੁਰਦੀਪ ਸਿੰਘ ਸੰਘਾ ਅਤੇ ਸ. ਦਵਿੰਦਰ ਸਿੰਘ ਰੰਗੀ ਹਾਜ਼ਰ ਸਨ। ਨਵੇਂ ਚੁਣੇ ਮੈਂਬਰ-ਡਾ. ਜਸਬੀਰ ਕੌਰ ਸਿੰਘ, ਡਾ. ਅਮਰਜੀਤ ਸਿੰਘ, ਸ. ਯਾਦਵਿੰਦਰ ਸਿੰਘ ਗਰੇਵਾਲ ਅਤੇ ਬੀਬੀ ਨਾਨਕੀ ਕੌਰ ਵੀ ਮੀਟਿੰਗ ਵਿਚ ਹਾਜ਼ਰ ਸਨ। ਇਸੇ ਤਰ੍ਹਾਂ ਸੰਗਤ ਦੇ ਮੈਂਬਰਾਂ-ਸ. ਸਤਨਾਮ ਸਿੰਘ ਔਲਖ, ਸ. ਤਰਲੋਚਨ ਸਿੰਘ ਗਿੱਲ, ਸ. ਅੱਛਰ ਸਿੰਘ ਸਮੇਤ ਕੁਝ ਹੋਰ ਮੈਂਬਰ ਵੀ ਹਾਜ਼ਰ ਸਨ।

ਇਸੇ ਦੌਰਾਨ ਸੰਵਿਧਾਨ ਅਮਲ ਕਮੇਟੀ (ਸੀ. ਆਈ. ਸੀ.) ਦੀ ਹੋਈ ਇਕ ਮੀਟਿੰਗ ਵਿਚ ਕਮੇਟੀ ਦੇ ਸਾਬਕਾ ਚੇਅਰਮੈਨ ਸ. ਬਲਵੰਤ ਸਿੰਘ ਹੰਸਰਾ ਦੀਆਂ ਕਮੇਟੀ ਪ੍ਰਤੀ ਸਮਰਪਣ ਭਾਵਨਾ ਨਾਲ ਨਿਭਾਈਆਂ ਗਈਆਂ ਸ਼ਲਾਘਾਯੋਗ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਗਈ।

ਮੀਟਿੰਗ ਵਿਚ ਸ. ਦਵਿੰਦਰ ਸਿੰਘ ਰੰਗੀ ਨੂੰ ਸੀ. ਆਈ. ਸੀ. ਦਾ ਚੇਅਰਮੈਨ ਅਤੇ ਸ. ਗੁਰਦੀਪ ਸਿੰਘ ਸੰਘਾ ਨੂੰ ਸਕੱਤਰ ਥਾਪਿਆ ਗਿਆ। ਸ. ਰੰਗੀ ਅਤੇ ਸ. ਸੰਘਾ ਇਨ੍ਹਾਂ ਅਹੁਦਿਆਂ 'ਤੇ ਸਾਲ 2022 ਤੱਕ ਰਹਿਣਗੇ। ਇਸ ਦੇ ਨਾਲ ਹੀ ਸੀ. ਆਈ. ਸੀ. ਵਿਚ ਸ਼ਾਮਲ ਹੋਏ ਨਵੇਂ ਮੈਂਬਰ ਡਾ. ਪਰਦੀਪ ਸਿੰਘ ਗਿੱਲ ਨੂੰ ਜੀ ਆਇਆਂ ਕਿਹਾ ਗਿਆ। ਜ਼ਿਕਰਯੋਗ ਹੈ ਕਿ ਡਾ. ਗਿੱਲ ਸਿੱਖ ਰਿਜੀਲੀਅਸ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਵੀ ਰਹਿ ਚੁਕੇ ਹਨ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



We do all type of Home and Commercial Loan. Same day loan approval...

# ਸਿੱਖਿਆ ਜਗਤ ਦੇ ਵੱਡੇ ਥੰਮ੍ਹ ਪ੍ਰਿੰ. ਗੁਰਬਖਸ਼ ਸਿੰਘ ਸ਼ੇਰਗਿੱਲ ਨਹੀਂ ਰਹੇ

**ਮੋਹਾਲੀ (ਬਿਊਰੋ):** ਪੰਜਾਬ 'ਚ ਸਿੱਖਿਆ ਜਗਤ ਦੇ ਵੱਡੇ ਥੰਮ੍ਹ ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿੱਲ ਦਾ ਦਿਹਾਂਤ ਹੋ ਗਿਆ ਹੈ। ਉਹ 92 ਸਾਲਾਂ ਦੇ ਸਨ। ਇਸ ਸਮੇਂ ਉਹ ਆਪਣੀ ਬੇਟੀ ਮਧੂਪ੍ਰੀਤ ਕੌਰ (ਵਿਨੂ) ਤੇ ਆਪਣੇ ਜੁਆਈ ਸੂਰਜਪ੍ਰਕਾਸ਼ ਸਿੰਘ (ਹਨੀ) ਕੋਲ ਡਕਸ਼ਈ ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਤੋਂ ਬੰਗੇ ਤੇ ਫਿਰ ਗੰਗਾਨਗਰ ਚੱਕ ਪੈਂਤੀ ਬੀ ਤੇ ਫਿਰ ਚੰਡੀਗੜ੍ਹ ਵੀ ਰਿਹਾ।

ਪ੍ਰਿੰ. ਗੁਰਬਖਸ਼ ਸਿੰਘ ਸ਼ੇਰਗਿੱਲ ਨੇ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਸਰਕਾਰੀ ਕਾਲਜ ਲੁਧਿਆਣਾ ਤੋਂ ਸਿੱਖਿਆ ਹਾਸਲ ਕੀਤੀ ਸੀ। ਵਿਦਿਆਰਥੀ ਜੀਵਨ ਦੌਰਾਨ ਹੀ ਉਨ੍ਹਾਂ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਤੇ ਆਜ਼ਾਦੀ ਤੋਂ ਤੁਰੰਤ ਬਾਅਦ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ। ਉਨ੍ਹਾਂ ਸਿੱਖ ਨੈਸ਼ਨਲ ਕਾਲਜ ਬੰਗਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਿਚ ਅਰਥ ਸ਼ਾਸਤਰ ਦੇ ਲੈਕਚਰਾਰ ਵਜੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਤੇ 8 ਸਾਲ ਪਿਛੋਂ ਪ੍ਰਿੰਸੀਪਲ ਬਣੇ। ਉਹ 1967 ਵਿਚ 39 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਦੇ ਪਹਿਲੇ ਫਾਊਂਡਰ ਪ੍ਰਿੰਸੀਪਲ ਬਣੇ। ਉਹ ਕਈ ਸਾਲ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਰਹੇ। ਸਾਲ 1975 ਵਿਚ ਉਹ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣੇ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵੀ ਚੇਅਰਮੈਨ ਰਹੇ ਤੇ ਇਨਟੈਕ ਦੇ ਪੰਜਾਬ ਚੈਪਟਰ ਦੇ ਚੇਅਰਮੈਨ ਵਜੋਂ ਸੇਵਾ ਨਿਭਾਈ।

ਪ੍ਰਿੰ. ਸ਼ੇਰਗਿੱਲ ਨੇ ਪੰਜਾਬ ਵਾਤਾਵਰਣ ਸੁਸਾਇਟੀ ਦਾ ਸੰਗਠਨ ਕੀਤਾ ਅਤੇ ਸਥਾਪਤ ਸੰਸਥਾ ਰਾਹੀਂ ਪੰਜਾਬ ਸਰਕਾਰ ਨੂੰ ਸਮੇਂ ਸਮੇਂ ਪੰਜਾਬ ਵਿਚ ਵੱਖ ਵੱਖ ਕਿਸਮ ਦੇ ਰੁੱਖਾਂ ਦੀ ਜਰੂਰਤ, ਸੰਤ ਬਲਬੀਰ ਸਿੰਘ ਸੀਚੇਵਾਲ ਦੇ ਉਧਮਾਂ ਨਾਲ ਜਰੂਰੀ ਸਹਿਯੋਗ ਅਤੇ ਪੰਜਾਬ ਵਿਚ ਪੀਣ ਵਾਲੇ ਪਾਣੀ ਦੀ ਕੁਆਲਟੀ ਦੀਆਂ ਖਾਮੀਆਂ ਨੂੰ ਅੱਜ ਤੋਂ 30 ਸਾਲ ਪਹਿਲਾਂ 1990-95 ਦੇ ਦਰਮਿਆਨ ਵਰਕਸ਼ਾਪਾਂ, ਸੈਮੀਨਾਰਾਂ ਰਾਹੀਂ ਪੰਜਾਬ ਵਾਸੀਆਂ ਨੂੰ ਜਾਗਰੂਕ ਕਰਵਾਇਆ। ਉਨ੍ਹਾਂ ਨੇ ਇੱਕ ਸੰਸਥਾ ਕੁਆਲਟੀ ਐਜੂਕੇਸ਼ਨ ਦੇ ਬੈਨਰ ਹੇਠ ਬਣਾਈ, ਜਿਸ ਰਾਹੀਂ ਸਕੂਲ ਅਤੇ ਕਾਲਜ ਵਿਚ ਪੰਜਾਬ ਦੀ ਲੋੜ ਅਨੁਸਾਰ ਢੁਕਵਾਂ ਗਿਆਨ ਅਤੇ ਨਾਲ ਹੀ ਵਿਰਾਸਤ ਦੀ ਜਾਣਕਾਰੀ ਤੇ ਸੂਝ-



ਪ੍ਰਿੰ. ਗੁਰਬਖਸ਼ ਸਿੰਘ ਸ਼ੇਰਗਿੱਲ

ਬੂਝ ਨੂੰ ਸ਼ਾਮਲ ਕੀਤੇ ਜਾਣ ਲਈ ਕਈ ਸੈਮੀਨਾਰ ਕੀਤੇ ਗਏ। ਓਲਡ ਖਾਲਸਾ ਕਾਲਜ ਅੰਮ੍ਰਿਤਸਰ ਦੀ ਸੰਸਥਾ ਮੋਹਾਲੀ ਵਿਖੇ ਸਥਾਪਤ ਕੀਤੇ ਜਾਣ ਅਤੇ ਯਾਦਗਾਰੀ ਕੰਪਲੈਕਸ ਮੋਹਾਲੀ ਵਿਚ ਬਣਾਏ ਜਾਣ ਲਈ ਵਿਸ਼ੇਸ਼ ਉਧਮ ਕੀਤੇ ਅਤੇ ਉਸ ਉਤੇ ਫੇਸ-3, ਮੋਹਾਲੀ ਵਿਖੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਟਰਸਟ ਵਲੋਂ ਵਿਦਿਅਕ ਮਨੋਰਥਾਂ ਲਈ ਉਸਾਰੀ ਬਿਲਡਿੰਗ ਦੀ ਵਰਤੋਂ ਕੀਤੀ ਜਾ ਰਹੀ ਹੈ।

ਪ੍ਰਿੰ. ਸ਼ੇਰਗਿੱਲ ਨੇ ਸਥਾਪਤ ਐਨ. ਜੀ. ਓ. ਪੰਜਾਬ ਹੈਰੀਟੇਜ ਐਂਡ ਐਜੂਕੇਸ਼ਨ ਫਾਊਂਡੇਸ਼ਨ ਦੇ ਪਲੇਟਫਾਰਮ ਰਾਹੀਂ ਯਤਨ ਕੀਤੇ ਤੇ ਇਤਿਹਾਸਕ ਗੋਬਿੰਦਗੜ੍ਹ ਕਿਲਾ, ਅੰਮ੍ਰਿਤਸਰ ਵਿਰਾਸਤੀ ਇਮਾਰਤ ਐਲਾਨੀ ਗਈ। ਉਨ੍ਹਾਂ ਅੰਮ੍ਰਿਤਸਰ ਕੰਪਨੀ ਬਾਗ ਨੂੰ ਵੀ ਵਿਰਾਸਤੀ ਯਾਦਾਂ ਵਜੋਂ ਸਾਂਭ ਸੰਭਾਲ ਅਤੇ ਅੰਮ੍ਰਿਤਸਰ ਵਾਸੀਆਂ ਨੂੰ ਮੁੜ ਸਮਰਪਿਤ ਕੀਤੇ ਜਾਣ ਲਈ ਉਪਰਾਲੇ ਕੀਤੇ। ਮੋਗਾ ਵਿਚ ਗੁਰਦੁਆਰਾ ਸਾਰਾਗੜੀ ਦੀ ਸਥਾਪਨਾ ਲਈ ਯੋਗਦਾਨ, ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਚੱਪੜਝਿੜੀ ਦੀ ਮੁਹਿੰਮ ਜੂਨ 2001 ਵਿੱਢੀ, ਜੋ ਬਾਅਦ ਵਿਚ ਸਰਕਾਰੀ ਪੱਧਰ 'ਤੇ ਮਨਜੂਰ ਕੀਤੀ ਗਈ। ਉਨ੍ਹਾਂ ਮਹਾਰਾਣਾ ਰਣਜੀਤ ਸਿੰਘ ਹੈਰੀਟੇਜ ਹਿੱਲ ਪਾਰਕ, ਨਵਾਂ ਸ਼ਹਿਰ ਤੇ ਰੋਪੜ ਦੇ ਦਰਮਿਆਨ ਸਤਲੁਜ ਦਰਿਆ ਦੇ ਕੰਢੇ 'ਤੇ ਇਤਿਹਾਸਕ ਮਾਹਾਰਾਜਾ ਰਣਜੀਤ ਸਿੰਘ ਦੇ ਝੰਡੇ ਦੀ ਸਥਾਪਨਾ ਕਰਵਾਈ; ਸਵਰਾਜ ਮਾਜਦਾ ਫੈਕਟਰੀ ਕੰਪਲੈਕਸ ਦੇ ਨਜ਼ਦੀਕ ਸਾਲ 1999 ਵਿਚ ਸਥਾਪਨਾ ਲਈ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਨਵੀਂ ਦਿੱਲੀ ਮਠਿਆਈ ਪੁਲ ਦੇ ਪਿਛੋਕੜ ਤੇ ਇਤਿਹਾਸਕ ਮਹੱਤਤਾ, ਦਿੱਲੀ ਫਤਿਹ ਦੇ ਇਤਿਹਾਸ ਨੂੰ ਮੁੜ ਸਿਰਜੇ ਜਾਣ ਲਈ ਇਤਿਹਾਸਕ ਤੱਥਾਂ ਨੂੰ ਉਭਾਰ ਕੇ ਸਿਖ ਕੌਮ ਦਾ ਗੌਰਵ ਵਿਰਸਾ ਯਾਦ ਕਰਵਾਇਆ। ਪ੍ਰੋ. ਸ਼ੇਰਗਿੱਲ ਦੇ ਉਧਮਾਂ ਅਧੀਨ ਹੋਰ ਬਹੁਤ ਸਾਰੇ ਵਿਰਸੇ ਦੀਆਂ ਭੁਲੀਆਂ ਇਮਾਰਤਾਂ, ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਹਿਮਾਚਲ ਵਿਚ ਯਾਦਗਾਰਾਂ ਆਦਿ ਬਾਰੇ ਪੰਜਾਬ ਸਰਕਾਰ ਵਲੋਂ ਸਾਂਭ-ਸੰਭਾਲ ਕਰਵਾਏ ਜਾਣ ਲਈ ਪਹੁੰਚ ਕੀਤੀ ਗਈ। ਸਿੱਖ ਕੌਮ ਵਾਸਤੇ ਯੋਗਦਾਨ ਬਦਲੇ ਉਨ੍ਹਾਂ ਦਾ 'ਨਿਸ਼ਾਨ-ਏ-ਸਿੱਖੀ' ਨਾਲ ਸਨਮਾਨ ਕੀਤਾ ਗਿਆ।

ਹੋਰ ਜਾਣਕਾਰੀ ਲਈ ਪ੍ਰਿੰ. ਸ਼ੇਰਗਿੱਲ ਦੇ ਜਵਾਈ ਐਸ. ਪੀ. ਐਸ. ਦੀਪਕ ਨਾਲ ਫੋਨ: 91-98052-77274 ਅਤੇ ਪੰਜਾਬ ਹੈਰੀਟੇਜ ਐਜੂਕਸ਼ਨ ਫਾਊਂਡੇਸ਼ਨ ਦੇ ਪ੍ਰਧਾਨ ਕਰਨਲ ਜਤਿੰਦਰ ਸਿੰਘ ਨਾਲ ਫੋਨ: 91-98156-19006 ਜਾਂ ਜਨਰਲ ਸਕੱਤਰ ਨਿਰਮਲ ਸਿੰਘ ਸੰਧੂ ਨਾਲ ਫੋਨ: 91-98761-22122 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਵਿਚ ਪਹਾੜੀ ਖੇਤਰਾਂ ਦਾ ਆਰਥਕ ਵਿਕਾਸ ਜਾਂ ਵਿਨਾਸ਼

ਕੇਰਲ ਦੇ ਜ਼ਿਲਾ ਇਡੁਕੀ ਦੇ ਰਾਜਮਾਲਾ ਇਲਾਕੇ ਵਿਚ ਚਾਹ ਦੇ ਬਾਗ ਵਿਚ ਬਣੇ ਘਰਾਂ ਉਤੇ 7 ਅਗਸਤ 2020 ਨੂੰ ਰਾਤ ਦੇ 11 ਵਜੇ ਪਹਾੜਾਂ ਤੋਂ ਢਿੱਗਾਂ ਡਿੱਗ ਪਈਆਂ, ਜਿਸ ਨਾਲ ਹੁਣ ਤੱਕ 50 ਤੋਂ ਵੱਧ ਵਿਅਕਤੀਆਂ ਦੀਆਂ ਲਾਸ਼ਾਂ ਮਿਲ ਚੁਕੀਆਂ ਹਨ। ਇੱਥੇ ਲਗਭਗ 83 ਲੋਕ ਰਹਿੰਦੇ ਸਨ, ਜਿਨ੍ਹਾਂ ਵਿਚੋਂ ਹਾਲੇ ਤਕ ਸਿਰਫ 12 ਵਿਅਕਤੀ ਹੀ ਬਚਾਏ ਜਾ ਸਕੇ ਹਨ। ਇਸ ਲਈ ਮਰਨ ਵਾਲਿਆਂ ਦੀ ਗਿਣਤੀ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਮਰਨ ਵਾਲਿਆਂ ਦੇ ਪਰਿਵਾਰ ਨੂੰ ਦੋ-ਦੋ ਲੱਖ ਅਤੇ ਜਖਮੀਆਂ ਦੇ ਪਰਿਵਾਰ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਪਹਾੜੀ ਖੇਤਰਾਂ ਵਿਚ, ਖਾਸ ਕਰਕੇ ਮੀਂਹ ਦੇ



**ਡਾ. ਗੁਰਿੰਦਰ ਕੌਰ**

ਦਿਨਾਂ ਵਿਚ ਪਹਾੜਾਂ ਦਾ ਖਿਸਕਣਾ ਅਤੇ ਢਿੱਗਾਂ ਦਾ ਡਿੱਗਣਾ ਇਕ ਕੁਦਰਤੀ ਵਰਤਾਰਾ ਹੈ, ਪਰ ਇਨ੍ਹਾਂ ਦੀ ਗਿਣਤੀ ਵਿਚ ਬੇਸ਼ੁਮਾਰ ਵਾਧਾ ਗੈਰ-ਕੁਦਰਤੀ ਹੈ, ਜੋ ਮਨੁੱਖਾਂ ਦੁਆਰਾ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਕੀਤੀ ਜਾ ਰਹੀ ਵਰਤੋਂ ਅਤੇ ਸਰਕਾਰ ਦੀ ਗਲਤ ਯੋਜਨਾਬੰਦੀ ਕਾਰਨ ਹੋ ਰਿਹਾ ਹੈ।

ਇਡੁਕੀ ਦਾ ਪਹਾੜੀ ਇਲਾਕਾ ਵਾਤਾਵਰਣ ਸੰਵੇਦਨਸ਼ੀਲ ਖੇਤਰ ਹੈ, ਪਿਛਲੇ ਸਾਲ ਵੀ ਇੱਥੇ ਪਹਾੜ ਖਿਸਕਣ ਦੀਆਂ ਕਈ ਘਟਨਾਵਾਂ ਵਾਪਰੀਆਂ ਸਨ। ਅਨਾਮਲਾਈ ਪਹਾੜੀ ਖੇਤਰ ਵਿਚਲੀ ਕੋਚੀ ਤੋਂ ਧਨੁਸ਼ਕੋਡੀ ਤੱਕ ਦੀ ਸੜਕ ਉਤੇ ਇਸ ਸਾਲ ਦੇ ਸ਼ੁਰੂ ਤੋਂ ਮਾਰਚ ਮਹੀਨੇ ਦੇ ਅੰਤ ਤੱਕ ਪਹਾੜ ਖਿਸਕਣ ਦੀਆਂ 20 ਘਟਨਾਵਾਂ ਵਾਪਰ ਚੁਕੀਆਂ ਸਨ। ਪਿਛਲੇ ਦੋ ਸਾਲਾਂ ਵਿਚ ਜ਼ਿਲਾ ਮਾਲਾਪੂਰਮ ਦੇ ਕਾਵਾਲਾਧਾਰਾ ਅਤੇ ਜ਼ਿਲਾ ਵਾਏਨਾਦ ਦੇ ਪੁਥਾਮਾਲਾ ਵਿਚ ਪਹਾੜਾਂ ਦੇ ਖਿਸਕਣ ਕਾਰਨ 145 ਲੋਕ ਮਲਬੇ ਦੇ ਥੱਲੇ ਆ ਕੇ ਮਰ ਗਏ ਹਨ। ਆਰਥਕ ਵਿਕਾਸ ਦੇ ਨਾਂ ਉਤੇ ਪੱਛਮੀ ਘਾਟਾਂ ਉਤੇ ਮਿਲਣ ਵਾਲੇ ਕੁਦਰਤੀ ਸਰੋਤਾਂ ਦਾ ਇਸ ਖੇਤਰ ਵਿਚ ਪੈਂਦੇ ਰਾਜਾਂ ਨੇ ਬਹੁਤ ਜ਼ਿਆਦਾ ਉਜਾੜਾ ਕੀਤਾ ਹੈ।

ਕੇਰਲ ਜੰਗਲ ਖੋਜ ਸੰਸਥਾ ਅਨੁਸਾਰ ਕੇਰਲ ਵਿਚ ਪਹਾੜਾਂ ਦੇ ਖਿਸਕਣ ਅਤੇ ਮਿੱਟੀ ਦੀਆਂ ਢਿੱਗਾਂ ਡਿੱਗਣ ਦੇ ਮੁੱਖ ਕਾਰਨ ਖਣਿਜਾਂ ਦੀ ਖੁਦਾਈ, ਸੜਕਾਂ, ਹੋਟਲਾਂ ਤੇ ਵੱਖ ਵੱਖ ਤਰ੍ਹਾਂ ਦੀਆਂ ਉਸਾਰੀਆਂ ਲਈ ਜੰਗਲਾਂ ਅਤੇ ਪਹਾੜਾਂ ਦਾ ਅਣਯੋਜਿਤ ਤੇ ਭੂ-ਵਿਗਿਆਨੀਆਂ ਦੀ ਰਾਇ ਲਏ ਬਿਨਾ ਆਧੁਨਿਕ ਮਸ਼ੀਨਰੀ ਨਾਲ ਕੱਟਣਾ ਹੈ। ਕੇਰਲ ਆਫਤ ਪ੍ਰਬੰਧਨ ਕਮੇਟੀ ਅਨੁਸਾਰ ਇਡੁਕੀ ਜ਼ਿਲੇ ਦਾ ਇਕ-ਤਿਹਾਈ ਹਿੱਸਾ ਤਾਂ ਵਾਤਾਵਰਣ ਸੰਵੇਦਨਸ਼ੀਲ ਖੇਤਰ ਵਿਚ ਪੈਂਦਾ ਹੈ ਅਤੇ ਜਿਸ ਥਾਂ ਉਤੇ ਇਹ ਘਟਨਾ ਵਾਪਰੀ ਹੈ, ਉਥੋਂ ਦਾ ਇਹ ਖੇਤਰ ਵਾਤਾਵਰਣ ਪੱਖੋਂ ਬਹੁਤ ਹੀ ਨਾਜ਼ੁਕ ਸਥਿਤੀ ਵਿਚੋਂ ਲੰਘ ਰਿਹਾ ਹੈ।

ਕੇਰਲ ਦੀ ਆਫਤ ਪ੍ਰਬੰਧਨ ਕਮੇਟੀ ਨੇ ਰਾਜ ਸਰਕਾਰ ਨੂੰ 2005 ਵਿਚ ਹੀ ਸੁਚੇਤ ਕੀਤਾ ਸੀ ਕਿ ਰਾਜ ਨੇੜਲੇ ਭਵਿੱਖ ਵਿਚ ਕੁਦਰਤੀ ਆਫਤਾਂ ਨਾਲ ਨਿਪਟਣ ਦੇ ਸਮਰੱਥ ਨਹੀਂ ਅਤੇ ਕੁਦਰਤੀ ਆਫਤਾਂ ਨਾਲ ਨਿਪਟਣ ਲਈ ਸਾਨੂੰ ਹੁਣ ਤੋਂ ਹੀ ਵਿਉਂਤਬੰਦੀ ਕਰਨੀ ਚਾਹੀਦੀ ਹੈ। ਕੇਰਲ ਦੇ ਨਾਲ ਨਾਲ ਪੱਛਮੀ ਘਾਟਾਂ ਵਿਚ ਸਥਿਤ ਲਗਭਗ ਸਾਰੇ ਰਾਜਾਂ (ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਗੋਆ ਅਤੇ ਤਾਮਿਲਨਾਡੂ) ਦੇ ਲੋਕ ਵੀ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਵਿਕਾਸ ਯੋਜਨਾਵਾਂ ਦੇ ਕੁਦਰਤ ਤੇ ਲੋਕ-ਪੱਖੀ ਨਾ ਹੋਣ ਦਾ ਵਿਰੋਧ ਕਰ ਰਹੇ ਸਨ। ਲੋਕਾਂ ਦੇ ਵਿਰੋਧ ਅਤੇ ਕੇਰਲ ਆਫਤ ਪ੍ਰਬੰਧਨ ਕਮੇਟੀ ਦੇ ਖਦਸ਼ਿਆਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਪੱਛਮੀ ਘਾਟਾਂ ਦੇ ਰਾਜਾਂ ਦੇ ਵਿਕਾਸ ਦੇ ਨਾਲ ਨਾਲ ਉਨ੍ਹਾਂ ਨੂੰ ਕੁਦਰਤੀ ਆਫਤਾਂ ਦੀ ਮਾਰ ਤੋਂ ਬਚਾਉਣ ਲਈ 2010 ਵਿਚ ਉਘੇ ਵਾਤਾਵਰਣ ਵਿਗਿਆਨੀ ਮਾਧਵ ਗਾਡਗਿਲ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਗਠਿਤ ਕੀਤੀ ਸੀ। ਕਮੇਟੀ ਨੇ ਗਹਿਰਾਈ ਨਾਲ ਵੱਖ ਵੱਖ ਥਾਂਵਾਂ ਦਾ ਸਰਵੇਖਣ ਕਰਕੇ 2011 ਵਿਚ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪ ਦਿੱਤੀ ਸੀ, ਜਿਸ ਵਿਚ ਪੱਛਮੀ ਘਾਟਾਂ ਦੇ 87.5% ਖੇਤਰ ਨੂੰ ਵਾਤਾਵਰਣ ਸੰਵੇਦਨਸ਼ੀਲ ਐਲਾਨਣ ਦੀ ਸਿਫਾਰਸ਼ ਕੀਤੀ ਸੀ ਕਿ ਇਸ ਖੇਤਰ ਵਿਚ ਪਹਾੜਾਂ ਉਤੇ ਨਵੇਂ ਸ਼ਹਿਰ ਵਸਾਉਣ ਅਤੇ ਡੈਮ ਬਣਾਉਣ, ਜਲਗਾਹਾਂ ਤੇ ਦਰਿਆਵਾਂ ਦੇ ਨਾਲ ਲਗਦੇ ਖੇਤਰਾਂ ਵਿਚ ਉਸਾਰੀਆਂ ਕਰਨ, ਸੈਰ-ਸਪਾਟਾ ਵਿਭਾਗ ਦੇ ਪਸਾਰੇ, ਖਣਿਜਾਂ ਦੀ ਖੁਦਾਈ ਆਦਿ ਦੀ ਮਨਾਹੀ ਜਿਹੀਆਂ 52 ਬੰਦਿਸ਼ਾਂ ਲਾਉਣ ਦੀਆਂ ਸਿਫਾਰਸ਼ਾਂ ਕੀਤੀਆਂ ਸਨ।

ਗਾਡਗਿਲ ਕਮੇਟੀ ਦੀ ਇਸ ਰਿਪੋਰਟ ਨੂੰ ਕੇਂਦਰ ਸਰਕਾਰ ਸਮੇਤ ਪੱਛਮੀ ਘਾਟ ਵਿਚ ਪੈਂਦੇ ਸਾਰੇ ਰਾਜਾਂ ਨੇ ਇਕ ਸਿਰੇ ਤੋਂ ਨਕਾਰ ਦਿੱਤਾ ਸੀ। ਇਸ ਪਿਛੋਂ ਇਸ ਕੰਮ ਲਈ ਕਸਤੂਰੀਰੰਗਨ ਕਮੇਟੀ ਬਣਾ ਦਿੱਤੀ, ਜਿਸ ਨੇ ਗਾਡਗਿਲ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਬਹੁਤ ਪੇਤਲਾ ਕਰ ਦਿੱਤਾ ਅਤੇ ਵਾਤਾਵਰਣ ਸੰਵੇਦਨਸ਼ੀਲ ਖੇਤਰ ਘਟਾ ਕੇ ਸਿਰਫ 37.5% ਕਰ ਦਿੱਤਾ, ਜਿਸ ਕਾਰਨ ਪੱਛਮੀ ਘਾਟਾਂ ਦੇ ਸੰਵੇਦਨਸ਼ੀਲ ਖੇਤਰਾਂ ਵਿਚ ਅਖੌਤੀ ਵਿਕਾਸ ਕਾਰਜ ਬਹੁਤ ਤੇਜ਼ੀ ਨਾਲ ਸ਼ੁਰੂ ਹੋ ਗਏ ਅਤੇ ਇਹ ਖੇਤਰ ਕੁਦਰਤੀ ਆਫਤਾਂ ਦੀ ਮਾਰ ਦੇ ਵਧੇਰੇ ਸਨਮੁੱਖ ਹੋ ਗਏ।

30 ਜੁਲਾਈ 2014 ਨੂੰ ਪਹਾੜੀ ਖਿਸਕਣ ਨਾਲ ਵੀ ਜ਼ਿਲਾ ਪੂਨੇ ਵਿਚ ਪਿੰਡ ਮਾਲਿਨ ਮਲਬੇ ਦੇ ਥੱਲੇ ਆ ਗਿਆ ਸੀ, ਜਿਸ ਨਾਲ 40 ਘਰ ਤਬਾਹ ਹੋ ਗਏ ਸਨ ਅਤੇ ਕਰੀਬ 200 ਪਿੰਡ ਵਾਸੀ ਮਲਬੇ ਦੇ ਹੇਠਾਂ ਦਬ ਕੇ ਮਰ ਗਏ ਸਨ। ਮਾਲਿਨ ਪਿੰਡ ਦੀ ਤਬਾਹੀ ਦਾ ਕਾਰਨ ਵੀ ਕੁਦਰਤੀ ਸਰੋਤਾਂ ਨਾਲ ਹੱਦੋਂ ਵੱਧ ਛੇੜਖਾਨੀ ਦਾ ਨਤੀਜਾ ਸੀ। ਮਾਲਿਨ ਪਿੰਡ ਪਹਾੜ ਦੇ ਪੈਰਾਂ ਵਿਚ ਵੱਸਿਆ ਹੋਇਆ ਸੀ। ਪਹਾੜ ਉਤੇ ਡਿੰਬੇ ਡੈਮ ਦੀ ਉਸਾਰੀ ਕਰਨ ਪਿਛੋਂ ਖਣਿਜਾਂ ਦੀ ਖੁਦਾਈ ਕਰਨ ਲਈ ਰਾਜ ਸਰਕਾਰ ਨੇ ਜੰਗਲਾਂ ਦਾ ਸਫਾਇਆ ਕਰ ਦਿੱਤਾ। ਉਸ ਪਿਛੋਂ ਉਥੇ ਖਾਲੀ ਪਈ ਜ਼ਮੀਨ ਨੂੰ ਖੇਤੀਯੋਗ ਬਣਾਉਣ ਲਈ ਭਾਰੀ ਮਸ਼ੀਨਾਂ ਨਾਲ ਪੱਧਰਾ ਕਰ ਰਹੇ ਸਨ ਕਿ ਭਾਰੀ ਮੀਂਹ ਪੈਣ ਉਪਰੰਤ ਵਿਸਫੋਟਕਾਂ ਨਾਲ ਭੰਨੇ ਸੰਵੇਦਨਸ਼ੀਲ ਚਿਕਨੀ ਮਿੱਟੀ ਵਾਲੇ ਪਹਾੜ ਤੇਜ਼ੀ ਨਾਲ ਥੱਲੇ ਨੂੰ ਖਿਸਕ ਗਏ ਅਤੇ ਇਕ ਵੱਸਦੇ-ਰਸਦੇ ਪਿੰਡ ਨੂੰ ਮਿੰਟਾਂ ਵਿਚ ਮਲਬੇ ਦੇ ਢੇਰ ਵਿਚ ਬਦਲ ਦਿੱਤਾ ਗਿਆ।

ਸਰਕਾਰ ਦੀ ਆਰਥਕ ਵਿਕਾਸ ਦੇ ਨਾਂ ਉਤੇ ਕੁਦਰਤੀ ਸਰੋਤਾਂ ਨਾਲ ਖਿਲਵਾੜ ਕਰਨ ਦੀ ਕਾਰਜਗੁਜ਼ਾਰੀ ਸਿਰਫ ਪੱਛਮੀ ਘਾਟ ਦੇ ਖੇਤਰਾਂ ਤੱਕ ਹੀ ਸੀਮਤ ਨਹੀਂ ਹੈ। ਇਹ ਤਾਂ ਦੇਸ਼ ਦੇ ਹਰ



ਖੇਤਰ 'ਚ ਰੋਜ਼ ਹੀ ਵਾਪਰ ਰਿਹਾ ਹੈ। ਉਤਰਾਖੰਡ ਰਾਜ, ਜੋ ਕਦੇ ਕੁਦਰਤੀ ਖੂਬਸੂਰਤੀ ਲਈ ਇਕ ਨਿਵੇਕਲੀ ਥਾਂ ਰੱਖਦਾ ਸੀ, ਅੱਜ ਇਹ ਪਹਾੜਾਂ ਦੇ ਖਿਸਕਣ ਨਾਲ ਹਾਲੋਂ-ਬੇਹਾਲ ਹੋਇਆ ਪਿਆ ਹੈ।

ਉਤਰਾਖੰਡ ਰਾਜ ਵਿਚ ਮਸੂਰੀ, ਨੈਨੀਤਾਲ, ਚੰਬਾ, ਰਾਨੀਖੇਤ, ਅਲਮੋੜਾ ਆਦਿ ਜਿਹੇ ਬੇਹੱਦ ਖੂਬਸੂਰਤ ਪਹਾੜੀ ਸ਼ਹਿਰ ਹਨ ਅਤੇ ਇੱਥੇ ਹਿੰਦੂਆਂ ਦੇ ਪਵਿੱਤਰ ਚਾਰ ਧਾਮ ਗੰਗੋਤਰੀ, ਯਮਨੋਤਰੀ, ਕੇਦਾਰਨਾਥ ਅਤੇ ਬਦਰੀਨਾਥ ਵੀ ਸਥਿਤ ਹਨ। ਚਾਰ ਧਾਮਾਂ ਤੋਂ ਇਲਾਵਾ ਰਿਸ਼ੀਕੇਸ਼, ਹਰਿਦੁਆਰ ਅਤੇ ਸਿੱਖਾਂ ਦਾ ਪ੍ਰਸਿੱਧ ਧਾਰਮਿਕ ਸਥਾਨ ਹੇਮਕੁੰਟ ਸਾਹਿਬ ਵੀ ਇਸੇ ਰਾਜ ਵਿਚ ਹੈ। ਕੁਦਰਤੀ ਖੂਬਸੂਰਤੀ ਅਤੇ ਧਾਰਮਿਕ ਅਸਥਾਨਾਂ ਦੇ ਸੁਮੇਲ ਨੂੰ ਉਤਰਾਖੰਡ ਸਰਕਾਰ ਨੇ ਵਪਾਰਿਕ ਤੌਰ 'ਤੇ ਆਰਥਕ ਵਿਕਾਸ ਦੇ ਨਾਂ ਉਤੇ ਵਰਤਣਾ ਸ਼ੁਰੂ ਕਰ ਦਿੱਤਾ, ਜੋ ਹੁਣ ਇਸ ਰਾਜ ਵਿਚ ਭਾਰੀ ਤਬਾਹੀ ਦਾ ਕਾਰਨ ਬਣ ਰਿਹਾ ਹੈ। ਰਾਜ ਸਰਕਾਰ ਨੇ ਧਾਰਮਿਕ ਸਥਾਨਾਂ ਅਤੇ ਇੱਥੋਂ ਦੇ ਖੂਬਸੂਰਤ ਸ਼ਹਿਰਾਂ ਨੂੰ ਵਾਤਾਵਰਣ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਸੜਕਾਂ ਦਾ ਜਾਲ ਬੁਣ ਕੇ ਇਸ ਕਦਰ ਇਕ-ਦੂਜੇ ਨਾਲ ਜੋੜ ਦਿੱਤਾ ਕਿ ਹਰ ਸਾਲ ਲੱਖਾਂ ਲੋਕ ਇੱਥੇ ਧਾਰਮਿਕ ਯਾਤਰਾ ਦੇ ਨਾਲ ਨਾਲ ਸੈਰ ਲਈ ਵੀ ਆਉਣ ਲੱਗ ਗਏ ਸਨ। ਸੜਕਾਂ ਦੀ ਲੰਬਾਈ, ਜੋ ਸੰਨ 2000 ਵਿਚ ਸਿਰਫ 8,000 ਕਿਲੋਮੀਟਰ ਸੀ, 2013 ਵਿਚ ਵਧਾ ਕੇ 24,000 ਕਿਲੋਮੀਟਰ ਕਰ ਦਿੱਤੀ ਗਈ ਸੀ। ਸੜਕਾਂ ਦਾ ਨਿਰਮਾਣ ਅਤੇ ਆਵਾਜਾਈ ਦੇ ਸਾਧਨਾਂ ਵਿਚ ਵਾਧਾ ਭਾਵੇਂ ਕਿਸੇ ਵੀ ਰਾਜ ਦੇ ਆਰਥਕ ਵਿਕਾਸ ਦੇ ਅਹਿਮ ਸੂਚਕ ਹੁੰਦੇ ਹਨ, ਪਰ ਸੜਕਾਂ ਦੇ ਨਿਰਮਾਣ ਨੇ ਇਸ ਰਾਜ ਦੇ ਖੂਬਸੂਰਤ ਪਹਾੜਾਂ ਨੂੰ ਇਸ ਕਦਰ ਖੋਖਲਾ ਕਰ ਦਿੱਤਾ ਹੈ ਕਿ ਹੁਣ ਉਹ ਆਪਣਾ ਕੁਦਰਤੀ ਸੰਤੁਲਨ ਖੋ ਬੈਠੇ ਹਨ ਅਤੇ ਲਗਾਤਾਰ ਥੱਲੇ ਨੂੰ ਖਿਸਕਦੇ ਰਹਿੰਦੇ ਹਨ।

ਸੜਕਾਂ ਬਣਾਉਣ ਲਈ ਭਾਰੀ ਮਸ਼ੀਨਾਂ ਅਤੇ ਵਿਸਫੋਟਕ ਸਮੱਗਰੀ ਦੀ ਵਰਤੋਂ ਕਰਨ ਕਾਰਨ ਇੱਥੋਂ ਦੇ ਪਹਾੜ ਇੰਨੇ ਖੋਖਲੇ ਹੋ ਗਏ ਸਨ ਕਿ ਉਹ 2013 ਵਿਚ ਭਾਰੀ ਮੀਂਹ ਦੀ ਮਾਰ ਨਾ ਸਹਿ ਸਕੇ ਅਤੇ ਹਰ ਤਰ੍ਹਾਂ ਦੀ ਉਸਾਰੀ ਭਾਵ ਘਰਾਂ, ਹੋਟਲਾਂ, ਸੜਕਾਂ ਆਦਿ ਸਮੇਤ ਆਪਣੀ ਥਾਂ ਤੋਂ ਖਿਸਕ ਕੇ ਕਈ ਕਈ ਕਿਲੋਮੀਟਰ ਥੱਲੇ ਚਲੇ ਗਏ, ਜਿਸ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ। ਉਦੋਂ ਭਾਰੀ ਨੁਕਸਾਨ ਨੂੰ ਦੇਖਦਿਆਂ ਕੇਂਦਰ ਅਤੇ ਰਾਜ ਸਰਕਾਰਾਂ-ਦੋਵੇਂ ਭਵਿੱਖ ਵਿਚ ਰਾਜ ਦੇ ਵਿਕਾਸ ਲਈ ਭੂ-ਵਿਗਿਆਨੀਆਂ ਤੇ ਵਾਤਾਵਰਣ ਮਾਹਿਰਾਂ ਦੀ ਰਾਇ ਲੈਣ ਦੀ ਹਾਮੀ ਭਰਦੀਆਂ ਸਨ, ਪਰ ਹੁਣ ਹਰ ਮੌਸਮ ਵਿਚ ਚਾਰ ਧਾਮਾਂ ਦੇ ਦਰਸ਼ਨ ਕਰਨ ਦੇ ਉਦੇਸ਼ ਨੂੰ ਮੁੱਖ ਰੱਖ ਕੇ ਕਿਸੇ ਵੀ ਤਰ੍ਹਾਂ ਦੇ ਵਾਤਾਵਰਣ ਨਿਯਮਾਂ ਦੀ ਪਾਲਣਾ ਤਾਂ ਕੀ ਕਰਨਾ, ਸਗੋਂ ਵਾਤਾਵਰਣ ਅਸਰ ਪੜਚੋਲ ਕਮੇਟੀ ਦੀ ਰਾਇ ਲੈਣ ਤੋਂ ਕੰਨੀ ਕਤਰਾ ਰਹੀਆਂ ਹਨ, ਜਦੋਂ ਕਿ ਕਿਸੇ ਵੀ ਵਾਤਾਵਰਣ ਸੰਵੇਦਨ ਖੇਤਰ ਵਿਚ 100 ਮੀਟਰ ਤੋਂ ਲੰਬੀ ਸੜਕ ਬਣਾਉਣ ਲਈ ਵਾਤਾਵਰਣ ਅਸਰ ਪੜਚੋਲ ਕਮੇਟੀ ਦੀ ਮਨਜ਼ੂਰੀ ਲੈਣੀ ਪੈਂਦੀ ਹੈ।

ਚਾਰ ਧਾਮ 'ਆਲ ਵੈਦਰ ਕਨੈਕਟੀਵਿਟੀ ਸੜਕ' ਜਿਸ ਦੀ ਲੰਬਾਈ 900 ਕਿਲੋਮੀਟਰ ਹੈ, ਨੂੰ ਬਣਾਉਣ ਲਈ ਇਸ ਨੂੰ ਛੋਟੇ ਛੋਟੇ 53 ਹਿੱਸਿਆਂ ਵਿਚ ਵੰਡ ਦਿੱਤਾ ਹੈ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਮਨਜ਼ੂਰੀ ਨਾ ਲੈਣੀ ਪਵੇ। ਇਸ ਸੜਕ ਦੀ ਚੌੜਾਈ 12 ਮੀਟਰ ਰੱਖੀ ਜਾ ਰਹੀ ਹੈ ਤਾਂਕਿ ਜ਼ਿਆਦਾ ਗਿਣਤੀ ਵਿਚ ਸ਼ਰਧਾਲੂ ਅਤੇ ਸੈਲਾਨੀ ਆ ਸਕਣ ਅਤੇ ਵੱਧ ਤੋਂ ਵੱਧ ਕਮਾਈ ਕੀਤੀ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਉਤਰਾਖੰਡ ਰਾਜ ਹੋਰ ਵਧੇਰੇ ਕੁਦਰਤੀ ਆਫਤਾਂ ਦੇ ਸਨਮੁਖ ਹੋਵੇਗਾ, ਕਿਉਂਕਿ 12 ਮੀਟਰ ਚੌੜੀ ਸੜਕ ਬਣਾਉਣ ਲਈ ਉਸ ਤੋਂ ਦੁਗਣੀ ਥਾਂ ਭਾਵ 24 ਮੀਟਰ ਥਾਂ ਚਾਹੀਦੀ ਹੈ। ਉਸ ਨਾਲ ਪਹਾੜਾਂ ਦੀ ਹੋਰ ਵੱਧ ਕਟਾਈ ਹੋਵੇਗੀ। ਕਿਸੇ ਕਿਸੇ ਥਾਂ ਉਤੇ ਇਸ ਸੜਕ ਦੀ ਚੌੜਾਈ 40 ਤੋਂ 42 ਮੀਟਰ ਰੱਖੀ ਗਈ ਹੈ ਤਾਂ ਕਿ ਲੋੜ ਪੈਣ ਉਤੇ ਗੱਡੀਆਂ ਖੜ੍ਹੀਆਂ ਕੀਤੀਆਂ ਜਾ ਸਕਣ। ਇਸ ਤਰ੍ਹਾਂ ਦੇ ਵਿਕਾਸ ਕਰਨ ਨਾਲ ਉਤਰਾਖੰਡ ਰਾਜ, ਜੋ ਪਹਿਲਾਂ ਹੀ ਆਪਣਾ ਕੁਦਰਤੀ ਵਜੂਦ ਖੋ ਚੁਕਾ ਹੈ, ਹੋਰ ਬਰਬਾਦ ਹੋ ਜਾਵੇਗਾ।

ਇਸ ਤੋਂ ਇਲਾਵਾ ਸ਼ਿਮਲਾ-ਪਰਵਾਣੂ ਚਾਰ-ਮਾਰਗੀ ਸੜਕ, ਜੋ ਹਾਲੇ ਬਣ ਰਹੀ ਹੈ, ਉਥੇ ਹਰ ਸਾਲ ਪਹਾੜ ਖਿਸਕਣ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨਾਲ ਆਰਥਕ ਵਿਕਾਸ ਤਾਂ ਕੀ ਹੋਣਾ, ਸਗੋਂ ਕੁਦਰਤੀ ਵਾਤਾਵਰਣ ਦਾ ਵਿਨਾਸ਼ ਹੋ ਰਿਹਾ ਹੈ। ਇਸ ਲਈ ਰਾਜ ਅਤੇ ਕੇਂਦਰ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਪਹਾੜੀ ਖੇਤਰਾਂ ਵਿਚ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਤੋਂ ਪਹਿਲਾਂ ਆਰਥਕ ਲਾਲਸਾਵਾਂ-ਰਹਿਤ ਸੋਚ ਅਪਨਾ ਕੇ ਭੂ-ਵਿਗਿਆਨੀਆਂ ਅਤੇ ਵਾਤਾਵਰਣ ਮਾਹਿਰਾਂ ਦੀ ਰਾਇ ਲੈਣ। ਫਿਰ ਉਸ ਉਤੇ ਸੰਜੀਦਗੀ ਨਾਲ ਅਮਲ ਕਰਨ ਤਾਂਕਿ ਕੁਦਰਤੀ ਆਫਤ ਵੇਲੇ ਜਾਨ-ਮਾਲ ਦਾ ਘੱਟ ਤੋਂ ਘੱਟ ਨੁਕਸਾਨ ਹੋਵੇ। ਸਾਨੂੰ ਆਪਣੇ ਪਹਾੜੀ ਇਲਾਕਿਆਂ ਨੂੰ ਸੁੰਦਰ ਅਤੇ ਸਲਾਮਤ ਰੱਖਣ ਲਈ ਬਾਹਰਲੇ ਦੇਸ਼ਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਯੂਰਪ ਦੇ ਪਹਾੜੀ ਖੇਤਰਾਂ ਵਿਚ ਸੜਕਾਂ ਦੀ ਚੌੜਾਈ ਵੱਧ ਤੋਂ ਵੱਧ 8 ਮੀਟਰ ਹੈ, ਜਦਕਿ ਉਥੋਂ ਦੇ ਪਹਾੜ ਪੁਰਾਣੇ ਅਤੇ ਘਸੇ ਹੋਏ ਹਨ।

ਅਮਰੀਕਾ ਦੇ ਪ੍ਰਸਿੱਧ ਪਹਾੜੀ ਸ਼ਹਿਰ ਯੂਸੀਮਿਟੀ ਦੀ ਕੁਦਰਤੀ ਸੁੰਦਰਤਾ ਨੂੰ ਬਰਕਰਾਰ ਰੱਖਣ ਲਈ ਉਥੋਂ ਦੇ ਪ੍ਰਸ਼ਾਸਨ ਨੇ ਉਥੇ ਕਿਸੇ ਵੀ ਤਰ੍ਹਾਂ ਦੀ ਉਸਾਰੀ ਉਤੇ ਮੁਕੰਮਲ ਰੋਕ ਲਾਈ ਹੋਈ ਹੈ, ਜਦੋਂ ਕਿ ਉਥੇ ਸੈਲਾਨੀਆਂ ਦੇ ਠਹਿਰਣ ਲਈ ਸਿਰਫ ਚਾਰ ਹੀ ਹੋਟਲ ਹਨ। ਇਸ ਲਈ ਉਥੇ ਪਹਾੜ ਕੱਟਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਉਥੇ ਤਾਂ ਦਰੱਖਤ ਵੱਢਣ ਅਤੇ ਦਰੱਖਤਾਂ ਤੋਂ ਥੱਲੇ ਗਿਰੀਆਂ ਸੁੱਕੀਆਂ ਲੱਕੜਾਂ ਚੁੱਕਣ ਦੀ ਵੀ ਮਨਾਹੀ ਹੈ। ਜੇ ਅਸੀਂ ਆਪਣੇ ਪਹਾੜੀ ਅਤੇ ਵਾਤਾਵਰਣ ਸੰਵੇਦਨਸ਼ੀਲ ਖੇਤਰਾਂ ਨੂੰ ਕੁਦਰਤੀ ਆਫਤਾਂ ਦੀ ਮਾਰ ਤੋਂ ਬਚਾਉਣਾ ਅਤੇ ਉਨ੍ਹਾਂ ਦੀ ਕੁਦਰਤੀ ਸੁੰਦਰਤਾ ਨੂੰ ਬਰਕਰਾਰ ਰੱਖਣਾ ਹੈ ਤਾਂ ਸਾਨੂੰ ਭੂ-ਵਿਗਿਆਨੀਆਂ ਅਤੇ ਵਾਤਾਵਰਣ ਮਾਹਿਰਾਂ ਦੀ ਰਾਇ ਲੈ ਕੇ ਹੀ ਯੋਜਨਾਬੰਦ ਤਰੀਕੇ ਨਾਲ ਵਿਕਾਸ ਦੇ ਕਾਰਜ ਕਰਨੇ ਚਾਹੀਦੇ ਹਨ।

# ਮੁੱਦਾ ਨਿਆਂ ਪਾਲਿਕਾ ਦੇ ਅਕਸ ਨੂੰ ਲੱਗਦੇ ਦਾਗ ਰੋਕਣ ਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਸ਼ਾਂਤ ਭੂਸ਼ਣ ਇਸ ਵਕਤ ਅਦਾਲਤ ਦੀ ਮਾਣ-ਹਾਨੀ ਦੇ ਕੇਸ ਵਿਚ ਫਸਿਆ ਪਿਆ ਹੈ। ਉਹ ਸੁਪਰੀਮ ਕੋਰਟ ਦੇ ਪ੍ਰਮੁੱਖ ਵਕੀਲਾਂ ਵਿਚੋਂ ਇੱਕ ਹੈ ਤੇ ਉਸ ਦਾ ਬਾਪ ਵੀ ਏਦਾਂ ਦੇ ਮਾਮਲਿਆਂ ਵਿਚ ਏਦਾਂ ਹੀ ਸਿਰੜ ਨਾਲ ਸਟੈਂਡ ਲੈਣ ਵਾਲਾ ਮੰਨਿਆ ਜਾਂਦਾ ਸੀ। ਇਸ ਵਕੀਲ ਦੇ ਵਿਰੁੱਧ ਮਾਣ-ਹਾਨੀ ਦੀ ਕਾਰਵਾਈ ਹੋਣੀ ਵੀ ਚਾਹੀਦੀ ਹੈ। ਇਸ ਕਰ ਕੇ ਨਹੀਂ ਹੋਣੀ ਚਾਹੀਦੀ ਕਿ ਉਸ ਦੇ ਟਵੀਟ ਨਾਲ ਅਦਾਲਤ ਦੀ ਮਾਣ-ਹਾਨੀ ਹੋਈ ਹੈ, ਸਗੋਂ ਇਸ ਲਈ ਹੋਣੀ ਚਾਹੀਦੀ ਹੈ ਕਿ ਜਦੋਂ ਖੁਦ ਮਾਣ ਵਾਲੇ ਲੋਕ ਹੀ ਮਾਣ ਦੀ ਪ੍ਰਵਾਹ ਨਹੀਂ ਕਰਦੇ ਤੇ ਅਦਾਲਤਾਂ ਦਾ ਅਕਸ ਖਰਾਬ ਹੋਈ ਜਾਂਦਾ ਹੈ ਤਾਂ ਇਸ ਵਿਅਕਤੀ ਨੇ ਇਹ ਬੋਲੋੜਾ ਦਖਲ ਦਿੱਤਾ ਹੈ। ਪ੍ਰਸ਼ਾਂਤ ਦੀ ਕਹਾਣੀ ਦੇ ਦੌਰਾਨ ਇਹ ਗੱਲ ਭੁਲਾਈ ਗਈ ਹੈ ਕਿ ਨਿਆਂ ਪਾਲਿਕਾ ਦੇ ਕਿਹੜੇ ਵੱਡੇ ਥੰਮ੍ਹਾਂ ਉਤੇ ਕਿੰਨੇ ਵੱਡੇ ਦੋਸ਼ ਕਦੋਂ ਲੱਗੇ ਤੇ ਕਦੋਂ ਉਨ੍ਹਾਂ ਦੀ ਗੂੰਜ ਪੈਣ ਪਿੱਛੋਂ ਉਨ੍ਹਾਂ ਨੂੰ ਇੱਕਦਮ ਵਿਸਾਰ ਦਿੱਤਾ ਗਿਆ ਸੀ ਅਤੇ ਲੋਕਾਂ ਨੂੰ ਪਤਾ ਹੀ ਨਹੀਂ ਸੀ ਲੱਗਾ। ਕਦੀ-ਕਦੀ ਇਹ ਗੱਲਾਂ ਵੀ ਯਾਦ ਕਰ ਲੈਣੀਆਂ ਚਾਹੀਦੀਆਂ ਹਨ।



ਪ੍ਰਸ਼ਾਂਤ ਭੂਸ਼ਣ

ਅਸੀਂ ਪ੍ਰਸ਼ਾਂਤ ਭੂਸ਼ਣ ਦਾ ਉਹ ਟਵੀਟ ਪੜ੍ਹਿਆ ਹੈ ਅਤੇ ਉਦੋਂ ਪੜ੍ਹਿਆ ਹੈ, ਜਦੋਂ ਉਸ ਦੇ ਖਿਲਾਫ ਅਦਾਲਤ ਵਿਚ ਕੇਸ ਚੱਲ ਪਿਆ ਸੀ, ਪਹਿਲਾਂ ਸਾਨੂੰ ਉਸ ਦਾ ਪਤਾ ਨਹੀਂ ਸੀ। ਬਹੁਤ ਸਾਰੇ ਹੋਰਨਾਂ ਲੋਕਾਂ ਨੂੰ ਇਸ ਮਾਣ-ਹਾਨੀ ਕੇਸ ਬਾਰੇ ਕਾਰਵਾਈ ਚੱਲਣ ਤੋਂ ਪਹਿਲਾਂ ਪਤਾ ਨਹੀਂ ਲੱਗਾ ਹੋਣਾ। ਚੰਗਾ ਹੋਇਆ ਕਿ ਇਸ ਬਹਾਨੇ ਉਸ ਦਾ ਟਵੀਟ ਬਹੁਤ ਸਾਰੇ ਲੋਕਾਂ ਤੱਕ ਚਲਾ ਗਿਆ ਹੈ। ਦੇਸ਼ ਦਾ ਸੰਵਿਧਾਨ ਜਦੋਂ 'ਹਮ ਭਾਰਤ ਕੇ ਲੋਗ' ਦੇ ਸ਼ਬਦਾਂ ਨਾਲ ਅਰੰਭ ਹੁੰਦਾ ਹੈ ਤਾਂ ਲੋਕਾਂ ਨੂੰ ਇਸ ਦੇ ਅਕਸ ਬਾਰੇ, ਅਕਸ ਨੂੰ ਪ੍ਰਭਾਵਿਤ ਕਰਨ ਜਾਂ ਇਸ ਦੀ ਚਿੰਤਾ ਕਰਨ ਵਾਲੇ ਲੋਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਆਹ ਕੁਝ ਵੀ ਹੋਈ ਜਾਂਦਾ ਹੈ। ਅਦਾਲਤਾਂ ਤੇ ਫੌਜ ਦਾ ਅਕਸ ਅਜੇ ਤੱਕ ਆਮ ਲੋਕ ਚੰਗਾ ਸਮਝਦੇ ਸਨ। ਇਸ ਦਾ ਚੰਗਾਪਣ ਵੀ ਪਿਛਲੇ ਕੁਝ ਸਾਲਾਂ ਤੋਂ ਸਵਾਲਾਂ ਦੇ ਘੇਰੇ ਵਿਚ ਆਉਣ ਲੱਗ ਪਿਆ ਹੈ ਤੇ ਲੋਕਾਂ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਨਾਂ ਉਤੇ ਚੱਲ ਰਹੇ ਲੋਕਤੰਤਰ ਵਿਚ ਆਹ ਸਵਾਲ ਵੀ ਉਠਦੇ ਹਨ। ਪ੍ਰਸ਼ਾਂਤ ਭੂਸ਼ਣ ਦੇ ਜਿਸ ਟਵੀਟ ਤੋਂ ਵਹਿਮੀਆਂ ਦੇ ਮੁਹੱਲੇ ਵਿਚ ਡਿੱਗੇ ਪਏ ਕਿਸੇ ਤਵੀਤ ਵਾਂਗ ਰੌਲਾ ਪੈ ਗਿਆ ਹੈ, ਉਸ ਵਿਚ ਇਹੋ ਜਿਹੀ ਮਾੜੀ ਗੱਲ ਕੋਈ ਨਹੀਂ ਲੱਭਦੀ, ਸਿਰਫ ਇੱਕ ਨਾਗਰਿਕ ਦੇ ਵਿਚਾਰਾਂ ਦਾ ਪ੍ਰਗਟਾਵਾ ਹੀ ਲੱਭਦਾ ਹੈ। ਉਦਾਂ ਜਿਹੜੀ ਗੱਲ ਬਹਿਸ ਦਾ ਮੁੱਦਾ ਬਣਨੀ ਚਾਹੀਦੀ ਹੈ, ਉਹ ਪ੍ਰਸ਼ਾਂਤ ਭੂਸ਼ਣ ਜਾਂ ਉਸ ਦੇ ਕੀਤੇ ਟਵੀਟ ਦੀ ਥਾਂ ਉਹ ਭ੍ਰਿਸ਼ਟਾਚਾਰ ਹੋਣਾ ਚਾਹੀਦਾ ਹੈ, ਜਿਸ ਦੀ ਚਰਚਾ ਕਈ ਵਾਰ ਚੱਲ ਚੁਕੀ ਹੈ ਤੇ ਅੱਗੋਂ ਵੀ ਚੱਲਦੀ ਰਹਿਣੀ ਹੈ। ਵੀਹ ਕੁ ਸਾਲ ਪਹਿਲਾਂ ਏ. ਜੀ. ਨੂਰਾਨੀ ਨੇ ਇਸ ਬਾਰੇ ਕਈ ਕੇਸਾਂ ਦੇ ਹਵਾਲੇ ਨਾਲ ਇੱਕ ਵੱਡਾ ਲੇਖ ਲਿਖਿਆ ਸੀ ਤਾਂ ਉਸ ਨਾਲ ਵੀ ਧਮੱਚੜ ਪਿਆ ਸੀ, ਪਰ ਜਿਸ ਪੱਧਰ ਦੀ ਗੱਲ ਇਸ ਵਾਰੀ ਚੱਲ ਪਈ ਹੈ, ਪਹਿਲਾਂ ਕਦੀ ਨਹੀਂ ਸੀ ਸੁਣੀ ਗਈ। ਉਂਜ ਕੇਸ ਇਸ ਸਮੇਂ ਵਿਚ ਬਹੁਤ ਹੋ ਚੁਕੇ ਹਨ।

ਸਾਨੂੰ ਯਾਦ ਹੈ ਕਿ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਵਕਤ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਵਿਰੁੱਧ ਮਹਾਦੋਸ਼ ਦਾ ਮਤਾ ਲੋਕ ਸਭਾ ਤੱਕ ਗਿਆ ਸੀ ਤੇ ਫਿਰ ਜੋੜ-ਤੋੜ ਵਾਲੀ ਰਾਜਨੀਤੀ ਕਾਰਨ ਰੱਦ ਹੋ ਗਿਆ ਸੀ। ਇਸ ਨੂੰ ਪਾਸ ਕਰਨ ਲਈ ਇੱਕ ਸੌ ਛਿਆਨਵੇਂ ਮੈਂਬਰਾਂ ਨੇ ਵੋਟ ਪਾਈ ਸੀ, ਦੋ ਸੌ ਪੰਜ ਜਣਿਆਂ ਨੇ ਵੋਟ ਨਹੀਂ ਸੀ ਪਾਈ ਅਤੇ ਮਤਾ ਪਾਸ ਕਰਨ ਲਈ ਲੋੜੀਂਦੀ ਦੋ-ਤਿਹਾਈ ਬਹੁ-ਗਿਣਤੀ ਨਾ ਹੋਣ ਕਾਰਨ ਜਸਟਿਸ ਰਾਮਾਸਵਾਮੀ ਬਚ ਗਿਆ ਸੀ। ਜਿਹੜੇ ਦੋ ਸੌ ਪੰਜ ਮੈਂਬਰ ਉਸ ਦੇ ਵਿਰੁੱਧ ਨਹੀਂ ਸਨ ਭੁਗਤੇ, ਉਹ ਵੀ ਉਸ ਦੇ ਪੱਖ ਵਿਚ ਇਸ ਲਈ ਨਹੀਂ ਸੀ ਭੁਗਤੇ ਕਿ ਉਹ ਉਸ ਨੂੰ ਨਿਰਦੋਸ਼ ਨਹੀਂ ਸੀ ਮੰਨਦੇ। ਫਿਰ ਜਸਟਿਸ ਦਿਨਾਕਰਨ ਦਾ ਕੇਸ ਵੀ ਮਹਾਦੋਸ਼ ਲਈ ਪਾਰਲੀਮੈਂਟ ਤੱਕ ਪਹੁੰਚਿਆ ਸੀ ਤੇ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਪੈਨਲ ਨੇ ਵੀ ਉਸ ਨੂੰ ਸਾਫ ਨਹੀਂ ਸੀ ਕਿਹਾ, ਜਿਸ ਪਿੱਛੋਂ ਅਸਤੀਫਾ ਦੇਣ ਨਾਲ ਉਦੋਂ ਉਹ ਮਹਾਦੋਸ਼ ਤੋਂ ਬਚ ਗਿਆ ਸੀ।

ਜਸਟਿਸ ਸੌਮਿਤਰਾ ਸੇਨ ਦਾ ਕੇਸ ਵੀ ਪਾਰਲੀਮੈਂਟ ਵਿਚ ਮਹਾਦੋਸ਼ ਤੱਕ ਗਿਆ ਤੇ ਫੰਡਾਂ ਦੀ ਗੜਬੜ ਬਦਲੇ ਉਸ ਦੇ ਖਿਲਾਫ ਮਹਾਦੋਸ਼ ਮਤਾ ਰਾਜ ਸਭਾ ਵਿਚ 189 ਵੋਟਾਂ ਨਾਲ ਪਾਸ ਕਰ ਦਿੱਤਾ ਗਿਆ ਸੀ, ਸਿਰਫ 17 ਵੋਟਾਂ ਉਸ ਦੇ ਪੱਖ ਵਿਚ ਪਈਆਂ ਸਨ। ਇਸ ਪਿੱਛੋਂ ਲੋਕ ਸਭਾ ਵਿਚ ਝਟਕਾ ਖਾਣ ਤੋਂ ਪਹਿਲਾਂ ਉਹ ਅਹੁਦਾ ਛੱਡਣ ਨੂੰ ਮਜਬੂਰ ਹੋ ਗਿਆ ਸੀ। ਇੱਕ ਵਾਰੀ ਇੱਕ ਜੱਜ ਨੂੰ ਇਸ ਲਈ ਅਸਤੀਫਾ ਦੇਣਾ ਪਿਆ ਸੀ ਕਿ ਕੇਸ ਦਾ ਫੈਸਲਾ ਲਿਖਣ ਲਈ ਜੋ ਫਾਈਲਾਂ ਉਸ ਨੇ ਆਪਣੇ ਘਰ ਮੰਗਵਾਈਆਂ ਸਨ, ਉਹ ਬਾਅਦ ਵਿਚ ਇੱਕ ਵਕੀਲ ਦੇ ਘਰ ਇੱਕ ਏਜੰਸੀ ਦੇ ਵੱਜੇ ਛਾਪੇ ਦੌਰਾਨ ਮਿਲੀਆਂ ਸਨ। ਉਹ ਵਕੀਲ ਉਸ ਮੁਕੱਦਮੇ ਦੀਆਂ ਦੋਹਾਂ ਧਿਰਾਂ ਵਿਚੋਂ ਇੱਕ ਵੱਲੋਂ ਅਦਾਲਤ ਵਿਚ ਪੇਸ਼ ਹੁੰਦਾ ਰਿਹਾ ਸੀ। ਇਸ ਨਾਲ ਵੀ ਬੜੀ ਚਰਚਾ ਹੁੰਦੀ ਰਹੀ ਸੀ।

ਸਾਡੇ ਪੰਜਾਬ ਵਿਚ ਇੱਕ ਵਾਰ ਇੱਕ ਜੱਜ ਸਾਹਿਬ ਦਾ ਨਾਂ ਹਾਈ ਕੋਰਟ ਲਈ ਭੇਜਿਆ ਜਾਣ ਵਾਲਾ ਸੀ ਤਾਂ ਇੱਕ ਚੀਫ ਜੁਡੀਸ਼ਲ ਮੈਜਿਸਟਰੇਟ ਦੇ ਫੜੇ ਜਾਣ ਨਾਲ ਉਸ ਦਾ ਨਾਂ ਵੀ ਚਰਚਾ ਵਿਚ ਆ ਗਿਆ ਸੀ। ਇਸ ਪਿਛੋਂ ਬਹੁਤ ਸਾਰੇ ਜਿਲਿਆਂ ਦੇ ਵਕੀਲਾਂ ਨੇ ਇਸ ਗੱਲ ਦੀ ਦੁਹਾਈ ਪਾਈ ਸੀ ਕਿ ਅਦਾਲਤਾਂ ਵਿਚ ਹੁੰਦੇ ਪੁੱਠੇ ਕੰਮ ਰੋਕਣ ਦੀ ਲੋੜ ਹੈ, ਕਿਉਂਕਿ ਇਸ ਨਾਲ ਸਾਰੀ ਨਿਆਂਪਾਲਿਕਾ ਦੀ ਬਦਨਾਮੀ ਹੋ ਰਹੀ ਹੈ। ਸਾਡੇ ਕੋਲ ਉਸ ਵੇਲੇ ਦੀਆਂ ਅਖਬਾਰਾਂ ਦੀਆਂ ਕਈ ਕਤਰਾਂ ਹਨ, ਜਿਨ੍ਹਾਂ ਵਿਚ ਇਸ ਗੱਲ ਦੀ ਚਰਚਾ ਹੁੰਦੀ ਰਹੀ ਸੀ ਕਿ ਅਦਾਲਤਾਂ ਵਿਚ ਭ੍ਰਿਸ਼ਟਾਚਾਰ ਲਈ ਕਿੱਦਾਂ ਦੇ ਢੰਗ ਵਰਤੇ ਜਾਂਦੇ ਹਨ, ਪਰ ਪਿੱਛੋਂ ਸਾਰੀ ਗੱਲ ਠੱਪੀ ਗਈ ਸੀ। ਇਸ ਚਰਚਾ ਦੇ ਜ਼ਿੰਮੇਵਾਰ ਉਹ ਜੱਜ ਸਾਹਿਬਾਨ ਹਨ, ਜੋ ਆਪਣੀ ਮਾਣਯੋਗ ਕੁਰਸੀ ਦੇ ਸਤਿਕਾਰ ਦਾ ਖਿਆਲ ਨਹੀਂ ਰੱਖਦੇ ਅਤੇ ਆਪਣੇ ਭਾਈਚਾਰੇ ਵਿਚਲੇ ਇਮਾਨਦਾਰ ਤੇ ਸੱਚੇ-ਸੁੱਚੇ ਜੱਜਾਂ ਲਈ ਵੀ ਨਮੋਸ਼ੀ ਦਾ ਕਾਰਨ ਬਣਦੇ ਹਨ। ਮੁੱਦਾ ਉਠਦਾ ਹੈ ਤਾਂ ਆਮ ਲੋਕ ਚਰਚਾ ਕਰਨਗੇ ਹੀ!

ਹੋਰ ਲਿਖਣਾ ਹੋਵੇ ਤਾਂ ਹਰਿਆਣਾ ਦੇ ਉਨ੍ਹਾਂ ਜੱਜਾਂ ਦਾ ਕਿੱਸਾ ਲਿਖ ਸਕਦੇ ਹਾਂ, ਜਿਨ੍ਹਾਂ ਨੇ ਮਜ਼ਦੂਰਾਂ ਦੇ ਪ੍ਰਾਵੀਡੈਂਟ ਫੰਡ ਵਾਲੇ ਪੈਸੇ ਆਪੋ ਵਿਚ ਵੰਡ ਲਏ ਸਨ ਤੇ ਫਿਰ ਉਨ੍ਹਾਂ ਵਿਚੋਂ ਕੁਝ ਹਾਈ ਕੋਰਟ ਤੱਕ ਪਹੁੰਚ ਗਏ ਸਨ, ਪਰ ਕੇਸ ਤੋਂ ਖਹਿੜਾ ਨਹੀਂ ਸੀ ਛੁੱਟਦਾ। ਚੰਡੀਗੜ੍ਹ ਵਿਚ ਇੱਕ ਜੱਜ ਬੀਬੀ ਦੇ ਘਰ ਦਿੱਲੀ ਦੇ ਇੱਕ ਦਲਾਲ ਵੱਲੋਂ ਪੰਦਰਾਂ ਲੱਖ ਰੁਪਏ ਦੀ ਪਹੁੰਚ ਦਾ ਕਿੱਸਾ ਦੱਸ ਸਕਦੇ ਹਾਂ, ਜਿਸ ਵਿਚ ਪੈਸੇ ਦੇਣ ਵਾਲਾ ਕਾਰਿੰਦਾ ਉਸ ਜੱਜ ਦੀ ਥਾਂ ਇੱਕ ਈਮਾਨਦਾਰ ਜੱਜ ਬੀਬੀ ਦੇ ਘਰ ਜਾ ਪਹੁੰਚਿਆ ਸੀ ਅਤੇ ਅੱਗੋਂ ਉਸ ਜੱਜ ਬੀਬੀ ਨੇ ਪੁਲਿਸ ਨੂੰ ਕੇਸ ਦੇ ਦਿੱਤਾ ਸੀ। ਅੰਮ੍ਰਿਤਸਰ ਦੇ ਇੱਕ ਜੱਜ ਦਾ ਕਿੱਸਾ ਵੀ ਸਾਨੂੰ ਯਾਦ ਹੈ, ਜਿਸ ਨੂੰ ਹਾਈ ਕੋਰਟ ਨੇ ਨੌਕਰੀ ਤੋਂ ਲਾਂਭੇ ਕੀਤਾ ਤਾਂ ਸੱਠ ਤੋਂ ਵੱਧ ਕੇਸਾਂ ਦੇ ਫੈਸਲੇ ਨਾਲ ਫਸ ਗਏ ਸਨ, ਕਿਉਂਕਿ ਉਸ ਜੱਜ ਨੇ ਅਦਾਲਤ ਵਿਚ ਫੈਸਲੇ ਸੁਣਾ ਦੇਣ ਮਗਰੋਂ ਵੀ ਉਨ੍ਹਾਂ ਫੈਸਲਿਆਂ ਦੀ ਫਾਈਲ ਉਤੇ ਅਜੇ ਕਿਸੇ ਝਾਕ ਵਿਚ ਦਸਤਖਤ ਨਹੀਂ ਸਨ ਕੀਤੇ ਤੇ ਹਾਈ ਕੋਰਟ ਦੇ ਹੁਕਮ ਪਿੱਛੋਂ ਦਸਤਖਤ ਕਰ ਨਹੀਂ ਸੀ ਸਕਦਾ। ਏਦਾਂ ਦੇ ਜੱਜਾਂ ਦੇ ਵਿਹਾਰ ਦੀ ਸਾਰੀ ਕਹਾਣੀ ਲਿਖਿਆਂ ਲਿਖਤ ਦਾ ਬੋਝ ਵਧ ਜਾਵੇਗਾ ਤੇ ਨਿਕਲੇਗਾ ਫਿਰ ਵੀ ਕੁਝ ਨਹੀਂ। ਕਰਨ ਵਾਲੀ ਗੱਲ ਤਾਂ ਇਹ ਹੈ ਕਿ ਪ੍ਰਸ਼ਾਂਤ ਭੂਸ਼ਣ ਜਿਹਿਆਂ ਪਿੱਛੇ ਡੰਡਾ ਚੁੱਕਣ ਦੀ ਥਾਂ ਦੇਸ਼ ਦੀ ਨਿਆਂਪਾਲਿਕਾ ਇਸ ਦੇਸ਼ ਦੇ ਨਾਗਿਰਕਾਂ ਨੂੰ ਮਿਲੇ ਹੋਏ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰ ਦਾ ਸਤਿਕਾਰ ਕਰੇ ਅਤੇ ਆਪਣੇ ਅੰਦਰਲੀਆਂ ਕਾਲੀਆਂ ਭੇਡਾਂ ਨੂੰ ਕਟਹਿਰੇ ਵਿਚ ਖੜਨ ਦਾ ਯਤਨ ਕਰੇ, ਤਾਂ ਕਿ ਨਿਆਂਪਾਲਿਕਾ ਦਾ ਇਕਬਾਲ ਹੋਰ ਬੁਲੰਦ ਹੋ ਸਕੇ।

# ਭਾਰਤ ਅਤੇ ਰੂਸ ਵਿਚਾਲੇ ਪਹਿਲਾਂ ਜਿਹੀ ਨੇੜਤਾ ਕਿਉਂ ਨਹੀਂ ਰਹੀ?

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: 0061411208811

ਸਭ ਨੇ ਬੰਗਲਾ ਦੇਸ਼ ਬਣਨ ਦੀ ਦਾਸਤਾਂ ਪੜ੍ਹੀ-ਸੁਣੀ ਹੋਵੇਗੀ, ਪਰ 60 ਸਾਲ ਤੋਂ ਵੱਧ ਉਮਰ ਵਾਲੇ ਜਾਣਦੇ ਹਨ ਕਿ 1971 ਦੌਰਾਨ ਸੋਵੀਅਤ ਯੂਨੀਅਨ (ਰੂਸ) ਨੇ ਕਿਸ ਤਰ੍ਹਾਂ ਨੰਗੇ ਧੜ ਭਾਰਤ ਦੀ ਮਦਦ ਕੀਤੀ ਸੀ। ਕਿਸ ਤਰ੍ਹਾਂ ਪਾਕਿਸਤਨ ਦੀ ਮਦਦ ਲਈ ਆਏ ਜੰਗੀ ਬੇੜੇ (Seventh Fleet) ਨੂੰ ਰੂਸ ਦੀ ਘੁਰਕੀ ਕਾਰਨ ਪਿਛੇ ਮੁੜਨਾ ਪਿਆ ਸੀ। ਉਸ ਵਕਤ ਦੁਨੀਆਂ ਦੇ 5 ਦੇਸ਼ਾਂ ਕੋਲ ਵੀਟੋ ਪਾਵਰ ਹੁੰਦੀ ਸੀ, ਪਰ ਚੀਨ ਕੋਲ ਨਹੀਂ ਸੀ। ਵੀਟੋ ਪਾਵਰ ਦਾ ਮਤਲਬ ਹੈ ਕਿ ਯੂ. ਐਨ. ਓ. ਵਿਚ ਕੋਈ ਵੀ ਮਤਾ ਵੀਟੋ ਪਾਵਰ ਵਾਲੇ ਦੇਸ਼ ਦੀ ਮਰਜੀ ਤੋਂ ਬਿਨਾ ਪਾਸ ਨਹੀਂ ਹੋ ਸਕਦਾ। ਪਿਛੋਂ ਸੋਵੀਅਤ ਯੂਨੀਅਨ ਦੇ ਟੁੱਟਣ ਕਾਰਨ ਯੂ. ਐਨ. ਓ. ਅਮਰੀਕਾ ਦੀ ਕਠਪੁਲੀ ਬਣ ਕੇ ਰਹਿ ਗਈ; ਪਰ ਉਸ ਸਮੇਂ ਯੂ. ਐਨ. ਓ. ਦਾ ਬਹੁਤ ਮਹੱਤਵ ਸੀ। ਕਸ਼ਮੀਰ ਦੇ ਮਾਮਲੇ ਵਿਚ ਜੇ ਰੂਸ ਵੀਟੋ ਤਾਕਤ ਦੀ ਵਰਤੋਂ ਨਾ ਕਰਦਾ ਤਾਂ ਭਾਰਤ ਨੇ ਵਿਸ਼ਵ ਪੱਧਰ 'ਤੇ ਅਲੱਗ-ਥਲੱਗ ਹੋ ਜਾਣਾ ਸੀ।

ਭਾਰਤ ਨੇ ਸੋਵੀਅਤ ਯੂਨੀਅਨ ਨਾਲ ਇੱਕ 25 ਸਾਲਾ ਸੰਧੀ ਵੀ ਕੀਤੀ ਸੀ। ਭਾਰਤ ਇੱਕ ਤਰ੍ਹਾਂ ਨਾਲ ਉਸ ਵੇਲੇ ਸੋਵੀਅਤ ਯੂਨੀਅਨ ਦਾ ਸਭ ਤੋਂ ਨੇੜਲਾ ਅਤੇ ਸਥਾਈ ਮਿੱਤਰ ਸੀ। ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ। ਨਾ ਸੋਵੀਅਤ ਯੂਨੀਅਨ ਰਿਹਾ ਤੇ ਨਾ 1971 ਵਾਲਾ ਭਾਰਤ ਰਿਹਾ। ਜਦੋਂ ਤੋਂ ਭਾਜਪਾ ਦੀ ਸਰਕਾਰ ਕੇਂਦਰ ਵਿਚ ਬਣੀ ਹੈ, ਭਾਰਤ ਦਾ ਝੁਕਾਅ ਅਮਰੀਕਾ ਵਲ ਹੋ ਗਿਆ। ਇਨ੍ਹਾਂ 6 ਸਾਲਾਂ ਦੌਰਾਨ ਇਕੱਲਾ ਰੂਸ ਹੀ ਭਾਰਤ ਤੋਂ ਦੂਰ ਨਹੀਂ ਹੋਇਆ, ਸਗੋਂ ਨਾਲ ਲਗਦੇ ਗੁਆਂਢੀ ਦੇਸ਼ ਵੀ ਭਾਰਤ ਨਾਲ ਦੂਰੀ ਬਣਾ ਕੇ ਚੱਲ ਰਹੇ ਹਨ। ਭਾਰਤ ਨੂੰ ਰੂਸ ਦੀ ਯਾਦ ਉਦੋਂ ਆਈ, ਜਦੋਂ ਚੀਨ ਦੀ ਫੌਜ ਭਾਰਤੀ ਇਲਾਕੇ ਅੰਦਰ ਆ ਕੇ ਬੈਠ ਗਈ। ਇਸ ਦੌਰਾਨ ਹੋਈ ਝੜਪ ਵਿਚ ਭਾਰਤ ਦੇ 20 ਸੈਨਿਕ ਸ਼ਹੀਦ ਹੋ ਗਏ। ਭਾਰਤ ਦੇ ਰੱਖਿਆ ਮੰਤਰੀ ਵਲੋਂ ਰੂਸ ਦਾ ਦੌਰਾ ਵੀ ਕੀਤਾ ਗਿਆ, ਪਰ ਆਸ ਮੁਤਾਬਕ ਭਾਰਤ ਨੂੰ ਹੁੰਗਾਰਾ ਨਹੀਂ ਮਿਲਿਆ।

ਕੌਮਾਂਤਰੀ ਕੂਟਨੀਤੀ ਵਿਚ ਕੋਈ ਸਥਾਈ ਦੋਸਤ ਜਾਂ ਸਥਾਈ ਦੁਸ਼ਮਣ ਨਹੀਂ ਹੁੰਦਾ। 2014 ਵਿਚ ਸੱਤਾ ਸੰਭਾਲਦੇ ਹੀ ਨਰਿੰਦਰ ਮੋਦੀ ਸਰਕਾਰ ਨੇ ਵਿਦੇਸ਼ ਨੀਤੀ ਵਿਚ ਤਬਦੀਲੀ ਕਰਦਿਆਂ ਭਾਰਤ ਦੇ ਰਵਾਇਤੀ ਮਿੱਤਰ ਦੇਸ਼ਾਂ ਦੀ ਥਾਂ ਕੁਝ ਨਵੇਂ ਦੋਸਤਾਂ ਨੂੰ ਤਰਜੀਹ ਦਿੱਤੀ। ਸੰਭਵ ਹੈ ਕਿ ਇਹ ਕੁਝ ਦੇਸ਼ ਹਿਤ ਨੂੰ ਮੁੱਖ ਰੱਖ ਕੇ ਹੀ ਕੀਤਾ ਗਿਆ ਹੋਵੇਗਾ ਅਤੇ ਨਵੇਂ-ਪੁਰਾਣੇ ਦੋਸਤਾਂ ਦਰਮਿਆਨ ਸੰਤੁਲਨ ਸਥਾਪਤ ਕਰਨ ਦਾ ਯਤਨ ਕੀਤਾ ਹੋਵੇਗਾ। ਫੇਰ ਕੀ ਕਾਰਨ ਹੈ ਕਿ ਰੂਸ ਜਿਹਾ ਪੱਕਾ ਸਾਥੀ ਪਿੱਛੇ ਰਹਿ ਗਿਆ। ਦਰਅਸਲ ਪ੍ਰਧਾਨ ਮੰਤਰੀ ਦਾ ਕੱਟੜ ਰਾਸ਼ਟਰਵਾਦੀ ਅਤੇ ਹਿੰਦੂਤਵਵਾਦੀ ਚਿਹਰਾ ਜਿਥੇ ਉਸ ਦੀ ਸਭ ਤੋਂ ਵੱਡੀ ਤਾਕਤ ਹੈ, ਉਥੇ ਉਸ ਦੀ ਸਭ ਤੋਂ ਵੱਡੀ ਰਾਜਨੀਤਕ ਕਮਜ਼ੋਰੀ ਵੀ ਹੈ। ਇਸ ਵਿਚਾਰਧਾਰਾ ਨੇ ਉਸ ਨੂੰ ਸੱਤਾ ਤਾਂ ਸੌਂਪੀ, ਪਰ ਇਹ ਵਿਚਾਰਧਾਰਾ ਘਰੇਲੂ ਅਤੇ ਕੌਮਾਂਤਰੀ ਪੱਧਰ 'ਤੇ ਵਾਸਤਵਿਕ ਰਾਸ਼ਟਰੀ ਹਿਤਾਂ ਦੀ ਪਛਾਣ ਕਰਨ ਦੇ ਰਾਹ ਵਿਚ ਵੱਡੀ ਰੁਕਾਵਟ ਬਣ ਗਈ।

ਕੱਟੜ ਰਾਸ਼ਟਰਵਾਦੀ ਸੋਚ ਕਾਰਨ ਕੇਂਦਰ ਸਰਕਾਰ ਪਾਕਿਸਤਾਨ ਤੋਂ ਅਗਲੀ ਗੱਲ ਸੋਚ ਹੀ ਨਾ ਸਕੀ; ਹਾਲਾਂ ਕਿ ਭਾਰਤ ਲਈ ਵੱਡਾ ਖਤਰਾ ਚੀਨ ਸੀ, ਚੀਨ ਹੈ ਅਤੇ ਚੀਨ ਰਹੇਗਾ। ਪਾਕਿਸਤਨ ਖਿਲਾਫ ਬੋਲ ਕੇ ਉਹ ਘੱਟ ਗਿਣਤੀ ਫਿਰਕੇ ਨੂੰ ਨਿਸ਼ਾਨਾ ਬਣਾਉਂਦੇ ਰਹੇ ਅਤੇ ਵੋਟਾਂ ਬਟੋਰਨ ਦੇ ਸੌੜੇ ਮਨਸੂਬਿਆਂ ਦੀ ਪੂਰਤੀ ਕਰਨ ਵਿਚ ਮਸ਼ਰੂਫ ਰਹੇ। ਦੂਜੇ ਪਾਸੇ ਚੀਨ, ਪਾਕਿਸਤਾਨ ਵਿਰੋਧੀ ਭਾਰਤੀ ਖੁਮਾਰ ਦਾ ਫਾਇਦਾ ਉਠਾ ਕੇ ਭਾਰਤ ਦੇ ਸਿਰ ਉਤੇ ਆ ਕੇ ਬੈਠ ਗਿਆ। ਮੋਦੀ ਸਰਕਾਰ ਅਤੇ ਉਸ ਤੋਂ ਪਹਿਲਾਂ ਵਾਲੀ ਕਾਂਗਰਸ ਸਰਕਾਰ ਘਰੇਲੂ ਪੱਧਰ 'ਤੇ ਫਰਜ਼ੀ ਅਤਿਵਾਦ, ਮੁਸਲਮਾਨਾਂ ਦੀ ਲਿੰਚਿੰਗ, ਦਲਿਤਾਂ ਅਤੇ ਘੱਟ ਗਿਣਤੀਆਂ ਨੂੰ ਮੁੱਢਲੀਆਂ ਸਹੂਲਤਾਂ ਤੋਂ ਮਹਿਰੂਮ ਰੱਖਣ ਜਿਹੀਆਂ ਨੀਤੀਆਂ ਤੋਂ ਪਿੱਛਾ ਨਹੀਂ ਛੁਡਾ ਸਕੀਆਂ। ਇਹ ਸਰਕਾਰਾਂ ਪੈਰਾਂ ਤੋਂ ਲੈ ਕੇ ਸਿਰ ਤੱਕ ਭ੍ਰਿਸ਼ਟਾਚਾਰ ਵਿਚ ਗਲਤਾਨ ਰਹੀਆਂ ਹਨ।

ਦੂਜੇ ਪਾਸੇ ਚੀਨ ਚੁੱਪ ਚਾਪ ਵਿਕਾਸ ਦਾ ਰਸਤਾ ਤੈਅ ਕਰਦਾ ਰਿਹਾ। ਉਸ ਨੇ ਆਪਣੇ ਦੇਸ਼ ਵਿਚ ਵਿਗਿਆਨ ਅਤੇ ਤਕਨੀਕ ਦਾ ਜ਼ਬਰਦਸਤ ਤਾਣਾ-ਬਾਣਾ ਬੁਣ ਲਿਆ। ਚੀਨ ਅੱਜ ਹਰ ਦੇਸ਼ ਦੀ ਲੋੜ ਬਣਦਾ ਜਾ ਰਿਹਾ ਹੈ। ਚੀਨ ਅਤੇ ਰੂਸ ਵਿਚਾਲੇ ਪਰੰਪਰਿਕ ਸਾਲਾਨਾ ਵਪਾਰ 110 ਅਰਬ ਡਾਲਰ ਤੋਂ ਵੀ ਵੱਧ ਹੈ, ਜਦੋਂ ਕਿ ਭਾਰਤ ਅਤੇ ਰੂਸ ਵਿਚਾਲੇ ਪਰੰਪਰਿਕ ਸਾਲਾਨਾ ਵਪਾਰ ਸਿਰਫ 7 ਅਰਬ ਡਾਲਰ ਹੈ। ਉਧਰ ਚੀਨ ਅਤੇ ਅਮਰੀਕਾ ਵਿਚਾਲੇ ਸਾਲਾਨਾ ਵਪਾਰ 559 ਅਰਬ ਡਾਲਰ ਹੈ, ਜਦੋਂ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਸਾਲਾਨਾ ਵਪਾਰ ਸਿਰਫ 87.9 ਅਰਬ ਡਾਲਰ ਹੈ। ਪਿਛਲੇ ਸਾਲ ਭਾਰਤ ਨੇ ਚੀਨ ਨੂੰ ਕਰੀਬ 16 ਅਰਬ ਡਾਲਰ ਦਾ ਨਿਰਯਾਤ ਕੀਤਾ, ਜਦੋਂ ਕਿ ਚੀਨ ਤੋਂ ਕਰੀਬ 52 ਅਰਬ ਡਾਲਰ ਦਾ ਆਯਾਤ ਕੀਤਾ। ਆਯਾਤ ਤੇ ਨਿਰਯਾਤ ਵਿਚਾਲੇ ਐਨੇ ਵੱਡੇ ਫਰਕ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤ ਵਪਾਰਕ ਪੱਖੋਂ ਚੀਨ 'ਤੇ ਕਿੰਨਾ ਨਿਰਭਰ ਹੈ। ਮੌਜੂਦਾ ਹਾਲਤਾਂ ਵਿਚ ਰੂਸ, ਚੀਨ ਜਿਹੇ ਵੱਡੇ ਵਪਾਰਕ ਦੋਸਤ ਨੂੰ ਛੱਡ ਕੇ ਭਾਰਤ ਜਿਹੇ ਉਸ ਨਿੱਕੇ ਵਪਾਰਕ ਹਿੱਸੇਦਾਰ ਨਾਲ ਨੇੜਤਾ ਨਹੀਂ ਕਰੇਗਾ, ਜੋ ਪੁਰਾਣੇ ਸਬੰਧਾਂ ਨੂੰ ਨਜ਼ਰਅੰਦਾਜ਼ ਕਰ ਕੇ ਨਵੇਂ ਦੋਸਤਾਂ ਦੀ ਖੋਜ ਕਰ ਰਿਹਾ ਹੋਵੇ।



ਸਿਆਸਤ ਭਾਵੇਂ ਕੌਮੀ ਹੋਵੇ ਜਾਂ ਕੌਮਾਂਤਰੀ, ਹਰ ਕੋਈ ਆਪਣੇ ਹਿਤ ਦੇਖਦਾ ਹੈ। ਬਦਲਦੇ ਹਾਲਾਤ ਅਨੁਸਾਰ ਰੂਸ ਨੇ ਵੀ ਚੀਨ ਅਤੇ ਪਾਕਿਸਤਾਨ ਦੇ ਬਾਜ਼ਾਰਾਂ ਵਿਚ ਸੰਭਾਵਨਾਵਾਂ ਖੋਜਣੀਆਂ ਸ਼ੁਰੂ ਕਰ ਦਿੱਤੀਆਂ। ਆਧੁਨਿਕ ਦੌਰ ਵਿਚ ਇੱਕ ਵਿਅਕਤੀ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਸਾਰੇ ਇਸ ਸੱਚਾਈ ਨੂੰ ਕਬੂਲਦੇ ਹਨ ਕਿ ਸਭ ਤੋਂ ਤਾਕਤਵਰ ਉਹ ਹੁੰਦਾ ਹੈ, ਜਿਸ ਦੀ ਕੋਠੀ ਵਿਚ ਦਾਣੇ ਹੁੰਦੇ ਹਨ।

ਸੰਘ ਪਰਿਵਾਰ ਅਤੇ ਸਰਕਾਰ ਇਸਲਾਮੀ ਫੋਬੀਆ 'ਤੇ ਕੇਂਦ੍ਰਿਤ ਹੋ ਕੇ ਰਹਿ ਗਏ ਹਨ। ਉਨ੍ਹਾਂ ਨੂੰ ਹਰ ਇੱਕ ਵਰਤਾਰੇ ਵਿਚੋਂ ਪਾਕਿਸਤਾਨ ਨਜ਼ਰ ਆਉਂਦਾ ਹੈ। ਅਸਲ ਵਿਚ ਉਹ ਮੁਸਲਮਾਨਾਂ ਖਿਲਾਫ ਪ੍ਰਚਾਰ ਨੂੰ ਆਪਣੀ ਸਫਲਤਾ ਦੀ ਕੁੰਜੀ ਸਮਝਣ ਲੱਗ ਪਏ ਹਨ। ਦੂਰ-ਅੰਦੇਸ਼ੀ ਪੱਖੋਂ ਇਹ ਮਾਨਸਿਕਤਾ ਖਤਰਨਾਕ ਹੈ। ਇਸੇ ਕੱਟੜ ਸੋਚ ਕਰਨ ਉਨ੍ਹਾਂ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਮੁਸਲਮਾਨਾਂ ਦੇ ਦੁਸ਼ਮਣ ਹੋਣ ਕਰਕੇ ਸਾਡੇ ਸੱਚੇ ਦੋਸਤ ਹੋ ਸਕਦੇ ਹਨ। ਮੋਦੀ ਸਰਕਾਰ ਨੇ ਇਸੀ ਮਾਨਸਿਕਤਾ ਦੇ ਕਾਰਨ ਅਮਰੀਕਾ ਅਤੇ ਇਜ਼ਰਾਈਲ ਨੂੰ ਲੋੜ ਤੋਂ ਵੱਧ ਮਹੱਤਵ ਦੇਣਾ ਸ਼ੁਰੂ ਕਰ ਦਿੱਤਾ। ਰੱਖਿਆ ਖੇਤਰ ਵਿਚ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨ ਕੇ ਰੂਸ ਅਤੇ ਇਰਾਨ ਜਿਹੇ ਪਰੰਪਰਿਕ ਅਤੇ ਭਰੋਸੇਯੋਗ ਸਹਿਯੋਗੀਆਂ ਨੂੰ ਹਲਕੇ ਵਿਚ ਲੈਣਾ ਸ਼ੁਰੂ ਕਰ ਦਿੱਤਾ।

ਸਿਆਸਤ ਭਾਵੇਂ ਕੌਮੀ ਹੋਵੇ ਜਾਂ ਕੌਮਾਂਤਰੀ, ਹਰ ਕੋਈ ਆਪਣੇ ਹਿਤ ਦੇਖਦਾ ਹੈ। ਬਦਲਦੇ ਹਾਲਾਤ ਅਨੁਸਾਰ ਰੂਸ ਨੇ ਵੀ ਚੀਨ ਅਤੇ ਪਾਕਿਸਤਾਨ ਦੇ ਬਾਜ਼ਾਰਾਂ ਵਿਚ ਸੰਭਾਵਨਾਵਾਂ ਖੋਜਣੀਆਂ ਸ਼ੁਰੂ ਕਰ ਦਿੱਤੀਆਂ। ਆਧੁਨਿਕ ਦੌਰ ਵਿਚ ਇੱਕ ਵਿਅਕਤੀ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਸਾਰੇ ਇਸ ਸੱਚਾਈ ਨੂੰ ਕਬੂਲਦੇ ਹਨ ਕਿ ਸਭ ਤੋਂ ਤਾਕਤਵਰ ਉਹ ਹੂੰਦਾ ਹੈ, ਜਿਸ ਦੀ ਕੋਠੀ ਵਿਚ ਦਾਣੇ ਹੁੰਦੇ ਹਨ। ਅਫਸੋਸ ਦੀ ਗੱਲ ਹੈ ਕਿ ਭਾਰਤ ਦੀ ਮੌਜੂਦਾ ਸਰਕਾਰ 'ਦਾਣਿਆਂ' ਦੇ ਚੱਕਰ ਵਿਚ ਪੈਣਾ ਹੀ ਨਹੀਂ ਚਾਹੁੰਦੀ। ਬੀਜਿੰਗ ਨਾਲ ਵਪਾਰ ਅਤੇ ਰੱਖਿਆ ਸਹਿਯੋਗ ਦੇ ਮਾਮਲੇ ਵਿਚ ਮਾਸਕੋ ਬਹੁਤ ਅੱਗੇ ਵਧ ਚੁਕਾ ਹੈ।

ਮੋਦੀ ਸਰਕਾਰ ਦੇ ਪੱਛਮ ਵਲ ਵਧਦੇ ਰੁਝਾਨ ਨੇ ਗੁਆਂਢੀ ਦੇਸ਼ਾਂ ਨਾਲ ਬਣੇ-ਬਣਾਏ ਸਮੀਕਰਨਾਂ ਨੂੰ ਵਿਗਾੜ ਦਿੱਤਾ ਹੈ। ਇਹੀ ਕਰਨ ਹੈ ਕਿ ਭਾਰਤ ਤੇ ਚੀਨ ਦਰਮਿਆਨ ਸਰਹੱਦੀ ਵਿਵਾਦ ਦੇ ਮਾਮਲੇ ਵਿਚ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਆਪਣੇ ਸੰਕੋਚਵੇਂ ਬਿਆਨ ਵਿਚ ਕਿਹਾ ਹੈ, "ਮੈਨੂੰ ਨਹੀਂ ਲਗਦਾ ਕਿ ਭਾਰਤ ਅਤੇ ਚੀਨ ਨੂੰ ਆਪਸੀ ਵਿਵਾਦ ਸੁਲਝਾਉਣ ਲਈ ਕਿਸੇ ਬਾਹਰੀ ਮਦਦ ਦੀ ਲੋੜ ਹੈ। ਦੋਵੇਂ ਦੇਸ਼ ਮਾਮਲਾ ਹੱਲ ਕਰਨ ਦੇ ਸਮਰਥ ਹਨ।" ਇੱਕ ਤਰ੍ਹਾਂ ਨਾਲ ਰੂਸ ਨੇ ਸਾਫ ਕਰ ਦਿੱਤਾ ਹੈ ਕਿ ਇਸ ਮਾਮਲੇ ਵਿਚ ਰੂਸ ਨਿਰਪੱਖ ਰਹੇਗਾ। ਇਹ ਵੀ ਧਿਆਨ 'ਚ ਰੱਖਣ ਦੀ ਲੋੜ ਹੈ ਕਿ 1971 ਵਿਚ ਤਾਂ ਰੂਸ ਨੇ ਭਾਰਤ ਦਾ ਸਾਥ ਦਿੱਤਾ ਸੀ, ਪਰ ਚੀਨ ਦੇ ਖਿਲਾਫ 1962 ਵਾਲੀ ਜੰਗ ਵਿਚ ਰੂਸ ਨੇ ਭਾਰਤ ਦਾ ਸਾਥ ਨਹੀਂ ਦਿੱਤਾ ਸੀ। 2017 ਵਿਚ ਡੋਕਲਾਂਗ ਮਾਮਲੇ ਵਿਚ ਵੀ ਉਸ ਦਾ ਰੁਖ ਉਸੇ ਤਰ੍ਹਾਂ ਦਾ ਸੀ, ਜੋ ਭਾਰਤ-ਚੀਨ ਮੌਜੂਦਾ ਵਿਵਾਦ ਵਿਚ ਹੈ। ਰੂਸ ਵਿਸ਼ਵ ਦੇ ਨਕਸ਼ੇ 'ਤੇ ਭਾਵੇਂ ਮੁੜ ਉਭਰ ਰਿਹਾ ਹੈ, ਪਰ ਅਜੇ ਉਸ ਦੀਆਂ ਆਪਣੀਆਂ ਤਰਜੀਹਾਂ ਹਨ, ਜੋ ਉਸ ਨੂੰ ਚੀਨ ਤੋਂ ਦੂਰ ਜਾਣ ਦੀ ਇਜਾਜ਼ਤ ਨਹੀਂ ਦੇ ਰਹੀਆਂ।

ਪੰਜਾਬ ਟਾਈਮਜ਼

*ਸਨਿਚਰਵਾਰ, 29 ਅਗਸਤ 2020*

# ਕਰੋਨਾ ਦੇ ਨਾਲ-ਨਾਲ ਸਿਆਸਤ

ਕਰੋਨਾ ਵਾਇਰਸ ਨਾਲ ਸਬੰਧਤ ਕੇਸ ਜਿਸ ਤਰ੍ਹਾਂ ਤੇਜ਼ੀ ਨਾਲ ਵਧ ਰਹੇ ਹਨ, ਸਿਆਸਤ ਅਤੇ ਇਸ ਅੰਦਰ ਆ ਰਹੀ ਤਬਦੀਲੀ ਵੀ ਲਗਾਤਾਰ ਤੇਜ਼ ਹੋ ਰਹੀ ਹੈ। ਖਬਰਾਂ ਹਨ ਕਿ ਹੁਣ ਛੇਤੀ ਹੀ ਅਮਰੀਕਾ ਤੋਂ ਬਾਅਦ ਭਾਰਤ, ਕਰੋਨਾ ਕੇਸਾਂ ਵਾਲਾ ਦੂਜਾ ਦੇਸ਼ ਬਣ ਜਾਵੇਗਾ। ਫਿਲਹਾਲ ਬ੍ਰਾਜ਼ੀਲ ਦੂਜੇ ਨੰਬਰ 'ਤੇ ਹੈ। ਲੋਕ ਇਸ ਮਹਾਮਾਰੀ ਤੋਂ ਸਹਿਮੇ ਤਾਂ ਪਹਿਲਾਂ ਹੀ ਬਥੇਰੇ ਹਨ, ਹੁਣ ਸਿਆਸਤਦਾਨਾਂ ਨੇ ਉਨ੍ਹਾਂ ਨੂੰ ਹੋਰ ਦੱਬਣ ਲਈ ਨਵੇਂ ਰਾਹ ਅਖਤਿਆਰ ਕਰਨੇ ਸ਼ੁਰੂ ਕਰ ਦਿੱਤੇ ਹਨ। ਭਾਰਤ ਵਿਚ ਪਹਿਲਾਂ ਮੋਦੀ ਸਰਕਾਰ ਅਤੇ ਫਿਰ ਪੰਜਾਬ ਸਮੇਤ ਬਹੁਤ ਸਾਰੇ ਸੂਬਿਆਂ ਨੇ ਲੋਕਾਂ ਨੂੰ ਸਾਵਾਂ ਤੇ ਮਜ਼ਬੂਤ ਸਿਹਤ ਸਿਸਟਮ ਮੁਹੱਈਆ ਕਰਵਾਉਣ ਦੀ ਥਾਂ ਡਰਾਉਣ ਦਾ ਕੰਮ ਵਧੇਰੇ ਕੀਤਾ। ਇਸ ਦਾ ਸਿੱਟਾ ਇਹ ਨਿਕਲਿਆ ਕਿ ਕਰਫਿਊ ਅਤੇ ਲੌਕਡਾਊਨ ਦੀ ਮਾਰ ਕਾਰਨ ਆਮ ਕਾਰੋਬਾਰੀ ਤਬਾਹ ਹੋਣ ਦੀ ਕਗਾਰ 'ਤੇ ਪਹੁੰਚ ਗਿਆ ਹੈ। ਦੂਜੇ ਬੰਨੇ ਸਰਕਾਰਾਂ ਲਗਾਤਾਰ ਹੋਰ ਸਖਤ ਫੈਸਲੇ ਕਰ ਰਹੀਆਂ ਹਨ ਅਤੇ ਆਪਣਾ ਏਜੰਡਾ ਲਾਗੂ ਕਰਨ ਲਈ ਰਫਤਾਰ ਵੀ ਵਧਾ ਰਹੀਆਂ ਹਨ। ਮੁਲਕ ਪੱਧਰ 'ਤੇ ਮੋਦੀ ਸਰਕਾਰ ਨੇ ਇਸ ਮਹਾਮਾਰੀ ਦੇ ਸਹਾਰੇ ਆਪਣਾ ਬਹੁਤ ਸਾਰਾ ਕੰਮ ਤਕਰੀਬਨ ਨਿਬੇੜ ਲਿਆ ਹੈ; ਪੰਜਾਬ ਵਿਚ ਨਰਿੰਦਰ ਮੋਦੀ ਵਾਲਾ ਇਹੀ ਕਾਰਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਰ ਰਿਹਾ ਹੈ। ਚੰਗੀ ਗੱਲ ਇਹ ਹੈ ਕਿ ਕਿਸਾਨਾਂ ਸਮੇਤ ਕੁਝ ਜੁਝਾਰੂ ਜਥੇਬੰਦੀਆਂ ਨੇ ਸੜਕਾਂ ਉਤੇ ਨਿਕਲ ਕੇ ਸਰਕਾਰ ਦੇ ਲੋਕ-ਮਾਰੂ ਫੈਸਲਿਆਂ ਦਾ ਵਿਰੋਧ ਕਰਨ ਦਾ ਪੈਂਤੜਾ ਮੱਲਿਆ ਹੈ।

ਮੁਲਕ ਪੱਧਰ 'ਤੇ ਪ੍ਰਸ਼ਾਂਤ ਭੂਸ਼ਨ ਵਾਲੇ ਕੇਸ ਦੇ ਪ੍ਰਸੰਗ ਵਿਚ ਵੀ ਕੁਝ ਹਾਂ-ਪੱਖੀ ਤੱਥ ਉਭਰ ਕੇ ਸਾਹਮਣੇ ਆਏ ਹਨ। ਅਦਾਲਤ ਇਸ ਕਹਿੰਦੇ-ਕਹਾਉਂਦੇ ਵਕੀਲ ਤੋਂ ਮੁਆਫੀ ਮੰਗਵਾਉਣ ਲਈ ਅੜੀ ਹੋਈ ਹੈ ਅਤੇ ਉਸ ਨੇ ਮੁਆਫੀ ਮੰਗਣ ਤੋਂ ਸਾਫ ਨਾਂਹ ਕਰ ਦਿੱਤੀ ਹੈ। ਉਸ ਨੇ ਕੁਝ ਜੱਜਾਂ ਅਤੇ ਅਦਾਲਤ ਦੇ ਕੁਝ ਫੈਸਲਿਆਂ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ। ਇਸ ਮਾਮਲੇ ਵਿਚ ਅਦਾਲਤ ਦੀ ਤੁਰੰਤ ਕਾਰਵਾਈ ਕੀਤੇ ਜਾਣ ਦਾ ਮੁੱਦਾ ਵੀ ਬਹੁਤ ਜ਼ੋਰ-ਸ਼ੋਰ ਨਾਲ ਉਠਿਆ। ਮਾਹਿਰਾਂ ਦਾ ਕਹਿਣਾ ਹੈ ਕਿ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਅਤੇ ਹੋਰ ਅਹਿਮ ਮਸਲਿਆਂ ਨਾਲ ਸਬੰਧਤ ਪਟੀਸ਼ਨਾਂ ਸੁਪਰੀਮ ਕੋਰਟ ਵਿਚ ਪਿਛਲੇ ਇਕ ਸਾਲ ਤੋਂ ਪਈਆਂ ਹਨ, ਇਨ੍ਹਾਂ ਉਤੇ ਕਾਰਵਾਈ ਕਰਨ ਦਾ ਤਾਂ ਅਦਾਲਤ ਕੋਲ ਸਮਾਂ ਨਹੀਂ, ਪਰ ਭੂਸ਼ਨ ਵਾਲੇ ਮਾਮਲੇ 'ਤੇ ਅਦਾਲਤ ਨੇ ਤੁਰੰਤ ਨੋਟਿਸ ਲੈ ਲਿਆ ਅਤੇ ਤੁਰੰਤ ਉਸ ਨੂੰ ਦੋਸ਼ੀ ਵੀ ਠਹਿਰਾ ਦਿੱਤਾ ਗਿਆ। ਇਸ ਮਸਲੇ 'ਤੇ ਅਟਾਰਨੀ ਜਨਰਲ ਨੇ ਵੀ ਸਪਸ਼ਟ ਸਟੈਂਡ ਲਿਆ ਕਿ ਅਦਾਲਤ ਨੂੰ ਭੂਸ਼ਨ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ। ਆਮ ਤੌਰ 'ਤੇ ਅਟਾਰਨੀ ਜਨਰਲ ਕੇਂਦਰ ਸਰਕਾਰ ਦੇ ਨੁਮਾਇੰਦੇ ਵਜੋਂ ਵਿਚਰਦਾ ਹੈ, ਪਰ ਇਸ ਮਸਲੇ ਬਾਰੇ ਉਸ ਦੀ ਪਹੁੰਚ ਨੇ ਹੀ ਦਰਸਾ ਦਿੱਤਾ ਕਿ ਸੁਪਰੀਮ ਕੋਰਟ ਅਤੇ ਨਾਲ ਹੀ ਮੋਦੀ ਸਰਕਾਰ ਕੁਝ-ਕੁਝ ਤਾਂ ਨਰਮ ਪੈ ਹੀ ਗਈਆਂ ਹਨ। ਅਟਾਰਨੀ ਜਨਰਲ ਨੇ ਪ੍ਰਸਿੱਧ ਅਦਾਕਾਰਾ ਸਵਰਾ ਭਾਸਕਰ ਖਿਲਾਫ ਕੇਸ ਦਰਜ ਕਰਨ ਦੀ ਆਗਿਆ ਨਾ ਦੇ ਕੇ ਇਕ ਹੋਰ ਸਹੀ ਸੁਨੇਹਾ ਦਿੱਤਾ ਹੈ। ਇਸ ਅਦਾਕਾਰਾ ਉਤੇ ਬਾਬਰੀ ਮਸਜਿਦ/ਅਯੁਧਿਆ ਮੰਦਿਰ ਬਾਰੇ ਅਦਾਲਤ ਦੇ ਫੈਸਲੇ ਉਤੇ ਕਿੰਤੂ-ਪ੍ਰੰਤੂ ਕਰਨ ਦੇ ਦੋਸ਼ ਲਾਏ ਗਏ ਸਨ।

ਉਂਜ, ਇਨ੍ਹਾਂ ਤੱਥਾਂ ਨੂੰ ਦੋ ਤਰੀਕਿਆਂ ਨਾਲ ਪੜ੍ਹਿਆ ਤੇ ਵਿਚਾਰਿਆ ਜਾ ਰਿਹਾ ਹੈ। ਇਕ ਤਾਂ ਇਹ ਕਿ ਅਦਾਲਤ ਅਤੇ ਕੇਂਦਰ ਸਰਕਾਰ ਕੁਝ ਨਰਮੀ ਦਿਖਾ ਰਹੀਆਂ ਹਨ, ਪਰ ਦੂਜੇ ਬੰਨੇ ਇਹ ਨੁਕਤਾ ਵੀ ਵਿਚਾਰਿਆ ਜਾ ਰਿਹਾ ਹੈ ਕਿ ਇਸ ਤਰ੍ਹਾਂ ਮਾੜੀ-ਮੋਟੀ ਛੋਟ ਦੇ ਕੇ ਲੋਕਾਂ ਦਾ ਅਜਿਹੀਆਂ ਸੰਸਥਾਵਾਂ ਵਿਚ ਭਰੋਸਾ ਬਹਾਲ ਕਰਨ/ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਝ ਵੀ ਹੋਵੇ, ਇਨ੍ਹਾਂ ਤੱਥਾਂ ਨੇ ਆਮ ਲੋਕਾਂ ਦੇ ਜੂਝਣ ਦੀ ਸਮਰੱਥਾ ਦੇ ਦਰਸ਼ਨ ਤਾਂ ਕਰਵਾਏ ਹੀ ਹਨ। ਪ੍ਰਸ਼ਾਂਤ ਭੂਸ਼ਨ ਉਤੇ ਭਾਵੇਂ ਇਹ ਦੋਸ਼ ਵੀ ਲੱਗ ਰਹੇ ਹਨ ਕਿ ਜਦੋਂ ਜਸਟਿਸ ਕਰਣਨ ਨੇ ਇਹੀ ਮਸਲੇ ਉਠਾਏ ਸਨ ਅਤੇ ਸੁਪਰੀਮ ਕੋਰਟ ਨੇ ਮਾਣਹਾਨੀ ਦੇ ਮਾਮਲੇ ਵਿਚ ਉਸ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਸੀ ਤਾਂ ਪ੍ਰਸ਼ਾਂਤ ਭੂਸ਼ਨ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ 'ਤੇ ਡਾਢੀ ਖੁਸ਼ੀ ਜਾਹਰ ਕੀਤੀ ਸੀ।

ਖੈਰ, ਜਿਸ ਉਚਾਈ ਉਤੇ ਹੁਣ ਪ੍ਰਸ਼ਾਂਤ ਭੂਸ਼ਨ ਵਾਲਾ ਮਸਲਾ ਪੁੱਜ ਚੁਕਾ ਹੈ, ਉਸ ਵਿਚ ਅਗਾਂਹ ਕੋਈ ਰਾਹ ਬਣਾ ਸਕਣ ਦੀ ਸਮਰੱਥਾ ਜ਼ਰੂਰ ਦਿਖਾਈ ਦਿੰਦੀ ਹੈ। ਸੁਪਰੀਮ ਕੋਰਟ ਨੇ ਇਸ ਕੇਸ ਦਾ ਫੈਸਲਾ ਰਾਖਵਾਂ ਰੱਖ ਲਿਆ ਹੈ। ਅਸਲ ਵਿਚ ਅਟਾਰਨੀ ਜਨਰਲ ਦੇ ਨਾਲ-ਨਾਲ ਬਹੁਤ ਸਾਰੇ ਜੱਜਾਂ ਅਤੇ ਵਕੀਲਾਂ ਨੇ ਇਸ ਕੇਸ ਦੇ ਵੱਖ-ਵੱਖ ਪੱਖਾਂ ਬਾਰੇ ਆਪਣੀ ਰਾਏ ਪ੍ਰਗਟ ਕਰ ਕੇ ਕੁਝ ਅਜਿਹੇ ਨੁਕਤੇ ਉਭਾਰ ਦਿੱਤੇ ਹਨ, ਜਿਨ੍ਹਾਂ ਨੂੰ ਪਿਛੇ ਪਾਉਣਾ ਸ਼ਾਇਦ ਸੁਪਰੀਮ ਕੋਰਟ ਦੇ ਜੱਜਾਂ ਦੇ ਵਸ ਵਿਚ ਨਹੀਂ ਰਿਹਾ। ਇਹੀ ਉਹ ਨੁਕਤਾ ਹੈ, ਜਿਸ ਦੇ ਆਧਾਰ 'ਤੇ ਮੁਲਕ ਅੰਦਰ ਨਵੀਂ, ਜੁਝਾਰੂ ਸਿਆਸਤ ਦੀ ਗੱਲ ਕੀਤੀ ਜਾ ਰਹੀ ਹੈ। ਅਜਿਹੀ ਸਿਆਸਤ ਹੀ ਮੋਦੀ ਦੀ ਸਿਆਸਤ ਦਾ ਕੋਈ ਤੋੜ ਸਿਰਜ ਸਕਦੀ ਹੈ। ਫਿਲਹਾਲ ਅਜਿਹੀ ਸਿਆਸਤ ਵੱਲ ਕੋਈ ਰਾਹ ਖੁੱਲ੍ਹ ਨਹੀਂ ਰਿਹਾ। ਸਾਰੀਆਂ ਧਿਰਾਂ ਲੈ-ਦੇ ਕੇ ਕਾਂਗਰਸ ਵਲ ਹੀ ਦੇਖੀ ਜਾਂਦੀਆਂ ਹਨ, ਜਦੋਂ ਕਿ ਇਹ ਪਾਰਟੀ ਖੁਦ ਅੰਦਰੂਨੀ ਸੰਕਟ ਦਾ ਸ਼ਿਕਾਰ ਹੈ। ਪਾਰਟੀ ਦਾ ਇਕ ਹਿੱਸਾ ਨਹਿਰੂ-ਗਾਂਧੀ ਪਰਿਵਾਰ ਦੀ ਚਾਪਲੂਸੀ ਦੀ ਹੱਦ ਤਕ ਚਲਾ ਗਿਆ ਹੈ ਅਤੇ ਇਕ ਹਿੱਸਾ ਇਸ ਪਰਿਵਾਰ ਦੀ ਥਾਂ ਦੂਜੇ ਕੰਮ-ਕਰੂ ਆਗੂਆਂ ਨੂੰ ਅਗਾਂਹ ਲਿਆਉਣ ਲਈ ਹੰਭਲੇ ਮਾਰ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਹਰ ਹੀਲੇ ਵੋਟਾਂ ਬਟੋਰਨ ਵਾਲੀ ਮੋਦੀ ਦੀ ਸਿਆਸਤ ਨੇ ਜਿਸ ਤਰ੍ਹਾਂ ਵਿਰੋਧੀ ਧਿਰ ਨੂੰ ਚਿਤ ਕੀਤਾ ਹੈ, ਉਸ ਦੇ ਟਾਕਰੇ ਲਈ ਅਜਿਹੀ ਸਿਆਸਤ ਦੀ ਲੋੜ ਹੈ, ਜੋ ਚੋਣ ਸਿਆਸਤ ਤੋਂ ਥੋੜ੍ਹਾ ਪਿਛਾਂਹ ਹਟ ਕੇ ਜੂਝਣ ਵਾਲੀ ਸਿਆਸਤ ਦੇ ਲੜ ਲੱਗੇ। ਮੋਦੀ ਦੀ ਸਿਆਸਤ ਨੇ ਕੁਝ ਥਾਂਈਂ ਚੋਣ ਪਿੜ ਵਿਚ ਹਾਰਨ ਦੇ ਬਾਵਜੂਦ ਜਿੱਤਣ ਵਰਗੇ ਜਸ਼ਨ ਮਨਾਏ ਹਨ। ਇਸ ਕਰ ਕੇ ਕੋਈ ਜੁਝਾਰੂ ਸਿਆਸਤ ਹੀ ਮੋਦੀ ਦੇ ਕਿਲੇ ਨੂੰ ਸੰਨ੍ਹ ਲਾ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੋਕ ਰਾਜ ਦਾ ਭੂਸ਼ਣ!*

ਟੱਕਰ ਲੱਗਦੀ ਜਦ ਨਾਲ ਹਕੂਮਤਾਂ ਦੇ, ਪਤਾ ਲੱਗਦਾ ਫੇਰ ਜਮੀਰ ਦਾ ਏ।<br>
ਦੁੱਲਾ 'ਕੱਲਾ ਈ ਹੁੰਦਾ ਏ ਅਣਖ ਵਾਲਾ, ਨਿਵ ਕੇ ਚੱਲਣਾ ਕੰਮ ਵਹੀਰ ਦਾ ਏ।<br>
ਹੋਵੇ ਛੱਡਿਆ ਚਿੱਲੇ 'ਤੇ ਚਾੜ੍ਹ ਕੇ ਜੋ, ਕਰਦਾ ਕੰਮ 'ਟਵੀਟ' ਉਹ ਤੀਰ ਦਾ ਏ।<br>
ਪਰਦੇ ਕਪਟ ਨੇ ਜਿੰਨੇ ਵੀ ਹੋਣ ਪਾਏ, ਜਾਂਦਾ ਝੂਠਿਆਂ ਤਾਈਂ ਉਹ ਚੀਰਦਾ ਏ।<br>
ਬੰਦਾ ਪਰਖੀਏ ਉਹਦੇ ਕਿਰਦਾਰ ਤੋਂ ਹੀ, ਕੱਦ-ਕਾਠ ਤੋਂ ਕਾਹਨੂੰ ਪਛਾਣੀਏ ਜੀ।<br>
ਸੱਚ ਬੋਲਦੇ ਜਿਹੜੇ 'ਪ੍ਰਸ਼ਾਂਤ' ਵਾਂਗਰ, ਲੋਕ ਰਾਜ ਦੇ 'ਭੂਸ਼ਣ' ਉਹ ਜਾਣੀਏ ਜੀ!

# ਦਰਿਆਈ ਪਾਣੀ ਅਤੇ ਪੰਜਾਬ

*ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਤੁਲਜ-ਯਮੁਨਾ ਲਿੰਕ ਨਹਿਰ ਪੰਜਾਬ ਤੇ ਹਰਿਆਣਾ ਦੀ ਸਿਆਸਤ ਵਿਚ ਅਹਿਮ ਮੁੱਦਾ ਹੈ। ਇਸ ਮੁੱਦੇ 'ਤੇ ਵਖ-ਵਖ ਸਿਆਸੀ ਪਾਰਟੀਆਂ ਸਿਆਸਤ ਕਰਦੀਆਂ ਰਹੀਆਂ ਹਨ। ਜਦ ਤੱਕ ਇਸ ਦਾ ਕੋਈ ਪੁਖਤਾ ਹੱਲ ਨਹੀਂ ਕੱਢਿਆ ਜਾਂਦਾ, ਇਹ ਸਿਆਸਤ ਕਰਦੀਆਂ ਰਹਿਣਗੀਆਂ। ਡਾ. ਰਣਜੀਤ ਸਿੰਘ ਘੁੰਮਣ ਨੇ ਇਸ ਲੇਖ ਵਿਚ ਇਸ ਮੁੱਦੇ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ। -ਸੰਪਾਦਕ*

**ਡਾ. ਰਣਜੀਤ ਸਿੰਘ ਘੁੰਮਣ**
**ਫੋਨ: +91-98722-20714**

ਪੰਜਾਬ ਅਤੇ ਹਰਿਆਣਾ ਵਿਚਾਲੇ ਦਰਿਆਈ ਪਾਣੀਆਂ ਦੀ ਵੰਡ ਦਾ ਮਾਮਲਾ ਦੋਹਾਂ ਰਾਜਾਂ ਦੇ ਮੁੱਖ ਮੰਤਰੀਆਂ ਵਿਚਾਲੇ 18 ਅਗਸਤ 2020 ਨੂੰ ਹੋਈ ਉਚ ਪੱਧਰੀ ਮੀਟਿੰਗ ਨਾਲ ਇਕ ਵਾਰ ਫਿਰ ਭਖ ਗਿਆ। ਸੁਪਰੀਮ ਕੋਰਟ ਨੇ ਭਾਵੇਂ ਨਹਿਰ ਮੁਕੰਮਲ ਕਰਨ ਦੇ ਹੁਕਮ ਪਹਿਲਾਂ ਹੀ ਦਿੱਤੇ ਹੋਏ ਹਨ ਪਰ ਮਸਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਅਦਾਲਤ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਆਪਸੀ ਗੱਲਬਾਤ ਰਾਹੀਂ ਮਸਲਾ ਸੁਲਝਾਉਣ ਲਈ ਕਿਹਾ ਸੀ।

ਪੰਜਾਬ ਦੇ ਮੁੱਖ ਮੰਤਰੀ ਨੇ ਮੌਜੂਦਾ ਉਪਲਬਧ ਪਾਣੀਆਂ ਦਾ ਮੁੜ ਜਾਇਜ਼ਾ ਲੈਣ ਲਈ ਟ੍ਰਿਬਿਊਨਲ ਬਣਾਉਣ ਦੀ ਜੋ ਗੱਲ ਕੀਤੀ ਹੈ ਅਤੇ ਯਮੁਨਾ ਦੇ ਪਾਣੀਆਂ ਉਪਰ ਜੋ ਹੱਕ ਜਤਾਇਆ ਹੈ, ਉਹ ਜਾਇਜ਼ ਅਤੇ ਵਿਹਾਰਕ ਗੱਲ ਹੈ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਗੱਲ ਮੰਨ ਕੇ ਨਵਾਂ ਟ੍ਰਿਬਿਊਨਲ ਬਣਾਇਆ ਜਾਵੇ ਅਤੇ ਯਮੁਨਾ ਦੇ ਪਾਣੀਆਂ ਦੇ ਮਸਲੇ ਨੂੰ ਵੀ ਉਸ ਵਿਚ ਸ਼ਾਮਲ ਕੀਤਾ ਜਾਵੇ। ਪਾਣੀਆਂ ਬਾਰੇ ਮਸਲਿਆਂ ਦੇ ਮਾਹਿਰ (ਪਾਲ ਸਿੰਘ ਢਿਲੋਂ ਤੇ ਪ੍ਰੀਤਮ ਸਿੰਘ ਕੁਮੇਦਾਨ) ਪੰਜਾਬ ਦੇ ਰਿਪੇਰੀਅਨ ਪ੍ਰਾਂਤ ਦੇ ਆਧਾਰ 'ਤੇ ਪੰਜਾਬ ਦੇ ਦਰਿਆਈ ਪਾਣੀਆਂ ਉਪਰ ਪੰਜਾਬ ਦੇ ਪਹਿਲੇ ਹੱਕ ਦਾ ਵੀ ਦਾਅਵਾ ਕਰ ਚੁੱਕੇ ਹਨ।

ਇਸ ਮਸਲੇ ਨੂੰ ਸਮਝਣ ਲਈ ਪਿਛੋਕੜ 'ਤੇ ਝਾਤ ਜ਼ਰੂਰੀ ਹੈ। ਇੰਡਸ ਵਾਟਰ ਟ੍ਰੀਟੀ-1960 ਅਨੁਸਾਰ ਇੰਡਸ ਸਿਸਟਮ ਆਫ ਰਿਵਰਜ਼ ਦੇ ਪਾਣੀਆਂ ਦੀ ਵੰਡ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਈ। ਇਸ ਸਮਝੌਤੇ (ਜੋ ਸੰਸਾਰ ਬੈਂਕ ਦੀ ਸਾਲਸੀ ਰਾਹੀਂ ਕੀਤਾ ਗਿਆ ਸੀ) ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦਾ ਪਾਣੀ ਭਾਰਤ ਦੇ ਹਿੱਸੇ ਆਇਆ ਅਤੇ ਬਾਕੀ ਦੇ ਤਿੰਨ ਦਰਿਆ (ਜਿਹਲਮ, ਝਨਾਬ ਅਤੇ ਇੰਡਸ) ਪਾਕਿਸਤਾਨ ਦੇ ਹਿੱਸੇ ਆਏ ਪਰ ਪਾਣੀਆਂ ਦੀ ਅੰਤਰਰਾਜੀ ਵੰਡ ਦਾ ਮਸਲਾ ਇਸ ਤੋਂ ਪਹਿਲਾਂ ਵੀ ਚੱਲ ਰਿਹਾ ਸੀ। 29 ਜਨਵਰੀ, 1955 ਨੂੰ ਉਸ ਵੇਲੇ ਦੇ ਕੇਂਦਰੀ ਸਿੰਜਾਈ ਮੰਤਰੀ (ਗੁਲਜ਼ਾਰੀ ਲਾਲ ਨੰਦਾ) ਦੀ ਪ੍ਰਧਾਨਗੀ ਹੇਠ ਪੰਜਾਬ, ਪੈਪਸੂ, ਰਾਜਸਥਾਨ ਅਤੇ ਜੰਮੂ ਕਸਮੀਰ ਨੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਫੈਸਲਾ ਕੀਤਾ। ਕੁਲ ਅੰਦਾਜ਼ਨ 15.85 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਪਾਣੀ ਵਿਚੋਂ ਕ੍ਰਮਵਾਰ 5.9, 1.3, 8.0 ਅਤੇ 0.6 ਐਮ.ਏ.ਐਫ. ਪਾਣੀ ਉਪਰੋਕਤ ਰਾਜਾਂ ਨੂੰ ਦਿਤਾ ਗਿਆ। ਸਾਲ 1956 ਵਿਚ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ ਨਾਲ ਪੰਜਾਬ ਦਾ ਹਿਸਾ 7.2 ਐਮ.ਏ.ਐਫ. ਹੋ ਗਿਆ। ਸਾਲ 1966 ਵਿਚ ਪੰਜਾਬ ਨੂੰ ਪੰਜਾਬ ਅਤੇ ਹਰਿਆਣਾ ਵਿਚ ਵੰਡਣ ਨਾਲ ਦਰਿਆਈ ਪਾਣੀਆਂ ਦੀ ਮੁੜ ਵੰਡ ਕੀਤੀ ਗਈ ਅਤੇ ਨਾਲ ਹੀ ਪੰਜਾਬ ਤੇ ਹਰਿਆਣਾ ਵਿਚਲੇ ਪਾਣੀਆਂ ਦੇ ਮਸਲੇ ਉਤੇ ਸਿਆਸਤ ਵੀ ਸ਼ੁਰੂ ਹੋ ਗਈ।

ਉਪਰੋਕਤ 7.2 ਐਮ.ਏ.ਐਫ. ਪਾਣੀ ਵਿਚੋਂ ਹਰਿਆਣਾ ਨੇ 4.8 ਐਮ.ਏ.ਐਫ. ਦੀ ਮੰਗ ਰੱਖ ਦਿਤੀ ਜਦ ਕਿ ਪੰਜਾਬ ਨੇ ਰਿਪੇਰੀਅਨ ਸੂਬਾ ਹੋਣ ਕਰ ਕੇ ਪੂਰੇ 7.2 ਐਮ.ਏ.ਐਫ. ਪਾਣੀ ਉਪਰ ਆਪਣਾ ਦਾਅਵਾ ਪੇਸ਼ ਕੀਤਾ। ਮਸਲੇ ਦੇ ਹੱਲ ਲਈ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ 24 ਮਾਰਚ 1976 (ਐਮਰਜੈਂਸੀ ਦੌਰਾਨ) ਐਗਜ਼ੈਕਟਿਵ ਆਰਡਰ ਰਾਹੀਂ ਪੰਜਾਬ ਦੇ ਮੁੜ ਸੰਗਠਨ ਐਕਟ-1966 ਦੀ ਧਾਰਾ 78 ਅਧੀਨ ਪਾਣੀਆਂ ਦੀ ਵੰਡ ਕਰ ਦਿਤੀ। ਪੰਜਾਬ ਦੀ ਅਕਾਲੀ ਦਲ ਸਰਕਾਰ ਨੇ 1977 ਵਿਚ ਮੁੜ ਸੰਗਠਨ ਐਕਟ-1966 ਦੀਆਂ ਪਾਣੀਆਂ ਦੀ ਵੰਡ ਨਾਲ ਸਬੰਧਤ ਧਾਰਾਵਾਂ 78, 79 ਅਤੇ 80 ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ।

ਫਰਵਰੀ 1978 ਵਿਚ ਪੰਜਾਬ ਸਰਕਾਰ ਨੇ ਸਤਲੁਜ-ਯਮੁਨਾ ਲਿੰਕ ਨਹਿਰ ਲਈ ਜ਼ਮੀਨ ਪ੍ਰਾਪਤ ਕਰਨ ਲਈ ਹਰਿਆਣਾ ਸਰਕਾਰ ਤੋਂ ਮਿਲਣ ਵਾਲੀ ਵਿੱਤੀ ਰਾਸ਼ੀ ਦੀ ਪਹਿਲੀ ਕਿਸ਼ਤ ਪ੍ਰਾਪਤ ਕੀਤੀ ਸੀ। ਇਸ ਤੋਂ ਬਾਅਦ 31 ਦਸੰਬਰ 1981 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰਹਿਨੁਮਾਈ ਵਿਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਵਿਚਕਾਰ ਪਾਣੀਆਂ ਦੀ ਵੰਡ ਬਾਰੇ ਸਮਝੌਤਾ ਹੋਇਆ। ਇਸ ਸਮਝੌਤੇ ਅਨੁਸਾਰ ਕੁਲ ਉਪਲਬਧ 17.17 ਐਮ.ਏ.ਐਫ. ਦਰਿਆਈ ਪਾਣੀਆਂ (ਜਿਸ ਦਾ ਆਧਾਰ 1920-21 ਤੋਂ 1960-61 ਸੀ) ਵਿਚੋਂ 4.22 ਐਮ.ਏ.ਐਫ. ਪੰਜਾਬ, 3.50 ਐਮ.ਏ.ਐਫ. ਹਰਿਆਣਾ ਅਤੇ 8.60 ਐਮ.ਏ.ਐਫ. ਪਾਣੀ ਰਾਜਸਥਾਨ ਨੂੰ ਦਿਤਾ ਗਿਆ। ਜੰਮੂ ਕਸ਼ਮੀਰ ਅਤੇ ਦਿੱਲੀ ਨੂੰ ਕ੍ਰਮਵਾਰ 0.65 ਅਤੇ 0.20 ਐਮ.ਏ.ਐਫ. ਪਾਣੀ ਦਿਤਾ ਗਿਆ। ਪੰਜਾਬ ਦਾ ਜੋ ਕੇਸ (ਧਾਰਾਵਾਂ 78 ਤੋਂ 80 ਨੂੰ ਚੁਣੌਤੀ ਦੇਣ ਲਈ) ਸੁਪਰੀਮ ਕੋਰਟ ਵਿਚ ਚੱਲ ਰਿਹਾ ਸੀ, ਪੰਜਾਬ ਦੀ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਵਾਪਸ ਲੈ ਲਿਆ।

ਇਸ ਤੋਂ ਬਾਅਦ 8 ਅਪਰੈਲ 1982 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਪੂਰੀ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਨੀਂਹ ਪੱਥਰ ਰੱਖਿਆ। ਅਕਾਲੀ ਦਲ ਅਤੇ ਭਾਰਤੀ ਕਮਿਊਨਿਸਟ ਪਾਰਟੀ-ਮਾਰਕਸੀ (ਸੀ.ਪੀ.ਐਮ.) ਨੇ ਉਸੇ ਸਾਲ ਨਹਿਰ ਦੀ ਉਸਾਰੀ ਵਿਰੁੱਧ ਮੋਰਚਾ ਸ਼ੁਰੂ ਕਰ ਦਿਤਾ। ਜੂਨ 1984 ਵਿਚ ਅਪਰੇਸ਼ਨ ਨੀਲਾ ਤਾਰਾ, ਅਕਤੂਬਰ 1984 ਵਿਚ ਇੰਦਰਾ ਗਾਂਧੀ ਦਾ ਕਤਲ ਅਤੇ ਇਸ ਪਿਛੋਂ ਦਿੱਲੀ ਸਮੇਤ ਕਈ ਰਾਜਾਂ ਵਿਚ ਹਜ਼ਾਰਾਂ ਬੇਦੋਸ਼ੇ ਸਿੱਖਾਂ ਦਾ ਕਤਲੇਆਮ ਹੋਇਆ। ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਦਾ ਹੈ ਅਤੇ 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਵਿਚਾਲੇ ਸਮਝੌਤਾ ਹੁੰਦਾ ਹੈ ਅਤੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ। 20 ਅਗਸਤ 1985 ਨੂੰ ਖਾੜਕੂ ਸੰਤ ਲੌਂਗੋਵਾਲ ਦੀ ਹੱਤਿਆ ਕਰ ਦਿੰਦੇ ਹਨ।

ਸਤਲੁਜ-ਯਮੁਨਾ ਲਿੰਕ ਨਹਿਰ ਅਤੇ ਪਾਣੀਆਂ ਦੀ ਵੰਡ ਨੂੰ ਲੈ ਕੇ ਕੇਂਦਰ ਸਰਕਾਰ ਨੇ 2 ਅਪਰੈਲ 1986 ਨੂੰ ਇਰਾਡੀ ਟ੍ਰਿਬਿਊਨਲ ਬਣਾਇਆ। ਇਹ ਟ੍ਰਿਬਿਊਨਲ 30 ਜਨਵਰੀ 1987 ਨੂੰ ਪਹਿਲੇ ਸਾਰੇ ਸਮਝੌਤਿਆਂ (1955, 1976 ਤੇ 1981) ਨੂੰ ਕਾਨੂੰਨੀ ਤੌਰ ਤੇ ਜਾਇਜ਼ ਠਹਿਰਾਉਂਦਾ ਹੈ। ਨਾਲ ਹੀ ਪੰਜਾਬ ਦਾ ਹਿੱਸਾ ਕ੍ਰਮਵਾਰ 4.22 ਐਮ.ਏ.ਐਫ. ਤੋਂ ਵਧਾ ਕੇ 5 ਐਮ.ਏ.ਐਫ. ਅਤੇ ਹਰਿਆਣਾ ਦਾ 3.50 ਐਮ.ਏ.ਐਫ. ਤੋਂ ਵਧਾ ਕੇ 3.83 ਐਮ.ਏ.ਐਫ. ਕਰ ਦਿੱਤਾ ਜਾਂਦਾ ਹੈ।

ਖਾੜਕੂਆਂ ਵਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨਾਲ ਸਬੰਧਤ ਚੀਫ ਇੰਜਨੀਅਰ ਦੀ ਹੱਤਿਆ ਪਿੱਛੋਂ ਜੁਲਾਈ 1990 ਵਿਚ ਨਹਿਰ ਦੀ ਉਸਾਰੀ ਬੰਦ ਕਰ ਦਿੱਤੀ ਗਈ। ਉਸ ਤੋਂ ਬਾਅਦ ਇਸ ਮੁੱਦੇ 'ਤੇ ਲਗਾਤਾਰ ਸਿਆਸਤ ਹੁੰਦੀ ਰਹੀ। ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ ਜਿਸ ਨੇ 2002 ਵਿਚ ਪੰਜਾਬ ਸਰਕਾਰ ਨੂੰ ਨਹਿਰ ਦੀ ਉਸਾਰੀ ਮੁਕੰਮਲ ਕਰਨ ਲਈ ਹੁਕਮ ਦਿੱਤਾ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਸਾਲ 2004 ਵਿਚ ਸੁਪਰੀਮ ਕੋਰਟ ਨੇ ਦੁਬਾਰਾ ਹੁਕਮ ਦਿੱਤੇ ਪਰ ਉਸਾਰੀ ਸ਼ੁਰੂ ਨਹੀਂ ਹੋਈ।

2002 ਤੋਂ 2007 ਦੌਰਾਨ ਵੀ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸੀ। ਪੰਜਾਬ ਵਿਧਾਨ ਸਭਾ ਨੇ 12 ਜੁਲਾਈ 2004 ਨੂੰ ਸਰਬਸੰਮਤੀ ਨਾਲ ਬਿੱਲ ਪਾਸ ਕਰ ਕੇ ਦਰਿਆਈ ਪਾਣੀਆਂ ਦੇ ਮੁੱਦੇ ਨਾਲ ਸਬੰਧਤ ਪਹਿਲੇ ਸਾਰੇ ਸਮਝੌਤੇ ਖਤਮ ਕਰ ਦਿੱਤੇ। ਰਾਸ਼ਟਰਪਤੀ ਨੇ ਇਹ ਐਕਟ 2004 ਵਿਚ ਸੁਪਰੀਮ ਕੋਰਟ ਤੋਂ ਸਲਾਹ ਲੈਣ ਲਈ ਭੇਜਿਆ। ਸੁਪਰੀਮ ਕੋਰਟ ਨੇ 7 ਮਾਰਚ 2016 ਨੂੰ ਸੁਣਵਾਈ ਸ਼ੁਰੂ ਕੀਤੀ ਪਰ ਪੰਜਾਬ ਵਿਧਾਨ ਸਭਾ ਨੇ 2016 ਵਿਚ ਸਰਬਸੰਮਤੀ ਨਾਲ ਪਾਸ ਕੀਤੇ ਬਿੱਲ ਤਹਿਤ ਨਹਿਰ ਦੀ ਉਸਾਰੀ ਵਾਸਤੇ ਖਰੀਦੀ ਜ਼ਮੀਨ ਉਸ ਦੇ ਮਾਲਕਾਂ (ਕਿਸਾਨਾਂ) ਨੂੰ ਦੇਣ ਦਾ ਫੈਸਲਾ ਕੀਤਾ। ਇਹ ਬਿੱਲ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ-ਭਾਜਪਾ ਸਰਕਾਰ ਵੇਲੇ ਪਾਸ ਕੀਤਾ ਗਿਆ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਯਥਾ ਸਥਿਤੀ (ਸਟੇਟਸ-ਕੋ) ਰੱਖਣ ਦੇ ਹੁਕਮ ਦੇ ਦਿੱਤੇ।

10 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਸਮਝੌਤੇ ਰੱਦ ਕਰਨ ਵਾਲੇ ਐਕਟ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਰੋਸ ਵਜੋਂ ਪੰਜਾਬ ਦੇ ਸਾਰੇ ਕਾਂਗਰਸੀ ਵਿਧਾਇਕਾਂ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਅਸਤੀਫੇ ਦੇ ਦਿੱਤੇ। 16 ਨਵੰਬਰ, 2016 ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿਚ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਦੀ ਆਗਿਆ ਨਹੀਂ ਦੇਵੇਗੀ। 22 ਨਵੰਬਰ, 2016 ਨੂੰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਅਖਬਾਰਾਂ ਵਿਚ ਪੂਰੇ ਪੰਨੇ ਦਾ ਇਸ਼ਤਿਹਾਰ ਦੇ ਕੇ ਜਾਣਕਾਰੀ ਦਿਤੀ ਕਿ 202 ਪਿੰਡਾਂ ਦੇ 14308 ਕਿਸਾਨਾਂ ਦੀ 4261 ਏਕੜ ਜ਼ਮੀਨ ਪਿਛਲੇ ਤਿੰਨ ਦਹਾਕਿਆਂ ਤੋਂ ਬੰਜਰ ਪਈ ਹੈ। ਉਪਰੋਕਤ 2016 ਦੇ ਬਿੱਲ ਅਤੇ ਇਸ ਇਸ਼ਤਿਹਾਰ ਤੋਂ ਬਾਅਦ ਕਿਸਾਨਾਂ ਨੇ ਅਧੂਰੀ ਅਤੇ ਟੁੱਟੀ ਪਈ ਨਹਿਰ ਮਿੱਟੀ ਨਾਲ ਭਰਨੀ ਸ਼ੁਰੂ ਕਰ ਦਿੱਤੀ।

ਉਧਰ, ਹਰਿਆਣਾ ਸਰਕਾਰ ਦੀ ਪਟੀਸ਼ਨ ਤੇ 30 ਨਵੰਬਰ, 2016 ਨੂੰ ਸੁਪਰੀਮ ਕੋਰਟ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਟੇਟਸ-ਕੋ ਬਣਾਈ ਰੱਖਣ ਲਈ ਹੁਕਮ ਜਾਰੀ ਕੀਤਾ। ਪੰਜਾਬ ਦੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਮੁੱਦਾ ਹੋਰ ਸਿਆਸੀ ਜ਼ੋਰ ਫੜ ਗਿਆ। ਪੰਜਾਬ ਦੀ ਮੁੱਖ ਦਲੀਲ ਰਿਪੇਰੀਅਨ ਰਾਜ ਹੋਣ ਦੀ ਹੈ ਅਤੇ ਹਰਿਆਣਾ ਦੀ ਹੁਣ ਤੱਕ ਦੇ ਹੋਏ ਸਾਰੇ ਸਮਝੌਤੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਪੰਜਾਬ ਦੇ ਰਿਪੇਰੀਅਨ ਰਾਜ ਅਤੇ ਇਸ ਨਾਲ ਹੋਏ ਅਨਿਆਂ ਦੀ ਗੱਲ ਘੱਟ ਜਾਂ ਬਿਲਕੁਲ ਨਹੀਂ ਕਰਦੀਆਂ ਪਰ ਪੰਜਾਬ ਦੇ ਦਰਿਆਈ ਪਾਣੀਆਂ ਪ੍ਰਤੀ ਲੋੜ ਅਤੇ ਪੰਜਾਬ ਪਾਸ ਵਾਧੂ ਪਾਣੀ ਨਾ ਹੋਣ ਦੀ ਗੱਲ ਜ਼ਰੂਰ ਕਰਦੀਆਂ ਹਨ।

ਪੰਜਾਬ ਅਤੇ ਹਰਿਆਣਾ ਵਿਚ ਝੋਨਾ ਮੁੱਖ ਅਤੇ ਵੱਧ ਪਾਣੀ ਵਰਤਣ ਵਾਲੀ ਫਸਲ ਹੈ। ਝੋਨੇ ਦੀ ਫਸਲ ਦੀ ਸਿੰਜਾਈ ਲਈ ਲੱਖਾਂ ਏਕੜ ਫੁੱਟ ਪਾਣੀ ਲੱਖਾਂ ਟਿਊਬਵੈੱਲਾਂ ਰਾਹੀਂ ਧਰਤੀ ਹੇਠੋਂ ਕੱਢਿਆ ਜਾ ਰਿਹਾ ਹੈ। ਇਥੇ ਹੀ ਬੱਸ ਨਹੀਂ, ਪੰਜਾਬ ਅਤੇ ਹਰਿਆਣਾ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਵੱਲੋ ਨਿਰਧਾਰਤ ਮਿਆਰਾਂ ਨਾਲੋਂ ਕਿਤੇ ਜ਼ਿਆਦਾ ਵਾਰ ਸਿੰਜਾਈਆਂ ਕੀਤੀਆਂ ਜਾਂਦੀਆਂ ਹਨ। ਇਸ ਕਾਰਨ ਲੱਖਾਂ ਏਕੜ ਫੁਟ ਪਾਣੀ ਵਿਅਰਥ ਜਾਂਦਾ ਹੈ। ਧਰਤੀ ਹੇਠਲੇ ਪਾਣੀ ਤੇ ਵਧ ਰਹੀ ਨਿਰਭਰਤਾ ਕਾਰਨ ਦੋਹਾਂ ਰਾਜਾਂ ਵਿਚ ਟਿਊਬਵੈਲਾਂ ਦੀ ਗਿਣਤੀ ਤਕਰੀਬਨ 23 ਲੱਖ (ਪੰਜਾਬ ਵਿਚ 14 ਲੱਖ ਤੇ ਹਰਿਆਣਾ ਵਿਚ ਤਕਰੀਬਨ 9 ਲੱਖ) ਤੱਕ ਪਹੁੰਚ ਚੁੱਕੀ ਹੈ। ਹਰਿਆਣਾ ਦੇ ਇਕ ਅਧਿਐਨ ਅਨੁਸਾਰ ਝੋਨੇ ਦੀਆਂ ਵਾਧੂ ਸਿੰਜਾਈਆਂ ਕਾਰਨ ਸਾਲਾਨਾ 7.23 ਐਮ.ਏ.ਐਫ. ਪਾਣੀ ਅਜਾਈਂ ਜਾਂਦਾ ਹੈ ਜੋ ਹਰਿਆਣੇ ਨੂੰ ਮਿਲਣ ਵਾਲੇ ਰਾਵੀ-ਬਿਆਸ ਦਰਿਆਈ ਪਾਣੀ (3.5 ਐਮ.ਏ.ਐਫ.) ਨਾਲੋਂ ਕਿਤੇ ਜ਼ਿਆਦਾ ਹੈ। ਪੰਜਾਬ ਵਿਚ ਅਜਾਈਂ ਜਾਣ ਵਾਲੇ ਪਾਣੀ ਦੀ ਮਿਕਦਾਰ ਇਸ ਤੋਂ ਜ਼ਿਆਦਾ ਹੀ ਹੋਵੇਗੀ ਕਿਉਂਕਿ ਪੰਜਾਬ ਵਿਚ ਝੋਨੇ ਹੇਠ ਰਕਬਾ ਤਕਰੀਬਨ 30 ਲੱਖ ਹੈਕਟੇਅਰ ਅਤੇ ਹਰਿਆਣਾ ਵਿਚ 13 ਲੱਖ ਹੈਕਟੇਅਰ ਹੈ। ਇਉਂ ਵਾਧੂ ਸਿੰਜਾਈ ਦੇ ਰੂਪ ਵਿਚ ਅਜਾਈਂ ਜਾਣ ਵਾਲੇ ਪਾਣੀ ਨੂੰ ਬਚਾਉਣ ਨਾਲ ਦੋਹਾਂ ਰਾਜਾਂ ਨੂੰ ਰਾਵੀ-ਬਿਆਸ ਦੇ 17.17 ਮਿਲੀਅਨ ਏਕੜ ਫੁੱਟ ਦੇ ਸਮੁੱਚੇ ਪਾਣੀ ਨਾਲੋਂ ਜ਼ਿਆਦਾ ਬਚਤ ਹੋ ਜਾਵੇਗੀ ਪਰ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਲੈਣਾ ਚਾਹੀਦਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੌਜੂਦਾ ਵਿਵਾਦ ਦਾ ਹੱਲ ਨਾ ਲੱਭਿਆ ਜਾਵੇ। ਅੰਤਿਮ ਫੈਸਲਾ ਕਰਨ ਤੋਂ ਪਹਿਲਾਂ ਪੰਜਾਬ ਵਲੋਂ ਆਪਣੀ ਧਰਤੀ ਹੇਠਲੇ ਪਾਣੀ ਦੀ ਕੀਮਤ ਤੇ ਦੇਸ਼ ਦੀ ਅਨਾਜ ਸੁਰੱਖਿਆ ਵਿਚ ਪਾਏ ਯੋਗਦਾਨ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਚਾਹੀਦਾ ਇਹ ਹੈ ਕਿ ਇਸ ਮੁੱਦੇ ਦਾ ਕੋਈ ਸਥਾਈ ਹੱਲ ਲੱਭ ਕੇ ਦੋਹਾਂ ਗਵਾਂਢੀ ਰਾਜਾਂ ਵਿਚਲੇ ਝਗੜੇ ਨੂੰ ਸ਼ਾਂਤੀਪੂਰਵਕ ਢੰਗ ਨਾਲ ਹੱਲ ਕੀਤਾ ਜਾਵੇ।

# ਅਦਾਲਤੀ 'ਮਾਣਹਾਨੀ' ਅਤੇ ਨਿਆਂ ਪਾਲਿਕਾ ਦੀ ਸੜਾਂਦ

ਭਾਰਤ ਦੀ ਸੁਪਰੀਮ ਕੋਰਟ ਦੇ ਬੈਂਚ ਵਲੋਂ ਉਘੇ ਵਕੀਲ ਪ੍ਰਸ਼ਾਂਤ ਭੂਸ਼ਨ ਨੂੰ ਅਦਾਲਤੀ ਮਾਣਹਾਨੀ ਦਾ ਦੋਸ਼ੀ ਕਰਾਰ ਦਿੱਤੇ ਜਾਣ ਨੇ ਇਸ ਉਪਰ ਮੁੜ ਮੋਹਰ ਲਾ ਦਿੱਤੀ ਕਿ ਵਿਚਾਰ ਪ੍ਰਗਟਾਵੇ ਦੇ ਹੱਕ ਨੂੰ ਖਤਰਾ ਸਿਰਫ ਆਰ.ਐਸ.ਐਸ.-ਭਾਜਪਾ ਤੋਂ ਹੀ ਨਹੀਂ, ਇਸ ਵਿਚ ਸਰਵਉਚ ਅਦਾਲਤ ਵੀ ਸ਼ਾਮਲ ਹੈ ਜਿਸ ਨੂੰ ਨਿਆਂ ਦੀ ਆਖਰੀ ਉਮੀਦ ਮੰਨਿਆ ਜਾਂਦਾ ਹੈ। ਪ੍ਰਸ਼ਾਂਤ ਭੂਸ਼ਨ ਆਪਣੀ ਗੱਲ ਉਪਰ ਡਟੇ ਹੋਏ ਹਨ ਜਦਕਿ ਸੁਪਰੀਮ ਕੋਰਟ ਹੁਣ ਮਾਮਲਾ ਗਲੋਂ ਲਾਹੁਣ ਦੇ ਰੌਂਅ 'ਚ ਜਾਪਦੀ ਹੈ। ਚਾਹੇ ਦੇਸ਼-ਵਿਦੇਸ਼ ਵਿਚ ਪ੍ਰਸ਼ਾਂਤ ਭੂਸ਼ਨ ਦੇ ਹੱਕ ਵਿਚ ਕਾਨੂੰਨਦਾਨਾਂ ਅਤੇ ਹੋਰ ਇਨਸਾਫਪਸੰਦ ਲੋਕਾਂ ਵਲੋਂ ਉਠਾਈ ਆਵਾਜ਼ ਅਤੇ ਆਪਣੀ ਸਾਖ ਬਚਾਉਣ ਦੀ ਜ਼ਰੂਰਤ ਦੇ ਮੱਦੇਨਜ਼ਰ ਬੈਂਚ ਉਸ ਨੂੰ ਕੋਈ ਸਜ਼ਾ ਦੇਵੇ ਜਾਂ ਨਾ ਲੇਕਿਨ ਮਾਮੂਲੀ ਟਵੀਟ ਨੂੰ ਮਾਣਹਾਨੀ ਕਰਾਰ ਦੇਣਾ ਹੀ ਜੱਜਾਂ ਦੀ ਗੈਰ ਜਮਹੂਰੀ ਮਾਨਸਿਕਤਾ ਨੂੰ ਸਮਝਣ ਲਈ ਕਾਫੀ ਹੈ। ਇਹ ਫੈਸਲਾ ਨਿਆਂ

**ਬੂਟਾ ਸਿੰਘ**
ਫੋਨ: +91-94634-74342

ਸ਼ਾਸਤਰ, ਬੁਨਿਆਦੀ ਸੰਵਿਧਾਨਕ ਹੱਕਾਂ, ਅਦਾਲਤੀ ਪਾਰਦਰਸ਼ਤਾ ਤੇ ਨਿਰਪੱਖਤਾ ਦੇ ਕਿਸੇ ਵੀ ਪੈਮਾਨੇ ਅਨੁਸਾਰ ਤਰਕਸੰਗਤ ਨਹੀਂ। ਇਸੇ ਲਈ, ਮਸ਼ਹੂਰ ਪੱਤਰਕਾਰ ਅਤੇ ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਨੀਂਹ ਕਿੰਨੀ ਖੋਖਲੀ ਹੋ ਚੁੱਕੀ ਹੈ ਕਿ ਇਹ ਮਹਿਜ਼ ਦੋ ਟਵੀਟਾਂ ਨਾਲ ਹੀ ਹਿੱਲ ਸਕਦੀ ਹੈ।

ਪ੍ਰਸ਼ਾਤ ਭੂਸ਼ਨ ਨੇ 26 ਅਤੇ 27 ਜੂਨ 2020 ਨੂੰ ਦੋ ਟਵੀਟ ਕੀਤੇ ਸਨ। ਪਹਿਲੇ ਟਵੀਟ ਨਾਲ ਲਗਾਈ ਤਸਵੀਰ ਵਿਚ ਮੌਜੂਦਾ ਚੀਫ ਜਸਟਿਸ ਅਰਵਿੰਦ ਬੋਬੜੇ ਲੌਕਡਾਊਨ ਦੌਰਾਨ ਰਾਜ-ਭਵਨ ਨਾਗਪੁਰ ਵਿਖੇ ਬਿਨਾ ਮਾਸਕ ਅਤੇ ਹੈਲਮੇਟ ਪਹਿਨੇ ਇਕ ਭਾਜਪਾ ਆਗੂ ਦੇ ਛੋਕਰੇ ਦੇ ਬੇਹੱਦ ਮਹਿੰਗੇ ਮੋਟਰਸਾਈਕਲ ਉਪਰ ਬਿਰਾਜਮਾਨ ਨਜ਼ਰ ਆਏ। ਪ੍ਰਸ਼ਾਂਤ ਭੂਸ਼ਨ ਨੇ ਇਸ ਤਸਵੀਰ ਉਪਰ ਟਿੱਪਣੀ ਕੀਤੀ। ਦੂਸਰੇ ਟਵੀਟ ਵਿਚ ਉਸ ਨੇ ਮੌਜੂਦਾ ਨਿਜ਼ਾਮ ਦੀ ਨਿਰੰਕੁਸ਼ਤਾ ਵਿਚ ਜੁਡੀਸ਼ਰੀ ਦੀ ਮਿਲੀਭੁਗਤ ਉਪਰ ਟਿੱਪਣੀ ਕੀਤੀ ਸੀ। ਉਸ ਨੇ ਪਿਛਲੇ ਛੇ ਸਾਲਾਂ ਦੌਰਾਨ ਰਸਮੀ ਐਮਰਜੈਂਸੀ ਤੋਂ ਬਗੈਰ ਹੀ ਲੋਕਤੰਤਰ ਦੀ ਤਬਾਹੀ ਲਈ ਸੁਪਰੀਮ ਕੋਰਟ ਦੇ ਆਖਰੀ ਚਾਰ ਚੀਫ ਜਸਟਿਸਾਂ - ਐਸ.ਏ. ਬੋਬੜੇ, ਰੰਜਨ ਗੋਗੋਈ, ਦੀਪਕ ਮਿਸ਼ਰਾ ਅਤੇ ਜੇ.ਐਸ. ਖੇਹਰ - ਦੀ ਭੂਮਿਕਾ ਉਪਰ ਸਵਾਲ ਉਠਾਏ ਸਨ। ਪ੍ਰਸ਼ਾਂਤ ਭੂਸ਼ਨ ਦੇ ਦੋਨੋਂ ਤੱਥਪੂਰਨ ਟਵੀਟ ਭਾਰਤ ਦੇ ਦਹਿ-ਕਰੋੜਾਂ ਵਲੋਂ ਮਹਿਸੂਸ ਕੀਤੀ ਜਾ ਰਹੀ ਮੁਲਕ ਦੀ ਹਕੀਕਤ ਦੀ ਤਰਜਮਾਨੀ ਕਰਦੇ ਹਨ। ਜਿਸ ਨੂੰ ਬੈਂਚ ਨੇ ਮਾਣਹਾਨੀ ਕਰਾਰ ਦਿੱਤਾ ਹੈ, ਉਹ ਦਰਅਸਲ ਉਹ ਹੱਕ ਹੈ ਜਿਸ ਨੂੰ ਪ੍ਰਸ਼ਾਂਤ ਭੂਸ਼ਨ ਨੇ 'ਨਾਗਰਿਕ ਦਾ ਸਰਬਉਚ ਫਰਜ਼' ਵਜੋਂ ਬੁਲੰਦ ਕੀਤਾ ਹੈ। ਸ਼ਾਇਦ ਸੁਪਰੀਮ ਕੋਰਟ ਨਹੀਂ ਚਾਹੁੰਦੀ ਕਿ ਜਾਗਰੂਕ ਨਾਗਰਿਕ ਸਵਾਲ ਉਠਾਉਣ ਦਾ ਇਹ ਹੱਕ ਇਸਤੇਮਾਲ ਕਰਨ ਜਿਨ੍ਹਾਂ ਨੂੰ ਮੁਲਕ ਦੇ ਹਿਤ 'ਚ ਉਠਾਉਣਾ ਜ਼ਰੂਰੀ ਹੈ।

ਪ੍ਰਸ਼ਾਂਤ ਭੂਸ਼ਨ ਵਿਰੁਧ ਅਜੇ 2009 'ਚ ਤਹਿਲਕਾ ਰਸਾਲੇ ਨੂੰ ਦਿੱਤੀ ਇਕ ਇੰਟਰਵਿਊ ਦਾ ਇਕ ਹੋਰ ਮਾਮਲਾ ਵੀ ਸੁਣਵਾਈ ਅਧੀਨ ਹੈ। ਇੰਟਰਵਿਊ ਵਿਚ ਉਸ ਨੇ ਸੁਪਰੀਮ ਕੋਰਟ ਦੇ ਬਹੁਤ ਸਾਰੇ ਜੱਜਾਂ ਦਾ ਨਾਂ ਲੈ ਕੇ ਭ੍ਰਿਸ਼ਟਾਚਾਰ ਦੇ ਸੰਗੀਨ ਇਲਜ਼ਾਮ ਲਗਾਉਂਦਿਆਂ ਕਿਹਾ ਸੀ ਕਿ ਪਿਛਲੇ 16 ਪ੍ਰਮੁੱਖ ਜੱਜਾਂ ਵਿਚੋਂ ਘੱਟੋ-ਘੱਟ ਅੱਧੇ ਭ੍ਰਿਸ਼ਟ ਸਨ। ਉਸ ਨੇ ਮੁਲਕ ਦੇ ਬੌਧਿਕ ਹਲਕਿਆਂ ਦੀ ਇਸ ਮੰਗ ਦੀ ਹਮਾਇਤ ਵੀ ਕੀਤੀ ਸੀ ਕਿ ਅਦਾਲਤੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਨਿਰਪੱਖ ਜਾਂਚ ਲਈ ਆਜ਼ਾਦ ਸੰਸਥਾ ਬਣਾਈ ਜਾਵੇ। ਸਿਤਮਜ਼ਰੀਫੀ ਇਹ ਹੈ ਕਿ ਪ੍ਰਸ਼ਾਂਤ ਭੂਸ਼ਨ ਵਲੋਂ ਲਗਾਏ ਇਲਜ਼ਾਮ ਨਾ ਖਾਰਜ ਕੀਤੇ ਗਏ ਅਤੇ ਨਾ ਉਨ੍ਹਾਂ ਦੀ ਜਾਂਚ ਕਰਾਈ ਗਈ, ਬਸ ਅਦਾਲਤੀ ਮਾਣਹਾਨੀ ਦਾ ਮਾਮਲਾ ਬਣਾ ਕੇ ਮੁਕੱਦਮਾ ਚਲਾਇਆ ਗਿਆ ਜੋ ਅਜੇ ਸੁਣਵਾਈ ਅਧੀਨ ਹੈ।

ਕੌੜੀ ਹਕੀਕਤ ਇਹ ਹੈ ਕਿ ਜੱਜਾਂ ਦੀ ਹਉਮੈ ਇਹ ਸੱਚ ਸੁਣਨ ਲਈ ਤਿਆਰ ਨਹੀਂ। ਇਹੀ ਵਜ੍ਹਾ ਸੀ ਕਿ ਜਦ 20 ਅਗਸਤ ਨੂੰ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਪ੍ਰਸ਼ਾਂਤ ਭੂਸ਼ਨ ਨੂੰ ਸਜ਼ਾ ਸੁਣਾਉਣ ਲਈ ਜੁੜੇ ਬੈਂਚ ਦਾ ਧਿਆਨ ਸੁਪਰੀਮ ਕੋਰਟ ਦੇ ਨੌਂ ਜੱਜਾਂ ਦੀਆਂ ਟਿੱਪਣੀਆਂ ਵਲ ਦਿਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਰੋਕ ਦਿੱਤਾ ਗਿਆ। ਉਹ ਤਾਂ ਬਸ ਇਹੀ ਚੇਤੇ ਕਰਾ ਰਿਹਾ ਸੀ ਕਿ ਉਸ ਕੋਲ ਸੁਪਰੀਮ ਕੋਰਟ ਦੇ ਸਾਬਕਾ ਨੌਂ ਜੱਜਾਂ ਦੇ ਨਾਂ ਹਨ ਜਿਨ੍ਹਾਂ ਨੇ ਕਿਹਾ ਹੈ ਕਿ ਉਚੇਰੀ ਜੁਡੀਸ਼ਰੀ ਵਿਚ ਭ੍ਰਿਸ਼ਟਾਚਾਰ ਹੈ, ਉਨ੍ਹਾਂ ਵਿਚੋਂ ਸੱਤ ਨੇ ਰਿਟਾਇਰ ਹੋਣ ਤੋਂ ਤੁਰੰਤ ਬਾਅਦ ਇਹ ਟਿੱਪਣੀਆਂ ਕੀਤੀਆਂ ਹਨ ਜਦਕਿ ਦੋ ਨੇ ਸਰਵਿਸ ਦੌਰਾਨ।

ਇਹ ਅਦਾਲਤੀ ਵਤੀਰਾ ਅਹੁਦੇ ਦੀ ਹਉਮੈ ਦਾ ਪ੍ਰਤੀਕ ਹੈ ਅਤੇ ਇਹ ਗਰੂਰ ਪਹਿਲਾਂ ਵੀ ਆਪਣੇ ਰੰਗ ਦਿਖਾ ਚੁੱਕਾ ਹੈ। ਮਾਰਚ 2002 'ਚ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਨੂੰ ਸੁਪਰੀਮ ਕੋਰਟ ਨੇ ਅਦਾਲਤ ਦੀ 'ਹੱਤਕ' ਕਰਨ ਲਈ ਇਕ ਦਿਨ ਦੀ ਕੈਦ ਅਤੇ 2000 ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਸੀ, ਕਿਉਂਕਿ ਅਦਾਲਤ ਨੂੰ ਉਸ ਦੇ ਹਲਫਨਾਮੇ ਵਿਚ 'ਪਛਤਾਵਾ' ਨਜ਼ਰ ਨਹੀਂ ਸੀ ਆਇਆ ਜੋ ਉਸ ਨੇ ਆਪਣੇ ਉਪਰ ਅਦਾਲਤ ਵਿਰੁਧ ਨਾਅਰੇ ਲਾਉਣ ਦੇ ਦੋਸ਼ਾਂ ਦੀ ਸਫਾਈ ਪੇਸ਼ ਕਰਨ ਲਈ ਦਿੱਤਾ ਸੀ। ਇਸੇ ਤਰ੍ਹਾਂ, ਮਈ 2017 'ਚ ਸੁਪਰੀਮ ਕੋਰਟ ਦੇ ਸੱਤ ਮੈਂਬਰੀ ਬੈਂਚ ਨੇ ਖੁਦ ਹੀ ਨੋਟਿਸ ਲੈ ਕੇ ਕਲਕੱਤਾ ਹਾਈਕੋਰਟ ਦੇ ਜਸਟਿਸ ਸੀ.ਐਸ. ਕਰਣਨ ਨੂੰ ਛੇ ਮਹੀਨੇ ਦੀ ਸਜ਼ਾ ਦੇ ਦਿੱਤੀ ਸੀ ਕਿਉਂਕਿ ਉਸ ਨੇ ਮੋਦੀ ਨੂੰ ਚਿੱਠੀ ਲਿਖ ਕੇ ਸਿਟਿੰਗ ਜੱਜਾਂ ਦੇ ਭ੍ਰਿਸ਼ਟਾਚਾਰ, ਜਾਤਪਾਤ ਸਮੇਤ ਅਦਾਲਤੀ ਢਾਂਚੇ ਦੇ ਨਿਘਾਰ ਉਪਰ ਤੱਥਪੂਰਨ ਸਵਾਲ ਉਠਾਏ ਸਨ (ਮਜ਼ੇ ਦੀ ਗੱਲ ਇਹ ਹੈ ਕਿ ਉਸ ਨੂੰ ਸਜ਼ਾ ਦੇਣ ਦੇ ਫੈਸਲੇ ਦਾ ਸਵਾਗਤ ਕਰਨ ਵਾਲਿਆਂ ਵਿਚ ਪ੍ਰਸ਼ਾਂਤ ਭੂਸ਼ਨ ਵੀ ਸੀ)। ਇਹ ਵੀ ਗੌਰਤਲਬ ਹੈ ਕਿ ਜਸਟਿਸ ਕਰਣਨ ਨੂੰ ਸਜ਼ਾ ਸੁਣਾਉਣ ਵਾਲੇ ਪੰਜ ਜੱਜਾਂ ਵਿਚੋਂ ਚਾਰ ਉਹ ਜੱਜ ਸਨ ਜਿਨ੍ਹਾਂ ਨੇ 12 ਜਨਵਰੀ 2018 ਨੂੰ ਤੱਤਕਾਲੀ ਚੀਫ ਜਸਟਿਸ ਵਿਰੁਧ ਜਨਤਕ ਪ੍ਰੈੱਸ ਕਾਨਫਰੰਸ ਕਰ ਕੇ ਜਸਟਿਸ ਦੀਪਕ ਮਿਸ਼ਰਾ ਉਪਰ ਮਨਮਾਨੀਆਂ ਦੇ ਇਲਜ਼ਾਮ ਲਗਾਏ ਸਨ। ਜਸਟਿਸ ਕਰਣਨ ਨੂੰ ਸੁਣਾਈ ਸਜ਼ਾ ਨੇ ਸੀਨੀਅਰ ਜੱਜਾਂ ਦੇ ਦੋਹਰੇ ਮਿਆਰ ਵੀ ਬੇਪਰਦ ਕਰ ਦਿੱਤੇ ਜਿਨ੍ਹਾਂ ਨੂੰ ਚੀਫ ਜਸਟਿਸ ਦੀਆਂ ਮਨਮਾਨੀਆਂ ਵਿਰੁਧ ਆਪਣੀ ਪ੍ਰੈੱਸ ਕਾਨਫਰੰਸ ਤਾਂ ਪੂਰੀ ਤਰ੍ਹਾਂ ਜਾਇਜ਼ ਲੱਗਦੀ ਸੀ ਲੇਕਿਨ ਜਸਟਿਸ ਕਰਣਨ ਵਲੋਂ ਉਠਾਏ ਸਵਾਲ ਉਨ੍ਹਾਂ ਨੂੰ ਅਦਾਲਤ ਦੀ ਹੱਤਕ ਨਜ਼ਰ ਆਏ ਅਤੇ ਉਸ ਨੂੰ ਸਜ਼ਾ ਦੇਣਾ ਜ਼ਰੂਰੀ ਸਮਝਿਆ ਗਿਆ। ਇਨ੍ਹਾਂ ਚਾਰਾਂ ਵਿਚੋਂ ਇਕ ਸ਼ਖਸ ਰੰਜਨ ਗੋਗੋਈ ਰਾਫਾਲ ਸੌਦੇ, ਅਯੁੱਧਿਆ ਵਿਵਾਦ, ਅਸਾਮ ਵਿਚ ਐਨ.ਆਰ.ਸੀ. ਦੀ ਨਿਗਰਾਨੀ, ਕਸ਼ਮੀਰ ਦੀਆਂ ਹੈਬੀਅਸ ਕਾਰਪਸ ਆਦਿ ਬਹੁਤ ਹੀ ਗੰਭੀਰ ਮੁੱਦਿਆਂ ਉਪਰ ਸੱਤਾਧਾਰੀ ਆਰ.ਐਸ.ਐਸ.-ਭਾਜਪਾ ਪੱਖੀ ਦੀ ਸੇਵਾ ਦੇ ਇਵਜ਼ ਵਿਚ ਹੁਣ ਰਾਜ ਸਭਾ ਦੀ ਮੈਂਬਰੀ ਮਾਣ ਰਿਹਾ ਹੈ। ਉਸ ਨੂੰ ਆਸਾਮ ਚੋਣਾਂ ਵਿਚ ਭਾਜਪਾ ਵਲੋਂ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਏ ਜਾਣ ਦੇ ਵੀ ਚਰਚੇ ਹਨ। ਰਾਫਾਲ ਸੌਦੇ, ਜਸਟਿਸ ਲੋਇਆ ਦੀ ਮੌਤ ਅਤੇ ਭੀਮਾ-ਕੋਰੇਗਾਓਂ ਸਾਜ਼ਿਸ਼ ਮਾਮਲਿਆਂ ਵਿਚ ਸਰਵਉਚ ਅਦਾਲਤ ਵਲੋਂ ਮਹੱਤਵਪੂਰਨ ਸਬੂਤਾਂ ਨੂੰ ਦਰਕਿਨਾਰ ਕਰਕੇ ਸੱਤਾਧਾਰੀ ਭਾਜਪਾ ਨੂੰ ਕਲੀਨ ਚਿੱਟਾਂ ਦੇਣ ਦੇ ਫੈਸਲੇ ਸਭ ਨੂੰ ਪਤਾ ਹਨ। ਚੀਫ ਜਸਟਿਸ ਨੇ ਪੰਜ ਬੁੱਧੀਜੀਵੀਆਂ ਦੇ ਮਾਮਲੇ ਵਿਚ ਰਾਤੋ-ਰਾਤ ਬੈਂਚ ਦਾ ਫੈਸਲਾ ਬਦਲ ਕੇ ਸਰਕਾਰ ਪੱਖੀ ਨਵਾਂ ਫੈਸਲਾ ਲਿਖਵਾ ਦਿੱਤਾ ਸੀ।


ਪ੍ਰਸ਼ਾਂਤ ਭੂਸ਼ਨ ਵਿਰੁਧ ਹਾਲੀਆ ਮਾਮਲਾ ਆਪਣੇ ਆਪ ਵਿਚ ਹੀ ਅਦਾਲਤੀ ਘਾਲੇ-ਮਾਲੇ ਦੀ ਮਿਸਾਲ ਹੈ। ਇਕ ਨਿੱਜੀ ਦਰਖਾਸਤ, ਜੋ ਅਟਾਰਨੀ ਜਨਰਲ ਦੀ ਅਗਾਊਂ ਸਹਿਮਤੀ ਤੋਂ ਬਿਨਾ ਦਾਇਰ ਹੀ ਨਹੀਂ ਹੋ ਸਕਦੀ, ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਨੇ ਫਟਾਫਟ ਫੈਸਲਾ ਸੁਣਾ ਦਿੱਤਾ ਜਦਕਿ ਮੁਲਕ ਦੇ ਭਵਿਖ ਨਾਲ ਜੁੜੇ ਬੇਸ਼ੁਮਾਰ ਮਹੱਤਵਪੂਰਨ ਮਾਮਲੇ ਠੰਡੇ ਬਸਤੇ ਵਿਚ ਪਾਏ ਹੋਏ ਹਨ। ਕਸ਼ਮੀਰ, ਮੁਕਾਬਲਿਆਂ ਵਿਚ ਹੱਤਿਆਵਾਂ, ਸੀ.ਏ.ਏ. ਆਦਿ ਮਾਮਲਿਆਂ ਨੂੰ ਸੁਪਰੀਮ ਕੋਰਟ ਲਗਾਤਾਰ ਨਜ਼ਰਅੰਦਾਜ਼ ਕਰ ਰਹੀ ਹੈ। ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇ ਕਿ ਐਨੇ ਮਹੱਤਵਪੂਰਨ ਮਾਮਲਿਆਂ ਨੂੰ ਦਰਕਿਨਾਰ ਕਰ ਕੇ ਅਦਾਲਤ ਦੀ ਕਥਿਤ ਹੱਤਕ ਪ੍ਰਤੀ ਬੈਂਚ ਦੀ ਇਸ ਤੱਤਪਰਤਾ ਪਿੱਛੇ ਅਦਾਲਤੀ ਕਾਰਗੁਜ਼ਾਰੀ ਉਪਰ ਜਾਇਜ਼ ਸਵਾਲ ਉਠਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਦੀ ਮਨਸ਼ਾ ਕੰਮ ਕਰਦੀ ਹੈ। ਬੈਂਚ ਨੇ ਫੈਸਲੇ ਵਿਚ ਫਿਕਰ ਜ਼ਾਹਿਰ ਕੀਤੀ ਕਿ ਦੁਨੀਆ ਜਮਹੂਰੀਅਤ ਲਈ ਭਾਰਤ ਵਲ ਦੇਖ ਰਹੀ ਹੈ, ਇਸ ਤਰ੍ਹਾਂ ਦੀਆਂ ਟਿੱਪਣੀਆਂ ਸਾਡੀ ਜਮਹੂਰੀਅਤ ਦਾ ਅਕਸ ਵਿਗਾੜਦੀਆਂ ਹਨ। ਆਰ.ਐਸ.ਐਸ.-ਭਾਜਪਾ ਸਰਕਾਰ ਦੇ ਮਨਮਾਨੇ ਫੈਸਲਿਆਂ ਜ਼ਰੀਏ ਮਨੁੱਖੀ ਅਤੇ ਜਮਹੂਰੀ ਹੱਕਾਂ ਅਤੇ ਸੰਵਿਧਾਨਕ ਮੁੱਲਾਂ ਦੀ ਦੁਰਦਸ਼ਾ ਨਾਲ ਕੁਲ ਆਲਮ ਵਿਚ ਭਾਰਤ ਦਾ ਜੋ ਅਕਸ ਬਣ ਚੁੱਕਾ ਹੈ, ਉਹ ਸੁਪਰੀਮ ਕੋਰਟ ਲਈ ਕਦੇ ਫਿਕਰ ਦਾ ਵਿਸ਼ਾ ਨਹੀਂ ਬਣਿਆ।

ਉਂਜ, ਦੁਨੀਆ ਇਹ ਵੀ ਤਾਂ ਦੇਖ ਰਹੀ ਹੈ ਕਿ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਦਾ ਅਸਲ ਚਿਹਰਾ ਕੀ ਹੈ ਅਤੇ ਸਰਬਉਚ ਅਦਾਲਤ ਕਰੋੜਾਂ ਲੋਕਾਂ ਦੀ ਜ਼ਿੰਦਗੀ ਉਪਰ ਅਸਰ ਪਾਉਣ ਵਾਲੇ ਮਾਮਲਿਆਂ 'ਚ ਕੀ ਕਰ ਰਹੀ ਹੈ। ਆਰ.ਐਸ.ਐਸ.-ਭਾਜਪਾ ਸਰਕਾਰ ਸੰਵਿਧਾਨਕ ਬੁਨਿਆਦ ਅਤੇ ਸੰਵਿਧਾਨਕ ਅਮਲ ਦੀਆਂ ਸ਼ਰੇਆਮ ਧੱਜੀਆਂ ਉਡਾ ਕੇ ਆਰਡੀਨੈਂਸਾਂ ਰਾਹੀਂ ਮਨਮਾਨੀਆਂ ਕਰ ਰਹੀ ਹੈ। ਜਿਨ੍ਹਾਂ ਲੋਕਾਂ ਦੇ ਹਿਤਾਂ ਦੇ ਨਾਂ 'ਤੇ ਤਾਨਾਸ਼ਾਹ ਫੈਸਲੇ ਕੀਤੇ ਜਾ ਰਹੇ ਹਨ, ਉਨ੍ਹਾਂ ਦੀ ਰਾਇ ਹੀ ਨਹੀਂ ਲਈ ਜਾਂਦੀ। ਸੀ.ਏ.ਏ. ਸੋਧ ਕਾਨੂੰਨ ਪਾਸ ਕਰ ਕੇ ਪੂਰੇ ਮੁਸਲਿਮ ਭਾਈਚਾਰੇ ਦੀ ਨਾਗਰਿਕਤਾ ਉਪਰ ਸਵਾਲੀਆ ਚਿੰਨ੍ਹ ਲਾ ਦਿੱਤਾ ਗਿਆ। ਪੂਰੇ ਜੰਮੂ ਕਸ਼ਮੀਰ ਨੂੰ ਪਿਛਲੇ ਇਕ ਸਾਲ ਤੋਂ ਖੁੱਲ੍ਹੀ ਜੇਲ੍ਹ ਬਣਾਇਆ ਹੋਇਆ ਹੈ। ਇੰਟਰਨੈੱਟ ਸੇਵਾਵਾਂ ਵੀ ਬਹਾਲ ਨਹੀਂ ਕੀਤੀਆਂ ਜਾ ਰਹੀਆਂ। ਆਰਥਕ ਨੀਤੀਆਂ ਨੇ ਮੁਲਕ ਦਾ ਸਿੱਖਿਆ ਤੇ ਸਿਹਤ ਸੇਵਾਵਾਂ ਦਾ ਢਾਂਚਾ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ। ਰੁਜ਼ਗਾਰ ਅਤੇ ਮੁਨਾਫਾ ਦੇਣ ਵਾਲੇ ਸਰਕਾਰੀ ਖੇਤਰ ਦੇ ਅਦਾਰੇ ਧੜਾਧੜ ਲੰਗੋਟੀਏ ਕਾਰਪੋਰੇਟ ਯਾਰਾਂ ਨੂੰ ਸੌਂਪ ਕੇ ਇਕ ਤਰ੍ਹਾਂ ਨਾਲ ਮੁਲਕ ਹੀ ਵੇਚਿਆ ਜਾ ਰਿਹਾ ਹੈ। ਕਰੋਨਾ ਮਹਾਮਾਰੀ ਦੇ ਬਹਾਨੇ ਤਾਲਾਬੰਦੀ ਥੋਪਣ ਨਾਲ ਬੇਵੱਸ ਹੋਏ ਦਹਿ-ਲੱਖਾਂ ਕਿਰਤੀ ਸੜਕਾਂ ਉਪਰ ਵਿਲਕਦੇ ਅਤੇ ਭੁੱਖੇ-ਤਿਹਾਏ ਦਮ ਤੋੜਦੇ ਪੂਰੀ ਦੁਨੀਆ ਨੇ ਦੇਖੇ। ਇਸੇ ਦੌਰਾਨ ਕਿਰਤੀਆਂ ਦੇ ਹੱਕ ਅਤੇ ਕਿਸਾਨਾਂ ਤੋਂ ਖੇਤੀਬਾੜੀ ਖੋਹਣ ਦੇ ਆਰਡੀਨੈਂਸ ਪਾਸ ਕੀਤੇ ਗਏ। ਸੁਪਰੀਮ ਕੋਰਟ ਸੰਵਿਧਾਨ ਅਤੇ ਲੋਕ ਵਿਰੋਧੀ ਇਸ ਅਮਲ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਲੋਕ ਹਿਤ ਪਟੀਸ਼ਨਾਂ ਦੀ ਸੁਣਵਾਈ ਨਾ ਕਰ ਕੇ ਇਹ ਇਸ ਧਾੜਵੀ ਲੁੱਟ ਅਤੇ ਉਜਾੜੇ ਦੀ ਸੱਤਾਧਾਰੀ ਮੁਹਿੰਮ ਦੀ ਨਿਗਰਾਨ ਚੌਕੀ ਬਣ ਕੇ ਰਹਿ ਗਈ ਹੈ।

ਸੱਤਾਧਾਰੀ ਸੰਘ ਬ੍ਰਿਗੇਡ ਵਲੋਂ ਭੀਮਾ-ਕੋਰੇਗਾਓਂ ਦੇ ਪੂਰੀ ਤਰ੍ਹਾਂ ਝੂਠੇ ਸਾਜ਼ਿਸ਼ ਕੇਸ ਵਿਚ ਫਸਾਏ ਨੌਂ ਬੁੱਧੀਜੀਵੀ ਇਕ ਸਾਲ ਤੋਂ ਬਿਨਾ ਜ਼ਮਾਨਤ, ਬਿਨਾ ਮੁਕੱਦਮਾ ਜੇਲ੍ਹਾਂ ਵਿਚ ਸੜ ਰਹੇ ਹਨ। ਸੁਪਰੀਮ ਕੋਰਟ ਵਲੋਂ ਵਿਸ਼ੇਸ਼ ਜਾਂਚ ਟੀਮ ਬਣਾ ਕੇ ਉਨ੍ਹਾਂ ਵਿਰੁਧ ਇਲਜ਼ਾਮਾਂ ਦੀ ਜਾਂਚ ਕਰਵਾਉਣ ਦੀ ਨਹਾਇਤ ਜਾਇਜ਼ ਮੰਗ ਵੀ ਰੱਦ ਕਰ ਦਿੱਤੀ ਗਈ। ਪਿਛਲੇ ਮਹੀਨਿਆਂ ਵਿਚ ਗੌਤਮ ਨਵਲੱਖਾ, ਡਾ. ਆਨੰਦ ਤੇਲਤੁੰਬੜੇ ਅਤੇ ਪ੍ਰੋਫੈਸਰ ਹੈਨੀ ਬਾਬੂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ, ਦੋ ਹੋਰ ਪ੍ਰੋਫੈਸਰਾਂ ਨੂੰ ਗ੍ਰਿਫਤਾਰ ਕਰਨ ਲਈ ਤਫਤੀਸ਼ ਵਿਚ ਸ਼ਾਮਲ ਕਰ ਲਿਆ ਗਿਆ ਹੈ। ਸੁਪਰੀਮ ਕੋਰਟ ਦੀਆਂ ਨਜ਼ਰਾਂ ਹੇਠ ਆਰ.ਐਸ.ਐਸ.-ਭਾਜਪਾ ਦੇ ਦਹਿਸ਼ਤੀ ਗਰੋਹਾਂ ਨੇ ਜੇ.ਐਨ.ਯੂ., ਜਾਮੀਆ ਮਿਲੀਆ ਅਤੇ ਸ਼ਾਹੀਨ ਬਾਗ ਦੇ ਸ਼ਾਂਤਮਈ ਅੰਦੋਲਨਾਂ ਉਪਰ ਦਹਿਸ਼ਤੀ ਹਮਲੇ ਕੀਤੇ। ਫਰਵਰੀ ਕਤਲੇਆਮ ਵਿਚ 53 ਲੋਕ ਮਾਰੇ ਗਏ ਅਤੇ ਹਜ਼ਾਰਾਂ ਮੁਸਲਮਾਨ ਉਜਾੜ ਦਿੱਤੇ ਗਏ। ਅੱਜ ਤੱਕ ਦਹਿਸ਼ਤੀ ਹਿੰਸਾ ਲਈ ਜ਼ਿੰਮੇਵਾਰ ਇਕ ਵੀ ਭਾਜਪਾ ਆਗੂ ਵਿਰੁਧ ਪਰਚਾ ਦਰਜ ਨਹੀਂ ਹੋਇਆ ਜਦਕਿ ਦਿੱਲੀ ਪੁਲਿਸ ਵਲੋਂ ਸ਼ਰੇਆਮ ਨਿਰਾਧਾਰ ਇਲਜ਼ਾਮਾਂ ਤਹਿਤ ਸੀ.ਏ.ਏ. ਵਿਰੋਧੀ ਨਿਆਂਪਸੰਦ ਨਾਗਰਿਕਾਂ ਅਤੇ ਰੌਸ਼ਨਖਿਆਲ ਵਿਦਿਆਰਥਣਾਂ ਨੂੰ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਇਨ੍ਹਾਂ ਤਮਾਮ ਗ੍ਰਿਫਤਾਰੀਆਂ ਤੋਂ ਇਹ ਵੀ ਸਪਸ਼ਟ ਹੋ ਗਿਆ ਕਿ ਕਾਲੇ ਕਾਨੂੰਨ ਯੂ.ਏ.ਪੀ.ਏ. ਵਿਚ 2019 'ਚ ਮੋਦੀ ਸਰਕਾਰ ਵਲੋਂ ਕੀਤੀ ਗਈ ਸੋਧ ਦਾ ਇਕੋ-ਇਕ ਮਨੋਰਥ ਵਿਅਕਤੀਆਂ ਨੂੰ ਦਹਿਸ਼ਤਗਰਦ ਕਰਾਰ ਦੇ ਕੇ ਆਲੋਚਕ ਆਵਾਜ਼ਾਂ ਨੂੰ ਜੇਲ੍ਹ ਵਿਚ ਸਾੜਨਾ ਸੀ। ਸੁਪਰੀਮ ਕੋਰਟ ਨੇ ਅੱਜ ਤੱਕ ਇਸ ਦਾ ਨੋਟਿਸ ਨਹੀਂ ਲਿਆ ਕਿ ਜਮਹੂਰੀਅਤ ਕਹਾਉਣ ਵਾਲੇ ਸਟੇਟ ਵਿਚ ਯੂ.ਏ.ਪੀ.ਏ. ਵਰਗੇ ਕਾਨੂੰਨ ਦੀ ਮਹਿਜ਼ ਵਿਚਾਰਾਂ ਦੇ ਆਧਾਰ 'ਤੇ ਆਲੋਚਕ ਆਵਾਜ਼ਾਂ ਵਿਰੁਧ ਵਰਤੋਂ ਦੀ ਕੀ ਵਾਜਬੀਅਤ ਹੈ। ਇੰਡੀਅਨ ਐਕਸਪ੍ਰੈਸ (22 ਅਗਸਤ) ਨੇ ਸੁਪਰੀਮ ਕੋਰਟ ਵਿਚ ਆਏ 10 ਮਾਮਲਿਆਂ ਛਾਣਬੀਣ ਛਾਪੀ ਹੈ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਇਨ੍ਹਾਂ ਮਾਮਲਿਆਂ ਵਿਚ ਸੁਪਰੀਮ ਕੋਰਟ ਨੇ ਮੁਲਜ਼ਮਾਂ ਨੂੰ ਕੋਈ ਰਾਹਤ ਨਹੀਂ ਦਿੱਤੀ, ਸਿਰਫ ਜਿਨ੍ਹਾਂ ਦੋ ਮਾਮਲਿਆਂ (ਰਿਪਬਲਿਕ ਟੀ.ਵੀ. ਵਾਲੇ ਅਰਨਬ ਗੋਸਵਾਮੀ ਤੇ ਪੱਤਰਕਾਰ ਅਮੀਸ਼ ਦੇਵਗਨ ਦੇ ਮਾਮਲੇ) ਵਿਚ ਸਰਕਾਰ ਨੇ ਜ਼ਮਾਨਤ ਦੇਣ ਦਾ ਆਪ ਹੀ ਵਿਰੋਧ ਨਹੀਂ ਕੀਤਾ, ਉਨ੍ਹਾਂ ਹੀ ਮੁਲਜ਼ਮਾਂ ਨੂੰ ਰਾਹਤ ਮਿਲੀ।

ਲਿਹਾਜ਼ਾ, ਪ੍ਰਸ਼ਾਂਤ ਭੂਸ਼ਨ ਵਲੋਂ ਉਠਾਏ ਸਵਾਲ ਸਟੇਟ ਦੀਆਂ ਲੋਕ ਵਿਰੋਧੀ ਨੀਤੀਆਂ, ਸਮਾਜੀ ਅਨਿਆਂ ਅਤੇ ਭ੍ਰਿਸ਼ਟਾਚਾਰ ਵਿਰੁਧ ਨਾਗਰਿਕਾਂ ਦੇ ਸਵਾਲ ਉਠਾਉਣ ਦੇ ਜਮਹੂਰੀ ਹੱਕ ਦੀ ਰਾਖੀ ਦਾ ਹਿੱਸਾ ਹਨ। ਮੁਲਕ ਦੇ ਅਵਾਮ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਸੁਪਰੀਮ ਕੋਰਟ ਵੀ ਇਸ ਹੱਕ ਦੀ ਸੰਘੀ ਘੁੱਟਣ ਵਾਲਿਆਂ ਵਿਚ ਸ਼ਾਮਲ ਹੈ ਤਾਂ ਜਮਹੂਰੀ ਕਦਰਾਂ-ਕੀਮਤਾਂ ਦੀ ਰਾਖੀ ਅਤੇ ਇਸ ਦੇ ਨਾਲ ਹੀ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਅਤੇ ਅਦਾਲਤੀ ਮਾਣਹਾਨੀ ਦੀਆਂ ਤਾਨਾਸ਼ਾਹ ਧਾਰਾਵਾਂ ਨੂੰ ਖਤਮ ਕਰਾਉਣ ਦੀ ਲੜਾਈ ਲੜਨਾ ਕਿੰਨਾ ਜ਼ਰੂਰੀ ਹੈ।

## ਸੰਘ ਦੇ ਵਿਹੜੇ 'ਚ ਨੱਚਦੀ ਸੁਪਰੀਮ ਕੋਰਟ



ਕਰਨ ਥਾਪਰ



ਰਾਮਚੰਦਰ ਗੁਹਾ

***ਪੱਤਰਕਾਰ ਕਰਨ ਥਾਪਰ ਅਤੇ ਇਤਿਹਾਸਕਾਰ ਰਾਮ ਚੰਦਰ ਗੁਹਾ ਨੇ ਸੁਪਰੀਮ ਕੋਰਟ ਉਪਰ ਟਿੱਪਣੀਆਂ ਕੀਤੀਆਂ ਹਨ। ਕਰਨ ਥਾਪਰ ਨੇ ਲਿਖਿਆ: "ਸੁਪਰੀਮ ਕੋਰਟ ਨਿਆਂ ਦੇਣ ਲਈ ਬਣਾਈ ਗਈ ਸੀ ਪਰ ਸੁਪਰੀਮ ਕੋਰਟ ਸਾਲ 2014 ਤੋਂ ਸੰਘ ਦੇ ਵਿਹੜੇ ਵਿਚ ਨੱਚ ਰਹੀ ਹੈ!" 'ਇੰਡੀਅਨ ਐਕਸਪ੍ਰੈਸ' ਵਿਚ ਆਪਣੇ ਲੇਖ ਵਿਚ ਰਾਮਚੰਦਰ ਗੁਹਾ ਨੇ ਲਿਖਿਆ ਹੈ ਕਿ ਕਿਵੇਂ ਸੁਪਰੀਮ ਕੋਰਟ 'ਨਿਆਂ ਅਤੇ ਲੋਕਤੰਤਰ ਦੀ ਰਾਖੀ' ਦੀ ਬਜਾਏ ਸ਼ਕਤੀ ਦੇ ਸਾਧਨ ਵਜੋਂ ਕੰਮ ਕਰ ਰਹੀ ਹੈ।***

## ਨੌਂ ਜੱਜਾਂ ਨੇ ਅਦਾਲਤ ਬਾਰੇ ਜੋ ਕਿਹਾ

1. ਜਸਟਿਸ ਈ.ਐਸ. ਵੈਂਕਟਾਰਮਈਆ (ਭਾਰਤ ਦੇ 19ਵੇਂ ਚੀਫ ਜਸਟਿਸ - 19 ਜੂਨ 1989 ਤੋਂ 17 ਦਸੰਬਰ 1989): ਉਨ੍ਹਾਂ ਨੇ ਆਪਣੀ ਸੇਵਾ-ਮੁਕਤੀ ਤੋਂ ਪਹਿਲਾਂ ਪੱਤਰਕਾਰ ਕੁਲਦੀਪ ਨਈਅਰ ਨੂੰ ਦੱਸਿਆ: "ਭਾਰਤ ਵਿਚ ਨਿਆਂਪਾਲਿਕਾ ਆਪਣੇ ਮਿਆਰਾਂ ਤੋਂ ਗਿਰ ਗਈ ਹੈ। ਐਸੇ ਜੱਜ ਲਾਏ ਜਾਂਦੇ ਹਨ ਜੋ 'ਜੋ ਸ਼ਾਹੀ ਪਾਰਟੀਆਂ ਅਤੇ ਵਿਸਕੀ ਦੀਆਂ ਬੋਤਲਾਂ ਨਾਲ ਪ੍ਰਭਾਵਿਤ ਹੋਣ ਦੇ ਇੱਛਕ ਹੋਣ'।" ਉਨ੍ਹਾਂ ਕਿਹਾ, "ਹਰ ਹਾਈਕੋਰਟ ਵਿਚ ਘੱਟੋ-ਘੱਟ ਚਾਰ-ਪੰਜ ਜੱਜ ਐਸੇ ਹੁੰਦੇ ਹਨ ਜੋ ਨਿੱਤ ਸ਼ਾਮ ਨੂੰ ਕਿਸੇ ਵਕੀਲ ਦੇ ਘਰ ਜਾਂ ਵਿਦੇਸ਼ੀ ਸਫਾਰਤਖਾਨੇ ਵਿਖੇ ਦਾਰੂ ਅਤੇ ਖਾਣੇ ਦੀਆਂ ਦਾਅਵਤਾਂ ਵਿਚ ਜਾਂਦੇ ਹਨ। ਐਸੇ ਜੱਜਾਂ ਦੀ ਗਿਣਤੀ 90 ਦੇ ਕਰੀਬ ਹੈ ਅਤੇ ਵਿਹਾਰਕ ਤੌਰ 'ਤੇ ਮੁਲਕ ਦੀਆਂ ਸਾਰੀਆਂ ਹੀ 22 ਹਾਈਕੋਰਟਾਂ ਵਿਚ ਜੱਜਾਂ ਦੇ ਨੇੜਲੇ ਰਿਸ਼ਤੇਦਾਰਾਂ ਦੀ ਭਰਮਾਰ ਹੈ।" ਉਨ੍ਹਾਂ ਐਸੇ ਜੱਜਾਂ ਦਾ ਤਬਾਦਲਾ ਹੋਰ ਹਾਈਕੋਰਟਾਂ ਵਿਚ ਕਰਨ ਦਾ ਪੱਖ ਲਿਆ।

2. ਤਤਕਾਲੀ ਚੀਫ ਜਸਟਿਸ ਆਫ ਇੰਡੀਆ ਜਸਟਿਸ ਐਸ.ਪੀ. ਭਾਰੂਚਾ ਨੇ ਆਪਣੇ ਭਾਸ਼ਣ ਵਿਚ ਰੋਣਾ ਰੋਇਆ ਕਿ ਭਾਰਤ ਦੇ 20 ਫੀਸਦੀ ਜੱਜ ਭ੍ਰਿਸ਼ਟ ਹਨ। ਇਹ ਭਾਸ਼ਣ ਉਨ੍ਹਾਂ ਨੇ 28 ਨਵੰਬਰ 2001 ਨੂੰ ਸੁਪਰੀਮ ਕੋਰਟ ਦੇ ਲਾਅਨ ਵਿਚ ਕਾਨੂੰਨ ਦਿਵਸ ਮੌਕੇ ਦਿੱਤਾ। ਇਸ ਭਾਸ਼ਣ ਨੂੰ ਆਧਾਰ ਬਣਾ ਕੇ ਉਨ੍ਹਾਂ ਖਿਲਾਫ ਦਾਇਰ ਪਟੀਸ਼ਨ ਬਾਅਦ ਵਿਚ ਰਾਜਸਥਾਨ ਹਾਈਕੋਰਟ ਨੇ ਰੱਦ ਕਰ ਦਿੱਤੀ।

3. ਕਰਨਾਟਕ ਹਾਈਕੋਰਟ ਦੇ ਜਸਟਿਸ ਮਿਸ਼ੇਲ ਸਲਦਾਹਨਾ ਨੇ ਕਿਹਾ ਕਿ 33 ਫੀਸਦੀ ਨਿਆਂਪਾਲਿਕਾ ਭ੍ਰਿਸ਼ਟ ਹੈ।

4. ਜਸਟਿਸ ਮਾਰਕੰਡੇ ਕਾਟਜੂ ਨੇ ਪ੍ਰੈੱਸ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਹੁੰਦਿਆਂ ਸੁਪਰੀਮ ਕੋਰਟ ਵਿਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾਏ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਤਿੰਨ ਚੀਫ ਜਸਟਿਸਾਂ ਨੇ ਗੱਠਜੋੜ ਦੀ ਭਾਈਵਾਲ ਡੀ.ਐਮ.ਕੇ. ਦੇ ਦਬਾਓ ਹੇਠ ਤੱਤਕਾਲੀ ਯੂ.ਪੀ.ਏ. ਦੀ ਕੇਂਦਰ ਸਰਕਾਰ ਦੇ ਕਹਿਣ 'ਤੇ ਮਦਰਾਸ ਹਾਈਕੋਰਟ ਦੇ ਇਕ ਵਧੀਕ ਜੱਜ ਨੂੰ ਐਕਸਟੈਂਸ਼ਨ ਦਿੱਤੀ ਸੀ।

5. ਜਸਟਿਸ ਜੇ. ਚੇਲਮੇਸ਼ਵਰ ਨੇ 'ਦਿ ਇਕਨਾਮਿਕ ਟਾਈਮਜ਼' ਨਾਲ ਇੰਟਰਵਿਊ ਵਿਚ ਕਿਹਾ, "ਭ੍ਰਿਸ਼ਟਾਚਾਰ ਹੈ। ਮੁਲਕ ਦੀ ਇਕ ਹਾਈਕੋਰਟ ਦੇ ਸਾਬਕਾ ਜੱਜ ਨੂੰ ਗ੍ਰਿਫਤਾਰ ਕੀਤਾ ਗਿਆ ਸੀ ... ਜੇ ਇਸ ਸੰਸਥਾ ਦੀ ਬਦਨਾਮੀ ਹੁੰਦੀ ਹੈ ਤਾਂ ਜਮਹੂਰੀਅਤ ਮਹਿਫੂਜ਼ ਨਹੀਂ।

6. ਸਾਬਕਾ ਚੀਫ ਜਸਟਿਸ ਆਫ ਇੰਡੀਆ ਜਸਟਿਸ ਐਮ.ਐਨ ਵੈਂਕਟਾਚਲਈਆ ਨੇ 2011 ਵਿਚ ਹਫਤਾਵਾਰੀ 'ਆਉਟਲੁੱਕ' ਨਾਲ ਗੱਲਬਾਤ ਕਰਦਿਆਂ ਕਿਹਾ, "ਇਕ ਅਰਬ ਤੋਂ ਵਧੇਰੇ ਵਸੋਂ ਵਾਲੇ ਮੁਲਕ ਵਿਚ ਸੁਪਰੀਮ ਕੋਰਟ ਵਿਚ ਸਿਰਫ 25 ਜੱਜ ਹਨ। ਉਨ੍ਹਾਂ ਵਿਚੋਂ ਵੀ ਕੁਝ ਭ੍ਰਿਸ਼ਟ ਹੋ ਜਾਂਦੇ ਹਨ। ਸਭ ਤੋਂ ਘਿਨਾਉਣਾ ਜੁਰਮ ਹੈ ਚੀਫ ਜਸਟਿਸ ਆਫ ਇੰਡੀਆ ਦੀ ਵਾਰ-ਵਾਰ ਆਲੋਚਨਾ ਹੋਣਾ ਜਾਂ ਇਸ ਸ਼ੱਕ ਦੀ ਗੁੰਜਾਇਸ਼ ਦੇਣਾ ਕਿ ਉਹ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੈ।"

7. ਜਸਟਿਸ ਵੀ.ਆਰ. ਕ੍ਰਿਸ਼ਨਾ ਆਇਰ ਉਨ੍ਹਾਂ ਵਿਚ ਸ਼ਾਮਲ ਸੀ ਜਿਨ੍ਹਾਂ ਮੰਗ ਕੀਤੀ ਕਿ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਕਾਰਨ ਸਾਬਕਾ ਚੀਫ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇਵੇ। ਕੇਰਲ ਹਾਈਕੋਰਟ ਦੇ ਦੋ ਸਾਬਕਾ ਜੱਜ ਪੀ.ਕੇ. ਸ਼ਮਸੁਦੀਨ ਅਤੇ ਕੇ. ਸੁਕੁਮਾਰਨ ਨੇ ਵੀ ਜਸਟਿਸ ਬਾਲਾਕ੍ਰਿਸ਼ਨਨ ਉਪਰ ਇਲਜ਼ਾਮ ਲਾਏ। ਉਨ੍ਹਾਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਚਿੱਠੀ ਲਿਖੀ ਕਿ ਜਾਂਚ ਕਰਵਾ ਕੇ ਉਨ੍ਹਾਂ ਸੀਨੀਅਰ ਜੱਜਾਂ ਵਿਰੁਧ ਕਾਰਵਾਈ ਕੀਤੀ ਜਾਵੇ ਜਿਨ੍ਹਾਂ ਬਾਰੇ ਸ਼ੱਕ ਹੈ ਕਿ ਉਹ ਨੈਤਿਕ ਪੱਖੋਂ ਨਿੱਘਰੇ ਹੋਏ ਹਨ।"

8. ਜਸਟਿਸ ਜੇ.ਐਸ. ਵਰਮਾ ਜੋ ਮਾਰਚ 1997 ਤੋਂ ਜਨਵਰੀ 1998 ਤੱਕ ਚੀਫ ਜਸਟਿਸ ਰਹੇ, ਨੇ ਨਿਊਜ਼ ਚੈਨਲ ਸੀ.ਐਨ.ਐਨ.-ਆਈ.ਬੀ.ਐਨ. ਨੂੰ ਦੱਸਿਆ, "ਮੈਂ ਇਹ ਨਹੀਂ ਕਹਿ ਸਕਦਾ ਕਿ ਸੁਪਰੀਮ ਕੋਰਟ ਵਿਚ ਇਕ ਵੀ ਭ੍ਰਿਸ਼ਟ ਜੱਜ ਨਹੀਂ ਹੈ। ਇਹ ਜੱਗ ਜ਼ਾਹਿਰ ਹੈ।" ਉਨ੍ਹਾਂ ਮੰਨਿਆ ਕਿ "ਨਿਆਂਪਾਲਿਕਾ ਅੰਦਰ ਸੜਾਂਦ ਡੂੰਘਾਈ ਤੱਕ ਫੈਲ ਚੁੱਕੀ ਹੈ।"

9. ਸਾਲ 2011 'ਚ ਭ੍ਰਿਸ਼ਟਾਚਾਰ ਬਾਰੇ ਕਿਤਾਬ ਰਿਲੀਜ਼ ਕਰਦਿਆਂ ਸੁਪਰੀਮ ਕੋਰਟ ਦੇ ਜੱਜ ਜਸਟਿਸ ਏ.ਕੇ. ਗਾਂਗੁਲੀ ਨੇ ਕਿਹਾ, "ਮੈਨੂੰ ਖੁਸ਼ੀ ਹੈ ਕਿ ਪ੍ਰੋਫੈਸਰ ਰਾਜ ਕੁਮਾਰ ਨੇ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਹੈ। ... ਜੇ ਅੱਜ ਹਾਈਕੋਰਟ ਦੇ ਜੱਜ ਇਨ੍ਹਾਂ ਚੀਜ਼ਾਂ ਦੇ ਮੁਲਜ਼ਿਮ ਹਨ ਤਾਂ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਕੀ ਬਣੇਗਾ? ***('ਦਿ ਵਾਇਰ' ਦੇ ਸੰਗ੍ਰਹਿ ਕੀਤੇ ਵੇਰਵੇ ਦਾ ਸੰਖੇਪ)***

# ਧਰਮ ਨਿਰਪੱਖਤਾ, ਖੱਬੇ ਪੱਖੀ ਅਤੇ ਹਿੰਦੂ ਰਾਸ਼ਟਰ

*ਭਾਰਤ ਵਿਚ ਜਦੋਂ ਤੋਂ ਆਰ. ਐਸ. ਐਸ. ਦੀ ਅਗਵਾਈ ਹੇਠ ਕੇਂਦਰ ਸਰਕਾਰ ਬਣੀ ਹੈ, ਉਦੋਂ ਤੋਂ ਹੀ ਤਰਕ ਨੂੰ ਲਾਂਭੇ ਕਰ ਕੇ ਕੁਝ ਅਜਿਹੀਆਂ ਧਾਰਨਾਵਾਂ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦਾ ਮੂੰਹ ਮਨੁੱਖ ਦੇ ਭਵਿੱਖ ਵਲ ਨਹੀਂ, ਸਗੋਂ ਪਿਛਾਂਹ ਵਲ ਹੈ। ਕੁਝ ਕੁ ਪ੍ਰਚਲਿਤ ਸ਼ਬਦਾਂ ਨੂੰ ਵੀ ਜਾਂ ਤਾਂ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ ਜਾਂ ਇਨ੍ਹਾਂ ਨੂੰ ਉਕਾ ਹੀ ਲਾਂਭੇ ਕਰਨ ਦੀ ਕਵਾਇਦ ਚਲਾਈ ਜਾ ਰਹੀ ਹੈ। ਧਰਮ ਨਿਰਪਖਤਾ ਅਜਿਹਾ ਹੀ ਇਕ ਸ਼ਬਦ ਹੈ, ਜਿਸ ਬਾਰੇ ਹਿੰਦੂ ਕੱਟੜਪੰਥੀ ਲਗਾਤਾਰ ਵਿਚਾਰ ਸਾਹਮਣੇ ਲਿਆ ਰਹੇ ਹਨ। ਇਸ ਲੇਖ ਵਿਚ ਸ. ਗੁਰਬਚਨ ਸਿੰਘ ਨੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਵਰਾਜਬੀਰ ਦੇ ਇਕ ਲੇਖ ਦੇ ਪ੍ਰਸੰਗ ਵਿਚ ਕੁਝ ਅਹਿਮ ਟਿੱਪਣੀਆਂ ਕੀਤੀਆਂ ਹਨ ਅਤੇ ਇਸ ਸਮੁੱਚੇ ਵਰਤਾਰੇ ਦੇ ਪਿਛੋਕੜ ਬਾਰੇ ਕੁਝ ਸਵਾਲ ਛੋਹੇ ਹਨ। -ਸੰਪਾਦਕ*

'ਟੂਟੀ ਤੰਤੁ ਨ ਬਜੈ ਰਬਾਬੁ' ਦੇ ਅਨੁਵਾਨ ਹੇਠ ਸਵਰਾਜਬੀਰ ਨੇ 19 ਅਤੇ 20 ਅਗਸਤ ਦੀ 'ਪੰਜਾਬੀ ਟ੍ਰਿਬਿਊਨ' ਵਿਚ ਲਿਖੀ ਆਪਣੀ ਲਿਖਤ ਅੰਦਰ ਧਰਮ ਨਿਰਪੱਖਤਾ ਦੇ ਸੰਕਲਪ ਅਤੇ ਖੱਬੇ ਪੱਖੀ ਵਿਚਾਰਧਾਰਾ ਬਾਰੇ ਗੰਭੀਰ ਚਰਚਾ ਦੀ ਸ਼ੁਰੂਆਤ ਕੀਤੀ ਹੈ। ਅੰਗਰੇਜ਼ੀ ਮੀਡੀਏ ਵਿਚ ਯੋਗੇਂਦਰ ਯਾਦਵ ਅਤੇ ਪ੍ਰਤਾਪ ਭਾਨੂ ਮਹਿਤਾ ਵਿਚ ਛਿੜੀ ਬਹਿਸ ਨੂੰ ਆਧਾਰ ਬਣਾ ਕੇ ਉਸ ਨੇ ਇਸ ਚਰਚਾ ਦਾ ਆਗਾਜ਼ ਕੀਤਾ ਹੈ।

ਸਵਰਾਜਬੀਰ ਨੇ ਯੋਗੇਂਦਰ ਯਾਦਵ ਦੀਆਂ ਇਨ੍ਹਾਂ ਦਲੀਲਾਂ ਨੂੰ ਸਹੀ ਠਹਿਰਾਇਆ ਹੈ ਕਿ "ਅਯੁਧਿਆ ਵਿਚ ਅੱਜ (5 ਅਗਸਤ) ਦਾ ਸਮਾਗਮ ਧਾਰਮਿਕ ਜਾਂ ਪਾਵਨ ਰਹੁ-ਰੀਤ ਨਹੀਂ ਹੈ। ਇਹ ਸਪਸ਼ਟ ਤੌਰ ਉਤੇ ਸਿਆਸੀ ਸਮਾਗਮ ਹੈ, ਜਿੱਤ ਦਾ ਕਰਮਕਾਂਡ। ਇਹ ਸਮਾਗਮ ਰਾਜਸੱਤਾ/ਤਾਕਤ ਦੀਆਂ ਕਈ ਪਰਤਾਂ ਦੇ ਮਿਲਾਪ ਦਾ ਪ੍ਰਤੀਕ ਹੈ। ਰਿਆਸਤ/ਸਟੇਟ ਦੀ ਤਾਕਤ,

**ਗੁਰਬਚਨ ਸਿੰਘ**
**ਫੋਨ: 91-98156-98451**

ਪ੍ਰਮੁਖ ਸਿਆਸੀ ਪਾਰਟੀ ਦੀ ਤਾਕਤ, ਬਹੁਗਿਣਤੀ ਫਿਰਕੇ ਦੀ ਕਰੂਰ/ਕਠੋਰ ਤਾਕਤ, ਆਧੁਨਿਕ ਮੀਡੀਏ ਦੀ ਤਾਕਤ ਅਤੇ ਧਾਰਮਿਕ ਸੱਤਾ ਦੀ ਤਾਕਤ।"

"ਇਸ ਜਿੱਤ ਦਾ ਸਿਹਰਾ ਹਿੰਦੂ ਰਾਸ਼ਟਰ ਦੇ ਆਗੂਆਂ ਸਿਰ ਨਹੀਂ ਬੱਝਣਾ ਚਾਹੀਦਾ। ਉਨ੍ਹਾਂ ਨੂੰ ਧਰਮ ਨਿਰਪੱਖ ਸਿਆਸਤ ਦੀ ਅਸਫਲਤਾ ਤੋਂ ਫਾਇਦਾ ਮਿਲਿਆ ਹੈ। ਧਰਮ ਨਿਰਪੱਖ ਸਿਆਸਤ ਦੇ ਪੈਰੋਕਾਰ ਇਸ ਹਾਰ ਲਈ ਜ਼ਿੰਮੇਵਾਰ ਹਨ।"

"ਧਰਮ ਨਿਰਪੱਖਤਾ ਦਾ ਸੰਕਲਪ ਇਸ ਕਰ ਕੇ ਹਾਰ ਗਿਆ, ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਕਿਉਂਕਿ ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿੱਖਣ ਵਿਚ ਅਸਫਲ ਰਿਹਾ, ਕਿਉਂਕਿ ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿੱਖਣ ਤੇ ਬੋਲਣ ਤੋਂ ਇਨਕਾਰ ਕੀਤਾ।"

ਸਵਰਾਜਬੀਰ ਯੋਗੇਂਦਰ ਯਾਦਵ ਦੀ ਉਕਤ ਦਲੀਲ ਨਾਲ ਅੰਸ਼ਕ ਸਹਿਮਤ ਹੁੰਦਿਆਂ ਟਿੱਪਣੀ ਕਰਦਾ ਹੈ, "ਨਿਸ਼ਚੇ ਹੀ ਧਰਮ ਨਿਰਪੱਖਤਾ ਦੇ ਪੈਰੋਕਾਰਾਂ ਨੂੰ ਦੇਸ਼ ਦੀਆਂ ਧਾਰਮਿਕ ਅਤੇ ਸਭਿਆਚਾਰਕ ਰਵਾਇਤਾਂ ਤੋਂ ਕੁਝ ਸਿੱਖਣਾ ਚਾਹੀਦਾ ਸੀ ਅਤੇ ਉਨ੍ਹਾਂ ਨੇ ਸਿਖਿਆ ਵੀ, ਪਰ ਉਸ ਸਿੱਖਣ ਤੇ ਬੋਲਣ ਵਿਚ ਧਰਮ ਦੀ ਭਾਸ਼ਾ ਜਾਂ ਧਾਰਮਿਕ ਭਾਸ਼ਾ ਵਿਚ ਬੋਲਣ ਤੋਂ ਕਿਸੇ ਹੱਦ ਤਕ ਪਰ੍ਹੇ ਹਟਣਾ, ਕੁਝ ਰਵਾਇਤਾਂ ਦਾ ਵਿਰੋਧ ਕਰਨਾ, ਕੁਝ ਨੂੰ ਅਸਵੀਕਾਰ ਕਰਨਾ ਨਿਹਿਤ ਹੈ।"

ਯੋਗੇਂਦਰ ਯਾਦਵ ਦੀ ਇਸ ਦਲੀਲ ਕਿ "ਧਰਮ ਨਿਰਪੱਖਤਾ ਦਾ ਸੰਕਲਪ ਇਸ ਲਈ ਹਾਰ ਗਿਆ ਕਿ ਇਸ (ਧਰਮ ਨਿਰਪੱਖਤਾ ਦੇ ਹਾਮੀਆਂ) ਨੇ ਹਿੰਦੂ ਧਰਮ ਦੀ ਨਵੀਂ ਵਿਆਖਿਆ ਕਰਨ ਦੀ ਥਾਂ ਹਿੰਦੂ ਧਰਮ ਦਾ ਮਖੌਲ ਉਡਾਇਆ", ਦਾ ਜੁਆਬ ਦਿੰਦਿਆ ਸਵਰਾਜਬੀਰ ਨੇ ਲਿਖਿਆ ਹੈ, "ਵਿਰੋਧ ਕਰਨ ਅਤੇ ਮਖੌਲ ਉਡਾਉਣ ਵਿਚਲੀ ਲੀਕ ਬਹੁਤ ਧੁੰਦਲੀ ਹੁੰਦੀ ਹੈ। ਜਦੋਂ ਕੋਈ ਵਿਅਕਤੀ ਕਿਸੇ ਵੀ ਧਰਮ, ਵਿਚਾਰਧਾਰਾ ਜਾਂ ਰਵਾਇਤ ਦਾ ਵਿਰੋਧ ਕਰਦਾ ਹੈ ਤਾਂ ਉਸ ਵਿਚਾਰਧਾਰਾ ਦੇ ਸ਼ਰਧਾਲੂਆਂ ਨੂੰ ਲਗਦਾ ਹੈ ਕਿ ਉਹ ਉਨ੍ਹਾਂ ਦੇ ਵਿਸ਼ਵਾਸਾਂ ਨਾਲ ਖਿਲਵਾੜ ਕਰ ਰਿਹਾ ਹੈ, ਉਨ੍ਹਾਂ ਦਾ ਮਖੌਲ ਉਡਾ ਰਿਹਾ ਹੈ।"

ਇਸ ਦੀ ਮਿਸਾਲ ਦਿੰਦਿਆਂ ਸਵਰਾਜਬੀਰ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਕਬੀਰ ਜੀ ਦੀਆਂ ਇਨ੍ਹਾਂ ਤੁਕਾਂ ਦਾ ਹਵਾਲਾ ਦਿੱਤਾ ਹੈ, "ਜੌ ਤੂ ਬ੍ਰਾਹਮਣ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥ ਭਾਵ ਜੇ ਤੂੰ ਬ੍ਰਾਹਮਣੀ ਦੁਆਰਾ ਪੈਦਾ ਹੋਇਆ ਪੁੱਤਰ ਬ੍ਰਾਹਮਣ ਹੈ, ਜੋ ਆਪਣੇ ਆਪ ਨੂੰ ਸਭ ਤੋਂ ਵੱਖਰਾ ਦੱਸਦਾ ਹੈ ਤਾਂ ਤੂੰ ਕਿਸੇ ਹੋਰ ਜਨਮ-ਰਸਤੇ ਰਾਹੀਂ ਜਨਮ ਕਿਉਂ ਨਹੀਂ ਲਿਆ। ਇਥੇ ਕਬੀਰ ਜੀ ਬ੍ਰਾਹਮਣ ਦੇ ਜਾਤੀਵਾਦੀ ਅਭਿਮਾਨ ਉਤੇ ਵਿਅੰਗ ਕੱਸ ਰਹੇ ਹਨ। ਬ੍ਰਾਹਮਣ ਕਹਿ ਸਕਦੇ ਹਨ ਕਿ ਉਨ੍ਹਾਂ ਦਾ ਮਖੌਲ ਉਡਾਇਆ ਜਾ ਰਿਹਾ ਹੈ।"

ਕਬੀਰ ਸਾਹਿਬ ਦੀ ਬਾਣੀ ਦੇ ਕੁਝ ਹੋਰ ਹਵਾਲੇ ਦੇ ਕੇ ਸਵਰਾਜਬੀਰ ਲਿਖਦਾ ਹੈ, "ਇਹ ਦਲੀਲਾਂ ਲੋਕਾਂ ਦੀ ਬਹੁਗਿਣਤੀ ਨੂੰ ਨਾ 600 ਸਾਲ ਪਹਿਲਾਂ ਮਨਜ਼ੂਰ ਸਨ ਨਾ ਅੱਜ।" ਇਥੇ ਸਵਰਾਜਬੀਰ ਦੇ ਧਿਆਨ ਵਿਚ ਰੱਖਣ ਵਾਲੀ ਗੱਲ ਸਿਰਫ ਏਨੀ ਹੈ ਕਿ ਨੁਕਤਾ ਇਹ ਨਹੀਂ ਕਿ ਇਹ ਦਲੀਲਾਂ ਲੋਕਾਂ ਨੂੰ ਮਨਜ਼ੂਰ ਹਨ ਜਾਂ ਨਹੀਂ; ਨੁਕਤਾ ਇਹ ਹੈ ਕਿ ਕੀ ਇਹ ਦਲੀਲਾਂ ਅਟੱਲ ਕੁਦਰਤੀ ਨੇਮਾਂ ਦੇ ਸੱਚ ਦੀ ਪੁਸ਼ਟੀ ਕਰਦੀਆਂ ਹਨ ਜਾਂ ਨਹੀਂ?

ਚਰਚਾ ਨੂੰ ਅਗੇ ਤੋਰਨ ਤੋਂ ਪਹਿਲਾਂ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਧਰਮ ਨਿਰਪੱਖਤਾ ਦਾ ਸੰਕਲਪ ਖੱਬੇ ਪੱਖੀ ਜਾਂ ਮਾਰਕਸਵਾਦੀ ਸੰਕਲਪ ਨਹੀਂ ਹੈ, ਸਗੋਂ ਉਦਾਰ ਪੂੰਜੀਵਾਦ ਤੇ ਹੁਣ ਨਵ-ਉਦਾਰ ਪੂੰਜੀਵਾਦ ਦਾ ਸੰਕਲਪ ਹੈ। ਕਾਰਲ ਮਾਰਕਸ ਧਰਮ ਨਿਰਪੱਖਤਾ ਦੇ ਸੰਕਲਪ ਨੂੰ ਐਨ ਮੁਢ ਵਿਚ ਹੀ ਨਕਾਰ ਕੇ ਅੱਗੇ ਤੁਰਿਆ ਹੈ। ਯਹੂਦੀ ਧਰਮ ਦੇ ਮਸਲੇ ਬਾਰੇ ਗੱਲ ਕਰਦਿਆਂ ਮਾਰਕਸ ਦਾ ਬੜਾ ਸਪਸ਼ਟ ਕਥਨ ਹੈ, "ਅਸੀਂ ਇਹ ਜ਼ੋਰ ਨਹੀਂ ਦਿੰਦੇ ਕਿ ਸ਼ਹਿਰੀ ਸਭਿਅਕ ਲੋਕ ਆਪਣੀ ਧਰਮ ਨਿਰਪੱਖਤਾ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਛੁਟਕਾਰਾ ਪਾਉਣ ਵਾਸਤੇ ਆਪਣੀ ਧਾਰਮਿਕ ਤੰਗ-ਨਜ਼ਰੀ ਦੂਰ ਕਰਨ, ਅਸੀਂ ਜ਼ੋਰ ਦਿੰਦੇ ਹਾਂ ਕਿ ਇਕ ਵਾਰ ਜੇ ਉਹ ਆਪਣੀ ਧਰਮ ਨਿਰਪੱਖਤਾ ਤੋਂ ਛੁਟਕਾਰਾ ਪਾ ਲੈਣ ਤਾਂ ਉਹ ਆਪਣੀ ਧਾਰਮਿਕ ਤੰਗ-ਨਜ਼ਰੀ ਦੂਰ ਕਰ ਲੈਣਗੇ।"


ਆਪਣੇ ਤੋਂ ਪਹਿਲੇ ਭੌਤਿਕਵਾਦੀ ਫਿਲਾਸਫਰ ਫਿਊਰਬਾਖ ਨਾਲ ਧਰਮ ਨਿਰਪੱਖਤਾ ਬਾਰੇ ਚਰਚਾ ਕਰਦਿਆਂ ਉਸ ਦਾ ਕਹਿਣਾ ਹੈ, "ਫਿਊਰਬਾਖ ਧਾਰਮਿਕ ਸਵੈ-ਪਰਾਏਪਣ ਦੇ ਸੱਚ 'ਇਕ ਕਲਪਿਤ ਧਾਰਮਿਕ ਸੰਸਾਰ ਅਤੇ ਇਕ ਧਰਮ ਨਿਰਪੱਖ ਸੰਸਾਰ' ਦੀ ਦੋਹਰੀ ਵੰਡ ਤੋਂ ਸ਼ੁਰੂ ਕਰਦਾ ਹੈ। ਉਸ ਦਾ ਕੰਮ ਧਾਰਮਿਕ ਸੰਸਾਰ ਨੂੰ ਧਰਮ ਨਿਰਪੱਖ ਸੰਸਾਰ ਵਿਚ ਬਦਲਣਾ ਹੈ। ਉਹ ਇਹ ਸੱਚ ਉਕਾ ਹੀ ਅਣਗੌਲਿਆ ਕਰ ਦਿੰਦਾ ਹੈ ਕਿ ਇਹ ਕੰਮ ਪੂਰਾ ਕਰਨ ਤੋਂ ਬਾਅਦ (ਕੁਦਰਤ ਅਤੇ ਮਨੁੱਖ ਦੇ ਆਪਸੀ ਅਨੁਭਵੀ ਰਿਸ਼ਤੇ ਨੂੰ ਸਪਸ਼ਟ) ਕਰਨ ਵਾਲਾ ਮੁਖ ਕੰਮ ਫਿਰ ਵੀ ਰਹਿ ਜਾਏਗਾ। ਇਸ ਕਰ ਕੇ ਕਿ ਧਰਮ ਨਿਰਪੱਖ ਸੰਸਾਰ ਆਪਣੇ-ਆਪ ਵਿਚ ਹੀ ਉਚਾ ਉਠ ਜਾਏਗਾ ਅਤੇ (ਭਰਮਾਊ) ਬਦਲਾਂ ਵਿਚ ਆਪਣੇ-ਆਪ ਨੂੰ ਇਕ ਆਜ਼ਾਦ ਹਸਤੀ ਵਜੋਂ ਸਥਾਪਤ ਕਰ ਲਏਗਾ, ਜਿਸ ਦੀ ਸਿਰਫ ਧਰਮ ਨਿਰਪੱਖ ਸੰਸਾਰ ਦੇ ਅੰਦਰੂਨੀ ਵਿਰੋਧਾਂ ਤੇ ਗੁੰਝਲਦਾਰ ਵਿਰੋਧਤਾਈਆਂ ਦੇ ਆਧਾਰ ਉਤੇ ਹੀ ਵਿਆਖਿਆ ਕੀਤੀ ਜਾ ਸਕੇਗੀ। ਧਰਮ ਨਿਰਪੱਖਤਾ ਨੂੰ ਨਿਸ਼ਚਿਤ ਤੌਰ 'ਤੇ ਆਪਣੀਆਂ ਵਿਰੋਧਤਾਈਆਂ ਵਿਚੋਂ ਹੀ ਸਮਝਿਆ ਜਾ ਸਕੇਗਾ ਅਤੇ ਫਿਰ ਇਨ੍ਹਾਂ ਵਿਰੋਧਤਾਈਆਂ ਨੂੰ ਦੂਰ ਕਰ ਕੇ ਹੀ ਧਰਮ ਦਾ ਇਨਕਲਾਬੀਕਰਨ ਕੀਤਾ ਜਾ ਸਕੇਗਾ।"

ਕਾਰਲ ਮਾਰਕਸ ਧਰਮ ਨਿਰਪੱਖਤਾ ਦਾ ਕਿਤੇ ਵੀ ਪੱਖ ਨਹੀਂ ਪੂਰਦਾ, ਸਗੋਂ ਉਹ ਇਸ ਨੂੰ ਮਨੁੱਖੀ ਸੋਚ ਅਤੇ ਸਮਾਜੀ ਚੇਤਨਾ ਵਿਚ ਹੋਰ ਉਲਝਣਾ ਪੈਦਾ ਕਰਨ ਵਾਲੇ ਵਰਤਾਰੇ ਵਜੋਂ ਵੇਖਦਾ ਹੈ। ਮਾਰਕਸ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਧਰਮ ਨਿਰਪੱਖਤਾ ਧਾਰਮਿਕ ਤੰਗ-ਨਜ਼ਰੀ ਨੂੰ ਦੂਰ ਨਹੀਂ ਕਰਦੀ, ਸਗੋਂ ਧਰਮ ਨਿਰਪੱਖਤਾ ਤੋਂ



**ਸਵਰਾਜਬੀਰ**

ਛੁਟਕਾਰਾ ਪਾ ਕੇ ਹੀ ਧਾਰਮਿਕ ਤੰਗ-ਨਜ਼ਰੀ ਦੂਰ ਹੋ ਸਕਦੀ ਹੈ। ਧਰਮ ਨਿਰਪੱਖਤਾ ਦਾ ਸੰਕਲਪ ਐਨ ਉਸੇ ਤਰ੍ਹਾਂ ਹੈ, ਜਿਵੇਂ ਮਾਰਕਸੀ ਭੌਤਿਕਵਾਦੀ ਦ੍ਰਿਸ਼ਟੀਕੋਣ ਦੇ ਸਪਸ਼ਟ ਹੋਣ ਪਿਛੋਂ ਵੀ ਨਾਸਤਿਕਤਾ ਦਾ ਮਰਿਆ ਸੱਪ ਕਮਿਊਨਿਸਟ ਲਹਿਰ ਦੇ ਗਲੇ ਪਾ ਦਿੱਤਾ ਗਿਆ ਹੈ, ਜਦੋਂ ਕਿ ਨਾਸਤਿਕਤਾ ਬਾਰੇ ਮਾਰਕਸ ਦਾ ਆਪਣਾ ਕਥਨ ਹੈ, "ਕਮਿਊਨਿਜ਼ਮ ਦੀ ਸ਼ੁਰੂਆਤ (ਓਵਨ ਤੋਂ) ਨਾਸਤਿਕਤਾ ਨਾਲ ਹੁੰਦੀ ਹੈ। ਨਾਸਤਿਕਤਾ ਪਹਿਲੀ ਨਜ਼ਰੇ ਹੀ ਕਮਿਊਨਿਜ਼ਮ ਤੋਂ ਦੂਰ ਹੈ। ਬੇਸ਼ਕ ਨਾਸਤਿਕਤਾ ਅਜੇ ਵੀ ਖਿਆਲੀ (ਕਲਪਿਤ) ਵਿਚਾਰ ਹੀ ਹੈ। ਇਕ ਨਾਸਤਿਕ ਮਨੁੱਖ ਦਾ ਪਰਉਪਕਾਰੀ ਜਜ਼ਬਾ ਪਹਿਲੀ ਨਜ਼ਰੇ ਹੀ



**ਕਾਰਲ ਮਾਰਕਸ**

ਦਾਰਸ਼ਨਿਕ ਹੈ, ਖਿਆਲੀ (ਕਲਪਿਤ) ਹੈ, ਪਰ ਕਮਿਊਨਿਸਟ ਮਨੁੱਖ ਦਾ ਪਰਉਪਕਾਰੀ ਜਜ਼ਬਾ ਹਕੀਕੀ ਅਤੇ ਸਦਾ ਹਰਕਤਸ਼ੀਲ ਹੈ।"... "ਮਨੁੱਖ ਤੇ ਕੁਦਰਤ ਦੇ ਕਲਪਿਤ ਰਿਸ਼ਤੇ ਦੀ ਹੋਂਦ ਤੋਂ ਇਨਕਾਰੀ ਹੋਣ ਵਜੋਂ ਹੁਣ ਨਾਸਤਿਕਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਕਿਉਂਕਿ ਨਾਸਤਿਕਤਾ ਰੱਬ ਤੋਂ ਇਨਕਾਰੀ ਹੋਣਾ ਹੈ ਅਤੇ ਇਹ ਮਨੁੱਖੀ ਹੋਂਦ ਦੀ ਧਾਰਨਾ ਰੱਬ ਤੋਂ ਇਨਕਾਰੀ ਹੋਣ ਵਜੋਂ ਬਣਾਉਂਦੀ ਹੈ; ਪਰ ਸਮਾਜਵਾਦ ਨੂੰ ਸਮਾਜਵਾਦ ਦੇ ਤੌਰ 'ਤੇ ਹੁਣ ਅਜਿਹੀ ਕਿਸੇ ਵਿਚੋਲਗੀ ਦੀ ਲੋੜ ਨਹੀਂ। ਇਹ ਮਨੁੱਖ ਦੀ ਸਿਧਾਂਤਕ ਅਤੇ ਅਮਲੀ (ਇੰਦ੍ਰਿਆਵੀ) ਅਨੁਭਵੀ ਚੇਤਨਾ ਅਤੇ ਕੁਦਰਤ ਦੀ ਇਸ ਦੇ ਤੱਤ ਵਜੋਂ ਹੋਂਦ ਤੋਂ ਆਰੰਭ ਕਰਦਾ ਹੈ।" (ਸਵਰਾਜਬੀਰ ਵਲੋਂ ਸ਼ਹੀਦ ਭਗਤ ਸਿੰਘ ਦੇ ਨਾਸਤਿਕਤਾ ਬਾਰੇ ਦਿੱਤੇ ਗਏ ਹਵਾਲੇ ਦੇ ਪ੍ਰਸੰਗ ਵਿਚ)

ਯੋਗੇਂਦਰ ਯਾਦਵ ਦੇ ਇਸ ਕਥਨ ਕਿ "ਧਰਮ ਨਿਰਪੱਖਤਾ ਦਾ ਸੰਕਲਪ ਇਸ ਕਰ ਕੇ ਹਾਰ ਗਿਆ, ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਕਿਉਂਕਿ ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿੱਖਣ ਵਿਚ ਅਸਫਲ ਰਿਹਾ, ਕਿਉਂਕਿ ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿੱਖਣ ਤੇ ਬੋਲਣ ਤੋਂ ਇਨਕਾਰ ਕੀਤਾ", ਬਾਰੇ ਸਵਰਾਜਬੀਰ ਦੀ ਟਿੱਪਣੀ ਹੈ, "ਇਹ ਸੁਆਲ ਏਨੇ ਸਿੱਧੇ ਤਰੀਕੇ ਨਾਲ ਪੁਛਿਆ ਗਿਆ ਹੈ, ਜਿਵੇਂ ਇਹ ਬਹੁਤ ਆਸਾਨ ਕੰਮ ਹੋਵੇ।"

ਦਰਅਸਲ ਸਵਰਾਜਬੀਰ ਨੂੰ ਏਨੀ ਕੀਮਤ ਤਾਰ ਕੇ ਵੀ ਅਜੇ ਜੇ ਇਹ ਸੁਆਲ ਔਖਾ ਲੱਗ ਰਿਹਾ ਹੈ ਤਾਂ ਇਸ ਦਾ ਕਾਰਨ ਫਿਰ ਇਹੀ ਹੈ ਕਿ ਉਹ ਅਜੇ ਵੀ ਇਸ ਸੁਆਲ ਨੂੰ ਪੱਛਮੀ ਬੌਧਿਕਤਾ ਦੇ ਚੌਖਟੇ ਵਿਚੋਂ ਹੀ ਵੇਖ ਰਿਹਾ ਹੈ। ਜੇ ਉਹ ਇਸ ਸੁਆਲ ਨੂੰ ਵੈਦਿਕ ਫਿਲਾਸਫੀ ਦੇ ਚੌਖਟੇ ਵਿਚੋਂ ਵੇਖੇ ਤਾਂ ਉਸ ਨੂੰ ਇਸ ਸੁਆਲ ਦੀ ਬੜੀ ਛੇਤੀ ਸਮਝ ਆ ਸਕਦੀ ਹੈ। ਇਥੇ ਇਹ ਵੀ ਸਪਸ਼ਟ ਕਰਨ ਦੀ ਲੋੜ ਹੈ ਕਿ ਵੈਦਿਕ ਫਿਲਾਸਫੀ ਨਿਰੋਲ ਬ੍ਰਾਹਮਣੀ ਵਿਚਾਰਧਾਰਾ ਨਹੀਂ ਹੈ।

ਸਵਰਾਜਬੀਰ ਨੇ ਡਾ. ਅੰਬੇਡਕਰ ਦੀ ਮਸ਼ਹੂਰ ਲਿਖਤ 'ਜਾਤ-ਪਾਤ ਦਾ ਬੀਜ ਨਾਸ' ਦਾ ਹਵਾਲਾ ਦਿੱਤਾ ਹੈ। ਇਸ ਹਵਾਲੇ ਅਨੁਸਾਰ ਡਾ. ਅੰਬੇਡਕਰ ਦਾ ਕਥਨ ਹੈ, "ਮੈਨੂੰ ਬਹੁਤ ਤਸਲੀ ਹੋਵੇਗੀ, ਜੇ ਮੈਂ ਹਿੰਦੂਆਂ ਨੂੰ ਇਹ ਮਹਿਸੂਸ ਕਰਵਾ ਸਕਾਂ ਕਿ ਉਹ ਭਾਰਤ ਦੇ ਬਿਮਾਰ ਲੋਕ ਹਨ ਅਤੇ ਉਨ੍ਹਾਂ ਦੀ ਬਿਮਾਰੀ ਬਾਕੀ ਦੇ ਹਿੰਦੋਸਤਾਨੀਆਂ ਦੀ ਸਿਹਤ ਅਤੇ ਖੁਸ਼ੀ ਲਈ ਖਤਰਾ ਹੈ।"

ਸਵਰਾਜਬੀਰ ਲਿਖਦਾ ਹੈ ਕਿ "ਹਿੰਦੂ ਧਰਮ ਵਿਚਲੇ ਜਾਤੀਵਾਦ ਦੀ ਲੋਹ-ਜਕੜ ਤੋਂ ਬੀ. ਆਰ. ਅੰਬੇਡਕਰ ਏਨਾ ਨਿਰਾਸ਼ ਹੋਇਆ ਕਿ ਉਸ ਨੇ ਹਿੰਦੂ ਧਰਮ ਨੂੰ ਛੱਡ ਕੇ ਬੁਧ ਧਰਮ ਦੀ ਸ਼ਰਨ ਲਈ।"

ਬੇਸ਼ਕ ਇਹ ਡਾ. ਅੰਬੇਡਕਰ ਦੀ ਸੋਚ ਦਾ ਇਕ ਪੱਖ ਹੈ। ਉਨ੍ਹਾਂ ਦੀ ਫਿਲਾਸਫੀ ਦਾ ਇਕ ਹੋਰ ਪੱਖ ਵੀ ਹੈ। ਉਨ੍ਹਾਂ ਵੈਦਿਕ ਫਿਲਾਸਫੀ ਦੀ ਭਰਵੀਂ ਪੁਣ-ਛਾਣ ਕਰ ਕੇ ਸਾਡੇ ਗਿਆਨ ਵਿਚ ਮੌਲਿਕ ਵਾਧਾ ਕੀਤਾ ਹੈ। ਉਨ੍ਹਾਂ ਨੇ ਵੈਦਿਕ ਫਿਲਾਸਫੀ ਦੀਆਂ ਭੌਤਿਕਵਾਦੀ ਅਤੇ ਆਦਰਸ਼ਵਾਦੀ-ਦੋ ਧਾਰਾਵਾਂ ਵਿਚਕਾਰ ਸਪਸ਼ਟ ਨਿਖੇੜਾ ਕੀਤਾ ਹੈ। ਇਹ ਨਿਖੇੜਾ ਸਾਨੂੰ ਬ੍ਰਾਹਮਣਵਾਦ ਦੀ ਮਨ-ਕਲਪਿਤ ਘਾੜਤ ਬ੍ਰਹਮਾ ਦੀ ਜੜ੍ਹ ਤਕ ਪਹੁੰਚਣ ਵਿਚ ਮਦਦ ਕਰਦਾ ਹੈ।

ਡਾ. ਅੰਬੇਡਕਰ ਦੇ ਆਪਣੇ ਕਥਨ ਅਨੁਸਾਰ "ਭਾਵੇਂ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਭਾਈਚਾਰੇ ਦੇ ਸਿਧਾਂਤ ਤੋਂ ਅਣਜਾਣ ਹੈ, ਪਰ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਨੇ ਅਜਿਹੇ ਸੰਕਲਪ ਨੂੰ ਜਨਮ ਦਿੱਤਾ ਹੈ, ਜਿਸ ਦੀਆਂ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋਂ ਵੀ ਕਿਤੇ ਵਧ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ। ਇਹ ਮੰਨਣਾ ਅਤੇ ਅਹਿਸਾਸ ਕਰਨਾ ਕਿ ਤੁਸੀਂ ਅਤੇ ਮੈਂ ਸਾਰੇ ਇਕੋ ਹੀ ਬ੍ਰਹਮ ਦਾ ਅੰਸ਼ ਹਾਂ ਤਾਂ ਇਹ ਜਮਹੂਰੀਅਤ ਤੋਂ ਬਿਨਾ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛੱਡਦਾ। ਇਹ ਸੋਚ ਜਮਹੂਰੀਅਤ ਦਾ ਸਿਰਫ ਪ੍ਰਚਾਰ ਹੀ ਨਹੀਂ ਕਰਦੀ, ਸਗੋਂ ਜਮਹੂਰੀਅਤ ਨੂੰ ਸਾਰਿਆਂ ਦੀ ਜ਼ਿੰਮੇਵਾਰੀ ਬਣਾ ਦਿੰਦੀ ਹੈ। ਜਮਹੂਰੀਅਤ ਨੂੰ ਮਨੁੱਖ ਦੀ ਲੋੜ ਬਣਾ ਦਿੰਦੀ ਹੈ।"

ਡਾ. ਅੰਬੇਡਕਰ ਨੇ ਲਿਖਿਆ ਹੈ, "ਜੇ ਕੋਈ ਪੁੱਛੇ ਕਿ ਇਹ ਬ੍ਰਹਮਵਾਦ ਕੀ ਹੈ ਤਾਂ ਇਹ ਹੈਰਾਨੀਜਨਕ ਨਹੀਂ ਹੋਵੇਗਾ। ਕਿਉਂਕਿ ਹਿੰਦੂਆਂ ਲਈ ਵੀ ਇਹ ਨਵਾਂ ਸਿਧਾਂਤ ਹੈ। ਹਿੰਦੂ ਵੇਦਾਂਤ ਤੋਂ ਜਾਣੂ ਹਨ, ਉਹ ਬ੍ਰਾਹਮਣਵਾਦ ਤੋਂ ਜਾਣੂ ਹਨ, ਪਰ ਨਿਸ਼ਚਿਤ ਤੌਰ ਉਤੇ ਉਹ ਬ੍ਰਹਮਵਾਦ ਤੋਂ ਜਾਣੂ ਨਹੀਂ ਹਨ। ਬ੍ਰਹਮਵਾਦ ਦੇ ਤੱਤ ਨੂੰ ਇਕ ਧਾਰਨਾ ਵਿਚ ਪੇਸ਼ ਕੀਤਾ ਜਾ ਸਕਦਾ ਹੈ ਕਿ ਸਾਡੇ ਆਲੇ-ਦੁਆਲੇ ਦਿਸ ਰਿਹਾ ਸਗਲ ਪਸਾਰਾ ਬ੍ਰਹਮ ਹੈ।"

ਇਸੇ ਆਧਾਰ 'ਤੇ ਡਾ. ਅੰਬੇਡਕਰ ਨੇ ਪੱਛਮੀ ਤਰਜ਼ ਦੀ ਪ੍ਰਚਲਿਤ ਜਮਹੂਰੀਅਤ ਦੀ ਆਲੋਚਨਾ ਕੀਤੀ ਹੈ, "ਪੱਛਮੀ ਤਰਜ਼ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਪਰਮਾਤਮਾ (ਗਾਡ) ਦੇ ਬੱਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿਥੇ ਕਿਤੇ ਵੀ (ਪੱਛਮੀ ਤਰਜ਼ ਦੀ) ਜਮਹੂਰੀਅਤ ਦੀ ਸਿਰਜਣਾ ਹੋਈ ਹੈ, ਉਥੇ ਹੀ ਇਹ ਇਸ ਕਮਜ਼ੋਰ ਬੁਨਿਆਦ ਉਤੇ ਖੜ੍ਹੀ ਹੈ। ਜਮਹੂਰੀਅਤ ਦੇ ਪੱਛਮੀ ਵਿਦਿਆਰਥੀਆਂ ਨੇ ਇਹ ਵਿਸ਼ਵਾਸ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਜਾਂ ਪਲੈਟੋ ਦੀ ਫਿਲਾਸਫੀ ਹੈ ਅਤੇ ਜਮਹੂਰੀਅਤ ਦਾ ਹੋਰ ਕੋਈ ਸੋਮਾ ਨਹੀਂ; ਪਰ ਜੇ ਕਿਤੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮਵਾਦ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜੋ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਬਣਦਾ ਹੈ, ਤਾਂ ਉਹ ਏਨੇ ਕੱਟੜਵਾਦੀ ਨਾ ਹੁੰਦੇ।"

ਡਾ. ਅੰਬੇਡਕਰ ਨੇ ਇਹ ਜਾਣਕਾਰੀ ਵੀ ਦਿੱਤੀ ਹੈ, "ਹਿੰਦੂ ਧਰਮ ਦਾ ਸਮੁੱਚਾ ਸਦਾਚਾਰ ਤੇ ਧਾਰਮਿਕ ਮਾਨਤਾਵਾਂ ਸਿਮ੍ਰਿਤੀਆਂ ਵਿਚ ਦਰਜ ਹਨ। ਇਹ ਸਿਮ੍ਰਿਤੀਆਂ 108 ਦੇ ਕਰੀਬ ਹਨ। ਇਨ੍ਹਾਂ ਸਿਮ੍ਰਿਤੀਆਂ ਵਿਚੋਂ ਹੀ ਹਿੰਦੂ ਧਰਮ ਤੇ ਇਸ ਦਾ ਨੀਤੀ ਸ਼ਾਸਤਰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਸਾਰੀਆਂ ਸਿਮ੍ਰਿਤੀਆਂ ਦਾ ਇਕ ਸਾਂਝਾ ਸ੍ਰੋਤ ਹੈ, ਮਨੂ ਸਿਮ੍ਰਿਤੀ।"

ਮਨੂ ਸਿਮ੍ਰਿਤੀ ਦਾ ਆਰੰਭ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ, "ਆਦਿ ਕਾਲ ਦੀ ਗੱਲ ਹੈ। ਇਕ ਸਥਾਨ ਉਤੇ ਮਹਾਰਿਸ਼ੀ ਲੋਗ ਇਕਾਗਰ-ਚਿਤ ਅਤੇ ਸੁਖੀ ਆਸਣ ਵਿਚ ਬੈਠੇ ਭਗਵਾਨ ਮਨੂ ਦੇ ਕੋਲ ਪੂਰੀ ਸ਼ਰਧਾ ਭਗਤੀ ਨਾਲ ਜਾ ਕੇ ਪ੍ਰਸ਼ਨ ਕਰਤਾ ਦੇ ਰੂਪ ਵਿਚ ਬੋਲੇ। ਹੇ ਭਗਵਾਨ! ਸਾਰੇ ਵਰਣਾਂ- ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਅਤੇ ਬ੍ਰਾਹਮਣ ਵਰਣ ਦੇ ਪਿਤਾ ਤੇ ਵੈਸ਼ ਵਰਣ ਦੀ ਮਾਤਾ ਦੇ ਸੰਜੋਗ ਆਦਿ ਭਾਵ ਉਚ ਵਰਣ ਦੇ ਪਿਤਾ ਤੇ ਹੇਠਲੇ ਵਰਣ ਦੀ ਮਾਤਾ ਦੇ ਸੰਜੋਗ ਤੋਂ, ਬ੍ਰਾਹਮਣ ਵਰਣ ਦੇ ਪਿਤਾ ਤੇ ਖਤਰੀ ਵਰਣ ਦੀ ਮਾਤਾ ਦੇ ਸੰਜੋਗ ਤੋਂ ਤਥਾ ਇਸ ਦੇ ਉਲਟ ਹੇਠਲੇ ਵਰਣ ਦੇ ਪੁਰਸ਼ ਤੇ ਬ੍ਰਾਹਮਣ ਵਰਣ ਦੀ ਮਾਤਾ ਦੇ ਸੰਜੋਗ ਤੋਂ ਪੈਦਾ ਹੋਈ ਔਲਾਦ ਦੇ ਕ੍ਰਮਵਾਰ ਨਿਭਾਏ ਜਾਣ ਵਾਲੇ ਧਰਮ ਨੂੰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨ੍ਹਾਂ ਨੂੰ ਕਹੋ।

ਅੰਡਜ, ਜੇਰਜ, ਸੇਤਜ, ਉਤਭੁਜ ਭਾਵ ਸਾਰੇ

*(ਬਾਕੀ ਅਗਲੇ ਸਫੇ 'ਤੇ)*

*ਚਰਚਾ ਨੂੰ ਅਗੇ ਤੋਰਨ ਤੋਂ ਪਹਿਲਾਂ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਧਰਮ ਨਿਰਪੱਖਤਾ ਦਾ ਸੰਕਲਪ ਖੱਬੇ ਪੱਖੀ ਜਾਂ ਮਾਰਕਸਵਾਦੀ ਸੰਕਲਪ ਨਹੀਂ ਹੈ, ਸਗੋਂ ਉਦਾਰ ਪੂੰਜੀਵਾਦ ਤੇ ਹੁਣ ਨਵ-ਉਦਾਰ ਪੂੰਜੀਵਾਦ ਦਾ ਸੰਕਲਪ ਹੈ। ਕਾਰਲ ਮਾਰਕਸ ਧਰਮ ਨਿਰਪੱਖਤਾ ਦੇ ਸੰਕਲਪ ਨੂੰ ਐਨ ਮੁਢ ਵਿਚ ਹੀ ਨਕਾਰ ਕੇ ਅੱਗੇ ਤੁਰਿਆ ਹੈ। ਯਹੂਦੀ ਧਰਮ ਦੇ ਮਸਲੇ ਬਾਰੇ ਗੱਲ ਕਰਦਿਆਂ ਮਾਰਕਸ ਦਾ ਬੜਾ ਸਪਸ਼ਟ ਕਥਨ ਹੈ, "ਅਸੀਂ ਇਹ ਜ਼ੋਰ ਨਹੀਂ ਦਿੰਦੇ ਕਿ ਸ਼ਹਿਰੀ ਸਭਿਅਕ ਲੋਕ ਆਪਣੀ ਧਰਮ ਨਿਰਪੱਖਤਾ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਛੁਟਕਾਰਾ ਪਾਉਣ ਵਾਸਤੇ ਆਪਣੀ ਧਾਰਮਿਕ ਤੰਗ-ਨਜ਼ਰੀ ਦੂਰ ਕਰਨ, ਅਸੀਂ ਜ਼ੋਰ ਦਿੰਦੇ ਹਾਂ ਕਿ ਇਕ ਵਾਰ ਜੇ ਉਹ ਆਪਣੀ ਧਰਮ ਨਿਰਪੱਖਤਾ ਤੋਂ ਛੁਟਕਾਰਾ ਪਾ ਲੈਣ ਤਾਂ ਉਹ ਆਪਣੀ ਧਾਰਮਿਕ ਤੰਗ-ਨਜ਼ਰੀ ਦੂਰ ਕਰ ਲੈਣਗੇ।"*

# ਧਰਮ ਨਿਰਪੱਖਤਾ, ਖੱਬੇ ਪੱਖੀ ਅਤੇ ਹਿੰਦੂ ਰਾਸ਼ਟਰ

*(ਪਿਛਲੇ ਸਫੇ ਦੀ ਬਾਕੀ)*

ਜੀਵ ਸਮੂਹਾਂ ਦੇ ਜਨਮ ਤੇ ਮੌਤ, ਉਨ੍ਹਾਂ ਦੇ ਕਰਨ ਵਾਲੇ ਤੇ ਨਾ ਕਰਨ ਵਾਲੇ ਕੰਮਾਂ, ਉਨ੍ਹਾਂ ਦੇ ਵਿਸ਼ਵਾਸਾਂ ਤੇ ਉਨ੍ਹਾਂ ਦੇ ਆਚਾਰ ਨੂੰ ਯਥਾਯੋਗ ਤੇ ਇੱਛਾ ਅਨੁਸਾਰ ਕਹਿਣ ਦੇ ਤੁਸੀਂ ਯੋਗ ਹੋ, ਇਸ ਲਈ ਕਿਰਪਾ ਕਰ ਕੇ ਉਨ੍ਹਾਂ ਨੂੰ ਕਹੋ; ਕਿਉਂਕਿ ਹੇ ਪ੍ਰਭੂ! ਸਿਰਫ ਤੁਸੀਂ ਹੀ ਇਕ ਪੂਰਨ ਅਲੌਕਿਕ ਈਸ਼ਵਰ, ਮਨੁੱਖੀ ਸੋਚ ਤੋਂ ਪਾਰ ਤਥਾ ਅਮਿਤ ਵੇਦ ਦੇ ਸਦੀਵੀ ਗਿਆਨ ਦੇ ਜਾਣਨਹਾਰ, ਯਗ ਕਰਤਾ ਤੇ ਬ੍ਰਹਮਾ ਨੂੰ ਜਾਣਨ ਵਾਲੇ ਮੰਨੇ ਗਏ ਹੋ।

ਫਿਰ ਮਹਾਰਿਸ਼ੀਆਂ ਵਲੋਂ ਇਸ ਤਰ੍ਹਾਂ ਪੁੱਛੇ ਗਏ ਸੁਆਲਾਂ ਬਾਰੇ ਅਪਾਰ ਗਿਆਨ ਵਾਲੇ ਮਨੂ ਉਨ੍ਹਾਂ ਸਾਰੇ ਮਹਾਰਿਸ਼ੀਆਂ ਦਾ ਉਚਿਤ ਸਤਿਕਾਰ ਕਰ ਕੇ ਬੋਲੇ, ਸੁਣੋ! ਪਰਲੋ ਕਾਲ ਵਿਚ ਇਹ ਸੰਸਾਰ ਹਨੇਰੇ ਵਿਚ ਲੀਨ, ਅਣਜਾਣ, ਚਿਹਨ ਰਹਿਤ, ਪ੍ਰਮਾਣ ਆਦਿ ਤਰਕ ਤੋਂ ਹੀਣ, ਅਣਜਾਣਿਆ ਤਥਾ ਪੂਰਨ ਰੂਪ ਵਿਚ ਸੁਪਤ ਅਵਸਥਾ ਵਿਚ ਸੀ, ਤਾਂ ਫਿਰ ਆਪਣੀ ਇੱਛਾ ਨਾਲ ਸਰੀਰ ਧਾਰਨ ਕਰਨ ਵਾਲੇ, ਮਨੁੱਖੀ ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲੇ ਅਦ੍ਰਿਸ਼ਟ, ਅਮਿਤ ਸਰਬਸ਼ਕਤੀਮਾਨ ਹਨੇਰੇ ਨੂੰ ਦੂਰ ਕਰਨ ਵਾਲੇ ਭਗਵਾਨ, ਆਕਾਸ਼ ਆਦਿ ਮੂਲ ਤੱਤਾਂ ਸਮੇਤ ਪ੍ਰਗਟ ਹੋਏ। ਜਿਹੜੇ ਭਗਵਾਨ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਅਤੇ ਸਮੂਹ ਪ੍ਰਾਣੀਆਂ ਦੀ ਸੋਚ ਤੋਂ ਪਾਰ, ਸੂਖਮ ਸਰੂਪ, ਅਗਮ, ਸਦਾ ਰਹਿਣ ਵਾਲੇ ਹਨ, ਉਹ ਖੁਦ ਪ੍ਰਗਟ ਹੋਏ। ਫਿਰ ਉਸ ਪਰਮਾਤਮਾ ਨੇ ਅਨੇਕ ਤਰ੍ਹਾਂ ਦੀ ਪਰਜਾ ਦੀ ਸਿਰਜਣਾ ਕਰਨ ਦੀ ਇੱਛਾ ਨਾਲ ਸਭ ਤੋਂ ਪਹਿਲਾਂ ਪਾਣੀ ਦੀ ਸਿਰਜਣਾ ਕੀਤੀ ਅਤੇ ਉਸ ਪਾਣੀ ਵਿਚ ਸ਼ਕਤੀ ਰੂਪੀ ਬੀਜ ਬੀਜਿਆ। ਇਸ ਬੀਜ ਨੇ ਹਜ਼ਾਰਾਂ ਸੂਰਜਾਂ ਦੇ ਬਰਾਬਰ ਪ੍ਰਕਾਸ਼ ਵਾਲੇ ਸੋਨੇ ਜਿਹੇ ਸ਼ੁਧ ਆਂਡੇ ਦਾ ਰੂਪ ਧਾਰਨ ਕਰ ਲਿਆ ਅਤੇ ਫਿਰ ਉਸ ਆਂਡੇ ਵਿਚੋਂ ਸਮੂਹ ਲੋਕਾਂ ਦੀ ਸਿਰਜਣਾ ਕਰਨ ਵਾਲੇ ਬ੍ਰਹਮਾ ਜੀ ਪੈਦਾ ਹੋਏ।"

ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤ-ਪਾਤ ਦੇ ਬੀਜ ਬੀਜੇ ਗਏ ਹਨ। ਔਰਤਾਂ ਨੂੰ ਸ਼ੂਦਰਾਂ ਦਾ ਦਰਜਾ ਦਿੱਤਾ ਗਿਆ ਹੈ। ਜਿਸ ਦਾ ਖਮਿਆਜ਼ਾ ਹੁਣ ਤਕ ਇਸ ਦੇ ਲਿਖੇ ਜਾਣ ਤੋਂ ਹਜ਼ਾਰਾਂ ਸਾਲਾਂ ਬਾਅਦ ਵੀ ਮਨੁੱਖ ਜਾਤੀ ਦਾ ਵੱਡਾ ਹਿੱਸਾ ਭੁਗਤ ਰਿਹਾ ਹੈ। ਇਹੀ ਮਨੂ ਸਿਮ੍ਰਿਤੀ ਮਨ-ਕਲਪਿਤ ਬ੍ਰਾਹਮਣਵਾਦ ਭਾਵ ਮਨ-ਕਲਪਿਤ ਦੇਵੀ-ਦੇਵਤਿਆਂ ਦੀ ਭਗਤੀ ਦੇ ਨਾਂ ਉਤੇ ਅਨੇਕ ਕਿਸਮ ਦੇ ਕਰਮਕਾਂਡ ਦੀ ਜਨਕ ਹੈ। ਇਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆਂ ਭਰ ਦੇ ਲਗਪਗ ਸਾਰੇ ਹੀ ਸਮਾਜਾਂ ਵਿਚ ਰਹੀ ਹੈ, ਪਰ ਜਾਤ-ਪਾਤ ਜਿਹਾ ਚੀੜ੍ਹਾ ਸਮਾਜੀ ਪ੍ਰਬੰਧ ਸਿਰਫ ਸਾਡੇ ਹੀ ਦੇਸ਼ ਵਿਚ ਕਿਉਂ ਮੌਜੂਦ ਹੈ, ਜੋ ਗੁਲਾਮਦਾਰੀ ਯੁਗ ਦੇ ਖਤਮ ਹੋ ਜਾਣ ਦੇ ਬਾਵਜੂਦ ਅਜੇ ਤਕ ਵੀ ਕਾਇਮ ਹੈ? ਇਸ ਸੁਆਲ ਦਾ ਜੁਆਬ ਮਨੂ ਸਿਮ੍ਰਿਤੀ ਦੇ ਸੂਤਰਾਂ ਵਿਚ ਦਰਜ ਹੈ, ਜਿਨ੍ਹਾਂ ਨੇ ਜਾਤ-ਪਾਤ ਨੂੰ ਧਾਰਮਿਕ ਰੰਗਤ ਦੇ ਕੇ ਇਨ੍ਹਾਂ ਨੂੰ ਮੰਨਣਾ ਇਕ 'ਰੱਬੀ' ਆਦੇਸ਼ ਬਣਾ ਦਿੱਤਾ ਹੈ।

ਮਨੂ ਸਿਮ੍ਰਿਤੀ ਵਿਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾ ਨੇ ਇਸ ਲੋਕ ਦੀ ਰਾਖੀ ਲਈ ਆਪਣੇ ਮੂੰਹ, ਬਾਹਾਂ, ਜੰਘਾ ਅਤੇ ਪੈਰਾਂ ਵਿਚੋਂ ਕ੍ਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਨ੍ਹਾਂ ਦੇ ਵੱਖ-ਵੱਖ ਕੰਮ ਨਿਸ਼ਚਿਤ ਕਰ ਦਿੱਤੇ। ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿੱਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸ਼ੂਦਰਾਂ ਨੂੰ ਉਨ੍ਹਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਜੇ ਉਹ ਆਪਣੇ ਨਿਯਤ ਕੀਤੇ ਕੰਮ ਤੋਂ ਮੁਨਕਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।"

ਇਹੀ ਮਨੂਵਾਦੀ ਸੋਚ ਅਤੇ ਇਸ ਦੇ ਆਧਾਰ ਉਤੇ ਬਣੀ ਬ੍ਰਾਹਮਣੀ ਮਾਨਸਿਕਤਾ ਨੇ ਹੀ ਅਗਲੇ ਸਮੇਂ ਵਿਚ ਵਰਣ ਵੰਡ ਨੂੰ ਜਾਤਪਾਤ ਦਾ ਰੂਪ ਦੇ ਕੇ ਸਾਰੇ ਸਮਾਜ ਨੂੰ ਦਰਜਾ-ਬਦਰਜੀ ਖਾਨਿਆਂ ਵਿਚ ਵੰਡ ਦਿੱਤਾ। ਇਹੀ ਵੰਡ ਸਾਡੇ ਦੇਸ਼ ਦੀਆਂ ਸਾਰੀਆਂ ਸਮਸਿਆਵਾਂ ਦੀ ਜੜ੍ਹ ਹੈ। ਇਸ ਵੰਡ ਦੇ ਆਧਾਰ ਉਤੇ ਬਣੀ ਸੋਚ ਅਤੇ ਮਾਨਸਿਕਤਾ ਹੀ ਸਮੂਹ ਲੋਕਾਂ ਦਾ ਇਕ ਭਾਈਚਾਰਾ ਬਣਨ ਵਿਚ ਸਭ ਤੋਂ ਵਡੀ ਰੁਕਾਵਟ ਹੈ।

ਮਨੁੱਖੀ ਸਮਾਜ ਦੇ ਐਨ ਮੁੱਢ ਵਿਚ ਕੁਦਰਤੀ ਤੌਰ 'ਤੇ ਵਿਕਸਿਤ ਹੋਇਆ ਔਰਤ ਪ੍ਰਧਾਨ ਸਮਾਜ ਭਾਰੂ ਸੀ। ਪਿਛੋਂ ਜਦੋਂ ਨਿਜੀ ਜਾਇਦਾਦ ਉਤੇ ਆਧਾਰਿਤ ਪਿਤਾ-ਪੁਰਖੀ ਮਰਦ ਪ੍ਰਧਾਨ ਸਮਾਜ ਹੋਂਦ ਵਿਚ ਆਇਆ ਤਾਂ ਕੁਦਰਤੀ ਦਸਤੂਰ ਦੇ ਉਲਟ ਬਣੇ ਇਸ ਜਾਤ-ਪਾਤੀ ਸਮਾਜ ਦੀ ਵਾਜਬੀਅਤ ਠਹਿਰਾਉਣ ਲਈ ਕਿਸੇ ਜਾਅਲੀ 'ਰੱਬੀ' ਹਸਤੀ ਦਾ ਮਾਨਸਿਕ ਬਿੰਬ ਘੜਨ ਦੀ ਲੋੜ ਪਈ। ਉਸੇ ਲੋੜ ਵਿਚੋਂ ਇਕ ਛੋਟੇ ਜਿਹੇ ਸ੍ਰੇਸ਼ਠ ਪੁਜਾਰੀ (ਬ੍ਰਾਹਮਣ) ਵਰਗ ਨੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਦੀ 'ਰੱਬੀ' ਹਸਤੀ ਦਾ ਮਾਨਸਿਕ ਬਿੰਬ ਘੜ ਲਿਆ। ਹੱਥੀਂ ਕਿਰਤ ਨਾਲੋਂ ਟੁਟ ਕੇ ਵਿਹਲੜ ਜ਼ਿੰਦਗੀ ਜਿਉਣ ਤੇ ਰਾਜਸੀ-ਸਮਾਜੀ ਤੇ ਪਦਾਰਥਕ ਸਹੂਲਤਾਂ ਮਾਣਨ ਦੀ ਆਪਣੀ ਲਾਲਸਾ ਅਧੀਨ, ਆਮ ਬੌਧਿਕ ਅਤੇ ਮਾਨਸਿਕ ਕੰਗਾਲੀ ਦੇ ਉਸ ਦੌਰ ਵਿਚ, ਆਪਣੇ ਆਪ ਨੂੰ 'ਰੱਬੋਂ' ਉਚ ਜਾਤੀ ਸਾਬਤ ਕਰਨ ਵਾਸਤੇ, ਸਮਾਜ ਵਿਚ ਕਰਮਕਾਂਡ, ਵਰਣ ਵੰਡ ਅਤੇ ਜਾਤ-ਪਾਤੀ ਕੋਹੜ ਫੈਲਾਉਣ ਦਾ ਧਾਰਮਿਕ ਆਧਾਰ ਤਿਆਰ ਕਰਨ ਲਈ, ਬ੍ਰਹਮਾ ਦੇ ਰੂਪ ਵਿਚ ਘੜੀ ਇਹੀ ਮਾਨਸਿਕ ਕਲਪਨਾ ਅੱਜ ਤਕ ਮਨੁੱਖ ਜਾਤੀ ਨੂੰ ਉਚ-ਨੀਚ ਵਿਚ ਵੰਡਣ ਅਤੇ ਅਨੇਕ ਕਿਸਮ ਦੇ ਕਰਮਕਾਂਡੀ ਭਰਮਜਾਲ ਫੈਲਾਉਣ ਦਾ ਮੂਲ ਆਧਾਰ ਬਣੀ ਹੋਈ ਹੈ।

ਡਾ. ਅੰਬੇਡਕਰ ਤੇ ਬਾਬੂ ਕਾਂਸ਼ੀ ਰਾਮ ਵਾਂਗ ਜੇ ਸਵਰਾਜਬੀਰ ਇਸ ਮਨੂਵਾਦੀ ਸੋਚ ਦੀ ਤਹਿ ਵਿਚ ਜਾਂਦੇ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਇਕ ਧਾਰਮਿਕ ਗ੍ਰੰਥ ਕਰਾਰ ਨਾ ਦੇ ਕੇ ਇਸ ਨੂੰ ਨਿਠ ਕੇ ਪੜ੍ਹਦੇ, ਤਾਂ ਉਨ੍ਹਾਂ ਨੂੰ ਪਤਾ ਲਗਦਾ ਕਿ ਗੁਰਮਤਿ ਨੇ ਬ੍ਰਹਮ ਅਤੇ ਬ੍ਰਹਮਾ ਵਿਚਾਲੇ ਪਹਿਲਾਂ ਹੀ ਬੜਾ ਸਪਸ਼ਟ ਨਿਖੇੜਾ ਕੀਤਾ ਹੋਇਆ ਹੈ। ਗੁਰਮਤਿ ਬ੍ਰਹਮ ਦੀ ਹੋਂਦ ਨੂੰ ਪ੍ਰਵਾਨ ਕਰਦੀ ਹੈ, ਪਰ ਬ੍ਰਹਮਾ ਦੀ ਹੋਂਦ ਨੂੰ ਮੂਲੋਂ ਹੀ ਨਕਾਰ ਦਿੰਦੀ ਹੈ। ਗੁਰਮਤਿ ਮਨੂਵਾਦ ਅਤੇ ਇਸ ਦੇ ਪ੍ਰਗਟ ਰੂਪ ਬ੍ਰਾਹਮਣਵਾਦ ਦੇ ਮੁੱਢ ਬ੍ਰਹਮਾ ਨੂੰ ਨਕਾਰ ਕੇ ਇਸ ਦੀ ਜੜ੍ਹ ਹੀ ਪੁੱਟ ਦਿੰਦੀ ਹੈ।

ਬ੍ਰਹਮੋ ਪਸਾਰਾ ਬ੍ਰਹਮ ਪਸਰਿਆ  
ਸਭੁ ਬ੍ਰਹਮੁ ਦ੍ਰਿਸਟੀ ਆਇਆ॥  
(ਪੰਨਾ 782)

ਯਥਾ ਇਹ ਸਾਰਾ ਪਸਾਰਾ ਬ੍ਰਹਮ ਹੈ, ਸਭ ਥਾਂ ਬ੍ਰਹਮ ਹੀ ਪਸਰਿਆ ਹੋਇਆ ਹੈ, ਸਭ ਪਾਸੇ ਬ੍ਰਹਮ ਹੀ ਨਜ਼ਰ ਆਉਂਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਨ ਕੋਈ॥  
(ਪੰਨਾ 1035)

ਬ੍ਰਹਮੈ ਬੇਦ ਬਾਣੀ ਪਰਗਾਸੀ  
ਮਾਇਆ ਮੋਹ ਪਸਾਰਾ॥ (ਪੰਨਾ 559)

ਯਥਾ ਬ੍ਰਹਮਾ ਬਿਸ਼ਨ ਮਹੇਸ਼ ਦੀ ਕੋਈ ਹੋਂਦ ਨਹੀਂ। ਬ੍ਰਹਮਾ ਦੇ ਨਾਂ ਉਤੇ ਵੇਦਾਂ ਦਾ ਜੋ ਗਿਆਨ ਦਿੱਤਾ ਜਾ ਰਿਹਾ ਹੈ, ਇਹ ਸਾਰਾ ਮਨ-ਕਲਪਿਤ ਅਤੇ ਝੂਠ ਹੈ। ਗੁਰਮਤਿ ਨੇ ਇਹ ਗਿਆਨ ਵੀ ਦਿੱਤਾ ਹੈ,

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥  
ਮਾਇਆ ਮੋਹੁ ਪਸਰਿਆ ਪਸਾਰਾ॥  
ਮੂਰਖ ਪੜਹਿ ਸਬਦੁ ਨ ਬੂਝਹਿ  
ਗੁਰਮੁਖਿ ਵਿਰਲੈ ਜਾਤਾ ਹੈ॥  
(ਪੰਨਾ 1053)

ਯਥਾ ਸਿਮ੍ਰਿਤੀਆਂ ਤੇ ਸ਼ਾਸਤਰਾਂ ਵਿਚ ਜਿੰਨਾ ਵਿਸਥਾਰ ਹੈ, ਇਹ ਸਾਰਾ ਮਨ-ਕਲਪਿਤ ਝੂਠ ਅਤੇ ਝੂਠੇ ਪਿਆਰ ਦਾ ਪਸਾਰਾ ਹੈ। ਮੂਰਖ ਮਨੁੱਖ ਇਨ੍ਹਾਂ ਨੂੰ ਪੜ੍ਹਦਾ ਹੈ, ਪਰ ਸ਼ਬਦ ਵਿਚਲੇ ਆਤਮਿਕ ਗਿਆਨ ਦਾ ਭੇਦ ਨਹੀਂ ਪਾ ਸਕਦਾ। ਗੁਰੂ ਦੇ ਆਤਮਿਕ ਗਿਆਨ ਵੱਲ ਮੂੰਹ ਕਰਨ ਵਾਲਾ ਕੋਈ ਵਿਰਲਾ ਮਨੁੱਖ ਹੀ ਇਸ ਦਾ ਭੇਤ ਪਾ ਸਕਦਾ ਹੈ।

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥  
ਸਾਂਕਲ ਜੇਵਰੀ ਲੈ ਹੈ ਆਈ॥  
ਆਪਨ ਨਗਰੁ ਆਪ ਤੇ ਬਾਧਿਆ॥  
ਮੋਹ ਕੈ ਫਾਧਿ ਕਾਲ ਸਰੁ ਸਾਧਿਆ॥  
ਰਹਾਉ॥  
ਕਟੀ ਨ ਕਟੈ ਤੂਟਿ ਨਹ ਜਾਈ॥  
ਸਾ ਸਾਪਨਿ ਹੋਇ ਜਗੁ ਕਉ ਖਾਈ॥  
(ਪੰਨਾ 329)

ਯਥਾ ਵੇਦ ਹੀ ਸਿਮ੍ਰਿਤੀਆਂ ਦੇ ਜਨਕ ਹਨ। ਇਨ੍ਹਾਂ ਵਿਚਲਾ ਗਿਆਨ ਮਨੁੱਖੀ ਮਨ ਨੂੰ ਪਏ ਸੰਗਲ ਤੇ ਜੰਜੀਰਾਂ ਵਾਂਗ ਹਨ। ਇਹ ਇੰਜ ਹੈ, ਜਿਵੇਂ ਕੋਈ ਮਨੁੱਖ ਆਪਣੇ ਆਲੇ-ਦੁਆਲੇ ਆਪ ਹੀ ਜਾਲ ਬੁਣ ਲਏ ਅਤੇ ਫਿਰ ਉਸ ਦੇ ਮੋਹ ਵਿਚ ਆਪ ਹੀ ਫਸ ਕੇ ਮਰ ਜਾਏ। ਸਾਰੇ ਯਤਨਾਂ ਦੇ ਬਾਵਜੂਦ ਜੋ ਜਾਲ ਕੱਟਿਆ ਨਹੀਂ ਜਾ ਸਕਦਾ ਅਤੇ ਜੋ ਸੱਪਣੀ ਦਾ ਰੂਪ ਧਾਰ ਕੇ ਜਗਤ ਨੂੰ ਖਾ ਰਿਹਾ ਹੈ।

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ  
ਇਨ੍ਹ ਪੜਿਆ ਮੁਕਤਿ ਨ ਹੋਈ॥  
(ਪੰਨਾ 747)

ਬੇਦ ਪੜੇ ਪੜਿ ਬ੍ਰਹਮੇ ਹਾਰੇ  
ਇਕੁ ਤਿਲੁ ਨਹੀ ਕੀਮਤਿ ਪਾਈ॥  
(ਪੰਨਾ 747)

ਯਥਾ ਵੇਦ ਕਤੇਬ ਸਿਮ੍ਰਿਤੀਆਂ ਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ (ਮਨ ਦੀ) ਮੁਕਤੀ ਨਹੀਂ ਮਿਲਦੀ। ਵੇਦ ਪੜ੍ਹ ਪੜ੍ਹ ਕੇ ਬ੍ਰਹਮੇ ਜਿਹੇ ਅਨੇਕ ਹਾਰ ਹੰਭ ਗਏ ਹਨ, ਪਰ ਉਨ੍ਹਾਂ ਨੇ ਉਸ ਇਕ (ਏਕੋ) ਦੀ ਰਤੀ ਭਰ ਵੀ ਕੀਮਤ ਨਹੀਂ ਜਾਣੀ। ਤਥਾ ਏਕੋ ਦਾ ਭੇਤ ਨਹੀਂ ਪਾਇਆ।

ਸਵਰਾਜਬੀਰ ਨੇ ਖੱਬੇ ਪੱਖੀਆਂ ਅਤੇ ਧਰਮ ਨਿਰਪੱਖਤਾ ਦੇ ਹਾਮੀਆਂ ਬਾਰੇ ਟਿੱਪਣੀ ਕੀਤੀ ਹੈ, "ਖੱਬੇ-ਪੱਖੀਆਂ ਅਤੇ ਧਰਮ ਨਿਰਪੱਖਤਾ ਦੇ ਹਾਮੀਆਂ ਵਿਚ ਖਾਮੀਆਂ ਹੋ ਸਕਦੀਆਂ ਹਨ, ਉਨ੍ਹਾਂ ਦੇ ਵਿਚਾਰਾਂ ਅਤੇ ਭਾਸ਼ਾ ਵਿਚ ਪੁਖਤਗੀ ਤੇ ਨਵੀਨਤਾ ਦੀ ਘਾਟ ਹੋ ਸਕਦੀ ਹੈ, ਉਨ੍ਹਾਂ ਦੇ ਵਿਚਾਰਾਂ ਦਾ ਅਸਰ ਘਟਿਆ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ ਉਤੇ ਵੀ ਧਕਿਆ ਗਿਆ ਹੈ, ਪਰ ਉਨ੍ਹਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਅਜਿਹੇ ਧਰਮ-ਅਨੁਸਾਰੀ ਬਣ ਜਾਣ, ਜਿਸ ਕਾਰਨ ਰਵਾਇਤੀ ਧਰਮ ਦਾ ਪਾਲਣ ਕਰਨ ਵਾਲੇ ਉਨ੍ਹਾਂ ਦਾ ਸਨਮਾਨ ਕਰਨ ਜਾਂ ਖੱਬੇ-ਪੱਖੀ ਅਤੇ ਧਰਮ ਨਿਰਪੱਖਤਾ ਦੇ ਹਾਮੀ ਧਰਮ ਦੀ ਅਜਿਹੀ ਵਿਆਖਿਆ ਕਰਨ, ਜਿਹੜੀ ਸਭ ਨੂੰ ਪਸੰਦ ਹੋਵੇ। ਲੋਕਾਂ ਦੀ ਵੱਡੀ ਬਹੁਗਿਣਤੀ ਨੂੰ ਜਾਤੀਵਾਦ, ਨਾਰੀ ਦਾ ਦਮਨ, ਮਰਦ-ਪ੍ਰਧਾਨ ਸੋਚ, ਆਪਣੇ ਧਰਮ ਨੂੰ ਸਭ ਤੋਂ ਉਤਮ ਕਹਿਣਾ ਪਸੰਦ ਹੈ। ਖੱਬੇ-ਪੱਖੀ ਅਤੇ ਧਰਮ ਨਿਰਪੱਖਤਾ ਦੇ ਹਾਮੀਆਂ ਤੋਂ ਅਜਿਹੀ ਉਮੀਦ ਕਰਨੀ ਉਨ੍ਹਾਂ ਨੂੰ ਇਤਿਹਾਸ ਅਤੇ ਸਮਾਜ ਵਿਚਲੀ ਉਨ੍ਹਾਂ ਦੀ ਭੂਮਿਕਾ ਤੋਂ ਵਿਛੁੰਨਿਆ ਕਰਨਾ ਹੋਵੇਗਾ। ਕਬੀਰ ਜੀ ਦਾ ਕਥਨ ਹੈ: 'ਟੂਟੀ ਤੰਤੁ ਨ ਬਜੈ ਰਬਾਬੁ॥' ਤੰਦ ਟੁਟ ਜਾਵੇ ਤਾਂ ਰਬਾਬ ਨਹੀਂ ਵਜਦੀ। ਸਾਡੇ ਸਮਾਜ ਵਿਚ ਭਗਤ ਕਬੀਰ ਅਤੇ ਭਗਤ ਰਵਿਦਾਸ ਜਿਹੀਆਂ ਅਵਾਜ਼ਾਂ ਨੂੰ ਬਹੁਤ ਦੇਰ ਲਈ ਹਾਸ਼ੀਏ ਉਤੇ ਰਖਿਆ ਗਿਆ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਅਰਥਾਂ ਤੋਂ ਵਿਰਵੀਆਂ ਹਨ। ਉਨ੍ਹਾਂ ਦੇ ਅਰਥ ਮਨੁੱਖਤਾਮਈ ਹਨ। ਕੁਝ ਇਸ ਤਰ੍ਹਾਂ ਦੀ ਗੱਲ ਧਰਮ ਨਿਰਪੱਖਤਾ ਦੇ ਹਾਮੀਆਂ ਅਤੇ ਖੱਬੇ-ਪੱਖੀਆਂ ਬਾਰੇ ਵੀ ਕਹੀ ਜਾ ਸਕਦੀ ਹੈ।"

ਬਿਨ ਪੜ੍ਹਿਆਂ ਕੁਝ ਸੁਣੀਆਂ-ਸੁਣਾਈਆਂ ਧਾਰਨਾਵਾਂ ਦੇ ਆਧਾਰ ਉਤੇ ਖੱਬੇ ਪੱਖੀ ਹੋਣ ਦਾ ਭਰਮ ਪਾਲਣ ਦੀ ਥਾਂ ਸਵਰਾਜਬੀਰ ਨੂੰ ਮਾਰਕਸ ਅਤੇ ਏਂਗਲਜ਼ ਦੀ ਫਿਲਾਸਫੀ ਖੁਦ ਪੜ੍ਹਨ ਦੀ ਲੋੜ ਹੈ। ਮਾਰਕਸ-ਏਂਗਲਜ਼ ਨੇ ਭੌਤਿਕਵਾਦ ਅਤੇ ਆਦਰਸ਼ਵਾਦ ਵਿਚਾਲੇ ਬੜਾ ਸਪਸ਼ਟ ਨਿਖੇੜਾ ਕੀਤਾ ਹੈ। ਏਂਗਲਜ਼ ਦਾ ਕਥਨ ਹੈ, "ਕੀ ਸੰਸਾਰ ਦੀ ਰਚਨਾ ਰੱਬ ਨੇ ਬਣਾਈ ਹੈ ਜਾਂ ਅੰਤਹੀਣ ਆਦਿ ਕਾਲ ਤੋਂ ਸੰਸਾਰ ਇਵੇਂ ਹੀ ਹੋਂਦ ਰਖਦਾ ਆ ਰਿਹਾ ਹੈ, ਇਸ ਸੁਆਲ ਦਾ ਜੁਆਬ ਦੇਣ ਵਾਲੇ ਫਿਲਾਸਫਰ ਦੋ ਵੱਡੇ ਧੜਿਆਂ ਵਿਚ ਵੰਡੇ ਹੋਏ ਸਨ। ਜਿਹੜੇ ਫਿਲਾਸਫਰ ਕੁਦਰਤ ਨਾਲੋਂ ਮਨੁੱਖੀ ਮਨ ਨੂੰ ਸਿਰਮੌਰ ਮੰਨਦੇ ਸਨ ਅਤੇ ਅੰਤਿਮ ਤੌਰ 'ਤੇ ਕਿਸੇ ਵੀ ਤਰ੍ਹਾਂ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ, ਉਹ ਆਦਰਸ਼ਵਾਦੀ ਧੜਾ ਬਣੇ ਅਤੇ ਦੂਜੇ ਜੋ ਕੁਦਰਤ ਨੂੰ ਸਿਰਮੌਰ ਮੰਨਦੇ ਸਨ, ਉਹ ਸਾਰੇ ਭੌਤਿਕਵਾਦੀਆਂ ਦੀਆਂ ਵੱਖ-ਵੱਖ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਆਦਰਸ਼ਵਾਦ ਅਤੇ ਭੌਤਿਕਵਾਦ- ਇਹ ਦੋ ਪਰਿਪਾਟੀਆਂ ਮੌਲਿਕ ਰੂਪ ਵਿਚ ਇਸ ਤੋਂ ਬਿਨਾ ਹੋਰ ਕੋਈ ਅਹਿਮੀਅਤ ਨਹੀਂ ਸਨ ਰੱਖਦੀਆਂ। ਇਥੇ ਵੀ ਅਸੀਂ ਇਨ੍ਹਾਂ ਦੀ ਵਰਤੋਂ ਇਸ ਤੋਂ ਬਿਨਾ ਕਿਸੇ ਵੀ ਹੋਰ ਭਾਵਨਾ ਨਾਲ ਨਹੀਂ ਕਰ ਰਹੇ।...ਸੋਚ ਵਿਚ ਉਲਝਣਾਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਇਨ੍ਹਾਂ ਪਰਿਪਾਟੀਆਂ ਨੂੰ ਕੁਝ ਹੋਰ ਅਰਥ ਦਿੱਤੇ ਜਾਂਦੇ ਹਨ।" ਭੌਤਿਕਵਾਦ ਦੀ ਇਹ ਕਿੰਨੀ ਸਪਸ਼ਟ ਵਿਆਖਿਆ ਹੈ। ਕਿਸੇ ਗਲਤਫਹਿਮੀ ਦੀ ਕੋਈ ਗੁੰਜਾਇਸ਼ ਹੀ ਨਹੀਂ।

ਗੁਰਮਤਿ ਦਾ ਮੁੱਢ ਹੀ ੴ (ਏਕੋ) ਸਤਿ ਤੋਂ ਹੁੰਦਾ ਹੈ। ਭਾਵ ਸਾਡੇ ਚਾਰ-ਚੁਫੇਰੇ ਪਸਰਿਆ ਏਕੋ ਹੈ ਅਤੇ ਇਹ ਸੱਚ ਹੈ। ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292)। ਇਹ ਬ੍ਰਹਿਮੰਡੀ ਹੋਂਦ ਅਸੀਮ ਅਤੇ ਸਦੀਵੀ ਹੈ। ਇਕ ਓਂਕਾਰ ਯਥਾ ੧+ਓਮ+ਆਕਾਰ ਤਥਾ ਵੈਦਿਕ (ਹਿੰਦੂ) ਫਿਲਾਸਫੀ ਦਾ ਪਰਮ ਅੱਖਰ ਓਮ ਜਮਾ ਇਹ ਬ੍ਰਹਿਮੰਡੀ ਆਕਾਰ ਇਕ ਹੈ। ਵੈਦਿਕ ਫਿਲਾਸਫੀ ਵਿਚ ਬ੍ਰਹਮ ਨੂੰ ਵੀ ਪਰਮ ਅੱਖਰ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਅਮੂਰਤ ਅੱਖਰ ਓਮ ਨਾਲ ਆਕਾਰ ਅਤੇ ਇਕ ਲਾ ਕੇ ਇਸ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਹੋਂਦ (ਬ੍ਰਹਮ) ਨੂੰ ਸਾਡੀ ਚੇਤਨਾ ਅਤੇ ਸਾਡੇ ਮਨਾਂ ਵਿਚ ਸਾਕਾਰ ਕਰਨ ਦਾ ਕ੍ਰਿਸ਼ਮਾ ਕੀਤਾ ਹੈ:

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥  
(ਪੰਨਾ 141)

ਕੁਦਰਤਿ ਕਾਦਰ ਕਰਣ ਕਰੀਮਾ॥  
(ਪੰਨਾ 1084)

ਕੁਦਰਤਿ ਕਰਨੈਹਾਰ ਅਪਾਰਾ  
ਕੀਤੇ ਕਾ ਨਾਹੀ ਕਿਹੁ ਚਾਰਾ॥  
(ਪੰਨਾ 1042)

ਵੈਦਿਕ ਫਿਲਾਸਫੀ ਬਾਰੇ ਫ੍ਰੈਡਰਿਕ ਏਂਗਲਜ਼ ਦੀ ਧਾਰਨਾ ਹੈ, "ਤੁਲਨਾਤਮਕ ਮਿਥਿਹਾਸ ਦੀ ਮੁਢਲੀ ਖੋਜ ਨੇ ਹਿੰਦ-ਯੂਰਪੀਨ ਲੋਕਾਂ ਦੇ ਸਮੁੱਚੇ ਧਾਰਮਿਕ ਵਰਤਾਰੇ (ਫਿਲਾਸਫੀ) ਦਾ ਮੁੱਢ ਭਾਰਤੀ ਵੇਦਾਂ ਵਿਚ ਲੱਭਿਆ ਹੈ। ਇਹ ਸਪਸ਼ਟ ਹੋ ਗਿਆ ਹੈ ਕਿ ਭਾਰਤੀ, ਇਰਾਨੀ, ਯੂਨਾਨੀ, ਰੋਮਨ, ਜਰਮਨ ਅਤੇ ਜਿਥੋਂ ਤਕ ਤਥ ਲੱਭੇ ਹਨ, ਕੇਂਦਰੀ ਯੂਰਪ, ਲਿਥੂਨੀਅਨ ਅਤੇ ਸਲਾਵ ਸਾਰੇ ਇਨ੍ਹਾਂ ਹਿੰਦ-ਯੂਰਪੀਨ ਲੋਕਾਂ ਵਿਚ ਸ਼ਾਮਿਲ ਹਨ।"

ਬਿਨਾ ਸ਼ੱਕ ਭਾਰਤ ਸਮੇਤ ਇਨ੍ਹਾਂ ਸਾਰੇ ਦੇਸ਼ਾਂ ਦੀ ਫਿਲਾਸਫੀ ਦਾ ਆਰੰਭ ਵੇਦਾਂ ਨਾਲ ਹੋਇਆ ਹੈ। ਇਸ ਦੀ ਪ੍ਰੋੜਤਾ ਡਾ. ਅੰਬੇਡਕਰ ਨੇ ਵੀ ਕੀਤੀ ਹੈ। ਵੈਦਿਕ ਫਿਲਾਸਫੀ ਵਿਚ ਭੌਤਿਕਵਾਦ ਅਤੇ ਆਦਰਸ਼ਵਾਦ ਦੀਆਂ ਦੋ ਧਾਰਾਵਾਂ ਮੁਢ ਤੋਂ ਨਾਲੋਂ-ਨਾਲ ਚਲਦੀਆਂ ਆ ਰਹੀਆਂ ਹਨ। ਬ੍ਰਹਮ ਅਸੀਮ ਅਤੇ ਸਦੀਵੀ ਬ੍ਰਹਿਮੰਡੀ ਹਕੀਕਤ ਭਾਵ ਭੌਤਿਕਵਾਦ ਨੂੰ ਪ੍ਰਗਟ ਕਰਦਾ ਆ ਰਿਹਾ ਹੈ ਤੇ ਇਸ ਦਾ ਮਨ ਕਲਪਿਤ ਰੂਪ ਬ੍ਰਹਮਾ ਆਦਰਸ਼ਵਾਦ ਨੂੰ ਪ੍ਰਗਟ ਕਰਦਾ ਆ ਰਿਹਾ ਹੈ। ਇਹ ਬ੍ਰਹਮਾ ਦੀ ਮਨ ਕਲਪਿਤ ਹੋਂਦ ਹੀ ਮਨੂਵਾਦ, ਵਰਣ ਵੰਡ, ਜਾਤਪਾਤ, ਬ੍ਰਾਹਮਣੀ ਕਰਮਕਾਂਡ, ਨਰਕ-ਸੁਰਗ, ਪੁਨਰ ਜਨਮ ਤੇ ਬ੍ਰਾਹਮਣੀ ਪਾਪ-ਪੁੰਨ ਦੇ ਭਰਮਜਾਲ ਦੀ ਜਨਕ ਹੈ।

ਸਵਰਾਜਬੀਰ ਦੀ ਇਹ ਧਾਰਨਾ ਦਰੁਸਤ ਨਹੀਂ ਕਿ "ਹੋਰ ਵਿਚਾਰਧਾਰਾਵਾਂ ਜਿਵੇਂ ਸਾਂਖ, ਚਾਰਵਾਕ, ਆਜੀਵਕ, ਬੁਧ ਧਰਮ ਆਦਿ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਗਿਆ। ਪ੍ਰਾਚੀਨ ਆਰੀਆ ਲੋਕਾਂ ਦੇ ਗੌਰਵ ਨੂੰ ਪ੍ਰਚਾਰਿਆ ਗਿਆ। ਉਹ ਮਹਾਨ ਇਨਕਲਾਬ, ਜਿਹੜਾ ਮੱਧ ਕਾਲੀ ਸਮਿਆਂ ਵਿਚ ਬਸੇਸ਼ਰ, ਕਬੀਰ, ਗੁਰੂ ਨਾਨਕ ਦੇਵ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਭਗਤੀ ਲਹਿਰ ਦੇ ਹੋਰ ਰਹਿਬਰਾਂ ਨੇ ਲਿਆਂਦਾ, ਨੂੰ ਬਿਲਕੁਲ ਵਿਸਾਰ ਦਿੱਤਾ ਗਿਆ। ਇਸੇ ਤਰ੍ਹਾਂ ਇਸਲਾਮ ਤੇ ਸੂਫੀਆਂ ਦੇ ਯੋਗਦਾਨ ਨੂੰ ਸਵੀਕਾਰਨ ਦੀ ਥਾਂ ਮੱਧ ਕਾਲੀ ਸਮਿਆਂ ਨੂੰ ਗੁਲਾਮੀ ਦਾ ਯੁਗ ਗਰਦਾਨਿਆ ਗਿਆ।"

ਗੁਰਮਤਿ ਨੇ ਇਨ੍ਹਾਂ ਸਾਰੀਆਂ ਵਿਚਾਰਧਾਰਾਵਾਂ ਨੂੰ ਆਪਣੇ ਵਿਚ ਆਤਮਸਾਤ ਕੀਤਾ ਹੈ। ਇਸ ਲਿਖਤ ਦੀ ਸੀਮਤਾਈ ਹੋਣ ਕਾਰਨ ਇਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਗੁਰਮਤਿ ਨੇ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਤੇ ਵਿਚਾਰਧਾਰਾਵਾਂ ਦੀ ਪੁਣਛਾਣ ਅਤੇ ਪੜਚੋਲ ਕੀਤੀ ਹੈ। ਕੁਦਰਤੀ ਨੇਮਾਂ ਉਤੇ ਪੂਰੀਆਂ ਉਤਰਦੀਆਂ ਸਾਰੀਆਂ ਧਾਰਨਾਵਾਂ ਤੇ ਸਦਾਚਾਰ ਨੂੰ ਮਾਨਤਾ ਦਿੱਤੀ ਹੈ ਅਤੇ ਕੁਦਰਤੀ ਨੇਮਾਂ ਦੇ ਵਿਰੁਧ ਜਾਂਦੀਆਂ ਸਾਰੀਆਂ ਧਾਰਨਾਵਾਂ ਤੇ ਦੁਰਾਚਾਰ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ ਹੈ। ਗੁਰਮਤਿ ਨੇ ਔਰਤ-ਮਰਦ ਦੇ ਰਿਸ਼ਤੇ ਦੀ ਸਭ ਤੋਂ ਖੂਬਸੂਰਤ ਤੇ ਸਮਾਜੀ ਵਿਆਖਿਆ ਕੀਤੀ ਹੈ। ਜੇ ਸਵਰਾਜਬੀਰ ਨੇ ਬੁੱਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਦੀ ਹੀਰ ਦੀ ਸੋਚ ਤੋਂ ਪਾਰ ਜਾ ਕੇ ਗੁਰਮਤਿ ਨੂੰ ਪੜ੍ਹਿਆ ਹੁੰਦਾ ਤਾਂ ਉਸ ਨੂੰ ਪਤਾ ਲਗਦਾ ਕਿ ਗੁਰਮਤਿ ਨੇ 'ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡ ਪਰਾਨ॥' (ਪੰਨਾ 1136) ਦਾ ਮੌਲਿਕ ਸੰਕਲਪ ਦੇ ਕੇ ਇਸ ਖੇਤਰ ਦੀ ਸਮਾਜੀ ਏਕਤਾ ਦਾ ਸਭ ਤੋਂ ਵਡਾ ਆਧਾਰ ਮੁਹੱਈਆ ਕੀਤਾ ਹੈ। ਇਹ ਵੱਖਰੀ ਗੱਲ ਹੈ ਕਿ ਸਿੱਖਾਂ ਸਮੇਤ ਅਸੀਂ ਪੰਜਾਬੀਆਂ ਨੂੰ ਗੁਰੂ ਸਾਹਿਬ ਵਲੋਂ ਦਿੱਤੇ ਗਏ ਏਕਤਾ ਦੇ ਆਧਾਰ ਨੂੰ ਅਸਲੋਂ ਹੀ ਅਣਗੌਲਿਆ ਕਰ ਦਿੱਤਾ ਹੈ।

ਲਿਖਤ ਨੂੰ ਸਮੇਟਦਿਆਂ ਕਿਹਾ ਜਾ ਸਕਦਾ ਹੈ ਕਿ ਵੈਦਿਕ ਫਿਲਾਸਫੀ ਵਿਚ ਭੌਤਿਕਵਾਦ ਤੇ ਆਦਰਸ਼ਵਾਦ ਦੀਆਂ ਦੋ ਧਾਰਾਵਾਂ ਨਾਲੋਂ-ਨਾਲ ਚਲ ਰਹੀਆਂ ਹਨ। ਡਾ. ਅੰਬੇਦਕਰ ਦੇ ਕਥਨ ਅਨੁਸਾਰ ਬ੍ਰਹਮ ਦੇ ਸੰਕਲਪ ਨੂੰ ਆਧਾਰ ਮੰਨ ਕੇ ਚਲਦੀ ਆ ਰਹੀ ਬ੍ਰਹਮਵਾਦੀ ਧਾਰਾ ਭੌਤਿਕਵਾਦੀ ਹੈ, ਗੁਰਮਤਿ ਜਿਸ ਦਾ ਵਿਸਥਾਰ ਤੇ ਤੱਤਸਾਰ ਹੈ ਅਤੇ ਮਨ-ਕਲਪਿਤ ਬ੍ਰਹਮਾ ਨੂੰ ਆਧਾਰ ਮੰਨ ਕੇ ਚਲਦੀ ਆ ਰਹੀ ਧਾਰਾ ਬ੍ਰਾਹਮਣਵਾਦੀ ਭਾਵ ਆਦਰਸ਼ਵਾਦੀ ਹੈ। ਹਿੰਦੂ ਰਾਸ਼ਟਰ ਦੇ ਪੈਰੋਕਾਰ ਮਨ-ਕਲਪਿਤ ਬ੍ਰਾਹਮਣਵਾਦੀ ਧਾਰਾ ਦੇ ਪੈਰੋਕਾਰ ਹਨ, ਜਿਨ੍ਹਾਂ ਨੇ ਸਾਮਰਾਜੀ ਪੂੰਜੀ ਨਾਲ ਗਠਜੋੜ ਕਰ ਲਿਆ ਹੈ। ਇਸ ਲਈ ਯੋਗੇਂਦਰ ਯਾਦਵ ਦੀ ਇਹ ਧਾਰਨਾ ਬਿਲਕੁਲ ਸਹੀ ਹੈ ਕਿ ਖੱਬੇ ਪੱਖੀਆਂ ਦਾ ਧਰਮ ਨਿਰਪੱਖਤਾ ਦਾ ਸੰਕਲਪ ਇਸ ਕਰ ਕੇ ਹਾਰ ਗਿਆ, ਕਿਉਂਕਿ ਇਸ ਨੇ ਸਾਡੀਆਂ ਭਾਸ਼ਾਵਾਂ ਨੂੰ ਅਸਵੀਕਾਰ ਕੀਤਾ, ਇਹ ਸਾਡੀਆਂ ਰਵਾਇਤਾਂ ਦੀ ਭਾਸ਼ਾ ਸਿੱਖਣ ਵਿਚ ਅਸਫਲ ਰਿਹਾ, ਇਸ ਨੇ ਸਾਡੇ ਧਰਮਾਂ ਦੀ ਭਾਸ਼ਾ ਸਿੱਖਣ ਤੇ ਬੋਲਣ ਤੋਂ ਇਨਕਾਰ ਕੀਤਾ ਅਤੇ ਇਸ ਨੇ ਹਿੰਦੂ (ਵੈਦਿਕ) ਧਰਮ ਦੀ ਨਵੀਂ ਵਿਆਖਿਆ ਕਰਨ ਦੀ ਥਾਂ ਹਿੰਦੂ ਧਰਮ ਦਾ ਮਖੌਲ ਉਡਾਇਆ। ਇਹ ਸੱਚ ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਦਰਜ ਕੀਤਾ ਹੈ ਕਿ ਕਿਸੇ ਵੀ ਦੇਸ਼ ਦੀ ਕਮਿਊਨਿਸਟ ਲਹਿਰ ਆਪਣੇ ਦੇਸ਼ ਦੀ ਫਿਲਾਸਫੀ ਨੂੰ ਆਤਮਸਾਤ ਕੀਤੇ ਬਿਨਾ ਲਹਿਰ ਨੂੰ ਅੱਗੇ ਨਹੀਂ ਵਧਾ ਸਕਦੀ। ਜਿੱਡੀ ਵੱਡੀ ਗਲਤੀ ਹਿੰਦੁਸਤਾਨ ਦੇ ਖੱਬੇ ਪੱਖੀਆਂ ਨੇ ਵੈਦਿਕ ਫਿਲਾਸਫੀ ਨੂੰ ਅਣਗੌਲਿਆ ਕਰ ਕੇ ਕੀਤੀ ਹੈ, ਉਸ ਤੋਂ ਵਡੀ ਗਲਤੀ ਪੰਜਾਬ ਦੇ ਖੱਬੇ ਪੱਖੀ ਗੁਰਮਤਿ ਨੂੰ ਅਣਗੌਲਿਆ ਕਰ ਕੇ ਕਰ ਰਹੇ ਹਨ। (ਇਤਿਆਦਿ)



ਡਾ. ਬੀ. ਆਰ. ਅੰਬੇਡਕਰ

**ਡਾ. ਅੰਬੇਡਕਰ ਦੇ ਆਪਣੇ ਕਥਨ ਅਨੁਸਾਰ "ਭਾਵੇਂ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਭਾਈਚਾਰੇ ਦੇ ਸਿਧਾਂਤ ਤੋਂ ਅਣਜਾਣ ਹੈ, ਪਰ ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਨੇ ਅਜਿਹੇ ਸੰਕਲਪ ਨੂੰ ਜਨਮ ਦਿੱਤਾ ਹੈ, ਜਿਸ ਦੀਆਂ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋਂ ਵੀ ਕਿਤੇ ਵਧ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ। ਇਹ ਮੰਨਣਾ ਅਤੇ ਅਹਿਸਾਸ ਕਰਨਾ ਕਿ ਤੁਸੀਂ ਅਤੇ ਮੈਂ ਸਾਰੇ ਇਕੋ ਹੀ ਬ੍ਰਹਮ ਦਾ ਅੰਸ਼ ਹਾਂ ਤਾਂ ਇਹ ਜਮਹੂਰੀਅਤ ਤੋਂ ਬਿਨਾ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛੱਡਦਾ। ਇਹ ਸੋਚ ਜਮਹੂਰੀਅਤ ਦਾ ਸਿਰਫ ਪ੍ਰਚਾਰ ਹੀ ਨਹੀਂ ਕਰਦੀ, ਸਗੋਂ ਜਮਹੂਰੀਅਤ ਨੂੰ ਸਾਰਿਆਂ ਦੀ ਜ਼ਿੰਮੇਵਾਰੀ ਬਣਾ ਦਿੰਦੀ ਹੈ। ਜਮਹੂਰੀਅਤ ਨੂੰ ਮਨੁੱਖ ਦੀ ਲੋੜ ਬਣਾ ਦਿੰਦੀ ਹੈ।"**

# ਉਘੇ ਵਿਦਵਾਨ ਸੱਯਦ ਰਿਜ਼ਵਾਨ ਅਹਿਮਦ ਵਲੋਂ ਹਿੰਦੂ-ਮੁਸਲਿਮ ਸਬੰਧਾਂ ਬਾਰੇ ਖਰੀਆਂ ਖਰੀਆਂ

*ਇਸਲਾਮਿਕ ਵਿਦਵਾਨ ਸੱਯਦ ਰਿਜ਼ਵਾਨ ਅਹਿਮਦ ਆਪਣੀ ਸਪਸ਼ਟ ਬਿਆਨੀ ਅਤੇ ਬੇਬਾਕ ਰਾਸ਼ਟਰੀ ਨਜ਼ਰੀਏ ਪੱਖੋਂ ਜਾਣੇ ਜਾਂਦੇ ਹਨ। ਉਨ੍ਹਾਂ ਉਸ ਵਕਤ ਬੜਾ ਬੇਬਾਕ ਅਤੇ ਦਲੇਰਾਨਾ ਸਟੈਂਡ ਲਿਆ, ਜਦ ਉਨ੍ਹਾਂ ਦੇ ਭਤੀਜੇ ਅਤੇ ਉਘੇ ਫਿਲਮ ਅਦਾਕਾਰ ਨਸੀਰ-ਉਦ-ਦੀਨ ਸ਼ਾਹ ਨੇ ਭਾਰਤ ਅੰਦਰ ਅਸਹਿਣਸ਼ੀਲਤਾ ਬਾਰੇ ਕੁਝ ਟਿੱਪਣੀਆਂ ਕੀਤੀਆਂ। ਸੱਯਦ ਰਿਜ਼ਵਾਨ ਅਹਿਮਦ ਨੇ ਇਕ ਹਫਤਾਵਾਰੀ ਅਖਬਾਰ ਦੇ ਨੁਮਾਇੰਦੇ ਨਿਸ਼ਾਂਤ ਕੁਮਾਰ ਆਜ਼ਾਦ ਨਾਲ ਭਾਰਤ ਵਿਚ ਹਿੰਦੂ-ਮੁਸਲਮਾਨ ਸਬੰਧਾਂ ਬਾਰੇ ਗੱਲਬਾਤ ਕੀਤੀ ਹੈ। ਸੱਯਦ ਰਿਜ਼ਵਾਨ ਅਹਿਮਦ ਦੇ ਇਹ ਵਿਚਾਰ ਸਾਂਝੇ ਕਰਨ ਤੋਂ ਪਾਠਕ ਕਿਧਰੇ ਇਹ ਨਾ ਸਮਝ ਲੈਣ ਕਿ ਕੱਟੜ ਧਾਰਮਿਕ ਹਿੰਦੂ 'ਮੌਲਾਣੇ' ਮੁਸਲਿਮ ਮੌਲਾਣਿਆਂ ਨਾਲੋਂ ਕਿਤੇ ਘੱਟ ਖਤਰਨਾਕ ਹਨ। ਦੋਹਾਂ ਤੋਂ ਬਰਾਬਰ ਹੀ ਸਾਵਧਾਨ ਹੋਣ ਦੀ ਲੋੜ ਹੈ। -ਸੰਪਾਦਕ*

**ਸਵਾਲ: ਭਾਰਤ ਵਿਚ ਵਧ ਰਹੀ ਅਸਹਿਣਸ਼ੀਲਤਾ ਬਾਰੇ ਨਸੀਰ-ਉਦ-ਦੀਨ ਸ਼ਾਹ ਦੇ ਬਿਆਨ ਉਪਰੰਤ ਇਸ ਵਿਸ਼ੇ ਉਪਰ ਕੁਝ ਜਥੇਬੰਦੀਆਂ ਪੂਰੇ ਧੂਮ-ਧੜੱਕੇ ਨਾਲ ਫਿਰ ਹਰਕਤ ਵਿਚ ਆਈਆਂ ਹਨ ਅਤੇ ਇਸ 'ਤੇ ਚਰਚਾ ਛਿੜੀ ਹੈ। ਕੁਝ ਲੋਕ ਤਾਂ ਇਸ ਬਾਰੇ ਪਾਕਿਸਤਾਨ ਨੂੰ ਭਾਰਤ ਨਾਲੋਂ ਮਹਿਫੂਜ਼ ਸਮਝਦੇ ਹਨ। ਤੁਸੀਂ ਇਸ ਬਾਰੇ ਕੀ ਸੋਚਦੇ ਹੋ?**

**ਜਵਾਬ:** ਇਸ ਵਿਚ ਕੋਈ ਸੰਦੇਹ ਨਹੀਂ ਕਿ ਪਿਛਲੇ ਕੁਝ ਵਰ੍ਹਿਆਂ ਦੌਰਾਨ ਫਿਰਕੂ ਅਸਹਿਣਸ਼ੀਲਤਾ ਵਧੀ ਹੈ, ਇਥੋਂ ਤਕ ਨਸੀਰ-ਉਦ-ਦੀਨ ਸ਼ਾਹ ਠੀਕ ਵੀ ਹੈ ਪਰ ਸਮਝਣ ਵਾਲੀ ਗੱਲ ਇਹ ਹੈ ਕਿ ਇਸ ਅਸਹਿਣਸ਼ੀਲਤਾ ਨੇ ਭਾਰਤ ਦੇ ਮੁਸਲਮਾਨਾਂ ਦੀ ਦੂਸਰੇ ਧਰਮਾਂ ਨਾਲ ਸ਼ਾਂਤੀਪੂਰਵਕ ਸਹਿਹੋਂਦ ਸਵੀਕਾਰ ਨਾ ਕਰਨ ਦੇ ਨਤੀਜੇ ਵਜੋਂ ਜਨਮ ਲਿਆ ਹੈ। ਭਾਰਤੀ ਆਗੂਆਂ, ਚਾਹੇ ਉਹ ਜਿਸ ਪਾਰਟੀ ਨਾਲ ਸਬੰਧਤ ਹੋਣ, ਨੇ 1947 ਦੇ ਖੂਨੀ ਬਟਵਾਰੇ ਪਿੱਛੋਂ ਭਾਰਤ ਦਾ ਧਰਮ ਨਿਰਪੱਖ ਦੇਸ਼ ਬਣਨਾ ਸਵੀਕਾਰਿਆ; ਇਥੋਂ ਤੱਕ ਕਿ ਉਸ ਸਮੇਂ ਹਿੰਦੂਆਂ ਨੇ ਵੀ ਇਸ 'ਤੇ ਕੋਈ ਇਤਰਾਜ਼ ਨਹੀਂ ਕੀਤਾ। ਇਤਿਹਾਸ 'ਚ ਕਿਸੇ ਧਰਮ ਵਲੋਂ ਇਹੋ ਜਿਹੀ ਸਹਿਣਸ਼ੀਲਤਾ ਦੀ ਮਿਸਾਲ ਘੱਟ ਹੀ ਮਿਲਦੀ ਹੈ। ਸਵਾਲ ਹੈ ਕਿ ਇਸ ਬਦਲੇ ਭਾਰਤੀ ਮੁਸਲਮਾਨਾਂ ਨੇ ਹਿੰਦੂਆਂ ਨਾਲ ਕਿਹੋ ਜਿਹਾ ਵਤੀਰਾ ਅਪਨਾਇਆ। ਅਫਸੋਸ, ਇਹ ਚੰਗਾ ਨਹੀਂ ਰਿਹਾ। ਇਸ ਦੇ ਬਾਵਜੂਦ ਕਿ ਮਨੂਸਮ੍ਰਿਤੀ ਵਾਲੇ ਕੋਡ ਨੂੰ ਦਰਕਿਨਾਰ ਕਰ ਕੇ ਜਵਾਹਰ ਲਾਲ ਨਹਿਰੂ ਨੇ ਆਧੁਨਿਕ ਹਿੰਦੂ ਕਾਨੂੰਨ ਲਾਗੂ ਕੀਤੇ, ਮੁਸਲਮਾਨਾਂ ਲਈ ਵਿਸ਼ੇਸ਼ ਸਹੂਲਤਾਂ ਰੱਖੀਆਂ। ਇਸ ਉਪਰੰਤ ਕਈ ਮੌਕੇ ਆਏ ਜਦ ਮੁਸਲਮਾਨ ਆਪਣਾ ਸਾਰਥਕ ਰੋਲ ਨਿਭਾਉਣ 'ਚ ਅਸਮਰਥ ਰਹੇ; ਚਾਹੇ ਉਹ ਸ਼ਾਹਬਾਨੋ ਕੇਸ ਹੋਵੇ, ਕਸ਼ਮੀਰੀ ਪੰਡਿਤਾਂ ਨੂੰ ਆਪਣੀ ਜਨਮ ਭੋਇੰ ਤੋਂ ਭਜਾਉਣਾ ਜਾਂ ਬੰਗਲਾਦੇਸ਼ ਵਿਚੋਂ ਭਾਰਤ ਵਲ ਗੈਰਕਾਨੂੰਨੀ ਵਿਆਪਕ ਪਰਵਾਸ। ਵਕਤ ਬੀਤਣ ਨਾਲ ਹਿੰਦੂ ਆਪਣੇ ਨਾਲ ਧਰਮ ਨਿਰਪੱਖਤਾ ਦੇ ਨਾਂ 'ਤੇ ਹੋ ਰਹੇ ਰੁੱਖੇ ਵਰਤਾਓ ਦੀ ਤਕਲੀਫ ਮਹਿਸੂਸ ਕਰਨ ਲੱਗੇ, ਜਿਸ ਕਾਰਨ ਅੱਜ ਹਿੰਦੂ ਸੁਚੇਤ ਹੋ ਆਪਣੇ ਅਧਿਕਾਰਾਂ ਲਈ ਪ੍ਰਚੰਡਤਾ ਜਾਹਰ ਕਰ ਰਹੇ ਹਨ, ਤੇ ਇਸੇ ਨੂੰ ਅਸਹਿਣਸ਼ੀਲਤਾ ਦਾ ਨਾਂ ਦਿੱਤਾ ਜਾ ਰਿਹਾ ਹੈ।



ਪੇਸ਼ਕਸ਼: ਹਰਜੀਤ ਦਿਓਲ
ਬਰੈਂਪਟਨ, ਕੈਨੇਡਾ
ਫੋਨ: 905-676-9242

ਅੱਜ ਕਿਸੇ ਵੀ ਘੱਟ ਗਿਣਤੀ ਭਾਵੇਂ ਉਹ ਮੁਸਲਮਾਨ ਹੋਵੇ, ਸਿੱਖ ਜਾਂ ਕੋਈ ਹੋਰ, ਪਾਸੋਂ ਭਾਰਤੀਅਤਾ ਦੇ ਦਾਇਰੇ ਵਿਚ ਰਹਿਣ ਦੀ ਆਸ ਕੀਤੀ ਜਾਂਦੀ ਹੈ ਤਾਂ ਅਸਹਿਣਸ਼ੀਲਤਾ ਦਾ ਰੌਲਾ ਪਾ ਲਿਆ ਜਾਂਦਾ ਹੈ। ਅਸਹਿਣਸ਼ੀਲਤਾ ਪਖੰਡੀ ਧਰਮ ਨਿਰਪੱਖੀਆਂ ਅਤੇ ਅਸਹਿਣਸ਼ੀਲ ਮੁਸਲਮਾਨਾਂ ਦੀ ਗਲਤ ਤਰਜਮਾਨੀ ਹੈ। ਕੋਈ ਵੀ ਮੁਸਲਮਾਨਾਂ ਦੇ ਵਿਹਾਰ 'ਤੇ ਸਵਾਲ ਕਰਨ ਵਾਲਾ ਇਨ੍ਹਾਂ ਲਈ ਅਧਰਮੀ, ਕਾਫਰ ਜਾਂ ਇਸਲਾਮੀ ਨਿੰਦਕ ਬਣ ਜਾਂਦਾ ਹੈ। ਮੇਰੇ ਲਈ ਅਸਹਿਣਸ਼ੀਲਤਾ ਕੁਝ ਵੀ ਨਹੀਂ, ਸਗੋਂ ਇਹ ਸਿਰਫ ਦਿਖਾਵਟੀ ਧਰਮ ਨਿਰਪੱਖੀਆਂ ਅਤੇ ਅਸਹਿਣਸ਼ੀਲ ਮੁਸਲਮਾਨਾਂ ਦਾ ਗਲਤ ਪ੍ਰਚਾਰ ਹੈ। ਨਸੀਰ-ਉਦ-ਦੀਨ ਦਾ ਬਿਆਨ ਫਜ਼ੂਲ ਅਤੇ ਗੈਰਜ਼ਿੰਮੇਵਾਰਾਨਾ ਹੈ।

**ਸਵਾਲ: ਭਾਰਤ 'ਚ ਪਿਛਲੇ ਕੁਝ ਸਮੇਂ ਤੋਂ ਵਧੀ ਅਸੁਰੱਖਿਆ ਜਾਂ ਅਸਹਿਣਸ਼ੀਲਤਾ ਬਾਰੇ ਤੁਸੀਂ ਕਿਵੇਂ ਸੋਚਦੇ ਹੋ?**

**ਜਵਾਬ:** ਰੋਸ ਪ੍ਰਦਰਸ਼ਨ ਕਰ ਕੇ ਘੱਟ ਗਿਣਤੀ ਦੇ ਨਾਂ 'ਤੇ ਹਮਦਰਦੀ ਹਾਸਲ ਕਰਨ ਦੇ ਭਾਰਤੀ ਮੁਸਲਮਾਨ ਆਦੀ ਹੋ ਗਏ ਹਨ। ਜਦ ਵੀ ਕੋਈ ਇਨ੍ਹਾਂ ਦੀਆਂ ਆਪਹੁਦਰੀਆਂ 'ਤੇ ਸਵਾਲ ਕਰੇ, ਇਹ ਵਧ ਰਹੀ ਅਸਹਿਣਸ਼ੀਲਤਾ ਦਾ ਰਾਗ ਅਲਾਪਣ ਲੱਗ ਪੈਂਦੇ ਹਨ। ਅਫਸੋਸ ਇਸ ਗੱਲ ਦਾ ਹੈ ਕਿ ਇਨ੍ਹਾਂ ਨੇ ਕਦੇ ਵੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਜਹਿਮਤ ਨਹੀਂ ਉਠਾਈ।

**ਸਵਾਲ: ਜਿਵੇਂ ਤੁਹਾਡੇ ਭਾਈਚਾਰੇ ਦੇ ਹੋਰ ਲੋਕ ਸੋਚਦੇ ਹਨ, ਕੀ ਭਾਰਤ ਵਿਚ ਮੁਸਲਮਾਨ ਅਸੁਰੱਖਿਅਤ ਹਨ?**

**ਜਵਾਬ:** ਭਾਰਤ ਦੇ ਸਿਰਫ ਇੱਕ ਹਿੱਸੇ 'ਚ ਮੁਸਲਮਾਨ ਅਸੁਰੱਖਿਅਤ ਹਨ ਤੇ ਉਹ ਹੈ ਜਦ ਤੁਸੀਂ ਜੰਮੂ ਕਸ਼ਮੀਰ ਦੀ ਬਨਿਹਾਲ ਸੁਰੰਗ ਲੰਘ ਕੇ ਕਸ਼ਮੀਰ ਘੱਟੀ ਵਿਚ ਪ੍ਰਵੇਸ਼ ਕਰਦੇ ਹੋ। ਮੁਸਲਮਾਨ ਸਿਰਫ ਮੁਸਲਮਾਨਾਂ ਦੀ ਬਹੁ ਗਿਣਤੀ ਵਾਲੇ ਰਾਸ਼ਟਰਾਂ ਵਿਚ ਅਸੁਰੱਖਿਅਤ ਹਨ, ਪਰ ਬਦਕਿਸਮਤੀ ਨਾਲ ਮੁਸਲਿਮ ਜਿੱਥੇ ਵੀ ਘੱਟ ਗਿਣਤੀ ਵਿਚ ਹਨ, ਉਹ ਆਪਣੀ ਵਾਧੂ ਦੀ ਇਲਾਹੀ ਸ੍ਰੇਸ਼ਠਤਾ ਦੇ ਨਾਂ 'ਤੇ ਅਸੁਰੱਖਿਅਤਾ ਸਹੇੜ ਕੇ ਦੂਜਿਆਂ ਦੇ ਰੋਸ ਦਾ ਸ਼ਿਕਾਰ ਬਣ ਜਾਂਦੇ ਹਨ।

**ਸਵਾਲ: ਤੁਹਾਨੂੰ ਨਿਸ਼ਾਨਾ ਬਣਾਇਆ ਗਿਆ, ਜਦ ਵੀ ਤੁਸੀਂ ਸੋਸ਼ਲ ਮੀਡੀਆ ਉਪਰ ਇਸਲਾਮ ਜਾਂ ਇਸ ਦੇ ਕਿਸੇ ਪਹਿਲੂ ਦੀ ਆਲੋਚਨਾ ਕੀਤੀ?**

**ਜਵਾਬ:** ਕਿਉਂਕਿ ਇਹ ਲੋਕ ਇਸਲਾਮ ਦਾ ਮੂਲ ਤੱਤ ਭੁੱਲ ਚੁਕੇ ਹਨ। ਇਸਲਾਮ ਨੇ ਅਗਿਆਨ ਦੀ ਧਰਤੀ ਅਰਬ ਵਿਖੇ ਜਨਮ ਲਿਆ, ਜਿੱਥੇ ਇਸ ਦਾ ਉਦੇਸ਼ ਲੋਕਾਂ ਵਿਚ ਸੁਧਾਰ ਲਿਆਉਣਾ ਸੀ। ਇਹ ਲੋਕ ਅੱਜ ਵੀ 1400 ਸੌ ਸਾਲ ਪੁਰਾਣੇ ਇਸਲਾਮ ਨੂੰ ਸਰਵਸ੍ਰੇਸ਼ਠ ਸਮਝਦੇ ਹਨ। ਇਨ੍ਹਾਂ ਲਈ ਇਸਲਾਮ ਵਿਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ। ਇਨ੍ਹਾਂ ਲਈ ਬੋਲਣ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ। ਇਨ੍ਹਾਂ ਅਨੁਸਾਰ ਇਤਿਹਾਦ ਦੇ ਫਲਸਫੇ ਅੰਦਰ ਦਿਮਾਗ ਦੀ ਵਰਤੋਂ ਕਰਦਿਆਂ ਇਸਲਾਮ 'ਚ ਤਰਕ ਆਧਾਰਤ ਪਹੁੰਚ ਲਈ ਸਾਰੇ ਰਸਤੇ 12ਵੀਂ-13ਵੀਂ ਸਦੀ ਵਿਚ ਹੀ ਬੰਦ ਕਰ ਦਿੱਤੇ ਗਏ ਸਨ। ਉਸ ਸਮੇਂ ਤੋਂ ਜੇ ਕੋਈ ਮੁਸਲਮਾਨਾਂ ਦੀ ਆਲੋਚਨਾ ਜਾਂ ਸਵਾਲ ਖੜ੍ਹੇ ਕਰਦਾ ਹੈ, ਇਨ੍ਹਾਂ ਲਈ ਅਧਰਮੀ ਜਾਂ ਕਾਫਰ ਕਹਾਉਂਦਾ ਹੈ।

*"ਅੱਜ ਕਿਸੇ ਵੀ ਘੱਟ ਗਿਣਤੀ ਭਾਵੇਂ ਉਹ ਮੁਸਲਮਾਨ ਹੋਵੇ, ਸਿੱਖ ਜਾਂ ਕੋਈ ਹੋਰ, ਪਾਸੋਂ ਭਾਰਤੀਅਤਾ ਦੇ ਦਾਇਰੇ ਵਿਚ ਰਹਿਣ ਦੀ ਆਸ ਕੀਤੀ ਜਾਂਦੀ ਹੈ ਤਾਂ ਅਸਹਿਣਸ਼ੀਲਤਾ ਦਾ ਰੌਲਾ ਪਾ ਲਿਆ ਜਾਂਦਾ ਹੈ। ਅਸਹਿਣਸ਼ੀਲਤਾ ਪਖੰਡੀ ਧਰਮ ਨਿਰਪੱਖੀਆਂ ਅਤੇ ਅਸਹਿਣਸ਼ੀਲ ਮੁਸਲਮਾਨਾਂ ਦੀ ਗਲਤ ਤਰਜਮਾਨੀ ਹੈ। ਕੋਈ ਵੀ ਮੁਸਲਮਾਨਾਂ ਦੇ ਵਿਹਾਰ 'ਤੇ ਸਵਾਲ ਕਰਨ ਵਾਲਾ ਇਨ੍ਹਾਂ ਲਈ ਅਧਰਮੀ, ਕਾਫਰ ਜਾਂ ਇਸਲਾਮੀ ਨਿੰਦਕ ਬਣ ਜਾਂਦਾ ਹੈ। ਮੇਰੇ ਲਈ ਅਸਹਿਣਸ਼ੀਲਤਾ ਕੁਝ ਵੀ ਨਹੀਂ, ਸਗੋਂ ਇਹ ਸਿਰਫ ਦਿਖਾਵਟੀ ਧਰਮ ਨਿਰਪੱਖੀਆਂ ਅਤੇ ਅਸਹਿਣਸ਼ੀਲ ਮੁਸਲਮਾਨਾਂ ਦਾ ਗਲਤ ਪ੍ਰਚਾਰ ਹੈ।"*

ਮੁਸਲਿਮ ਭਾਈਚਾਰੇ ਦੇ ਪਿਛੜੇਪਨ ਲਈ ਦੋ ਮੁੱਖ ਕਾਰਨ ਹਨ। ਪਹਿਲਾ ਹੈ, ਮੁਸਲਿਮ ਮੁਲਾਣੇ ਭੜਕਾਹਟ ਦੀ ਰਾਜਨੀਤੀ ਕਰਨ ਦਾ ਕੋਈ ਮੌਕਾ ਖੁੰਝਾਉਂਦੇ ਨਹੀਂ; ਦੂਜਾ ਮੈਨੂੰ ਸਭ ਤੋਂ ਵੱਧ ਹੈਰਾਨੀ ਤੇ ਅਫਸੋਸ ਇਸ ਗੱਲ ਦਾ ਹੈ ਕਿ ਪੜ੍ਹੇ-ਲਿਖੇ ਮੁਸਲਮਾਨ ਭਰਾ ਅਕਸਰ ਹੀ ਅੰਨ੍ਹੇਵਾਹ ਉਨ੍ਹਾਂ ਦੇ ਪਿਛੇ ਲੱਗ ਤੁਰਦੇ ਹਨ। ਭਾਰਤੀ ਮੁਸਲਮਾਨਾਂ ਦੀ ਵੱਡੀ ਸਮੱਸਿਆ ਹੈ ਕਿ ਸਿਖਿਅਤ ਮੁਸਲਮਾਨ ਅਤੇ ਮੁਲਾਣਿਆਂ (ਪੁਜਾਰੀ ਵਰਗ) ਦੀ ਗੰਢ-ਤੁਪ ਭਾਈਚਾਰੇ ਦੀ ਪ੍ਰਗਤੀ ਦਾ ਰਾਹ ਰੋਕਦੀ ਹੈ।



ਸੱਯਦ ਰਿਜ਼ਵਾਨ ਅਹਿਮਦ

**ਸਵਾਲ: ਐਨ. ਡੀ. ਏ. ਆਧਾਰਤ ਮੋਦੀ ਸਰਕਾਰ ਦਾ ਮੰਨਣਾ ਹੈ ਕਿ ਤਿੰਨ ਤਲਾਕ ਬਿਲ ਸਮੇਂ ਦੀ ਲੋੜ ਹੈ, ਪਰ ਵਿਰੋਧੀ ਦਲ ਅਤੇ ਕੁਝ ਮੁਸਲਿਮ ਧਰਮਾਧਿਕਾਰੀ ਇਸ ਸੋਧ ਦਾ ਵਿਰੋਧ ਕਰ ਰਹੇ ਹਨ। ਤੁਹਾਡੀ ਰਾਇ?**

**ਜਵਾਬ:** ਤਿੰਨ ਤਲਾਕ ਦਾ ਇਸਲਾਮ ਨਾਲ ਕੋਈ ਲੈਣਾ ਦੇਣਾ ਨਹੀਂ। ਇਸਲਾਮਿਕ ਤਹਿਜ਼ੀਬ ਵਿਚ ਇਸ ਦੀ ਵਿਵਸਥਾ ਕੀਤੀ ਗਈ। ਇਸੇ ਲਈ ਬਹੁਤੇ ਮੁਸਲਿਮ ਦੇਸ਼ਾਂ ਵਿਚ ਇਹ ਰੱਦ ਕਰ ਦਿੱਤਾ ਗਿਆ ਹੈ। 90 ਫੀਸਦੀ ਔਰਤਾਂ ਅਤੇ ਬਹੁਤੇ ਮਰਦ ਇਸ ਨੂੰ ਗੈਰਵਾਜਬ ਸਮਝਦੇ ਹਨ, ਪਰ ਮੁਸਲਿਮ ਮਨਾਂ ਅੰਦਰ ਮੋਦੀ ਵਿਰੋਧ ਇਸ ਕਦਰ ਹਾਵੀ ਹੈ ਕਿ ਉਹ ਇਸ ਭਲੇ ਕੰਮ ਦਾ ਸਿਹਰਾ ਵੀ ਮੋਦੀ ਸਿਰ ਬੰਨ੍ਹਿਆ ਦੇਖਣਾ ਪਸੰਦ ਨਹੀਂ ਕਰਦੇ, ਜਦਕਿ ਉਨ੍ਹਾਂ ਨੂੰ ਇਸ ਲਈ ਮੋਦੀ ਨਾਲ ਖੜ੍ਹਨਾ ਬਣਦਾ ਹੈ।

ਜੋ ਲੋਕ ਅਤੇ ਸੰਸਥਾਵਾਂ ਇਹ ਸੋਚਦੀਆਂ ਹਨ ਕਿ ਮੋਦੀ ਇਸ ਬਹਾਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟਣਾ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਪ੍ਰੈਸ ਕਾਨਫਰੰਸ ਬੁਲਾ ਐਲਾਨ ਕਰ ਦੇਣਾ ਚਾਹੀਦਾ ਹੈ ਕਿ ਤਲਾਕ-ਏ-ਬਿੱਦਤ ਨੂੰ ਸ਼ਰੀਆ ਅਨੁਸਾਰ ਵੀ ਭਾਰਤ ਅੰਦਰ ਰੱਦ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਤਿੰਨ ਤਲਾਕ ਬਾਰੇ ਸਾਰੀਆਂ ਸ਼ਰੀਆ ਅਦਾਲਤਾਂ ਅਤੇ ਹਲਫੀਆ ਬਿਆਨ ਰਾਹੀਂ ਸੁਪਰੀਮ ਕੋਰਟ ਨੂੰ ਵੀ ਦੱਸ ਦੇਣਾ ਚਾਹੀਦਾ ਹੈ ਕਿ ਤਲਾਕ-ਏ-ਬਿੱਦਤ ਖਤਮ ਕੀਤਾ ਜਾਂਦਾ ਹੈ। ਜਦ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਅਜਿਹਾ ਕਰ ਦਿੰਦਾ ਹੈ ਤਾਂ ਸ਼ਰੀਆ ਅਤੇ ਭਾਰਤੀ ਕਾਨੂੰਨ ਦੇ ਇੱਕ ਹੋ ਜਾਣ ਨਾਲ ਇਹ ਬਿਲ ਆਪੇ ਹੀ ਆਧਾਰਹੀਣ ਹੋ ਜਾਵੇਗਾ। ਜਦ ਕੋਈ ਤਿੰਨ ਤਲਾਕ ਨਹੀਂ ਹੋਵੇਗਾ ਤਾਂ ਮੁਸਲਿਮ ਮਰਦਾਂ ਖਿਲਾਫ ਕੋਈ ਐਫ. ਆਈ. ਆਰ. ਦਰਜ ਨਹੀਂ ਹੋਵੇਗੀ ਅਤੇ ਨਾ ਹੀ ਕਿਸੇ ਨੂੰ ਜੇਲ੍ਹ। ਸਭ ਦਾ ਭਲਾ ਪਰ ਉਹ ਅਜਿਹਾ ਨਹੀਂ ਕਰਨਗੇ, ਕਿਉਂਕਿ ਉਨ੍ਹਾਂ ਦਾ ਉਦੇਸ਼ ਤਾਂ ਮੋਦੀ ਨੂੰ ਢਾਅ ਲਾਉਣਾ ਹੈ।

**ਸਵਾਲ: ਆਜ਼ਾਦੀ ਦੇ ਸੱਤਰ ਤੋਂ ਵੀ ਜ਼ਿਆਦਾ ਸਾਲਾਂ ਉਪਰੰਤ ਵੀ ਮੁਸਲਮਾਨਾਂ ਨੂੰ ਪਛੜਿਆ ਗਿਣਿਆ ਜਾਂਦਾ ਹੈ, ਤੁਸੀਂ ਇਸ ਦਾ ਕੀ ਕਾਰਨ ਦੇਖਦੇ ਹੋ?**

**ਜਵਾਬ:** ਜਿਵੇਂ ਪਹਿਲਾਂ ਵੀ ਕਿਹਾ ਹੈ, ਇਸ ਦੇ ਦੋ ਹੀ ਮੁੱਖ ਕਾਰਨ ਹਨ। ਇੱਕ, ਮੁਸਲਿਮ ਉਲੇਮਾ ਅਤੇ ਦੂਜੇ, ਸਿਖਿਅਤ ਮੁਸਲਮਾਨ ਜੋ ਇਸਲਾਮਿਕ ਮੁਲਾਣਿਆਂ ਨਾਲ ਭਾਈਵਾਲੀ ਕਰ ਕੇ ਇਸ ਭਾਈਚਾਰੇ ਦੀ ਬਿਹਤਰੀ ਦਾ ਰਾਹ ਰੋਕਦੇ ਹਨ। ਜੇਕਰ ਆਜ਼ਾਦੀ ਉਪਰੰਤ ਮੁਸਲਮਾਨ ਵਿਦਵਾਨਾਂ ਦੁਆਰਾ ਭਾਈਚਾਰੇ ਨੂੰ ਸੇਧ ਦੇ ਕੇ ਮੁੱਖਧਾਰਾ ਨਾਲ ਜੋੜਨ ਦਾ ਯਤਨ ਕੀਤਾ ਹੁੰਦਾ ਤਾਂ ਅੱਜ ਹਾਲਾਤ ਕੁਝ ਹੋਰ ਹੁੰਦੇ। ਹਰ ਕੌਮ ਜਾਂ ਭਾਈਚਾਰੇ ਨੇ ਕੁਝ ਗਿਣੇ ਚੁਣੇ ਭਵਿਖਮੁਖੀ ਵਿਦਵਾਨਾਂ ਰਾਹੀਂ ਸੇਧ ਲੈ ਕੇ ਹੀ ਤਰੱਕੀ ਕੀਤੀ ਹੈ। ਮੁਸਲਿਮ ਵਿਦਵਾਨਾਂ ਅਤੇ ਮੁਲਾਣਿਆਂ ਦੀ ਮਿਲੀਭੁਗਤ ਹੀ ਸਮੱਸਿਆ ਦੀ ਜੜ੍ਹ ਹੈ। ਇਸ ਲਈ ਮੇਰਾ ਮੰਨਣਾ ਹੈ ਕਿ ਇੱਕ ਹੱਥ ਵਿਚ ਕੁਰਾਨ ਅਤੇ ਦੂਜੇ ਹੱਥ ਲੈਪਟੌਪ ਨਾਲ ਮੁਸਲਿਮ ਸੁਧਾਰ ਸੰਭਵ ਨਹੀਂ।

ਮੁਸਲਿਮ ਮੁਲਾਣਿਆਂ ਅਤੇ ਸਕਾਲਰਾਂ ਦਾ ਮੰਨਣਾ ਹੈ ਕਿ 'ਭਾਰਤ ਮਾਤਾ ਕੀ ਜੈ' ਅਥਵਾ 'ਵੰਦੇ ਮਾਤ੍ਰਮ' ਕਹਿਣਾ ਭਾਰਤੀਅਤਾ ਅੱਗੇ ਗੋਡੇ ਟੇਕਣਾ ਹੈ ਜਦਕਿ ਉਹ ਅਰਬ ਵਿਚਾਰਧਾਰਾ ਜਾਂ ਉਮਾਹ ਦੇ ਅਨੁਯਾਈ ਹਨ, ਜਿਸ ਅਨੁਸਾਰ ਇਸਲਾਮ ਵੱਖਰਾ ਮਜ਼ਹਬ ਹੈ ਜਿਸ ਦਾ ਕਿਸੇ ਅਲੱਗ ਰਾਸ਼ਟਰੀਅਤਾ ਨਾਲ ਕੋਈ ਸਬੰਧ ਨਹੀਂ। ਇੱਕ ਗੱਲ ਮੈਂ ਹੋਰ ਕਹਿਣਾ ਚਾਹਾਂਗਾ ਕਿ ਸੱਜੇ ਪੱਖੀਆਂ 'ਤੇ ਹਮੇਸ਼ਾ ਨਿਸ਼ਾਨਾ ਸਾਧਣ ਵਾਲੇ ਰਾਜਨੀਤਕ ਦਲ ਆਮ ਮੁਸਲਮਾਨ ਦੇ ਮੋਢੇ 'ਤੇ ਬੰਦੂਕ ਰੱਖ ਚਲਾਉਂਦੇ ਹਨ। ਉਹ ਹਮੇਸ਼ਾ ਮੁਸਲਮਾਨਾਂ ਨੂੰ ਡਰਾ ਧਮਕਾ ਕੇ ਇਹ ਅਹਿਸਾਸ ਕਰਾਉਣਾ ਚਾਹੁੰਦੇ ਹਨ ਕਿ ਸੱਜੇ ਪੱਖੀ ਕਰ ਕੇ ਭਾਰਤ ਅੰਦਰ ਇਸਲਾਮ ਅਤੇ ਮੁਸਲਮਾਨ ਨੂੰ ਖਤਰਾ ਹੈ। ਇਸ ਤਰ੍ਹਾਂ ਉਹ ਆਮ ਮੁਸਲਮਾਨ ਨੂੰ ਮੁੱਖਧਾਰਾ ਨਾਲ ਜੋੜਨ ਦੀ ਥਾਂ ਇਸ ਤੋਂ ਦੂਰ ਲੈ ਜਾਂਦੇ ਹਨ। ਮੁਸਲਿਮ ਕੱਟੜਪੰਥੀ ਅਤੇ ਪਖੰਡੀ ਬੁੱਧੀਜੀਵੀ ਵਰਗ ਆਮ ਮੁਸਲਮਾਨ ਵਿਚੋਂ ਡਰ ਅਤੇ ਸੰਸੇ ਕੱਢਣ ਦੀ ਥਾਂ ਉਨ੍ਹਾਂ ਨੂੰ ਧਰਮੀ ਪਛਾਣ ਦੇ ਨਾਂ 'ਤੇ ਮੁੱਖਧਾਰਾ ਤੋਂ ਨਿਖੇੜਦੇ ਹਨ।

**ਸਵਾਲ: ਸਮਝਿਆ ਜਾਂਦਾ ਹੈ ਕਿ ਆਮ ਭਾਰਤੀ ਮੁਸਲਮਾਨ, ਨੇਤਾ ਜਾਂ ਸੰਸਥਾ 'ਭਾਰਤ ਮਾਤਾ ਕੀ ਜੈ' ਕਹਿਣਾ ਜਾਂ 'ਵੰਦੇ ਮਾਤ੍ਰਮ' ਗਾਉਣਾ ਮੁਨਾਸਿਬ ਨਹੀਂ ਸਮਝਦੇ ਤੇ ਖੁੱਲ੍ਹੇਆਮ ਇਸ ਦਾ ਵਿਰੋਧ ਕਰਦੇ ਹਨ।**

**ਜਵਾਬ:** ਮੁਸਲਿਮ ਸਕਾਲਰ ਹੋਣ ਨਾਤੇ ਮੈਂ ਭਾਰਤ ਅਤੇ ਇੰਡੀਆ/ਹਿੰਦੁਸਤਾਨ ਵਿਚ ਫਰਕ ਦੇਖਦਾ ਹਾਂ। ਮੇਰੇ ਵਿਚਾਰ ਅਨੁਸਾਰ ਭਾਰਤ ਇੱਕ ਭੂਗੋਲਕ ਨਕਸ਼ਾ ਹੀ ਨਹੀਂ ਹੈ, ਇਹ ਭਾਰਤੀਯ ਪਰੰਪਰਾਵਾਂ ਅਤੇ ਵਿਚਾਰਧਾਰਾਵਾਂ ਦਾ ਅਕਸ ਹੈ। ਸਤਯੁਗ ਤੋਂ ਅੱਜ ਤੱਕ ਦੀਆਂ ਪਰੰਪਰਾਵਾਂ, ਰਹਿਣ-ਸਹਿਣ, ਭਾਸ਼ਾਵਾਂ, ਸੰਸਕ੍ਰਿਤੀ ਰੀਤ-ਰਿਵਾਜਾਂ ਅਤੇ ਪੁਰਖਿਆਂ ਦਾ ਪ੍ਰਤੀਕ ਹੈ। ਇਸ ਤੋਂ ਉਲਟ ਮੁਸਲਿਮ ਕੱਟੜਪੰਥੀ ਅਤੇ ਅਖੌਤੀ ਵਿਦਵਾਨ 'ਭਾਰਤ ਮਾਤਾ ਕੀ ਜੈ' ਜਾਂ 'ਵੰਦੇ ਮਾਤ੍ਰਮ' ਗਾਉਣਾ ਭਾਰਤੀਅਤਾ ਅੱਗੇ ਝੁਕਣਾ ਸਮਝਦੇ ਹਨ। ਉਹ ਆਪਣੇ ਆਪ ਨੂੰ ਅਰਬ ਵਿਚਾਰਧਾਰਾ ਅਤੇ ਉਮਾਹ ਦੇ ਪੈਰੋਕਾਰ ਕਹਾਉਂਦੇ ਹਨ ਜਿਸ ਅਨੁਸਾਰ ਇਸਲਾਮ ਵੱਖਰਾ ਮਜ਼ਹਬ ਹੈ ਜਿਸ ਦਾ ਕਿਸੇ ਹੋਰ ਰਾਸ਼ਟਰੀਅਤਾ ਨਾਲ ਕੋਈ ਸਬੰਧ ਨਹੀਂ।

**ਸਵਾਲ: ਅਕਸਰ ਮੋਦੀ ਸਰਕਾਰ ਨੂੰ ਮੁਸਲਿਮ ਵਿਰੋਧੀ ਪ੍ਰਚਾਰਿਆ ਜਾਂਦਾ ਹੈ। ਇਸ ਬਾਰੇ ਤੁਹਾਡਾ ਕੀ ਖਿਆਲ ਹੈ?**

**ਜਵਾਬ:** ਕੋਈ ਵੀ ਵਿਅਕਤੀ ਜੋ ਮੁਸਲਮਾਨਾਂ ਦੀ ਖੁਸ਼ਾਮਦ ਨਾ ਕਰ ਕੇ ਉਨ੍ਹਾਂ ਦੀ ਨਾਰਾਜ਼ਗੀ ਦੀ ਪਰਵਾਹ ਨਹੀਂ ਕਰਦਾ, ਮੁਸਲਿਮ ਵਿਰੋਧੀ ਹੈ।

**ਸਵਾਲ: ਅਯੁੱਧਿਆ ਵਿਚ ਰਾਮ ਮੰਦਰ ਬਾਰੇ ਤੁਹਾਡਾ ਕੀ ਨਜ਼ਰੀਆ ਹੈ।**

**ਜਵਾਬ:** ਰਾਮ ਮੰਦਰ ਬਾਰੇ ਮੈਂ ਆਪਣੇ ਮੁਸਲਿਮ ਭਰਾਵਾਂ ਨੂੰ ਕਹਿਣਾ ਚਾਹਾਂਗਾ ਕਿ ਜ਼ਿੰਮੇਵਾਰ ਘੱਟ ਗਿਣਤੀ ਹੋਣ ਨਾਤੇ ਸਾਨੂੰ ਇਸ ਵਿਵਾਦ ਵਿਚ ਨਹੀਂ ਪੈਣਾ ਚਾਹੀਦਾ ਕਿ ਰਾਮ ਨੇ ਕਿੱਥੇ ਜਨਮ ਲਿਆ। ਜਦ ਸਬੂਤਾਂ ਦੇ ਆਧਾਰ 'ਤੇ ਪੁਰਾਤੱਤਵ ਵਿਭਾਗ ਨੇ ਐਲਾਨ ਦਿੱਤਾ ਕਿ ਬਾਬਰੀ ਮਸਜਿਦ ਥੱਲੇ ਕੋਈ ਮਨੁੱਖੀ ਨਿਰਮਾਣ ਮੌਜੂਦ ਹੈ ਤਾਂ ਮੁਸਲਮਾਨਾਂ ਨੂੰ ਇਸ ਥਾਂ ਉਤੇ ਆਪਣਾ ਦਾਅਵਾ ਛੱਡ ਦੇਣਾ ਚਾਹੀਦਾ ਹੈ। ਇਹ ਮਸਲਾ ਹਿੰਦੂਆਂ ਦਾ ਹੈ ਕਿ ਰਾਮ ਕਿੱਥੇ ਜਨਮਿਆ ਅਤੇ ਮੰਦਰ ਕਿੱਥੇ ਬਣਾਉਣਾ ਹੈ।

**ਸਵਾਲ: ਆਰ. ਐਸ. ਐਸ. ਬਾਰੇ ਤੁਹਾਡਾ ਕੀ ਵਿਚਾਰ ਹੈ? ਇਹ ਕਿਵੇਂ ਹੋਂਦ ਵਿਚ ਆਈ?**

**ਜਵਾਬ:** ਦੋ ਰਾਸ਼ਟਰਾਂ ਦੇ ਵਿਚਾਰ ਨਾਲ 1906 ਵਿਚ ਮੁਸਲਿਮ ਲੀਗ ਹੋਂਦ ਵਿਚ ਆਈ। 1909 ਵਿਚ ਮੁਸਲਮਾਨਾਂ ਲਈ ਵੱਖਰਾ ਇਲੈਕਟੋਰੇਟ 1917 'ਚ ਖਿਲਾਫਤ ਮੂਵਮੈਂਟ ਹੋਇਆ। 1919-1924 ਫਿਰਕੂ ਦੰਗੇ/ਮੋਪਲਾ ਜਨਸੰਹਾਰ 'ਤੇ ਇਸ ਉਪਰੰਤ 1925 ਵਿਚ ਆਰ. ਐਸ. ਐਸ. ਨੇ ਜਨਮ ਲਿਆ। 1947 ਤੋਂ 1962-1965 ਦੌਰਾਨ ਜੰਗਾਂ, ਕੁਦਰਤੀ ਆਫਤਾਂ ਭਾਰਤ ਨੇ ਹੰਢਾਈਆਂ। ਆਰ. ਐਸ. ਐਸ. ਸੰਸਥਾ ਵਜੋਂ ਬਿਨਾ ਹਿੰਦੂ-ਮੁਸਲਿਮ ਮਤਭੇਦ ਦੇ ਦੇਸ਼ ਨਾਲ ਖੜ੍ਹੀ। ਐਮਰਜੈਂਸੀ ਦੌਰਾਨ ਆਰ. ਐਸ. ਐਸ. ਅਤੇ ਮੁਸਲਮਾਨ ਮੋਢੇ ਨਾਲ ਮੋਢਾ ਜੋੜ ਰਾਜਨੀਤਕ ਪ੍ਰਬੰਧ ਨਾਲ ਲੜੇ ਪਰ ਅਫਸੋਸ ਕਿ ਕਾਂਗਰਸ ਦੇ ਦੁਬਾਰਾ ਸੱਤਾਧੀਨ ਹੁੰਦਿਆਂ ਹੀ ਭਾਰਤ ਨੇ ਆਰ. ਐਸ. ਐਸ. ਅਤੇ ਮੁਸਲਮਾਨਾਂ ਵਿਚਕਾਰ ਵੈਰ ਦਾ ਪਸਾਰ ਹੁੰਦੇ ਦੇਖਿਆ ਜੋ ਅੱਜ ਤੱਕ ਜਾਰੀ ਹੈ। ਜਿਸ ਘੜੀ ਆਮ ਮੁਸਲਮਾਨ ਅਤੇ ਆਰ. ਐਸ. ਐਸ. ਦਰਮਿਆਨ ਮਤਭੇਦ ਖਤਮ ਹੋ ਗਏ, ਧਰਮ ਨਿਰਪੱਖਤਾ ਦਾ ਅਡੰਬਰ ਮੂਧੇ-ਮੂੰਹ ਡਿੱਗ ਪਵੇਗਾ ਜਿਸ ਦੇ ਆਧਾਰ 'ਤੇ ਦੇਸ਼ ਅੰਦਰ ਰਾਜਨੀਤਕ ਦਲ ਅਸਾਨੀ ਨਾਲ 70 ਸਾਲਾਂ ਤੋਂ ਸੱਤਾ ਸੁਖ ਭੋਗਦੇ ਰਹੇ ਹਨ। ਇਸ ਲਈ ਹੀ ਆਰ. ਐਸ. ਐਸ. ਅਤੇ ਮੁਸਲਮਾਨਾਂ ਵਿਚਕਾਰ ਰੇੜਕਾ ਜੀਵਤ ਰੱਖਿਆ ਜਾ ਰਿਹਾ ਹੈ।

**ਸਵਾਲ: ਆਪ ਦੇ ਵਿਚਾਰ ਨਾਲ ਭਾਰਤ ਵਿਚ ਹਿੰਦੂ-ਮੁਸਲਿਮ ਸਾਂਝ ਵਧਾਉਣ ਲਈ ਕੀ ਹੋਣਾ ਚਾਹੀਦਾ ਹੈ?**


**ਜਵਾਬ:** ਮੁਸਲਿਮ ਮੁਲਾਣੇ, ਪਖੰਡੀ ਧਰਮ ਨਿਰਪੱਖ ਰਾਜਨੀਤਕ ਦਲ, ਮੁਸਲਿਮ ਬੁੱਧੀਜੀਵੀ ਵਰਗ ਅਤੇ ਕੱਟੜ ਹਿੰਦੂਤਵੀ ਪਿਛਲੇ ਸਾਲਾਂ ਤੋਂ ਭਾਰਤ ਵਿਚ ਹਿੰਦੂ-ਮੁਸਲਿਮ ਪਾੜੇ ਲਈ ਸਭ ਤੋਂ ਵੱਧ ਜ਼ਿੰਮੇਵਾਰ ਹਨ। ਗਊ ਰੱਖਿਆ ਦੇ ਨਾਂ 'ਤੇ ਹੋਈਆਂ ਕੁਝ ਹਤਿਆਵਾਂ ਨੂੰ ਲੈ ਕੇ ਸਾਰੀ ਦੁਨੀਆ ਅਤੇ ਰਾਸ਼ਟਰਵਾਦੀ ਮੁਸਲਮਾਨਾਂ ਦੇ ਮਨਾਂ ਅੰਦਰ ਭਾਰਤ ਲਈ ਗਲਤ ਭਾਵਨਾ ਪੈਦਾ ਕੀਤੀ ਜਾ ਰਹੀ ਹੈ। ਬੀ. ਜੇ. ਪੀ. ਸਰਕਾਰ ਨੂੰ ਪਖੰਡੀ ਗਊ ਰਖਿਅਕਾਂ ਪ੍ਰਤੀ ਸਖਤ ਅਤੇ ਨਿਰਪੱਖ ਕਾਰਵਾਈ ਕਰ ਕੇ ਗਊ ਰੱਖਿਆ ਦੇ ਨਾਂ 'ਤੇ ਹਤਿਆਵਾਂ ਨੂੰ ਜਾਇਜ਼ ਠਹਿਰਾਉਣ ਵਾਲਿਆਂ ਨਾਲ ਕਰੜਾਈ ਨਾਲ ਨਜਿੱਠਣਾ ਚਾਹੀਦਾ ਹੈ।

# ਅਕਸ ਅਤੇ ਨੈਣ ਨਕਸ਼

## ਤੰਦ-ਤਾਣੀ

ਮਨੁੱਖ ਦੀ ਇਹ ਸਹਿਜ ਪ੍ਰਵਿਰਤੀ ਹੈ ਕਿ ਉਹ ਆਪ ਨੂੰ ਦੂਜੇ ਨਾਲ ਜੋੜ ਕੇ ਦੇਖਦਾ ਹੈ। ਉਹ ਦੂਜੇ 'ਚੋਂ ਆਪਣਾ ਆਪ ਦੇਖਦਾ ਹੈ। ਜਿਸ ਕਿਸੇ 'ਚੋਂ ਵੀ ਉਸ ਨੂੰ ਆਪਾ ਲੱਭਦਾ ਹੈ, ਉਹ ਉਸ ਨੂੰ ਆਪਣਾ ਸਮਝਣ ਲੱਗ ਪੈਂਦਾ ਹੈ। ਉਸ ਸ਼ਖਸ ਨਾਲ ਆਪਣੀ ਸਾਂਝ ਨੂੰ ਲੰਮੇਰੀ ਕਰਨਾ ਲੋਚਦਾ ਹੈ ਜਾਂ ਉਸ ਦੇ ਵਿਹਾਰ ਨੂੰ ਆਪਣੇ ਭਾਈਚਾਰੇ ਦੇ ਵਿਹਾਰ ਨਾਲ ਤੋਲਦਾ ਹੈ।

ਮਿਨੀਐਪੋਲਿਸ ਤੋਂ ਵਾਪਸੀ ਵੇਲੇ ਸਾਨੂੰ ਨਬਰਾਸਕਾ ਦੇ ਮੈਡੀਸਨ ਤੋਂ ਲੋਡ ਮਿਲਿਆ। ਰਾਤ ਕਰੀਬ 10 ਵਜੇ ਕੈਲੀਫੋਰਨੀਆ ਲਈ ਵਾਪਸੀ ਦਾ ਸਫਰ ਸ਼ੁਰੂ ਹੋਇਆ। ਲੰਮੇ ਸਫਰ 'ਤੇ ਡਰਾਈਵਿੰਗ ਕਰਦੇ ਵਕਤ ਟਰੱਕ ਡਰਾਈਵਰ ਨੂੰ



ਇੰਦਰਜੀਤ ਚੁਗਾਵਾਂ
ਫੋਨ: 559-779-9805

ਆਪਣੇ ਆਪ ਨੂੰ ਚੁਸਤ-ਦਰੁਸਤ ਰੱਖਣ ਵਾਸਤੇ ਕੋਈ ਨਾ ਕੋਈ ਰੁਝੇਵਾਂ ਚਾਹੀਦਾ ਹੁੰਦੈ। ਕੋਈ ਪੰਜਾਬ 'ਚ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਫੋਨ ਲਾ ਲੈਂਦਾ ਹੈ, ਕੋਈ ਵੀਡੀਓ ਲਾ ਕੇ ਗੀਤ ਜਾਂ ਕੁਝ ਹੋਰ ਸੁਣਨ ਲੱਗ ਜਾਂਦਾ ਹੈ। ਟਰੱਕ ਡਰਾਈਵਰ ਬਣ ਕੇ ਮੈਨੂੰ ਹੁਣ ਸਮਝ ਆਈ ਕਿ ਅਮਰੀਕਾ-ਕੈਨੇਡਾ ਤੋਂ ਏਨੀ ਲੰਮੀਆਂ ਫੋਨ ਕਾਲ ਕਿਉਂ ਹੁੰਦੀਆਂ ਹਨ?

ਆਪਣੇ ਪਿਛਲੇ ਕਿਸਬ ਕਾਰਨ ਮੇਰੀ ਇਹ ਆਦਤ ਬਣ ਗਈ ਹੈ ਕਿ ਮੈਂ ਲੰਮੀ ਫੋਨ ਕਾਲ ਨਹੀਂ ਕਰ ਸਕਦਾ। ਖਬਰੀ-ਮੇਜ਼ ਬੇਵਜ੍ਹਾ ਗੱਲ-ਬਾਤ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਆਦਤ ਕਾਰਨ ਆਪਣੇ ਆਪ ਨੂੰ ਸਰਗਰਮ ਰੱਖਣ ਲਈ ਮੈਂ ਪਾਕਿਸਤਾਨੀ ਟੀ. ਵੀ. ਸ਼ੋਅ 'ਹਸਬ-ਇ-ਹਾਲ' ਲਾ ਲੈਂਦਾ ਹਾਂ, ਪਰ ਉਹ ਵੀ ਜ਼ਿਆਦਾ ਦੇਰ ਨਹੀਂ ਸੁਣ ਸਕਦਾ। ਉਸ ਤੋਂ ਬਾਅਦ ਮੈਂ ਮਨ ਹੀ ਮਨ 'ਚ ਆਪਣੇ ਆਪ ਨਾਲ ਗੱਲਾਂ ਕਰਦਾ ਹਾਂ ਜਾਂ ਆਪਣਿਆਂ ਨਾਲ। ਇਸ ਵਾਪਸੀ ਵੇਲੇ ਗੱਲਾਂ ਦੀ ਵਾਰੀ ਵੱਡੀ ਬੇਟੀ ਨਿੰਕ ਦੀ ਸੀ, ਜੋ ਮੇਰਾ ਭੋਲੇ-ਪਾਤਸ਼ਾਹ ਹੈ। ਇਹ ਮੌਕਾ-ਮੇਲ ਹੀ ਸੀ ਕਿ ਮੈਨੂੰ ਉਹ ਸੱਚਮੁੱਚ ਹੀ ਆ ਮਿਲੀ।

ਆਈ-80 ਵੈਸਟ 'ਤੇ ਨਬਰਾਸਕਾ ਦੇ ਸਿਡਨੀ ਸ਼ਹਿਰ ਕੋਲੋਂ ਲੰਘਦੇ ਵੇਲੇ ਸਵੇਰ ਦੇ 9 ਵੱਜ ਚੁਕੇ ਸਨ। ਰਸਤੇ 'ਚ ਰੈਸਟ ਏਰੀਆ ਆਇਆ ਤਾਂ ਟਰੱਕ ਪਾਰਕ ਕਰਕੇ ਆਪਣੇ ਸਹਿਯੋਗੀ ਸਤਪਾਲ ਭਾਜੀ ਨੂੰ ਜਗਾਇਆ। ਉਹ ਉਠ ਕੇ ਚਾਹ ਬਣਾਉਣ ਲੱਗ ਪਏ ਤੇ ਮੈਂ ਰਫਾ-ਹਾਜਤ ਲਈ ਰੈਸਟ ਰੂਮ ਚਲੇ ਗਿਆ। ਵਾਪਸ ਬਾਹਰ ਨਿਕਲਿਆ ਤਾਂ ਪਾਰਕ 'ਚ ਦੋ ਬੱਚਿਆਂ ਨਾਲ ਉਨ੍ਹਾਂ ਦੀ ਮਾਂ ਖੇਡ ਰਹੀ ਸੀ। ਮੈਨੂੰ ਬੱਚਿਆਂ 'ਚੋਂ ਆਪਣੇ ਦੋਹਤੇ-ਕਰਤਾਰ ਤੇ ਵਰਿਆਮ ਨਜ਼ਰ ਆਏ। ਕੁਦਰਤੀ ਸੀ ਕਿ ਉਨ੍ਹਾਂ ਦੀ ਮਾਂ 'ਚੋਂ ਮੇਰੀ ਨਿੰਕ ਦੀ ਝਲਕ ਵੀ ਪੈਂਦੀ। ਮੈਂ ਆਪਣੇ ਪੈਰ ਰੋਕ ਨਾ ਸਕਿਆ ਤੇ ਉਨ੍ਹਾਂ ਨੇੜੇ ਚਲੇ ਗਿਆ। ਦੂਰੋਂ ਹੀ ਉਨ੍ਹਾਂ ਵੱਲ ਇਸ਼ਾਰਾ ਕਰਕੇ ਉਨ੍ਹਾਂ ਨਾਲ ਖੇਡਣ ਲੱਗਾ। ਉਨ੍ਹਾਂ ਦੀ ਮਾਂ, ਨਹੀਂ ਨਹੀਂ, ਮੇਰੀ ਨਿੰਕ ਏਨੀ ਖੁਸ਼ ਹੋਈ ਕਿ ਮੇਰੇ ਕੋਲ ਆ ਗਈ। ਇਹ ਦੋਵੇਂ ਬੱਚੇ ਜੌੜੇ ਪੈਦਾ ਹੋਏ ਹਨ। ਏਨੇ ਨੂੰ ਬੱਚਿਆਂ ਦਾ ਬਾਪ ਵੀ ਆ ਗਿਆ। ਦੋਵੇਂ ਮੀਆਂ-ਬੀਵੀ ਜੇਮੀ ਤੇ ਸੂਜਨ, ਮੋਹ ਨਾਲ ਪੂਰੀ ਤਰ੍ਹਾਂ ਲਬਰੇਜ਼।

ਕਾਲੋਰਾਡੋ ਸੂਬੇ ਦਾ ਇਹ ਜੋੜਾ ਮਸਤੀ ਮਾਰਨ ਲਈ ਨਿਕਲਿਆ ਹੋਇਆ ਸੀ। ਮੈਂ ਉਨ੍ਹਾਂ ਨੂੰ ਕਰਤਾਰ-ਵਰਿਆਮ ਬਾਰੇ ਦੱਸਿਆ ਤੇ ਉਨ੍ਹਾਂ ਦੀਆਂ ਤਸਵੀਰਾਂ ਦਿਖਾਈਆਂ। ਇਜਾਜ਼ਤ ਲੈ ਕੇ ਮੈਂ ਉਨ੍ਹਾਂ ਦੀਆਂ ਤਸਵੀਰਾਂ ਵੀ ਉਤਾਰ ਲਈਆਂ। ਏਨੇ ਨੂੰ ਸਤਪਾਲ ਭਾਜੀ ਨੇ ਇਸ਼ਾਰਾ ਕੀਤਾ ਕਿ ਚਾਹ ਤਿਆਰ ਐ।

ਉਨ੍ਹਾਂ ਤੋਂ ਵਿਦਾ ਲੈਣੀ ਪੈਣੀ ਸੀ। ਮੈਂ ਉਨ੍ਹਾਂ ਨੂੰ ਦੁਆ ਦਿੰਦਿਆ ਕਿਹਾ, "ਮੈਨੂੰ ਇਜਾਜ਼ਤ ਦਿਓ! ਤੁਹਾਡੀ ਜੋੜੀ ਸਲਾਮਤ ਰਹੇ! ਇਨ੍ਹਾਂ ਬੱਚਿਆਂ ਦਾ ਖਿਆਲ ਰੱਖਿਓ, ਇਹ ਹੁਣ ਤੁਹਾਡੇ ਨਹੀਂ ਰਹੇ, ਮੇਰੇ ਹੋ ਗਏ ਹਨ!" ਉਹ ਏਨੇ ਜ਼ਿਆਦਾ ਖੁਸ਼ ਹੋਏ ਕਿ ਜੇਮੀ ਦਾ ਜੀ ਕਰੇ ਕਿ ਮੈਨੂੰ ਜੱਫੀ 'ਚ ਘੁੱਟ ਲਵੇ। ਕਹਿਣ ਲੱਗਾ, "ਉਹ ਮੇਰਿਆ ਰੱਬਾ! ਏਸ ਮਹਾਮਾਰੀ ਨੇ ਸਭ ਕੁਝ ਤਬਾਹ ਕਰਕੇ ਰੱਖ ਦਿੱਤੈ!"

ਮੈਂ ਸਮਝ ਸਕਦਾ ਸੀ ਉਸ ਦੇ ਵਲਵਲੇ ਨੂੰ! ਪਰ ਇਹ ਵਲਵਲਾ ਸ਼ਾਇਦ ਕਾਫੀ ਨਹੀਂ ਸੀ! ਮੇਰੇ ਲਈ ਇੱਕ ਹੋਰ ਅਚੰਭਾ ਅਜੇ ਬਾਕੀ ਸੀ।

ਉਹ ਸੀ ਸੂਜਨ ਦੇ ਲਫਜ਼! ਕਹਿਣ ਲੱਗੀ, "ਮੈਨੂੰ ਤੂੰ ਬਹੁਤ ਸੋਹਣਾ ਲੱਗਿਐਂ! ਤੇਰੀਆਂ ਅੱਖਾਂ ਬਹੁਤ ਸੈਕਸੀ ਹਨ! ਮੈਨੂੰ ਤਾਂ ਤੇਰੇ ਨਾਲ ਪਿਆਰ ਹੋ ਗਿਐ!" ਉਸ ਨੇ ਜੇਮੀ ਵੱਲ ਸ਼ਰਾਰਤੀ ਅੰਦਾਜ਼ ਨਾਲ ਦੇਖਿਆ, ਜਿਸ ਦਾ ਜੁਆਬ ਸੀ, "ਬਿਨਾ ਸ਼ੱਕ! ਤੇਰੀ ਪਸੰਦ ਦੀ ਮੈਂ ਕਦਰਕਰਦਾਂ!"

ਇਸ ਜੋੜੇ ਦਾ ਇਹ ਵਿਹਾਰ ਮੇਰੇ ਲਈ ਇੱਕ ਅਜੀਬ ਜਿਹਾ ਮਾਹੌਲ ਸਿਰਜ ਗਿਆ! ਮੈਂ ਇੱਕਦਮ ਪੰਜਾਬ ਪਹੁੰਚ ਗਿਆ! ਮੇਰੇ ਬਾਬਾ ਨਾਨਕ ਦੀ ਧਰਤੀ ਪੰਜਾਬ! ਪੀਰਾਂ-ਫਕੀਰਾਂ ਦੀ ਧਰਤੀ ਪੰਜਾਬ! ਮੇਰੀ ਜੰਮਣ ਭੋਇੰ ਪੰਜਾਬ!

ਮੇਰੇ ਖਬਰੀ-ਮੇਜ਼ 'ਤੇ 'ਅਣਖ ਦੇ ਨਾਂ 'ਤੇ ਕਤਲ' ਕਰ ਦਿੱਤੀਆਂ ਖਬਰਾਂ ਦਾ ਹੜ੍ਹ ਸੀ, ਜਿਨ੍ਹਾਂ 'ਚੋਂ ਇੱਕ ਖਬਰ ਸੂਜਨ ਦੀ ਵੀ ਸੀ! ਅਜਿਹਾ ਨਿਰਛੱਲ, ਬੇਬਾਕ ਤੇ ਸਾਫ-ਸਪੱਸ਼ਟ ਜਜ਼ਬਾਤ ਪ੍ਰਗਟਾਵਾ ਕਦੇ ਸੁਪਨੇ 'ਚ ਵੀ ਨਹੀਂ ਸੋਚ ਸਕਦੇ ਅਸੀਂ ਤਾਂ! ਕੋਈ ਕੁਆਰੀ ਕੰਜਕ ਅਜਿਹਾ ਕਰ ਬੈਠੇ ਤਾਂ ਪਹਿਲਾਂ ਤਾਂ ਉਸ ਦਾ ਅੰਦਰ ਵਾੜ ਕੇ ਛੱਲੀ-ਕੁਟਾਪਾ ਕਰਾਂਗੇ, ਫੇਰ ਸਬੰਧਤ ਮੁੰਡੇ ਦੇ ਖਾਤਮੇ ਦੀਆਂ ਵਿਉਂਤਾਂ ਘੜਾਂਗੇ ਤੇ ਆਪਣੇ ਘਰ ਪੈਦਾ ਹੋਈ ਬਲਾ ਦੇ ਜਲਦੀ ਤੋਂ ਜਲਦੀ ਹੱਥ ਪੀਲੇ ਕਰਕੇ ਉਸ ਨੂੰ ਨਰੜਨ ਦਾ ਜੁਗਾੜ ਕਰਾਂਗੇ! ਵਿਆਹ ਤੋਂ ਬਾਅਦ ਅਜਿਹਾ ਵਿਹਾਰ ਤਾਂ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ! ਕਿਸੇ ਤੀਵੀਂ 'ਚ ਏਨੀ ਜੁਰਅਤ ਕਿ ਆਪਣੇ 'ਪਤੀ-ਪਰਮੇਸ਼ਰ' ਦੇ ਸਾਹਮਣੇ ਆਪਣੇ ਦਿਲ ਦੀ ਗੱਲ ਕਰ ਜਾਵੇ, ਸਿਰ ਨਾ ਲਾਹ ਦਵਾਂਗੇ!






(ਉਪਰ) ਜੇਮੀ, ਸੂਜਨ ਤੇ ਉਨ੍ਹਾਂ ਦੇ ਬੱਚੇ ਲੇਖਕ ਨਾਲ ਅਤੇ (ਸੱਜੇ) ਨਿੰਕ ਆਪਣੇ ਪਤੀ ਤੇ ਬੱਚਿਆਂ-ਕਰਤਾਰ ਤੇ ਵਰਿਆਮ ਨਾਲ

ਮੈਨੂੰ ਆਪਣੇ ਹੱਥ ਖੂਨ ਨਾਲ ਲੱਥ-ਪੱਥ ਨਜ਼ਰ ਆਏ। ਚੁਫੇਰੇ ਸੁੰਨ ਪਸਰੀ ਪਈ ਸੀ। ਕੋਈ ਹਾਅ ਦਾ ਨਾਅਰਾ ਨਹੀਂ ਸੁਣਾਈ ਦੇ ਰਿਹਾ ਸੀ! ਸ਼ਾਇਦ ਬੇਸੁੱਧ ਹੋ ਜਾਂਦਾ, ਜੇ ਸੂਜਨ ਦੇ ਇਹ ਲਫਜ਼ ਕੰਨੀਂ ਨਾ ਪੈਂਦੇ, "ਆਪਣਾ ਖਿਆਲ ਰੱਖੀਂ!" ਜੇਮੀ ਦੇ ਵੀ ਬੋਲ ਵੀ ਨਾਲ ਹੀ ਸਨ, "ਪੂਰੇ ਧਿਆਨ ਨਾਲ ਡਰਾਈਵ ਕਰਿਓ, ਸੁਰੱਖਿਅਤ ਘਰ ਪਹੁੰਚਿਓ!"

ਮੈਂ ਉਨ੍ਹਾਂ ਵੱਲ ਹੱਥ ਹਿਲਾਉਂਦਾ ਆਪਣੇ ਟਰੱਕ ਵੱਲ ਹੋ ਤੁਰਿਆ। ਮੇਰੀਆਂ ਅੱਖਾਂ 'ਚ ਬੱਦਲੀ ਘਿਰ ਆਈ ਸੀ। ਵਰ੍ਹਦਿਆਂ ਕੋਈ ਦੇਖ ਨਾ ਲਵੇ, ਨੀਵੀਂ ਪਾ ਸੰਭਲ ਕੇ ਬੜੀ ਮੁਸ਼ਕਿਲ ਨਾਲ ਟਰੱਕ 'ਚ ਜਾ ਵੜਿਆ!

ਮਨ ਹੀ ਮਨ 'ਚ ਮੇਰੇ ਹੱਥ ਉਪਰ ਵੱਲ ਉਠ ਗਏ!

ਇਹ ਹੱਥ ਇਨ੍ਹਾਂ ਦੋ ਮਾਸੂਮਾਂ ਲਈ ਉਠੇ ਸਨ
ਜਾਂ ਕਰਤਾਰ-ਵਰਿਆਮ ਲਈ!
ਇਹ ਹੱਥ ਸੂਜਨ ਲਈ ਉਠੇ ਸਨ
ਜਾਂ ਆਪਣੀ ਨਿੰਕ ਲਈ!
ਇਹ ਹੱਥ ਸਿਰਫ ਆਪਣੀਆਂ
ਧੀਆਂ ਵਾਸਤੇ ਉਠੇ ਸਨ,
ਜਾਂ ਸਮੁੱਚੇ ਪੰਜਾਬ ਦੀਆਂ ਧੀਆਂ ਵਾਸਤੇ
ਜਾਂ ਇਹ ਹੱਥ ਬਾਬਾ ਨਾਨਕ ਤੋਂ
ਮੁਆਫੀ ਲਈ ਉਠੇ ਸਨ!
ਕੁਝ ਵੀ ਕਹਿ ਨਹੀਂ ਸਕਦਾ
ਪਰ ਹੱਥ ਉਠੇ ਜ਼ਰੂਰ ਸਨ!

ਆਓ ਯਾਰੋ, ਆਪਣੀਆਂ ਧੀਆਂ ਦੇ ਜਜ਼ਬਾਤ ਦੀ ਵੀ ਕਦਰ ਕਰਨਾ ਸਿੱਖੀਏ! ਜਜ਼ਬਾਤ ਦੇ ਇਨ੍ਹਾਂ ਸਿਵਿਆਂ ਦਾ ਸੇਕ ਹੁਣ ਹੋਰ ਬਰਦਾਸ਼ਤ ਨਹੀਂ ਹੁੰਦਾ!

# ਮਾਂਵਾਂ ਠੰਢੀਆਂ ਛਾਂਵਾਂ...

ਮਾਣਕ ਦਾ ਗਾਇਆ ਹੋਇਆ ਗੀਤ ਬਚਪਨ ਤੋਂ ਸੁਣਦਾ ਆਇਆ ਹਾਂ, "ਮਾਂ ਹੁੰਦੀ ਐ ਮਾਂ, ਓ ਦੁਨੀਆਂ ਵਾਲਿਓ...।" ਹੁਣ ਜਦੋਂ ਮੁਕਤਸਰ ਸਾਹਿਬ ਵਾਲੀ ਘਿਨਾਉਣੀ ਘਟਨਾ ਨੇ ਵਿਸ਼ਵ ਵਿਚ ਬੈਠੇ ਲੋਕਾਂ ਦਾ ਧਿਆਨ ਖਿੱਚਿਆ ਹੈ ਤਾਂ ਮਾਣਕ ਦਾ ਗਾਇਆ ਗੀਤ ਫਿੱਕਾ ਪੈ ਗਿਆ ਜਾਪਦਾ ਹੈ। ਕਿਹੜੀ ਮਾਂ? ਕਿਹੜੇ ਰੱਬ ਦਾ ਨਾਂ? ਤੇ ਕਿਹੜੀ ਠੰਢੜੀ ਛਾਂ! ਬਹੁਤ ਪ੍ਰੇਸ਼ਾਨ ਹੋਇਆ ਹਾਂ।

ਦੁਨੀਆਂ ਭਰ ਦੇ ਪੰਜਾਬੀਆਂ ਨੇ ਮੰਦਭਾਗੀ ਮਾਂ ਦੇ ਪਰਿਵਾਰ ਨੂੰ ਰੱਜ ਰੱਜ ਕੇ ਕੋਸਿਆ ਹੈ ਤੇ ਕੋਸ ਰਹੇ ਹਨ। ਇਸ ਮੌਕੇ ਇਹ ਮੌਕਾਪ੍ਰਸਤ ਪਰਿਵਾਰ ਇਸੇ 'ਵਿਸ਼ੇਸ਼ ਮਾਣ-ਤਾਣ' ਦਾ ਹੀ

ਨਿੰਦਰ ਘੁਗਿਆਣਵੀ
ਫੋਨ: 91-94174-21700

ਹੱਕਦਾਰ ਸੀ। ਜਿਸ ਢੰਗ ਨਾਲ ਮਾਂ ਮਰੀ ਹੈ, ਨੰਗੇ ਸਰੀਰ ਵਿਚ, ਸਿਰ ਵਿਚ ਕੀੜੇ ਪੈ ਕੇ ਅਤੇ ਇੱਟਾਂ ਦੇ ਢਾਰੇ ਵਿਚ; ਕਹਿਰਾਂ ਦੀ ਗਰਮੀ 'ਚ ਪਾਣੀ ਤੋਂ ਵੀ ਪਿਆਸੀ ਤੇ ਭੁੱਖੀ; ਦੁਨੀਆਂ ਤੋਂ ਨਿਰਾਸ਼ੀ ਗਈ; ਬੇਸਹਾਰਿਆਂ ਵਾਲੀ ਜ਼ਿੰਦਗੀ ਜਿਉਂ ਕੇ, ਅਜਿਹੇ ਪਰਿਵਾਰਾਂ ਨੂੰ ਸਮਾਜ ਦੇ ਆਗੂ ਕਹਾਉਣ ਦਾ ਕੋਈ ਹੱਕ ਨਹੀਂ।

ਮਾਂ ਦਾ ਪੁੱਤ ਨੇਤਾ ਬਣਨ ਦੇ ਸੁਪਨੇ ਲੈਂਦਾ ਹੈ। ਬਿਜਲੀ ਬੋਰਡ ਵਿਚੋਂ ਰਿਟਾਇਰ ਹੋਇਆ ਹੈ। ਮਾਂ, ਜਿਸ ਨੇ ਸੰਸਾਰ ਵਿਖਾਇਆ, ਉਸ ਦੀ ਤਾਂ ਉਹ ਸੇਵਾ ਕਰ ਨਹੀਂ ਸਕਿਆ ਤੇ ਕਹਿੰਦਾ ਹੈ ਕਿ ਮੈਂ ਲੀਡਰ ਬਣ ਕੇ ਲੋਕਾਂ ਦੀ ਸੇਵਾ ਕਰਨੀ ਹੈ। ਨਾਲ ਹੀ ਕਹਿੰਦਾ ਹੈ ਕਿ ਤੀਹ ਸਾਲਾਂ ਤੋਂ ਮਾਂ ਨਾਲ ਕੋਈ ਰਾਬਤਾ ਨਹੀਂ ਸੀ। ਪਰਿਵਾਰਕ ਕਲੇਸ਼ ਸੀ। ਮਾਂ ਦਾ ਇਹ ਪੁੱਤ ਹੁਣੇ ਹੁਣੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਵਿਚ ਰਲਿਆ ਸੀ, ਆਹ ਸਭ ਕੁਝ ਦੇਖ ਕੇ ਉਨ੍ਹਾਂ ਮੱਖਣ ਦੇ ਵਾਲ ਵਾਂਗ ਬਾਹਰ ਕੱਢ ਮਾਰਿਆ ਹੈ। ਕਹਿੰਦਾ ਹੈ ਕਿ ਮੇਰੀ ਐਸ. ਡੀ. ਐਮ. ਪੁੱਤਰੀ ਨਹੀਂ ਸੀ ਜਾਣਦੀ ਕਿ ਉਹਦੀ ਦਾਦੀ ਵੀ ਹੈ ਕੋਈ! ਪੁੱਛਿਆ ਜਾਵੇ, ਕਿਸ ਨੇ ਦੱਸਣਾ ਸੀ ਭਾਈ ਤੇਰੀ ਅਫਸਰ ਪੁੱਤਰੀ ਨੂੰ ਕਿ ਤੇਰੀ ਦਾਦੀ ਵੀ ਹੈ, ਇਸ ਜਹਾਨ ਉਤੇ ਧੀਏ?

ਦੱਸਿਆ ਗਿਆ ਹੈ ਕਿ ਮੰਦਭਾਗੀ ਮਾਂ ਦਾ ਪਤੀ ਆਰਾ ਤੇ ਖੇਤ ਮਜਦੂਰ ਸੀ। ਬੜੀ ਗਰੀਬੀ ਵਿਚ ਦੋਵੇਂ ਪੁੱਤ ਪੜ੍ਹਾਏ ਤੇ ਉਚ ਅਹੁਦਿਆਂ ਉਤੇ ਪਹੁੰਚਾਏ ਸਨ। ਕਹਿੰਦੇ ਨੇ ਕਿ ਮਾਂ ਲੋਕਾਂ ਦੇ ਘਰੋਂ ਆਟਾ ਮੰਗ ਮੰਗ ਕੇ ਪੁੱਤ-ਧੀਆਂ ਪਾਲਦੀ ਰਹੀ। ਮਾਂ ਦਾ ਇਕ ਪੁੱਤ ਐਕਸਾਈਜ਼ ਵਿਚ ਅਧਿਕਾਰੀ ਹੈ ਤੇ ਇਸੇ ਕੋਲ ਹੀ ਸੀ ਮਾਂ, ਤੇ ਇਸੇ ਨੇ ਹੀ



ਘਰੋਂ ਬਾਹਰ ਕੱਢੀ।

ਕੋਠੀਆਂ-ਕਾਰਾਂ ਦੇ ਮਾਲਕ ਇਨ੍ਹਾਂ ਪੁੱਤਾਂ ਦਾ ਖੂਨ ਸਫੈਦ ਹੋਇਆ ਅੱਜ ਦੁਨੀਆਂ ਭਰ ਵਿਚੋਂ ਇਨ੍ਹਾਂ ਨੂੰ ਲਾਹਨਤਾਂ ਪਵਾ ਰਿਹਾ ਹੈ। ਮਾਂ ਦੀਆਂ ਧੀਆਂ ਵੀ ਹਨ ਚਾਰ। ਉਨ੍ਹਾਂ ਵਿਚੋਂ ਵੀ ਕੋਈ ਨਹੀਂ ਨਿੱਤਰੀ ਮਾਂ ਨੂੰ ਸਾਂਭਣ ਵਾਸਤੇ? ਅੱਜ ਅਸੀਂ ਕਹਿੰਦੇ ਹਾਂ ਕਿ ਧੀਆਂ ਦਾ ਜ਼ਮਾਨਾ ਹੈ ਤੇ ਧੀਆਂ ਪੁੱਤਾਂ ਬਰਾਬਰ ਹੁੰਦੀਆਂ ਨੇ, ਕਿੱਥੇ ਗਈ ਬਰਾਬਰੀ? ਮਾਂ ਦਾ ਨੇਤਾ ਪੁੱਤ ਕਿਸੇ ਵੇਲੇ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵਿਚ ਵੀ ਰਲਿਆ ਸੀ। ਜਗਮੀਤ ਸਿੰਘ ਬਰਾੜ ਨਾਲ ਵੀ ਬੜਕਾਂ ਮਾਰੀਆਂ ਸਨ। ਬੀ. ਐਸ. ਪੀ. ਵਿਚ ਵੀ ਗਿਆ ਸੀ ਤੇ ਹੁਣ ਢੀਂਡਸਾ ਟੱਕਰ ਪਿਆ।

ਮੈਂ ਹੈਰਾਨ-ਪ੍ਰੇਸ਼ਾਨ ਹਾਂ ਕਿ ਇਹੋ ਜਿਹੇ ਲੋਕਾਂ ਨੂੰ ਪਾਰਟੀਆਂ ਦੇ ਆਗੂ ਕਿਵੇਂ ਜੱਫੀਆਂ ਪਾ ਲੈਂਦੇ ਹਨ? ਨੇਤਾ ਪੁੱਤ ਨੇ ਟੀ. ਵੀ. ਚੈਨਲਾਂ ਉਤੇ ਆਣ ਕੇ ਬਥੇਰੀਆਂ ਸਫਾਈਆਂ ਦੇਣ ਦੀ ਅਸਫਲ ਕੋਸ਼ਿਸ਼ ਕੀਤੀ ਹੈ, ਪਰ ਲੋਕਾਂ ਦੀਆਂ ਨਜ਼ਰਾਂ ਤੋਂ ਬਚ ਨਹੀਂ ਸਕਿਆ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਹਿੰਦੂ ਉਤਰਾਧਿਕਾਰ ਐਕਟ ਮੁਤਾਬਕ ਆਪਣੇ ਪਤੀ ਦੀ ਸੰਪਤੀ ਵਿਚ ਪਤਨੀ ਦਾ ਹਿੱਸਾ ਹੁੰਦਾ ਹੈ। ਪੁੱਤਰਾਂ ਦੀ ਸੰਪਤੀ ਵਿਚ ਵੀ ਮਾਂ ਦਾ ਹਿੱਸਾ ਬਰਕਰਾਰ ਰਹਿੰਦਾ ਹੈ। ਇਸ ਮਾਮਲੇ ਵਿਚ ਉਸ ਦੇ ਵਾਰਿਸਾਂ ਨੇ ਮੁਜਰਮਾਨਾ ਗਲਤੀ ਕੀਤੀ ਹੈ। ਉਸ ਤੋਂ ਵੀ ਵੱਧ ਨੈਤਿਕ ਘਾਣ ਆਪਣੇ ਸਰਕਾਰੀ ਅਹੁਦਿਆਂ ਅਤੇ ਸੰਵਿਧਾਨਕ ਪਰੰਪਰਾਵਾਂ ਦਾ ਕੀਤਾ ਹੈ।

ਸ਼ਹਿਰ ਦੇ ਪੱਤਰਕਾਰਾਂ ਨੇ ਜ਼ਿਲਾ ਪ੍ਰਸ਼ਾਸਨ ਨੂੰ ਇਹ ਮੰਗ ਪੱਤਰ ਵੀ ਦਿੱਤਾ ਹੈ ਕਿ ਇਸ ਪਰਿਵਾਰ ਨੂੰ 'ਲਾਹਨਤੀ ਪੁਰਸਕਾਰ' ਦਿੱਤਾ ਜਾਵੇ (ਇਸ ਸਭ ਕੁਝ ਦਾ ਮੀਡੀਆ ਵਿਚ ਸਬੂਤ ਹੈ)।

## ਮਿਨੀ ਕਹਾਣੀਆਂ

### ਮਰੇ ਹੋਏ 50 ਸਾਲ

ਮੈਂ ਰੋ ਰਹੀ ਹਾਂ। "ਕਿਉਂ?"

ਤੁਹਾਨੂੰ ਨਹੀਂ ਪਤਾ! ਸਭ ਨੂੰ ਪਤਾ ਹੈ, ਮੇਰੀ ਜ਼ਿੰਦਗੀ ਦੇ 50 ਸਾਲ ਮਰ ਗਏ ਹਨ।

"ਕਿਵੇਂ ਮਰੇ ਹਨ ਉਹ? ਕੀ ਉਨ੍ਹਾਂ ਨੂੰ ਕਿਸੇ ਨੇ ਮਾਰਿਆ ਹੈ ਜਾਂ ਆਪ ਹੀ ਮਰ ਗਏ?"

ਕੀ ਦੱਸਾਂ! ਮਰ ਤਾਂ ਉਨ੍ਹਾਂ ਨੇ ਆਪ ਵੀ ਜਾਣਾ ਹੀ ਸੀ, ਜਿਵੇਂ ਹਰ ਬੰਦਾ ਮਰਦਾ ਹੈ, ਹਰ ਚੀਜ਼ ਮਰਦੀ ਹੈ, ਟੁੱਟਦੀ ਹੈ, ਭੱਜਦੀ ਹੈ, ਸੜ ਜਾਂਦੀ ਹੈ, ਸੁੱਕ ਜਾਂਦੀ ਹੈ, ਗਲ ਜਾਂਦੀ ਹੈ। ਨਾਮ ਹੀ ਵੱਖਰੇ ਵੱਖਰੇ ਹਨ, ਪਰ ਮਰਦਾ ਹੀ ਹੈ ਸਭ ਕੁਝ।

ਹਾਂ, ਉਹ ਆਪ ਨਹੀਂ ਮਰੇ, ਉਨ੍ਹਾਂ ਨੂੰ ਮਾਰਿਆ ਗਿਆ ਹੈ। ਉਨ੍ਹਾਂ ਨੂੰ ਮਾਰਿਆਂ ਹੈ ਜਿਨ੍ਹਾਂ ਨੇ, ਉਹ ਹਨ ਰਿਸ਼ਤੇ।

"ਰਿਸ਼ਤੇ?"

ਹਾਂ, ਸਮਾਜ ਦੇ ਰਿਸ਼ਤੇ, ਧਰਮ ਦੇ ਰਿਸ਼ਤੇ, ਖੂਨ ਦੇ ਰਿਸ਼ਤੇ ਅਤੇ ਦੁੱਧ ਦੇ ਰਿਸ਼ਤੇ। ਮੈਨੂੰ ਬੜਾ ਸਮਝਾਇਆ ਗੁਰਬਾਣੀ ਨੇ, ਬੜਾ ਸਮਝਾਇਆ ਧਾਰਮਿਕ ਗ੍ਰੰਥਾਂ ਨੇ, ਬਹੁਤ ਵਾਰ ਸਮਝਾਇਆ ਮੇਰੀ ਅੰਤਰ ਆਤਮਾ ਅਤੇ ਇਤਿਹਾਸ ਨੇ, ਪਰ ਮੈਂ ਫਿਰ ਵੀ ਰਿਸ਼ਤਿਆਂ ਦੀ ਹੀ ਬਣੀ ਰਹੀ ਤੇ ਇਕ ਇਕ ਕਰਕੇ ਮਰ ਗਏ ਮੇਰੇ ਪੂਰੇ 50 ਸਾਲ।

ਪਰ ਹੁਣ ਮੈਨੂੰ ਪਤਾ ਲੱਗ ਗਿਆ ਹੈ, ਮੈਂ ਸਭ ਕੁਝ ਸਮਝ ਗਈ ਹਾਂ ਅਤੇ ਇਸ ਸਮਝ ਨੇ ਹੀ ਮੇਰੀ ਪੀੜ, ਮੇਰਾ ਦਰਦ ਵਧਾ ਦਿੱਤਾ ਹੈ। ਜਦ ਕੋਈ ਵੀ ਕਿਸੇ ਦਾ ਕੁਝ ਨਹੀਂ ਲਗਦਾ ਤਾਂ ਮੈਂ ਵੀ ਕਿਉਂ ਲੱਗਾਂ?

ਕਿਸੇ ਦੀ ਧੀ, ਕਿਸੇ ਦੀ ਔਰਤ, ਤੇ ਕਿਸੇ ਦੀ ਮਾਂ-ਹੁਣ ਮੈਂ ਰਿਸ਼ਤਿਆਂ ਲਈ ਨਹੀਂ, ਮਨੁੱਖਤਾ ਦੀ ਸੇਵਾ ਕਰਨ ਲਈ ਜੀਵਾਂਗੀ। ਇਸ ਫਰੇਬ ਨੂੰ ਸਹਿੰਦੇ ਸਹਿੰਦੇ ਗੁਜ਼ਰ ਗਏ ਨੇ ਮੇਰੇ ਪੂਰੇ 50 ਸਾਲ। ਨਹੀਂ, ਉਹ ਗੁਜ਼ਰੇ ਨਹੀਂ, ਤੜਪ ਤੜਪ ਕੇ ਮਰ ਗਏ ਹਨ।

ਹਾਇ ਉਹ ਮਰੇ ਨਹੀਂ, ਉਨ੍ਹਾਂ ਨੂੰ ਮਾਰਿਆ ਗਿਆ ਹੈ, ਮੇਰੇ ਸਾਹਮਣੇ ਮਰੇ ਪਏ ਹਨ ਤੇ ਮੈਂ ਵਿਰਲਾਪ ਕਰ ਰਹੀ ਹਾਂ, ਰੋ ਰਹੀ ਹਾਂ। ਲੋਕੋ ਮੇਰੇ 50 ਸਾਲ ਮਰ ਗਏ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

### ਸੈਟਿੰਗ

ਜਲ ਪੂਰਤੀ ਮਹਿਕਮੇ ਵਿਚ ਸਰਕਾਰੀ ਨੌਕਰੀ ਲੱਗਿਆ ਕਰਮ ਸਿੰਘ ਬੱਸ 'ਚ ਬੈਠਾ ਡਿਊਟੀ ਜਾ ਰਿਹਾ ਸੀ। ਉਸੇ ਬੱਸ ਵਿਚ ਰੋਜ਼ ਸਫਰ ਕਰਨ ਵਾਲਾ ਬਚਨਾ ਰਾਮ ਅਗਲੇ ਅੱਡੇ ਤੋਂ ਜਦੋਂ ਹੀ ਬੱਸ ਬੈਠਦਾ ਤਾਂ ਗੂੜ੍ਹੀ ਜਾਣ-ਪਛਾਣ ਹੋ ਜਾਣ ਕਰਕੇ ਆਪਸੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਫਤਿਹ ਦੀ ਸਾਂਝ ਉਪਰੰਤ ਤਾਜ਼ਾ ਚਲੰਤ ਮਸਲਿਆਂ ਤੇ ਵਿਚਾਰ ਚਰਚਾ ਛਿੜ ਜਾਂਦੀ। ਕਦੀ ਕਦਾਈਂ ਪਰਿਵਾਰਕ ਵਿਸ਼ਿਆਂ 'ਤੇ ਵੀ ਸਲਾਹ ਮਸ਼ਵਰਾ ਹੋ ਜਾਂਦਾ।

ਇੱਕ ਦਿਨ ਬਚਨੇ ਨੇ ਕਰਮ ਸਿੰਘ ਨੂੰ ਸਹਿਜ ਸੁਭਾਅ ਹੀ ਪੁੱਛ ਲਿਆ ਕਿ ਕਿੰਨੇ ਕੁ ਵਰ੍ਹਿਆਂ ਦੀ ਨੌਕਰੀ ਅਜੇ ਰਹਿੰਦੀ ਹੈ। ਕਰਮ ਸਿੰਘ ਨੇ ਇੱਕਦਮ ਇੰਜ ਜਵਾਬ ਦਿੱਤਾ, ਜਿਵੇਂ ਉਸ ਨੂੰ ਪਤਾ ਹੀ ਹੋਵੇ ਕਿ ਅੱਜ ਬਚਨਾ ਇਹੀ ਸਵਾਲ ਕਰੂ। ਉਸ ਨੇ ਕਿਹਾ ਬੱਸ ਹੁਣ ਤਾਂ ਮੁੰਡੇ ਦੀ ਸੈਟਿੰਗ ਹੋ'ਜੇ, ਅਫਸਰ 15 ਕੁ ਲੱਖ ਮੰਗਦਾ। ਬਚਨੇ ਨੂੰ 15 ਲੱਖ ਸੁਣਦੇ ਹੀ ਤਰੇਲੀਆਂ ਆ ਗਈਆਂ ਤੇ ਹੈਰਾਨ ਹੋਇਆ ਕਹਿੰਦਾ, "ਪੰਦਰਾਂ ਲੱਖ!" ਅੱਗੋਂ ਕਰਮ ਸਿੰਘ ਆਖਣ ਲੱਗਾ, "15 ਲੱਖ ਦੀ ਕੀ ਗੱਲ ਆ, ਮੁੰਡਾ ਸੈਟ ਹੋ'ਜੂ, ਸਾਰੀ ਉਮਰ ਦੀਆਂ ਰੋਟੀਆਂ।"

ਬਚਨਾ ਸੋਚਣ ਲੱਗਾ, "ਜਿਸ ਕੁਰਸੀ 'ਤੇ ਤੂੰ 15 ਲੱਖ ਦੇ ਕੇ ਆਪਣਾ ਅਯੋਗ ਮੁੰਡਾ ਸੈਟ ਕਰਨਾ, ਉਹ ਕਿੰਨੇ ਯੋਗ ਉਮੀਦਵਾਰਾਂ ਦੀ ਜ਼ਿੰਦਗੀ ਨੂੰ ਅੱਪਸੈਟ ਕਰ ਦੇਵੇਗਾ।

*-ਵਿਨੋਦ ਗਰਗ*
*ਫੋਨ: 91-98763-71788*

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਾਇਨਾਤ ਦੀ ਕਾਇਆ ਤੋਂ ਅਵੇਸਲੀ ਹੋਈ ਮਨੁੱਖਤਾ ਨੂੰ ਝੰਜੋੜਦਿਆਂ ਕਿਹਾ ਸੀ, "ਕਾਇਨਾਤ ਬਹੁਤ ਕੁਝ ਕਹਿੰਦੀ, ਪਰ ਅਸੀਂ ਸੁਣਦੇ ਹੀ ਨਹੀਂ। ਬਹੁਤ ਸਾਰੇ ਸੰਕੇਤ ਦਿੰਦੀ, ਪਰ ਅਸੀਂ ਕਾਇਨਾਤ ਦੇ ਆਗੋਸ਼ ਵਿਚ ਜਾਣ ਤੋਂ ਕੰਨੀ ਕਤਰਾਉਂਦੇ।...ਕੁਦਰਤ ਤਾਂ ਹਰਦਮ ਤੁਹਾਡੇ ਅੰਗ-ਸੰਗ ਵੱਸਦੀ ਹੈ, ਸਿਰਫ ਲੋੜ ਹੈ ਕਿ ਅਸੀਂ ਇਸ ਨੂੰ ਮਹਿਸੂਸ ਕਰੀਏ, ਇਸ ਦੇ ਸਪਰਸ਼ ਵਿਚੋਂ ਆਪਣੀ ਸਾਹ-ਸੁਰੰਗੀ ਨੂੰ ਸਮਰਪਿਤ ਹੋਈਏ, ਕਿਉਂਕਿ ਉਦੋਂ ਮਨੁੱਖ ਵਿਚੋਂ ਮਨੁੱਖ ਹੀ ਮਨਫੀ ਹੋ ਜਾਂਦਾ, ਜਦ ਉਹ ਅੰਦਰ ਵਸਦੀ-ਰਸਦੀ ਕਾਇਨਾਤ ਨੂੰ ਲਿਤਾੜਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਤਲਖ ਹਕੀਕਤ ਬਿਆਨ ਕੀਤੀ ਹੈ ਕਿ ਜ਼ਿੰਦਗੀ ਦੇ ਰੰਗਾਂ ਨੂੰ ਹੰਢਾਉਂਦਿਆਂ ਅਤੇ ਤ੍ਰਾਸਦੀਆਂ, ਤਕਲੀਫਾਂ ਤੇ ਤੰਗੀਆਂ ਤੁਰਸ਼ੀਆਂ ਨੂੰ ਪਿੰਡੇ 'ਤੇ ਹੰਢਾ ਕੇ ਜੋ ਗਿਆਨ ਹਾਸਲ ਹੁੰਦਾ, ਉਹ ਵਰਕਿਆਂ ਵਿਚੋਂ ਨਹੀਂ ਮਿਲਦਾ। ਨਾਲ ਹੀ ਉਨ੍ਹਾਂ ਨਸੀਹਤ ਕੀਤੀ ਹੈ, "ਗਿਆਨ, ਜੋ ਕਿਸੇ ਦੇ ਤਜਰਬੇ ਤੋਂ ਮਿਲਦਾ ਹੋਵੇ ਅਤੇ ਉਹ ਤੁਹਾਡੇ ਲਈ ਸਾਰਥਕ ਸਿੱਧ ਹੁੰਦਾ ਹੋਵੇ ਜਾਂ ਇਸ ਨੂੰ ਆਪਣੀ ਤਰਜ਼ੀਹ ਬਣਾ ਸਕੋ ਤਾਂ ਇਸ ਨੂੰ ਗ੍ਰਹਿਣ ਕਰਨ ਵਿਚ ਕੋਈ ਹਰਜ਼ ਨਹੀਂ।...ਗਿਆਨ ਤਾਂ ਰਾਹਾਂ ਵਿਚ ਮਿਲੇ ਠੇਡਿਆਂ, ਮਾਪਿਆਂ ਦੀ ਘੂਰ, ਵੱਡਿਆਂ ਦਾ ਕੰਨ ਮਰੋੜਨਾ ਅਤੇ ਅਧਿਆਪਕਾਂ ਦੀਆਂ ਖਾਧੀਆਂ ਚਪੇੜਾਂ ਜਾਂ ਉਨ੍ਹਾਂ ਦੀ ਘੁਰਕੀ ਤੋਂ ਵੀ ਮਿਲਦਾ।" ਡਾ. ਭੰਡਾਲ ਕਹਿੰਦੇ ਹਨ, "ਗੁਰੂਆਂ ਦੀ ਸੱਚੀ ਅਗਵਾਈ ਵਿਚੋਂ ਹੀ ਸੁੱਚਾ ਗਿਆਨ ਮਿਲਦਾ, ਕਿਉਂਕਿ ਅੰਧ-ਗਿਆਨ ਮਨੁੱਖ ਨੂੰ ਸੀਮਤ ਦਾਇਰੇ ਵਿਚ ਕੈਦ ਕਰ, ਹਾਲਾਤ ਦੀ ਚਾਰ-ਦੀਵਾਰੀ ਦਾ ਕੈਦੀ ਵੀ ਬਣਾ ਦਿੰਦਾ।" -ਸੰਪਾਦਕ*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਗਿਆਨ ਗੋਸ਼ਟਿ

ਗਿਆਨ, ਚੌਗਿਰਦੇ ਬਾਰੇ ਜਾਣਕਾਰੀ, ਸਮਾਜ ਦੀ ਸਮਝ, ਖੁਦ ਬਾਰੇ ਪਤਾ ਅਤੇ ਖੁਦ 'ਚੋਂ ਖੁਦ ਨੂੰ ਪੜ੍ਹਨਾ, ਗੁੜ੍ਹਨਾ ਅਤੇ ਸਮਝਣਾ। ਗਿਆਨ, ਵਸਤਾਂ ਦਾ, ਵਰਤਾਰਿਆਂ ਦਾ, ਵਿਹਾਰ ਦਾ, ਵਿਲੱਖਣਤਾਵਾਂ ਦਾ ਅਤੇ ਵਿਸ਼ਵ-ਵਿਆਪੀ ਸਰੋਕਾਰਾਂ ਦਾ ਵਿਸਥਾਰ ਤੇ ਵਿਸ਼ਲੇਸ਼ਣ।

ਗਿਆਨ ਪੂਰਨ ਵੀ ਤੇ ਅਪੂਰਨ ਵੀ, ਪੂਰਾ ਵੀ ਤੇ ਅਧੂਰਾ ਵੀ, ਅੰਤਰੀਵੀ ਤੇ ਬਾਹਰੀ ਅਤੇ ਸਗਵਾਂ ਵੀ ਤੇ ਸੱਖਣਾ ਵੀ। ਗਿਆਨ ਸਿਆਣਪ, ਸਮਝ, ਸੂੱਘੜਤਾ, ਸੁਮੱਤ ਤੇ ਸਮਝਦਾਰੀ ਤੋਂ ਵੱਖਰਾ ਅਤੇ ਇਸ ਦੀ ਵਿਰੱਲਣਤਾ ਵਿਚੋਂ ਹੀ ਗਿਆਨ ਦੀ ਸੋਝੀ ਤੇ ਸਾਰਥਕਤਾ।

ਗਿਆਨ ਸਾਵਾਂ ਵੀ ਤੇ ਅਸਾਵਾਂ ਵੀ। ਬਾਹਰੋਂ ਵੀ ਮਿਲਦਾ ਤੇ ਅੰਦਰੋਂ ਵੀ, ਸੰਗਤ ਵਿਚੋਂ ਵੀ ਤੇ ਇਕੱਲ ਵਿਚੋਂ ਵੀ ਮਿਲਦਾ। ਕੁਤਾਹੀਆਂ, ਖੁਨਾਮੀਆਂ, ਕਮੀਆਂ, ਅਸਫਲਤਾਵਾਂ ਅਤੇ ਘਟਨਾਵਾਂ ਵੀ ਗਿਆਨ ਦਿੰਦੀਆਂ। ਜੀਵਨ ਵਿਚੋਂ ਮਿਲਦਾ ਧੋਖਾ, ਆਪਣਿਆਂ ਵਲੋਂ ਕੀਤਾ ਵਿਸਵਾਸ਼ਘਾਤ ਅਤੇ ਕਮੀਨਗੀ ਵੀ ਬਹੁਤ ਗਿਆਨ ਦਿੰਦੀ। ਗਿਆਨ ਤਾਂ ਰਾਹਾਂ ਵਿਚ ਮਿਲੇ ਠੇਡਿਆਂ, ਮਾਪਿਆਂ ਦੀ ਘੂਰ, ਵੱਡਿਆਂ ਦਾ ਕੰਨ ਮਰੋੜਨਾ ਅਤੇ ਅਧਿਆਪਕਾਂ ਦੀਆਂ ਖਾਧੀਆਂ ਚਪੇੜਾਂ ਜਾਂ ਉਨ੍ਹਾਂ ਦੀ ਘੁਰਕੀ ਤੋਂ ਵੀ ਮਿਲਦਾ।

ਗਿਆਨ ਕਦੇ ਬਾਹਰਲੀ ਦੁਨੀਆਂ ਤੋਂ ਵੀ ਮਿਲਦਾ। ਮਹਾਨ ਲੋਕਾਂ ਦੀਆਂ ਜੀਵਨੀਆਂ ਨੂੰ ਪੜ੍ਹ ਕੇ, ਇਤਿਹਾਸਕ ਘਟਨਾਵਾਂ ਨੂੰ ਸਮਝ ਕੇ ਅਤੇ ਇਸ ਦੀਆਂ ਤਹਿਆਂ ਫਰੋਲਦਿਆਂ ਵੀ ਮਿਲਦਾ। ਨਵੀਂ ਸਭਿਅਤਾ, ਕੌਮ, ਵਰਤਾਰੇ ਜਾਂ ਧਰਾਤਲ 'ਤੇ ਵਿਚਰਦਿਆਂ ਵੀ ਬਹੁਤ ਕਿਸਮ ਦਾ ਗਿਆਨ ਮਿਲਦਾ, ਜੋ ਕਈ ਵਾਰ ਕਿਤਾਬਾਂ ਵਿਚੋਂ ਨਹੀਂ ਮਿਲਦਾ।

ਗਿਆਨ ਕਿਤਾਬਾਂ, ਕਹਾਣੀਆਂ ਤੇ ਕਲਾਸਿਕ ਸਾਹਿਤ ਵਿਚੋਂ ਅਤੇ ਇਤਿਹਾਸਕ ਤੇ ਮਿਥਿਹਾਸਕ ਗ੍ਰੰਥਾਂ ਵਿਚੋਂ ਵੀ ਮਿਲਦਾ। ਲੋੜ ਹੈ, ਗਿਆਨ-ਬੋਧ ਨੂੰ ਇਸ ਦੀ ਸੱਚੀ-ਸੁੱਚੀ ਰੂਹ ਰਾਹੀਂ ਪਛਾਣ ਅਤੇ ਸਮਝ ਕੇ, ਆਪਣੀ ਜੀਵਨ-ਜਾਚ ਵਿਚ ਉਤਾਰੋਗੇ ਤਾਂ ਗਿਆਨ, ਗੋਦੜੀ ਲਾਲ ਬਣ ਕੇ ਚਮਕੇਗਾ; ਪਰ ਅੰਧ-ਗਿਆਨ ਮਨੁੱਖ ਨੂੰ ਸੀਮਤ ਦਾਇਰੇ ਵਿਚ ਕੈਦ ਕਰ, ਹਾਲਾਤ ਦੀ ਚਾਰ-ਦੀਵਾਰੀ ਦਾ ਕੈਦੀ ਵੀ ਬਣਾ ਦਿੰਦਾ। ਗਿਆਨ ਦੀ ਸਦਉਪਯੋਗਤਾ ਤੇ ਸੁਘੜਤਾ ਵਿਚੋਂ ਸੋਚ ਦੇ ਦਿਸਹੱਦੇ ਫੈਲਣ ਤਾਂ ਗਿਆਨ ਦਾ ਮੁਖੜਾ ਸੰਦਲੀ ਭਾਅ ਮਾਰਦਾ। ਵਰਨਾ ਗਿਆਨ ਆਪਣੀ ਹੋਂਦ 'ਤੇ ਝੁਰਨਾ ਜੋਗਾ ਹੀ ਰਹਿ ਜਾਂਦਾ।

ਗਿਆਨ ਸਿਰਫ ਕਿਤਾਬੀ ਪੜ੍ਹਾਈ ਵਿਚੋਂ ਹੀ ਨਹੀਂ ਮਿਲਦਾ, ਸਗੋਂ ਜ਼ਿੰਦਗੀ ਦੇ ਰੰਗਾਂ ਨੂੰ ਹੰਢਾਉਂਦਿਆਂ ਅਤੇ ਤ੍ਰਾਸਦੀਆਂ, ਤਕਲੀਫਾਂ ਤੇ ਤੰਗੀਆਂ ਤੁਰਸ਼ੀਆਂ ਨੂੰ ਪਿੰਡੇ 'ਤੇ ਹੰਢਾ ਕੇ ਜੋ ਗਿਆਨ ਹਾਸਲ ਹੁੰਦਾ, ਉਹ ਵਰਕਿਆਂ ਵਿਚੋਂ ਨਹੀਂ ਮਿਲਦਾ। ਅਜਿਹਾ ਗਿਆਨ ਕਿਸੇ ਹੋਰ ਸਰੋਤ ਤੋਂ ਨਹੀਂ ਮਿਲਦਾ, ਪਰ ਇਹ ਬਹੁਤ ਮਹਿੰਗਾ ਗਿਆਨ। ਕਈ ਵਾਰ ਤਾਂ ਅਜਿਹੇ ਗਿਆਨ-ਪ੍ਰਾਪਤੀ ਲਈ ਸਿਰ ਧੜ ਦੀ ਬਾਜੀ ਵੀ ਲਾਉਣੀ ਪੈਂਦੀ।

ਗਿਆਨ, ਜੋ ਕਿਸੇ ਦੇ ਤਜਰਬੇ ਤੋਂ ਮਿਲਦਾ ਹੋਵੇ ਅਤੇ ਉਹ ਤੁਹਾਡੇ ਲਈ ਸਾਰਥਕ ਸਿੱਧ ਹੁੰਦਾ ਹੋਵੇ ਜਾਂ ਇਸ ਨੂੰ ਆਪਣੀ ਤਰਜ਼ੀਹ ਬਣਾ ਸਕੋ ਤਾਂ ਇਸ ਨੂੰ ਗ੍ਰਹਿਣ ਕਰਨ ਵਿਚ ਕੋਈ ਹਰਜ਼ ਨਹੀਂ।

ਅਰਧ-ਗਿਆਨ ਅਤੇ ਅੰਧ ਗਿਆਨ ਵਿਚ ਬਹੁਤ ਅੰਤਰ। ਇਕ ਦੁਪਹਿਰਾ ਤੇ ਦੂਜਾ ਢਲਦੀ ਸ਼ਾਮ, ਇਕ ਸਰਘੀ ਅਤੇ ਦੂਜਾ ਰਾਤ ਦਾ ਘੁਸਮੁਸਾ। ਹਮੇਸ਼ਾ ਚੜ੍ਹਦੇ ਵੱਲ ਮੁੱਖ ਰੱਖਣ ਦਾ ਗਿਆਨ ਮਨ ਵਿਚ ਤਰੰਗਾਂ ਛੇੜਦਾ ਰਹੇ ਤਾਂ ਗਿਆਨ ਨੂੰ ਖੁਦ 'ਤੇ ਮਾਣ।

ਗਿਆਨ ਕਿਸੇ ਦਾ ਮੁਥਾਜ ਨਹੀਂ। ਇਹ ਤਾਂ ਵਿਅਕਤੀ ਦੀ ਗਿਆਨ-ਚਾਹਤ, ਸਮਰੱਥਾ, ਸਾਧਨਾ ਅਤੇ ਸਮਰਪਣ 'ਤੇ ਨਿਰਭਰ। ਆਪਣੇ ਅਕੀਦੇ ਪ੍ਰਤੀ ਸਮਰਪਿਤ ਲੋਕ ਗਿਆਨ ਦੀਆਂ ਉਚਾਈਆਂ ਨੂੰ ਪ੍ਰਾਪਤ ਕਰਕੇ ਵੀ ਨਾਜ਼ ਨਹੀਂ ਕਰਦੇ, ਸਗੋਂ ਬਹੁਤ ਹੀ ਨਿਮਾਣੇ ਹੁੰਦੇ, ਜਦੋਂ ਕਿ ਕੁਝ ਲੋਕ ਖਾਲੀ ਭਾਂਡੇ ਵਾਂਗ ਕੁਝ ਨਾ ਹੋਣ 'ਤੇ ਵੀ ਬਹੁਤ ਕੁਝ ਹੋਣ ਦਾ ਭਰਮ ਪਾਲਦੇ। ਅਜਿਹੇ ਅਗਿਆਨੀ ਲੋਕ ਜਦ ਗਿਆਨੀ ਹੋਣ ਦਾ ਭਰਮ ਪਾਲਦੇ ਤਾਂ ਦੁਨੀਆਂ ਵਿਚ ਹੁੰਦਾ ਅੰਧਕਾਰ ਦਾ ਪਾਸਾਰਾ।

> ***ਗਿਆਨ ਕਿਸੇ ਦਾ ਮੁਥਾਜ ਨਹੀਂ। ਇਹ ਤਾਂ ਵਿਅਕਤੀ ਦੀ ਗਿਆਨ-ਚਾਹਤ, ਸਮਰੱਥਾ, ਸਾਧਨਾ ਅਤੇ ਸਮਰਪਣ 'ਤੇ ਨਿਰਭਰ। ਆਪਣੇ ਅਕੀਦੇ ਪ੍ਰਤੀ ਸਮਰਪਿਤ ਲੋਕ ਗਿਆਨ ਦੀਆਂ ਉਚਾਈਆਂ ਨੂੰ ਪ੍ਰਾਪਤ ਕਰਕੇ ਵੀ ਨਾਜ਼ ਨਹੀਂ ਕਰਦੇ, ਸਗੋਂ ਬਹੁਤ ਹੀ ਨਿਮਾਣੇ ਹੁੰਦੇ, ਜਦੋਂ ਕਿ ਕੁਝ ਲੋਕ ਖਾਲੀ ਭਾਂਡੇ ਵਾਂਗ ਕੁਝ ਨਾ ਹੋਣ 'ਤੇ ਵੀ ਬਹੁਤ ਕੁਝ ਹੋਣ ਦਾ ਭਰਮ ਪਾਲਦੇ। ਅਜਿਹੇ ਅਗਿਆਨੀ ਲੋਕ ਜਦ ਗਿਆਨੀ ਹੋਣ ਦਾ ਭਰਮ ਪਾਲਦੇ ਤਾਂ ਦੁਨੀਆਂ ਵਿਚ ਹੁੰਦਾ ਅੰਧਕਾਰ ਦਾ ਪਾਸਾਰਾ।***

ਗਿਆਨ ਬਹੁਤ ਹੀ ਵਸੀਹ, ਨਹੀਂ ਇਸ ਦੀ ਵਿਸ਼ਾਲਤਾ ਦਾ ਅੰਦਾਜ਼ਾ। ਅਥਾਹ ਨੇ ਇਸ ਦੇ ਦਿਸੱਹੱਦੇ, ਅਸੀਮ ਨੇ ਸ਼ਾਖਾਵਾਂ ਅਤੇ ਅਣਗਿਣਤ ਨੇ ਪਰਤ-ਦਰ-ਪਰਤਾਂ। ਇਕ ਨੂੰ ਫਰੋਲਦਿਆਂ ਹੀ ਉਮਰ ਬੀਤ ਜਾਂਦੀ। ਸਰਬ-ਗੁਣੀ ਕਹਿਲਾਉਣ ਵਾਲੇ ਲੋਕ ਇਕ ਮਖੌਟਾ, ਜੋ ਬਹੁਤ ਜਲਦੀ ਹੀ ਲੱਥ ਜਾਂਦਾ, ਜਦ ਇਕ ਹੀ ਪਰਤ ਵਿਚੋਂ ਉਗੇ ਪ੍ਰਸ਼ਨਾਂ ਦਾ ਕੋਈ ਜਵਾਬ ਨਹੀਂ ਅਹੁੜਦਾ।

ਗਿਆਨ ਉਹ ਪ੍ਰਾਪਤ ਕਰਦੇ, ਜੋ ਨਿਮਾਣੇ ਤੇ ਅਗਿਆਕਾਰ ਹੋ ਕੇ ਗੁਰੂਆਂ ਦੀ ਚਰਨ-ਧੂੜ ਨੂੰ ਮਸਤਕ ਦਾ ਧੰਨਭਾਗ ਸਮਝਦੇ। ਜਿਨ੍ਹਾਂ ਦੇ ਮਨਾਂ ਵਿਚ ਗਿਆਨ ਨੂੰ ਗ੍ਰਹਿਣ ਕਰਨ ਦੀ ਜਗਿਆਸਾ ਹੁੰਦੀ, ਲੋਚਾ ਹੁੰਦੀ ਜਾਗਣ ਦੀ, ਸੁਚੇਤ ਹੋਣ ਦੀ, ਚਿੰਤਨ ਕਰਨ ਅਤੇ ਸੁਚੇਤਨਾ ਵੰਨੀਂ ਸਫਰ ਕਰਨ ਦੀ।

ਸੱਚਾ ਗਿਆਨ ਨਹੀਂ ਰਹਿਣ ਦਿੰਦਾ ਹੰਕਾਰ, ਗਾਇਬ ਹੋ ਜਾਂਦੀ ਹੈਂਕੜ, ਅਲੋਪ ਹੋ ਜਾਂਦਾ ਲਾਲਚਪੁਣਾ ਅਤੇ ਕਾਫੂਰ ਹੋ ਜਾਂਦੀ ਕਮੀਨਗੀ। ਕੁਤਾਹੀਆਂ ਤੇ ਕਮੀਆਂ ਨੂੰ ਸਮਝਣ ਅਤੇ ਇਨ੍ਹਾਂ ਨੂੰ ਮਿਟਾਉਣ ਦੀ ਤੀਬਰਤਾ ਪੈਦਾ ਹੁੰਦੀ।

ਗਿਆਨਵਾਨ ਲੋਕਾਂ ਨੂੰ ਬਾਹਰੀ ਸੋਝੀ ਦੇ ਨਾਲ-ਨਾਲ ਖੁਦ ਦਾ ਗਿਆਨ ਵੀ ਹੁੰਦਾ। ਮਨੁੱਖੀ ਔਕਾਤ, ਅਸਤਿਤਵ ਅਤੇ ਨਿਗੁਣੇਪਨ ਨੂੰ ਸਮਝਣ ਦੀ ਸ਼ਕਤੀ। ਜਦ ਕੋਈ ਖੁਦ ਨੂੰ ਜਾਣਦਾ ਤਾਂ ਪੈਦਾ ਹੁੰਦੀ ਹਲੀਮੀ, ਨਿਮਰਤਾ, ਕੋਮਲਤਾ, ਸੁਹਜਤਾ, ਸਹਿਜਤਾ ਅਤੇ ਸੰਤੋਖੀਪੁਣਾ। ਹੁੰਦੀਆਂ ਨੇ ਸੀਮਤ ਲੋੜਾਂ, ਸੀਮਤ ਸਾਧਨਾਂ ਵਿਚੋਂ ਹੀ ਭਾਲ ਲੈਂਦੇ ਜੀਵਨ-ਪ੍ਰਸੰਨਤਾ। ਮਨ ਦੀ ਸਕੂਨਤਾ ਤੇ ਸੁਖਨ ਸਭ ਤੋਂ ਵੱਡਾ ਹਾਸਲ। ਦੁਨਿਆਵੀ ਬਹੁਲਤਾ ਦੇ ਕੋਈ ਅਰਥ ਨਹੀਂ ਹੁੰਦੇ। ਕੇਹਾ ਸੀ ਨਾਨਕ ਸ਼ਾਹ ਫਕੀਰ, ਜੋ ਮੋਢੇ ਬਗਲੀ ਪਾ ਕੇ ਗਿਆਨ ਦਾ ਹੋਕਾ ਦਿੰਦਾ, ਅੰਧੇਰੇ ਰਾਹਾਂ ਵਿਚ ਜੀਵਨ-ਜੋਤ ਜਗਾਉਂਦਾ, ਮਨੁੱਖੀ ਮਾਨਤਾਵਾਂ ਵਿਚ ਜੀਵਨ ਦੀ ਸਮੁੱਚਤਾ ਰੁਸ਼ਨਾਉਂਦਾ, ਉਸਾਰੂ ਤੇ ਸੁਚਾਰੂ ਪੱਖ ਵਡਿਆਉਂਦਾ ਅਤੇ ਭਰਮ-ਭੁਲੇਖੇ ਮਿਟਾਉਂਦਾ, ਇਕ ਅਜਿਹੀ ਜੋਤ ਜਗਾ ਗਿਆ, ਜੋ ਅੱਜ ਵੀ ਚਾਨਣ ਵੰਡੇਂਦੀ ਏ। ਅਜੋਕੇ ਮਨੁੱਖ ਲਈ ਨਾਨਕ-ਸੋਚ ਦੀ ਕਿਰਨ ਅੰਦਰ ਧਰਨ ਜਾਂ ਸੋਚ-ਕਿਣਕਾ ਹੀ ਹਾਸਲ ਕਰਨ ਅਤੇ ਉਨ੍ਹਾਂ ਰਾਹਾਂ 'ਤੇ ਤੁਰਨ ਦੇ ਜੇਰਾ ਕਰਨਾ ਹੀ ਨਾਨਕ-ਗੋਸ਼ਟਿ ਨੂੰ ਸੱਚੀ ਨਤਮਸਤਕਤਾ ਹੋਵੇਗੀ।

ਗਿਆਨ ਸਮਾਜਕ, ਰਾਜਨੀਤਕ, ਆਰਥਕ, ਮਾਨਸਿਕ, ਧਾਰਮਿਕ, ਵਿਗਿਆਨਕ ਸਮੇਤ ਬਹੁਤ ਸਾਰੇ ਰੂਪਾਂ ਵਿਚ ਵਿਕਸਿਤ ਤੇ ਹਾਜਰ। ਸਮੇਂ ਨਾਲ ਬਹੁਤ ਸਾਰੀਆਂ ਉਪ-ਸ਼ਾਖਾਵਾਂ ਵੀ ਪੈਦਾ ਹੋ ਰਹੀਆਂ, ਕਿਉਂਕਿ ਖੋਜੀ ਮਨ ਇਕ ਪ੍ਰਸ਼ਨ ਨੂੰ ਸੁਲਝਾਉਂਦਾ ਤਾਂ ਮਨ ਵਿਚ ਬਹੁਤ ਸਾਰੀਆਂ ਪਰਤਾਂ ਥੀਂ ਝਾਕਦਾ। ਇਸ ਨਾਲ ਗਿਆਨ ਦੀਆਂ ਹੋਰ ਧਾਰਾਵਾਂ ਪੈਦਾ ਹੁੰਦੀਆਂ। ਸੀਮਤ ਗਿਆਨ ਦੀਆਂ ਬੰਦਿਸ਼ਾਂ ਵਿਚ ਅਜੋਕਾ ਜੀਵਨ ਨਹੀਂ ਜੀਵਿਆ ਜਾ ਸਕਦਾ। ਸਾਰੀਆਂ ਧਾਰਾਵਾਂ ਦੀ ਭਰਪੂਰ ਜਾਣਕਾਰੀ ਭਾਵੇਂ ਨਾ ਹੋਵੇ, ਪਰ ਮੁਢਲੀ ਜਾਣਕਾਰੀ ਹੋਣੀ ਬਹੁਤ ਜਰੂਰੀ। ਦੁਨੀਆਂ ਵਿਚ ਕੀ ਹੋ ਰਿਹਾ? ਕਿਉਂ ਹੋ ਰਿਹਾ? ਕੀ ਹਨ ਮੌਜੂਦਾ ਪ੍ਰਭਾਵ? ਭਵਿੱਖ ਵਿਚ ਕੀ ਹੋਣਗੇ? ਜੀਵਨ 'ਤੇ ਕੀ ਅਸਰ ਪਵੇਗਾ? ਜੀਵਨ ਨੂੰ ਨਵੀਂ ਨਕੋਰ ਸੇਧ ਦੇਣ ਲਈ ਕਿਹੜੇ ਕਦਮ ਉਠਾਉਣ ਦੀ ਲੋੜ ਏ? ਕਿਹੜੇ ਸਰੋਤ ਲੋੜੀਂਦੇ? ਕਿਹੜੇ ਸਾਧਨਾਂ ਨਾਲ ਜੀਵਨ ਹੋਰ ਅਰਥ ਭਰਪੂਰ ਹੋਵੇਗਾ? ਅਨੇਕਾਂ ਸੋਚਾਂ ਮਨ ਵਿਚ ਪੈਦਾ ਹੋਣੀਆਂ ਚਾਹੀਦੀਆਂ।

ਗਿਆਨ ਆਪਣੇ ਤੀਕ ਹੀ ਸੀਮਤ ਨਾ ਰੱਖੋ, ਗਿਆਨ ਵੰਡੋ। ਇਕ ਦੀਵਾ ਜਦ ਹੋਰ ਦੀਵਿਆਂ ਨੂੰ ਜਗਾਉਂਦਾ ਤਾਂ ਇਸ ਦੀ ਰੋਸ਼ਨੀ ਘਟਦੀ ਨਹੀਂ, ਸਗੋਂ ਹੋਰ ਦੀਵੇ ਜਗ ਕੇ ਚਾਨਣ ਕਈ ਗੁਣਾ ਵਧਾ ਦਿੰਦੇ। ਦੀਵੇ ਦਾ ਧਰਮ ਚਾਰੇ ਪਾਸੇ ਚਾਨਣ ਵੰਡਣਾ, ਨਾ ਕਿ ਇਸ ਨੂੰ ਕਿਸੇ ਚਾਰ-ਦੀਵਾਰੀ ਦਾ ਕੈਦੀ ਬਣਾਉਣਾ। ਗਿਆਨੀ ਲੋਕ ਉਹ ਹੁੰਦੇ, ਜੋ ਸੱਚੇ ਗਿਆਨ ਨੂੰ ਸ਼ੁੱਧ ਰੂਪ ਵਿਚ ਉਨ੍ਹਾਂ ਮੱਥਿਆਂ ਵਿਚ ਧਰਦੇ, ਜੋ ਗਿਆਨ-ਹੀਣ ਹੋਣ ਕਾਰਨ ਚਾਨਣ-ਭਰੀਆਂ ਰਾਹਾਂ ਤੋਂ ਅਣਜਾਣ ਹੁੰਦੇ। ਚਾਨਣ ਦੀ ਸੂਝ ਦੇਣ ਲਈ ਚਾਨਣ ਦੀ ਸੱਦ ਲਾਉਣਾ ਜਰੂਰੀ। ਇਹ ਹੀ ਕਰਮੀ ਲੋਕਾਂ ਦਾ ਪਰਮ-ਧਰਮ।

ਗਿਆਨ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ। ਇਕ ਕੌਮ ਤੋਂ ਦੂਸਰ ਕੌਮ ਅਤੇ ਇਕ ਯੁੱਗ ਤੋਂ ਦੂਜੇ ਯੁੱਗ ਤੀਕ ਨਿਰੰਤਰ ਸਫਰ ਕਰਦਾ। ਭਾਵੇਂ ਇਹ ਮੌਖਿਕ ਹੋਵੇ, ਲਿਖਤੀ ਹੋਵੇ ਪੱਤਲਾਂ 'ਤੇ ਹੋਵੇ, ਪੱਥਰਾਂ 'ਤੇ, ਸ਼ਿਲਾਲੇਖਾਂ 'ਤੇ ਜਾਂ ਚੇਲਿਆਂ, ਸ਼ਰਧਾਲੂਆਂ ਜਾਂ ਵਿਦਿਆਰਥੀਆਂ ਵਲੋਂ ਗੁਰੂ ਦੇ ਗਿਆਨ ਨੂੰ ਅੱਗੇ ਤੋਰਨਾ ਹੋਵੇ। ਗਿਆਨ ਗ੍ਰੰਥਾਂ ਰਾਹੀਂ ਮਿਲਦਾ, ਜੋ ਸੋਧਤ ਹੋ ਕੇ ਅਗਲੀ ਪੀੜ੍ਹੀ ਤੱਕ ਪਹੁੰਚਦਾ।

ਗਿਆਨ, ਗਹਿਰ-ਗੰਭੀਰਤਾ, ਗੂੜ੍ਹ-ਮੱਤ ਅਤੇ ਗਹਿਰੇ ਚਿੰਤਨ ਵਿਚੋਂ ਉਪਜਦਾ। ਵਕਤੀ, ਸਤਹੀ ਜਾਂ ਓਪਰਾ ਗਿਆਨ ਸਿਰਫ ਪੇਤਲੀ ਜਾਣਕਾਰੀ।

ਗੁਰਬਾਣੀ ਦਾ ਫੁਰਮਾਨ ਹੈ, 'ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥' ਯਾਨਿ ਗਿਆਨ ਹੀ ਮਨੁੱਖੀ ਸ਼ਖਸੀਅਤ ਨੂੰ ਉਸਾਰਨ ਤੇ ਵਿਕਸਿਤ ਕਰਨ ਲਈ ਅਹਿਮ। ਮਨ ਦੀਆਂ ਮੁਹਾਰਾਂ ਮੋੜਦਾ। ਗੁਰੂਆਂ ਦੀ ਸੱਚੀ ਅਗਵਾਈ ਵਿਚੋਂ ਹੀ ਸੁੱਚਾ ਗਿਆਨ ਮਿਲਦਾ।

ਗਿਆਨ ਮੁੱਲ ਨਹੀਂ ਮਿਲਦਾ। ਸੌਦੇਬਾਜ਼ੀ ਨਹੀਂ ਹੁੰਦੀ। ਵਿਕਾਊ ਗਿਆਨ, ਚਲਾਵਾਂ। ਸਥਿਰ ਤੇ ਸ਼ੁੱਧ ਗਿਆਨ ਲਈ ਗਿਆਨ ਪ੍ਰਾਪਤ ਕਰਨ ਵਾਲੇ ਦਾ ਮਨ ਵੀ ਪਾਕੀਜ਼ ਹੋਣਾ ਚਾਹੀਦਾ। ਪਾਕ ਮਨ ਵਿਚ ਵੀ ਸ਼ਫਾਫ ਗਿਆਨ ਵਾਸ ਕਰਦਾ। ਕਾਲਖੀ ਮਨ ਵਿਚ ਗਿਆਨ ਕਿਵੇਂ ਠਾਹਰ ਬਣਾਵੇ?

ਗਿਆਨ ਨਾਲ ਮਨ ਦੇ ਭਰਮ-ਭੁਲੇਖਿਆਂ ਤੋਂ ਖਲਾਸੀ, ਕੂੜ-ਕਪਟ ਤੋਂ ਦੂਰੀ, ਖੁਦ ਵੰਨੀਂ ਨੇੜਤਾ, ਹਨੇਰੀਆਂ ਜੂਹਾਂ ਵਿਚ ਰੋਸ਼ਨੀ ਦਾ ਛਿੜਕਾਅ, ਮਨ ਵਿਚ ਨਵੇਲੀਆਂ ਰਾਹਾਂ ਸਿਰਜਣ ਦਾ ਚਾਅ ਅਤੇ ਮੰਜ਼ਿਲ-ਪ੍ਰਾਪਤੀ ਦਾ ਉਮਾਹ।

ਗਿਆਨ-ਗੋਸ਼ਟਿ, ਸੰਵਾਦ ਦੀ ਮਹਾਨ ਪਰੰਪਰਾ, ਜਿਸ ਨਾਲ ਫਰੋਲੀਆਂ ਜਾਂਦੀਆਂ ਅੰਧਕਾਰ ਦੀਆਂ ਪਰਤਾਂ। ਸਿਰਜੇ ਜਾਂਦੇ ਰੂਹਾਂ ਦੇ ਰਿਸ਼ਤੇ, ਵਧਦਾ ਮੋਹ-ਮੁਹੱਬਤ ਅਤੇ ਮਾਨਸਿਕ ਗੁੰਝਲਾਂ ਦੇ ਖੁੱਲ੍ਹਦੇ ਕਪਾਟ, ਸਮਾਜਕ ਤਰੇੜਾਂ ਦੀ ਭਰਪਾਈ, ਧਾਰਮਿਕ ਵਖਰੇਵਿਆਂ ਦੀ ਸਿਮਟਦੀ ਦੂਰੀ, ਜਾਤ-ਪਾਤ ਦੀ ਗਾੜ੍ਹੀ ਧੁੰਦ ਵਿਚ ਚਾਨਣ-ਲਿਸ਼ਕੋਰ ਅਤੇ ਆਰਥਕ ਵੰਡੀਆਂ ਵਿਚ ਸਮਾਨਤਾ ਦੀ ਲੋਰ।

ਗਿਆਨ-ਗੋਸ਼ਟਿ ਦਾ ਹੀ ਕਮਾਲ ਸੀ ਕਿ ਸਿੱਧ-ਜੋਗੀਆਂ ਨੂੰ ਗ੍ਰਹਿਸਥੀ ਜ਼ਿੰਦਗੀ ਦੀ ਉਚਮਤਾ ਦਾ ਅਹਿਸਾਸ ਹੋਇਆ, ਗੰਗਾ ਦੇ ਕੰਢੇ ਫੋਕੇ ਵਹਿਮਾਂ ਦਾ ਭਾਂਡਾ ਫੁੱਟਾ ਅਤੇ ਕਾਜ਼ੀਆਂ ਨੂੰ ਖੁਦਾ ਦੀ ਹਰ ਦਿਸ਼ਾ ਵਿਚ ਹਾਜ਼ਰੀ ਦਾ ਅਹਿਸਾਸ ਹੋਇਆ।

ਗਿਆਨ ਦਾ ਦੀਪਕ ਜਦ ਮੱਥੇ ਵਿਚ ਜਗਦਾ ਤਾਂ ਨਿਤਾਣੇ ਨੂੰ ਵੀ ਆਪਣੇ ਹੱਕਾਂ, ਲੋੜਾਂ, ਥੋੜ੍ਹਾਂ ਪ੍ਰਤੀ ਚੇਤਨਾ ਪੈਦਾ ਹੁੰਦੀ ਅਤੇ ਜਿਸ ਨਾਲ ਨਵੇਂ ਸਮਾਜ ਦੀ ਸਿਰਜਣਾ ਹੁੰਦੀ। ਹਰ ਯੁੱਗ ਵਿਚ ਕੁਝ ਲੋਕ ਅਜਿਹੇ ਹੁੰਦੇ, ਜੋ ਵਿਲੱਖਣ ਸੋਚ ਅਤੇ ਗਿਆਨ-ਮਸ਼ਾਲ ਲੈ, ਸੰਸਾਰ-ਸਟੇਜ 'ਤੇ ਹਾਜ਼ਰ ਹੁੰਦੇ। ਨਵੇਂ ਯੁੱਗ ਦਾ ਆਗਾਜ਼ ਕਰਦੇ। ਨਵੀਂ ਸੋਚ ਦਾ ਫੈਲਾਅ। ਨਵੇਂ ਅਕੀਦਿਆਂ, ਸੁਪਨਿਆਂ, ਤਰਜ਼ੀਹਾਂ, ਤਕਦੀਰਾਂ ਅਤੇ ਤਮੰਨਾਵਾਂ ਦੀ ਤਰਜ਼ਮਾਨੀ ਕਰਦੇ। ਜਨਮਦੇ ਨਵੇਂ ਖਿਆਲ, ਖੁਆਬ ਅਤੇ ਖਾਹਿਸ਼ਾਂ।

ਗਿਆਨ ਜੀਵਨ ਦੇ ਹਰ ਪੜਾਅ 'ਤੇ ਹੀ ਹਾਸਲ ਹੁੰਦਾ। ਨਿਰੰਤਰ ਪ੍ਰਕ੍ਰਿਆ। ਹਰ ਵੇਲੇ, ਹਰ ਮੋੜ, ਹਰ ਪਲ ਅਤੇ ਹਰ ਵਕਤ ਹੀ ਅਸੀਂ ਕੁਝ ਨਾ ਕੁਝ ਗਿਆਨ-ਰੂਪ ਵਿਚ ਪ੍ਰਾਪਤ ਕਰਦੇ। ਕਿਹੜਾ ਗਿਆਨ ਸੋਚ ਦਾ ਹਾਸਲ ਬਣਾਉਣਾ ਅਤੇ ਕਿਹੜੇ ਗਿਆਨ ਨੂੰ ਨਕਾਰਨਾ, ਮਨੁੱਖ 'ਤੇ ਮੁਨੱਸਰ। ਕੁਝ ਗਿਆਨ ਵੰਡੀਆਂ ਪਾਉਂਦਾ, ਕੋਈ ਕੰਧਾਂ ਢਾਹੁੰਦਾ। ਕੋਈ ਪਾਉਂਦਾ ਖੂਨ-ਖਰਾਬੇ ਦੀ ਬਾਤ, ਪਰ ਕੁਝ ਮਨ-ਰੂਹਾਂ ਵਿਚ ਉਪਜਾਉਂਦਾ ਜੀਵਨ-ਝਾਤ। ਕੁਝ ਵਿਚ ਹੁੰਦੇ ਚੜ੍ਹਦੇ ਸਵੇਰਿਆਂ ਜਿਹੇ ਜਜ਼ਬਾਤ, ਕੁਝ ਵਿਚ ਹੁੰਦੀ 'ਨੇਰਿਆਂ ਵਿਚ ਲਿਪਟੀ ਰਾਤ। ਕੁਝ ਗਿਆਨ ਏ, ਖੇਤ ਦੀ ਟਾਹਲੀ 'ਤੇ ਲਟਕਦੀ ਲਾਸ਼, ਪਰ ਕੁਝ ਹੈ ਆੜ ਦੇ ਪਾਣੀਆਂ ਵਿਚ ਵੱਗਦੀ ਆਸ। ਕੁਝ ਗਿਆਨ ਖੁਦੀ ਦਾ ਵਿਕਾਸ, ਕੁਝ ਸਰਬੱਤ ਦੇ ਭਲੇ ਦੀ ਅਰਦਾਸ। ਕੁਝ ਗਿਆਨ ਚਾਨਣੀਆਂ ਰਾਤਾਂ ਦੀ ਹੂਕ, ਕੁਝ ਰੁੱਖੜਾਂ ਵਿਚ ਜ਼ਖਮੀ ਪਰਿੰਦੇ ਦੀ ਕੂਕ। ਕੁਝ ਹੁੰਦਾ, ਕੰਡਿਆਂ ਵਿਚ ਪੁੜੇ ਫੁੱਲਾਂ ਦੀ ਚੀਸ, ਕੁਝ ਏ ਫੁੱਲ ਬਣਨ ਦੀ ਰੀਸ। ਕੁਝ ਗਿਆਨ ਹੁੰਦਾ, ਚੌਗਿਰਦੇ ਵਿਚ ਉਗਿਆ ਸੁਰੱਪਣ ਦਾ ਸੁਹਜ, ਕੁਝ ਪੈਦਾ ਕਰਦਾ ਆਲੇ-ਦੁਆਲੇ ਵਿਚ ਕੁਹਜ। ਕੁਝ ਗਿਆਨ ਹੁੰਦਾ ਹਰਫਾਂ ਵਿਚ ਜਗ ਰਹੀ ਜੋਤ, ਕੁਝ ਤਾਂ ਗਿਆਨ ਦੇ ਮਰਸੀਏ ਵਿਚ ਓਤਪੋਤ। ਕੁਝ ਗਿਆਨ ਹੁੰਦਾ ਪੈਰਾਂ ਵਿਚ ਉਗਦੇ ਰਾਹਾਂ ਦਾ ਸਿਰਨਾਵਾਂ, ਕੁਝ ਗਿਆਨ ਦੀ ਖਾਈਆਂ ਵਿਚ ਗੁੰਮੀਆਂ ਜੀਵਨ-ਰਾਹਾਂ। ਕੁਝ ਗਿਆਨ-ਬੀਹੀ ਵਿਚ ਫੱਕਰਾਂ ਦਾ ਨਾਦ, ਕੁਝ ਆਪਣਿਆਂ ਦੀ ਗਲਵੱਕੜੀ ਦਾ ਵਿਸਮਾਦ। ਕੁਝ ਗਿਆਨ ਤਾਰਿਆਂ ਦੀ ਹਾਜ਼ਰੀ ਵਿਚ ਜ਼ਿੰਦਗੀ ਦਾ ਚਿਹਰਾ, ਕੁਝ ਕਾਲਖਾਂ ਦੇ ਸਾਥ ਵਿਚ ਪਸਰ ਰਿਹਾ ਹਨੇਰਾ। ਕੁਝ ਗਿਆਨ ਸਹਿਕਦੇ ਬੋਲਾਂ ਦੀ ਪਰਵਾਜ਼, ਕੁਝ ਗੁੰਮਸੁਦਗੀ ਹੰਢਾ ਰਹੀ ਚੁੱਪ ਦੀ ਅਵਾਜ਼। ਕੁਝ ਗਿਆਨ ਸਾਹਾਂ ਵਿਚ ਘੁੱਲ ਰਹੀਆਂ ਪੌਣ-ਸੁਗੰਧੀਆਂ, ਕੁਝ ਤਾਂ ਖੁਦ ਤੋਂ ਦੁਆਵਾਂ ਮੰਗੀਆਂ। ਕੁਝ ਗਿਆਨ ਭਟਕਣਾ ਨੂੰ ਠਹਿਰ ਜਾਣ ਦਾ ਸੰਕੇਤ, ਕੁਝ ਤਾਂ ਖੁਦ ਨੂੰ ਹੀ ਖੁਦ 'ਚ ਲੈਂਦਾ ਲਪੇਟ।

> ***ਕੇਹਾ ਸੀ ਨਾਨਕ ਸ਼ਾਹ ਫਕੀਰ, ਜੋ ਮੋਢੇ ਬਗਲੀ ਪਾ ਕੇ ਗਿਆਨ ਦਾ ਹੋਕਾ ਦਿੰਦਾ, ਅੰਧੇਰੇ ਰਾਹਾਂ ਵਿਚ ਜੀਵਨ-ਜੋਤ ਜਗਾਉਂਦਾ, ਮਨੁੱਖੀ ਮਾਨਤਾਵਾਂ ਵਿਚ ਜੀਵਨ ਦੀ ਸਮੁੱਚਤਾ ਰੁਸ਼ਨਾਉਂਦਾ, ਉਸਾਰੂ ਤੇ ਸੁਚਾਰੂ ਪੱਖ ਵਡਿਆਉਂਦਾ ਅਤੇ ਭਰਮ-ਭੁਲੇਖੇ ਮਿਟਾਉਂਦਾ, ਇਕ ਅਜਿਹੀ ਜੋਤ ਜਗਾ ਗਿਆ, ਜੋ ਅੱਜ ਵੀ ਚਾਨਣ ਵੰਡੇਂਦੀ ਏ। ਅਜੋਕੇ ਮਨੁੱਖ ਲਈ ਨਾਨਕ-ਸੋਚ ਦੀ ਕਿਰਨ ਅੰਦਰ ਧਰਨ ਜਾਂ ਸੋਚ-ਕਿਣਕਾ ਹੀ ਹਾਸਲ ਕਰਨ ਅਤੇ ਉਨ੍ਹਾਂ ਰਾਹਾਂ 'ਤੇ ਤੁਰਨ ਦੇ ਜੇਰਾ ਕਰਨਾ ਹੀ ਨਾਨਕ-ਗੋਸ਼ਟਿ ਨੂੰ ਸੱਚੀ ਨਤਮਸਤਕਤਾ ਹੋਵੇਗੀ।***

ਗਿਆਨ-ਗੰਗਾ ਜਦ ਮਨ ਦੇ ਮਾਰੂਥਲਾਂ ਵਿਚ ਵੱਗਦੀ ਤਾਂ ਲੱਗ ਜਾਂਦੇ ਭਾਗ। ਹੋ ਜਾਂਦੀਆਂ ਲਹਿਰਾਂ-ਬਹਿਰਾਂ। ਪੱਤਝੱੜ ਵਰਗੇ ਮੌਸਮਾਂ ਵਿਚ ਬਹਾਰਾਂ ਦੀ ਆਮਦ। ਇਹ ਗਿਆਨ-ਗੰਗਾਵਾਂ ਹੀ ਹੁੰਦੀਆਂ, ਜਿਨ੍ਹਾਂ ਨੇ ਮਨੁੱਖੀ ਇਤਿਹਾਸ ਅਤੇ ਵਿਰਾਸਤ ਨੂੰ ਚਾਨਣ-ਰੰਗ ਬਖਸ਼, ਹੁਣ ਤੀਕ ਅਕੀਦਤਯੋਗ ਬਣਾਇਆ ਹੈ। ਗਿਆਨਵਾਨ ਲੋਕ ਹੀ ਹੁੰਦੇ, ਜੋ ਕਿਸੇ ਸਮਾਜ, ਯੁੱਗ, ਵਕਤ ਜਾਂ ਕੌਮ ਦਾ ਸਭ ਤੋਂ ਵੱਡਾ ਸਰਮਾਇਆ। ਜੋ ਕੌਮਾਂ ਇਨ੍ਹਾਂ ਨੂੰ ਆਦਰਯੋਗ ਤੇ ਮਾਣ-ਅਦਬ ਬਖਸ਼ਦੇ ਅਤੇ ਇਨ੍ਹਾਂ ਦੀ ਰਹਿਨੁਮਾਈ ਵਿਚੋਂ ਆਪਣੇ ਰਾਹਾਂ ਦੀ ਨਿਸ਼ਾਨਦੇਹੀ ਕਰਦੀਆਂ, ਉਹ ਇਤਿਹਾਸ ਦੇ ਵਰਕਿਆਂ ਵਿਚ ਸਦਾ ਜਿਉਂਦੀਆਂ।

ਗਿਆਨ ਅਜਿਹੀ ਤਾਕਤ, ਜੋ ਅਸੰਭਵ ਨੂੰ ਸੰਭਵ ਬਣਾਵੇ, ਅਪੂਰਨ ਸੁਪਨਿਆਂ ਦੇ ਨੈਣਾਂ ਵਿਚ ਸੰਪੂਰਨਤਾ ਉਪਜਾਵੇ, ਉਚੇਰੇ ਟੀਚਿਆਂ ਨੂੰ ਪ੍ਰਾਪਤੀ ਦਾ ਰਾਹ ਦਿਖਾਵੇ, ਪਰਬਤਾਂ ਦੀ ਹਿੱਕ ਚੀਰੇ ਅਤੇ ਸੂਕਦੇ ਦਰਿਆਵਾਂ ਥੀਂ ਰਾਹ ਬਣਾਵੇ।

ਗਿਆਨ ਹਮੇਸ਼ਾ ਨਿੱਜੀ, ਕੋਈ ਨਹੀਂ ਵੰਡਾ ਸਕਦਾ। ਧਨ-ਦੌਲਤ ਜਾਂ ਜ਼ਮੀਨ-ਜਾਇਦਾਦ ਵੰਡੀ ਜਾਂ ਖੋਹੀ ਜਾ ਸਕਦੀ, ਪਰ ਗਿਆਨ ਨਹੀਂ। ਗਿਆਨ ਨੂੰ ਕੋਈ ਵੀ ਚੁਰਾ, ਲੁਕੋ, ਧੁੰਦਲਾ ਨਹੀਂ ਸਕਦਾ ਅਤੇ ਨਾ ਹੀ ਕਿਸੇ ਦੇ ਗਿਆਨ 'ਤੇ ਹੱਕ ਜਤਾ ਸਕਦਾ। ਗਿਆਨ ਮਨੁੱਖ ਦਾ ਸੁਰੱਖਿਆ ਕਵਚ, ਜਦੋਂ ਕਿ ਧਨ ਦੀ ਸੁਰੱਖਿਆ ਮਨੁੱਖ ਨੂੰ ਹੀ ਕਰਨੀ

(ਬਾਕੀ ਅਗਲੇ ਸਫੇ 'ਤੇ)

# ਮੇਜਰ ਪ੍ਰਕਾਸ਼ ਸਿੰਘ ਵੀ. ਸੀ.

ਪ੍ਰਕਾਸ਼ ਸਿੰਘ ਦਾ ਜਨਮ 31 ਮਾਰਚ 1913 ਨੂੰ ਪਿੰਡ ਸਰੀਕਾਰ ਜਿਲਾ ਲਾਇਲਪੁਰ ਵਿਚ ਹੋਇਆ ਸੀ। ਪ੍ਰਕਾਸ਼ ਸਿੰਘ ਦਾ ਪਿਤਾ ਆਪਣੀ ਥੋੜ੍ਹੀ ਜਿਹੀ ਜਮੀਨ ਵਿਚ ਖੇਤੀ ਕਰਕੇ ਗੁਜਾਰਾ ਕਰਦਾ ਸੀ। ਪ੍ਰਕਾਸ਼ ਸਿੰਘ ਨੇ 10ਵੀਂ ਤੱਕ ਹੀ ਪੜ੍ਹਾਈ ਕੀਤੀ ਅਤੇ ਸਕੂਲ ਦੀਆਂ ਖੇਡਾਂ ਵਿਚ ਵੀ ਹਿੱਸਾ ਲੈਂਦਾ ਸੀ। ਬੜੀ ਸੁੰਦਰ ਦਿੱਖ ਵਾਲਾ ਪ੍ਰਕਾਸ਼ ਸਿੰਘ 6 ਫੁੱਟ ਉਚਾ ਜਵਾਨ ਸੀ। ਪੁਲਿਸ ਵਿਚ ਭਰਤੀ ਹੋਣਾ ਚਾਹੁੰਦਾ ਸੀ, ਪਰ ਭਰਤੀ ਬੰਦ ਸੀ। ਸੰਨ 1936 ਵਿਚ ਉਹ ਫੌਜ ਵਿਚ ਭਰਤੀ ਹੋ ਗਿਆ। ਭਰਤੀ ਅਫਸਰ ਨੇ ਪ੍ਰਕਾਸ਼ ਸਿੰਘ ਨੂੰ ਫੌਜ ਵਿਚ ਭਰਤੀ ਕਰਕੇ 8 ਪੰਜਾਬ ਰੈਜੀਮੈਂਟਿਲ ਸੈਂਟਰ ਵਿਚ ਭੇਜ ਦਿੱਤਾ। ਉਸ ਨੂੰ ਆਰਮੀ ਨੰਬਰ 14696 ਮਿਲ ਗਿਆ।



ਨਿਰਮਲ ਸਿੰਘ ਕਾਹਲੋਂ
ਫੋਨ: 91-88720-66189
kahlonhayatnagar94@gmail.com

ਰੰਗਰੂਟੀ ਕਰਦੇ ਸਮੇਂ ਪ੍ਰਕਾਸ਼ ਸਿੰਘ ਸੈਂਟਰ ਦੀਆਂ ਖੇਡਾਂ ਵਿਚ ਵੀ ਹਿੱਸਾ ਲੈਂਦਾ ਸੀ। ਰੰਗਰੂਟੀ ਪਿਛੋਂ ਪ੍ਰਕਾਸ਼ ਸਿੰਘ ਦੀ ਬਦਲੀ 5 ਪੰਜਾਬ ਬਟਾਲੀਅਨ (5 ਪੰਜਾਬ) ਵਿਚ ਹੋ ਗਈ। 5 ਪੰਜਾਬ ਬਰੇਨ ਗੰਨ ਕੈਰੀਅਰ ਵਾਲੀ ਬਟਾਲੀਅਨ ਸੀ, ਜਿਸ ਵਿਚ 2 ਕੰਪਨੀਆਂ ਮੁਸਲਮਾਨਾਂ ਦੀਆਂ, ਇਕ ਸਿੱਖਾਂ ਦੀ ਅਤੇ ਇਕ ਕੰਪਨੀ ਹਿੰਦੂ ਜਾਟਾਂ ਦੀ ਸੀ। ਪ੍ਰਕਾਸ਼ ਸਿੰਘ ਬਟਾਲੀਅਨ ਦੀਆਂ ਖੇਡਾਂ ਵਿਚ ਵੀ ਹਿੱਸਾ ਲੈਂਦਾ ਸੀ ਅਤੇ 800 ਮੀਟਰ ਦੌੜ ਵਿਚ ਇਸ ਦਾ ਰਿਕਾਰਡ ਸੀ। ਇਕ ਖਿਡਾਰੀ ਹੋਣ ਕਾਰਨ ਪ੍ਰਕਾਸ਼ ਸਿੰਘ ਬੜੇ ਠੰਡੇ ਸੁਭਾਅ ਦਾ ਵਿਅਕਤੀ ਸੀ। 5 ਪੰਜਾਬ ਬਟਾਲੀਅਨ ਦਾ ਕਮਾਂਡਿੰਗ ਅਫਸਰ (ਸੀ. ਓ.), ਹੋਰ ਅਫਸਰ ਅਤੇ ਸਾਰੇ ਹੀ ਕੰਪਨੀ ਕਮਾਂਡਰ ਅੰਗਰੇਜ਼ ਸਨ।

ਉਸ ਸਮੇਂ 5 ਪੰਜਾਬ ਉਤਰ-ਪੱਛਮ ਦੇ ਇਲਾਕੇ ਵਿਚ ਸੀ। ਪ੍ਰਕਾਸ਼ ਸਿੰਘ 5 ਪੰਜਾਬ ਵਿਚ ਗਿਆ ਹੀ ਸੀ ਕਿ 5 ਪੰਜਾਬ ਨੂੰ ਬਲੋਚਿਸਤਾਨ ਜਾਣ ਦਾ ਹੁਕਮ ਮਿਲ ਗਿਆ। ਬਲੋਚਿਸਤਾਨ ਵਿਚ ਅਫਗਾਨਾਂ ਨੇ 5 ਪੰਜਾਬ ਨੂੰ ਘੇਰ ਲਿਆ। ਇਸ ਲੜਾਈ ਵਿਚ 5 ਪੰਜਾਬ ਦਾ ਇਕ ਕੰਪਨੀ ਕਮਾਂਡਰ ਅਤੇ 60 ਫੌਜੀ, ਜਿਨ੍ਹਾਂ ਵਿਚ ਕਈ ਅਹੁਦੇਦਾਰ (ਹੌਲਦਾਰ) ਵੀ ਸੀ, ਮਾਰੇ ਗਏ।

ਉਸ ਸਮੇਂ ਫੌਜ ਵਿਚ ਪੜ੍ਹੇ-ਲਿਖੇ ਬਹੁਤ ਘੱਟ ਹੁੰਦੇ ਸਨ। ਪ੍ਰਕਾਸ਼ ਸਿੰਘ ਨੇ ਤਰੱਕੀ ਕਰਨ ਲਈ ਫੌਜ ਦੀਆਂ ਸਾਰੀਆਂ ਸ਼ਰਤਾਂ ਪਾਸ ਕਰ ਲਈਆਂ ਅਤੇ ਬਰੇਨ ਗੰਨ ਕੈਰੀਅਰ ਗੱਡੀ ਚਲਾਉਣੀ ਵੀ ਸਿੱਖ ਲਈ। ਬਟਾਲੀਅਨ ਦੇ ਅਹੁਦੇਦਾਰਾਂ ਦੀ ਮੌਤ ਹੋਣ ਕਾਰਨ 5 ਸਾਲ ਦੀ ਨੌਕਰੀ ਦੌਰਾਨ ਤੇ 28 ਸਾਲ ਦੀ ਉਮਰ ਵਿਚ ਹੀ ਪ੍ਰਕਾਸ਼ ਸਿੰਘ ਸਾਲ 1941 ਵਿਚ ਹੌਲਦਾਰ ਬਣ ਗਿਆ।

ਉਸ ਸਮੇਂ ਵਿਸ਼ਵ ਦੀ ਦੂਜੀ ਜੰਗ ਲੱਗੀ ਹੋਈ ਸੀ ਅਤੇ ਜਪਾਨੀਆਂ ਨੇ ਬਰਮਾ ਦੇ ਅਰਾਕਾਨ ਜਿਲੇ ਉਤੇ ਕਬਜਾ ਕਰ ਲਿਆ। ਦਸੰਬਰ 1942 ਨੂੰ ਜਰਨੈਲ ਸਲਿਮ ਨੇ ਫੌਜ ਦੀ 14ਵੀਂ ਡਿਵੀਜ਼ਨ ਨੂੰ ਜਿਲਾ ਅਰਾਕਾਨ ਨੂੰ ਜਪਾਨੀਆਂ ਤੋਂ ਮੁਕਤ ਕਰਵਾਉਣ ਦਾ ਹੁਕਮ ਦੇ ਦਿੱਤਾ। 6 ਜਨਵਰੀ 1943 ਨੂੰ ਫੌਜ ਦੀ 14ਵੀਂ ਡਿਵੀਜ਼ਨ ਨੇ ਸਮੁੰਦਰੀ ਰਸਤੇ ਪਹੁੰਚ ਕੇ ਅਰਾਕਾਨ ਵਿਚ ਜਪਾਨੀ ਫੌਜ ਉਤੇ ਹਮਲਾ ਕਰ ਦਿੱਤਾ। 5 ਪੰਜਾਬ ਦੀ ਸਿੱਖ ਕੰਪਨੀ ਨੂੰ ਅਰਾਕਾਨ ਦੇ ਆਕੂਬ ਦੇ ਇਲਾਕੇ ਨੂੰ ਜਪਾਨੀਆਂ ਤੋਂ ਮੁਕਤ ਕਰਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਆਕੂਬ ਦੇ ਟੁੱਟੇ-ਫੁੱਟੇ ਇਲਾਕੇ ਸਨ, ਵਿਚ ਸਿਰਫ ਬਰੇਨ ਗੰਨ ਕੈਰੀਅਰ ਗੱਡੀਆਂ ਹੀ ਚਲਾਈਆਂ ਜਾ ਸਕਦੀਆਂ ਸਨ।


ਸਿੱਖ ਕੰਪਨੀ ਨੇ ਬੋਲੇ ਸੋ ਨਿਹਾਲ ਦਾ ਜੈਕਾਰਾ ਬੁਲਾ ਕੇ ਆਕੂਬ ਵਿਚ ਜਪਾਨੀਆਂ ਦੀ ਫੌਜ ਉਤੇ ਹਮਲਾ ਕਰ ਦਿੱਤਾ। ਜਪਾਨੀਆਂ ਦੀ ਬੜੀ ਜ਼ਬਰਦਸਤ ਗੋਲਾ ਬਾਰੀ ਹੋ ਰਹੀ ਸੀ। 5 ਪੰਜਾਬ ਦੀ ਬਰੇਨ ਗੰਨ ਕੈਰੀਅਰ ਕੰਪਨੀ ਦਾ ਡਰਾਈਵਰ, ਗੰਨਰ ਤੇ ਕੰਪਨੀ ਕਮਾਂਡਰ ਜ਼ਖਮੀ ਹੋ ਗਏ ਅਤੇ ਉਨ੍ਹਾਂ ਕੋਲ ਗੋਲੀ-ਸਿੱਕਾ ਵੀ ਖਤਮ ਹੋ ਗਿਆ ਸੀ। ਪ੍ਰਕਾਸ਼ ਸਿੰਘ ਇਕ ਹੱਥ ਨਾਲ ਬਰੇਨ ਗੰਨ ਕੈਰੀਅਰ ਅਤੇ ਦੂਜੇ ਹੱਥ ਨਾਲ ਬਰੇਨ ਗੰਨ ਚਲਾਉਂਦਾ ਕੰਪਨੀ ਕਮਾਂਡਰ ਦੀ ਗੱਡੀ ਕੋਲ ਜਾ ਕੇ ਸਾਰੇ ਫੌਜੀਆਂ ਨੂੰ ਉਨ੍ਹਾਂ ਦੀ ਗੱਡੀ ਵਿਚੋਂ ਕੱਢ ਕੇ ਆਪਣੀ ਗੱਡੀ ਵਿਚ ਬਿਠਾ ਲਿਆ। 5 ਪੰਜਾਬ ਦੀਆਂ 2 ਬਰੇਨ ਗੰਨ ਕੈਰੀਅਰ ਗੱਡੀਆਂ ਵੀ ਇਕ ਨਦੀ ਵਿਚ ਡਿੱਗ ਗਈਆਂ। ਜਾਨ ਦੀ ਪ੍ਰਵਾਹ ਨਾ ਕਰਦਿਆਂ ਵਰ੍ਹਦੀ ਗੋਲੀ ਵਿਚ ਆਪਣੀ ਗੱਡੀ ਉਨ੍ਹਾਂ ਕੋਲ ਲੈ ਗਿਆ। ਗੱਡੀ 'ਚੋਂ ਬਾਹਰ ਨਿਕਲ ਕੇ ਦੋਵਾਂ ਗੱਡੀਆਂ ਵਿਚ ਫਸੇ ਹੋਏ ਫੌਜੀਆਂ ਨੂੰ ਗੱਡੀਆਂ ਵਿਚੋਂ ਕੱਢ ਕੇ ਇਨ੍ਹਾਂ ਸਾਰੇ ਫੌਜੀਆਂ ਨੂੰ ਆਪਣੀ ਗੱਡੀ ਵਿਚ ਬਠਾਲ ਕੇ ਸੁਰੱਖਿਅਤ ਥਾਂ ਲੈ ਗਿਆ।

ਉਸੇ ਇਲਾਕੇ ਵਿਚ 19 ਜਨਵਰੀ 1943 ਨੂੰ ਫਿਰ ਪ੍ਰਕਾਸ਼ ਸਿੰਘ ਦੀ ਕੰਪਨੀ ਜਪਾਨੀਆਂ ਦੇ ਘੇਰੇ ਵਿਚ ਆ ਗਈ। ਪ੍ਰਕਾਸ਼ ਸਿੰਘ ਦਾ ਕੰਪਨੀ ਕਮਾਂਡਰ, ਡਰਾਈਵਰ ਅਤੇ ਗੰਨਰ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਵਰ੍ਹਦੀ ਗੋਲੀ ਵਿਚ ਆਪਣੀ ਗੱਡੀ ਨੂੰ ਪ੍ਰਕਾਸ਼ ਸਿੰਘ ਉਨ੍ਹਾਂ ਦੀ ਗੱਡੀ ਕੋਲ ਲੈ ਗਿਆ। ਪ੍ਰਕਾਸ਼ ਸਿੰਘ ਨੇ ਵੇਖਿਆ ਕਿ ਇਹ ਤਾਂ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਹਨ ਅਤੇ ਤੁਰ ਵੀ ਨਹੀਂ ਸਕਦੇ। ਕੰਪਨੀ ਕਮਾਂਡਰ ਨੇ ਪ੍ਰਕਾਸ਼ ਸਿੰਘ ਨੂੰ ਆਖਿਆ, ਅਸੀਂ ਬਚ ਨਹੀਂ ਸਕਦੇ, ਸਾਡੀ ਫਿਕਰ ਨਾ ਕਰ, ਆਪਣੀ ਜਾਨ ਬਚਾ ਲੈ; ਪਰ ਪ੍ਰਕਾਸ਼ ਸਿੰਘ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਵਰ੍ਹਦੀ ਗੋਲੀ ਵਿਚ ਆਪਣੀ ਗੱਡੀ ਵਿਚੋਂ ਨਿਕਲ ਕੇ ਕੰਪਨੀ ਕਮਾਂਡਰ ਦੀ ਗੱਡੀ ਨੂੰ ਸੰਗਲ ਪਾ ਕੇ ਦੋਵੇਂ ਗੱਡੀਆਂ ਨੂੰ ਸੁਰੱਖਿਅਤ ਥਾਂ ਲੈ ਗਿਆ। ਹੌਲਦਾਰ ਪ੍ਰਕਾਸ਼ ਸਿੰਘ ਨੇ ਆਪਣੇ ਕੰਪਨੀ ਕਮਾਂਡਰ, ਫੌਜੀ ਅਤੇ ਦੋ ਗੱਡੀਆਂ ਨੂੰ ਵੀ ਬਚਾ ਲਿਆ।

ਇਸ ਬਹਾਦਰੀ ਕਾਰਨ ਹੌਲਦਾਰ ਪ੍ਰਕਾਸ਼ ਸਿੰਘ ਨੂੰ ਫੌਜ ਦੇ ਸਭ ਤੋਂ ਵੱਡੇ ਪੁਰਸਕਾਰ 'ਵਿਕਟੋਰੀਆ ਕਰਾਸ' (ਵੀ. ਸੀ.) ਨਾਲ ਭਾਰਤ ਦੇ ਵਾਇਸਰਾਇ ਲਾਰਡ ਲਿੰਬੀਲੀਗੋਵ ਨੇ ਲਾਲ ਕਿਲੇ ਵਿਚ ਸਨਮਾਨਿਤ ਕੀਤਾ। ਥੋੜ੍ਹੀ ਦੇਰ ਪਿਛੋਂ ਹੌਲਦਾਰ ਪ੍ਰਕਾਸ਼ ਸਿੰਘ ਨੂੰ ਵਾਇਸਰਾਇ ਨੇ ਜਮਾਂਦਾਰ ਦੀ ਤਰੱਕੀ ਦੇ ਦਿੱਤੀ। ਕੁਝ ਹੀ ਸਮੇਂ ਬਾਅਦ ਪ੍ਰਕਾਸ਼ ਸਿੰਘ ਸੂਬੇਦਾਰ ਬਣ ਗਿਆ। ਇਸ ਬਹਾਦਰੀ ਕਾਰਨ ਪੰਜਾਬ ਸਰਕਾਰ ਨੇ ਵੀ ਪ੍ਰਕਾਸ਼ ਸਿੰਘ ਨੂੰ 61 ਏਕੜ ਜਮੀਨ ਅਲਾਟ ਕਰ ਦਿੱਤੀ। ਪ੍ਰਕਾਸ਼ ਸਿੰਘ ਦਾ ਅਨੰਦ ਕਾਰਜ ਹੋ ਗਿਆ ਸੀ ਅਤੇ ਉਸ ਦੇ ਘਰ 4 ਬੇਟੀਆਂ ਨੇ ਜਨਮ ਲਿਆ।

ਸੰਨ 1947 ਵਿਚ ਪਾਕਿਸਤਾਨ ਬਣ ਗਿਆ। ਪਾਕਿਸਤਾਨ ਵਿਚੋਂ 5 ਪੰਜਾਬ ਦੀ ਸਿੱਖ ਅਤੇ ਹਿੰਦੂ ਕੰਪਨੀ ਭਾਰਤ ਵਿਚ ਆ ਗਈ। ਪਾਕਿਸਤਾਨ ਵਿਚੋਂ 5 ਪੰਜਾਬ ਦੇ ਸਿੱਖ ਫੌਜੀਆਂ ਦੇ ਪਰਿਵਾਰਾਂ ਨੂੰ ਭਾਰਤ ਵਿਚ ਲੈ ਕੇ ਆਉਣ ਦੀ ਜ਼ਿੰਮੇਵਾਰੀ ਸੂਬੇਦਾਰ ਪ੍ਰਕਾਸ਼ ਸਿੰਘ ਨੂੰ ਮਿਲ ਗਈ। ਪ੍ਰਕਾਸ਼ ਸਿੰਘ ਨੇ ਸਾਰੇ ਸਿੱਖ ਫੌਜੀਆਂ ਦੇ ਪਰਿਵਾਰਾਂ ਨੂੰ ਜਲੰਧਰ ਪਹੁੰਚਾ ਦਿੱਤਾ। ਚੜ੍ਹਦੇ ਪੰਜਾਬ ਵਿਚ ਪ੍ਰਕਾਸ਼ ਸਿੰਘ ਨੂੰ 64 ਏਕੜ ਜਮੀਨ ਅਲਾਟ ਹੋ ਗਈ।

ਭਾਰਤ ਵਿਚ ਆ ਕੇ ਪ੍ਰਕਾਸ਼ ਸਿੰਘ ਨੇ ਲੈਫਟੀਨੈਂਟ ਦਾ ਟੈਸਟ ਦਿੱਤਾ ਅਤੇ 1948 ਵਿਚ ਲੈਫਟੀਨੈਂਟ ਬਣ ਗਿਆ। ਪ੍ਰਕਾਸ਼ ਸਿੰਘ ਦੀ 16 ਸਿੱਖ ਰੈਜੀਮੈਂਟ ਵਿਚ ਬਦਲੀ ਹੋ ਗਈ, ਜਿਥੇ ਉਸ ਨੇ 20 ਸਾਲ ਨੌਕਰੀ ਕੀਤੀ। ਤਰੱਕੀ ਕਰਦਾ ਹੋਇਆ ਪ੍ਰਕਾਸ਼ ਸਿੰਘ ਮੇਜਰ ਬਣ ਗਿਆ ਅਤੇ 1968 ਵਿਚ 55 ਸਾਲ ਦੀ ਉਮਰ ਵਿਚ 16 ਸਿੱਖ ਰੈਜੀਮੈਂਟ ਵਿਚੋਂ ਸੇਵਾ ਮੁਕਤ ਹੋ ਗਿਆ। ਪਿਛੋਂ ਉਸ ਨੇ ਬੜਾ ਖੁਸ਼ਹਾਲ ਜੀਵਨ ਬਤੀਤ ਕੀਤਾ, ਪਰ ਉਸ ਨੂੰ ਦਿਲ ਦਾ ਰੋਗ ਲੱਗ ਗਿਆ। 23 ਮਾਰਚ 1991 ਨੂੰ 77 ਸਾਲ ਦੀ ਉਮਰ ਭੋਗ ਕੇ ਲੰਡਨ ਦੇ ਈਲਿੰਗ ਹਸਪਤਾਲ ਵਿਚ ਦਿਲ ਦਾ ਆਪਰੇਸ਼ਨ ਕਰਾਉਂਦੇ ਸਮੇਂ ਉਹ ਪ੍ਰਲੋਕ ਸਿਧਾਰ ਗਿਆ।



ਕੈਪਟਨ ਪ੍ਰਕਾਸ਼ ਸਿੰਘ






ਆਰਮੀ ਨੰਬਰ 14696 ਹੌਲਦਾਰ ਪ੍ਰਕਾਸ਼ ਸਿੰਘ ਅਤੇ (ਸੱਜੇ) ਇਕ ਅੰਗਰੇਜ਼ ਅਫਸਰ ਨਾਲ



ਪ੍ਰਕਾਸ਼ ਸਿੰਘ ਨੂੰ ਸਨਮਾਨਿਤ ਕਰਦੇ ਫੌਜੀ ਕਮਾਂਡਰ ਅਤੇ ਮਹਾਰਾਣੀ ਐਲਿਜਾਬੈਥ



ਜੰਗ-ਏ-ਮੈਦਾਨ 'ਚ ਪ੍ਰਕਾਸ਼ ਸਿੰਘ

# ਗਿਆਨ ਗੋਸ਼ਟਿ

(ਪਿਛਲੇ ਸਫੇ ਦੀ ਬਾਕੀ)

ਪੈਂਦੀ।

ਗਿਆਨ ਅਜਿਹੀ ਜਮਾਂ-ਰਾਸ਼ੀ, ਜੋ ਹਰ ਵਕਤ ਤੁਹਾਨੂੰ ਕੁਝ ਨਾ ਕੁਝ ਦਿੰਦਾ ਰਹਿੰਦਾ। ਇਸੇ ਲਈ ਜੀਵਨ ਦੇ ਹਰ ਖੇਤਰ ਵਿਚ ਵਿਚਰ ਰਹੇ ਵਿਦਿਆਰਥੀ ਆਪਣੇ ਅਧਿਆਪਕ ਨੂੰ ਸਿਜਦਾ ਕਰਦੇ, ਜਿਨ੍ਹਾਂ ਨੇ ਵਡੇਰੀਆਂ ਉਪਲਬਧੀਆਂ ਪ੍ਰਾਪਤ ਕੀਤੀਆਂ ਹੁੰਦੀਆਂ।

ਗਿਆਨ, ਤਜ਼ਰਬਿਆਂ ਦਾ ਜਗਦਾ ਚਿਰਾਗ। ਇਸ ਦੇ ਚਾਨਣ ਵਿਚ ਉਜਿਆਰੇ ਹੋ ਜਾਂਦੇ ਸੋਚ-ਦਰ। ਗਿਆਨ-ਗੁੜਤੀ ਵਿਚੋਂ ਹੀ ਹੁੰਦੀ ਏ ਅਨਾਇਤਾਂ ਦੀ ਬਖਸ਼ਿਸ਼।

ਗਿਆਨ ਲਈ ਕਲਪਣਾ ਦੇ ਖੰਭ ਫੈਲਾਓ, ਸੁਪਨ-ਅੰਬਰ ਵਿਚ ਉਡਾਰੀਆਂ ਲਾਓ, ਗਹਿਰ-ਗੰਭੀਰ ਸੋਚਾਂ ਦੇ ਸਮੁੰਦਰਾਂ ਵਿਚ ਤਾਰੀਆਂ ਲਾਓ ਤਾਂ ਗਿਆਨ, ਗੂੜ੍ਹ-ਗਿਆਨ ਬਣ ਜਾਵੇਗਾ।

ਗਿਆਨ ਹੀ ਦੂਰ ਕਰਦਾ ਹੈ ਡਰ, ਵਹਿਮ, ਭਰਮ, ਫੋਕੇ ਰਸਮ-ਰਿਵਾਜ਼, ਥੋਥੀਆਂ ਕਦਰਾਂ-ਕੀਮਤਾਂ, ਸੌੜੀਆਂ ਵਲਗਣਾਂ, ਧਾਰਮਿਕ ਕੱਟੜਤਾ ਅਤੇ ਫੋਕੀਆਂ ਧਾਰਨਾਵਾਂ ਨੂੰ।

ਗਿਆਨ ਦੀਆਂ ਪਰਤਾਂ ਫਰੋਲੋ, ਅਚੰਭੇ ਮਸਤਕ 'ਤੇ ਦਸਤਕ ਦੇਣਗੇ। ਵਿਲੱਖਣਤਾਵਾਂ ਹੈਰਾਨ ਕਰਨਗੀਆਂ। ਫੈਲਦੇ ਦਿਸਹੱਦਿਆਂ ਵਿਚ ਸੋਚ ਦੇ ਦਾਇਰੇ ਵੀ ਵਸੀਹ ਹੋਣਗੇ, ਪਰ ਗਿਆਨ-ਬਿਰਖ ਦੇ ਮੌਲਣ ਲਈ ਜਰੂਰੀ ਹੈ, ਗਿਆਨ-ਕਿਆਰੀ ਵਿਚੋਂ ਜੰਗਲੀ ਬੂਟੀਆਂ ਨੂੰ ਕੱਢਣਾ।

ਗਿਆਨ ਸਭ ਤੋਂ ਅਮੁੱਲ, ਅਸੀਮਤ ਅਤੇ ਅਟੁੱਟ ਖਜਾਨਾ ਹੀ ਨਹੀਂ, ਸਗੋਂ ਗਿਆਨ ਦਾ ਗਹਿਣਾ ਸਭ ਤੋਂ ਵੱਧ ਸੋਹਣਾ ਤੇ ਸੁੰਦਰ। ਇਸ ਦੀ ਦਿੱਖ ਸਭ ਨੂੰ ਚੁੰਧਿਆਉਂਦੀ। ਇਸ ਕਰਕੇ ਹੀ ਅਮੀਰ ਲੋਕ ਨਿੱਜੀ ਸਹੂਲਤ ਅਤੇ ਸ਼ੁਹਰਤ ਲਈ ਗਿਆਨ ਦੀ ਬੋਲੀ ਲਾਉਂਦੇ, ਪਰ ਅਜਿਹਾ ਗਿਆਨ ਅਰਥਹੀਣ ਅਤੇ ਥੋਥਾ।

ਗਿਆਨ ਦਾ ਵਣਜ, ਵਪਾਰ ਨਹੀਂ ਅਤੇ ਨਾ ਹੀ ਵਪਾਰ ਹੋਣਾ ਚਾਹੀਦਾ। ਇਹ ਸਭ ਤੋਂ ਉਤਮ ਸੇਵਾ, ਜਿਸ ਵਿਚੋਂ ਪੈਦਾ ਹੁੰਦੀ ਏ ਸੁਖਨ-ਸਬੂਰੀ। ਸੁਖਨ-ਸਬੂਰੀ ਨੂੰ ਪੈਸਿਆਂ ਨਾਲ ਨਹੀਂ ਤੋਲਿਆ ਜਾ ਸਕਦਾ।

ਗਿਆਨ ਸਿਰਫ ਪੜ੍ਹਨ ਨਾਲ ਹੀ ਨਹੀਂ ਪ੍ਰਾਪਤ ਹੁੰਦਾ, ਸਗੋਂ ਇਸ ਨੂੰ ਜੀਵਨ-ਜਾਚ ਦਾ ਹਿੱਸਾ ਬਣਾ ਕੇ ਪਾਇਆ ਅਤੇ ਅਪਨਾਇਆ ਜਾ ਸਕਦਾ। ਜੀਵਨ ਦੀ ਕਿਤਾਬ ਵਿਚੋਂ ਹਾਸਲ ਕੀਤਾ ਗਿਆਨ ਕਿਸੇ ਗ੍ਰੰਥ ਵਿਚੋਂ ਨਹੀਂ ਮਿਲਦਾ।

ਗਿਆਨੀਆਂ ਦਾ ਸਾਥ ਕਰੋ। ਇਨ੍ਹਾਂ ਦੀ ਸੰਗਤਾ ਨੂੰ ਮਾਣੋ, ਪਰ ਅਗਿਆਨੀਆਂ ਤੋਂ ਬਚੋ, ਜੋ ਅਡੰਬਰੀ ਧਾਰਨਾਵਾਂ ਨਾਲ ਮਨੁੱਖੀ ਮਾਨਸਿਕਤਾ ਨੂੰ ਵਰਗਲਾ, ਨਿੱਜੀ ਖਾਹਿਸ਼ਾਂ ਦੀ ਪੂਰਤੀ ਕਰਦੇ ਅਤੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ। ਮਨ ਵਿਚ ਸੋਝੀ ਪੈਦਾ ਕਰੋ ਪਰਤਾਂ ਦੀਆਂ ਝੀਤਾਂ 'ਚੋਂ ਦੇਖਣ ਦੀ, ਆਰ-ਪਾਰ ਫੈਲੇ ਹੋਏ ਸਹਿਜ-ਸੱਚ ਨੂੰ ਪਛਾਣਨ ਅਤੇ ਇਸ ਨੂੰ ਆਪਣੀ ਜੀਵਨ-ਸ਼ੈਲੀ ਦੀ ਆਸਥਾ ਤੇ ਉਦਮ ਬਣਾਉਣ ਦੀ।

ਯਾਦ ਰੱਖਣਾ! ਸੱਚਾ-ਸੁੱਚਾ ਗਿਆਨ ਮਨ ਵਿਚ ਤਰੰਗਤਾ ਪੈਦਾ ਕਰ, ਇਸ ਨੂੰ ਮਾਨਸਿਕ ਹੁਲਾਰ, ਰੂਹੀ ਉਡਾਣ ਅਤੇ ਅੰਤਰੀਵੀ ਪਛਾਣ ਵੰਨੀਂ ਤੋਰਦਾ। ਅਜਿਹਾ ਗਿਆਨ, ਸਭ ਦੀ ਗਿਆਨ-ਗੋਦੜੀ ਨੂੰ ਭਰਪੂਰ ਕਰੇ। ਅਜਿਹੀ ਚਾਹਨਾ-ਪੂਰਤੀ ਲਈ ਸ਼ੁਰੂਆਤ ਤਾਂ ਖੁਦ ਹੀ ਕਰੀਏ। ਆਮੀਨ!

# ਬੁਲੰਦ ਤੇ ਸੁਰੀਲੀ ਆਵਾਜ਼ ਵਾਲਾ ਢਾਡੀ ਅਮਰ ਸਿੰਘ ਸ਼ੌਂਕੀ

ਕਲਾ ਪਰਿਕਰਮਾ



ਹਰਦਿਆਲ ਸਿੰਘ ਥੂਹੀ
ਫੋਨ: +91-84271-00341

ਪੰਜਾਬੀ ਲੋਕ ਗਾਇਕੀ ਨੂੰ ਸਾਂਭਣ ਅਤੇ ਇਸ ਦੇ ਭੰਡਾਰ ਨੂੰ ਪ੍ਰਫੁਲਿਤ ਕਰਨ ਵਿਚ ਜਿਨ੍ਹਾਂ ਲੋਕਾਂ ਨੇ ਆਪੋ-ਆਪਣਾ ਯੋਗਦਾਨ ਪਾਇਆ ਹੈ, ਉਨ੍ਹਾਂ ਵਿਚ ਢਾਡੀ ਅਮਰ ਸਿੰਘ ਸ਼ੌਂਕੀ ਦਾ ਨਾਂ ਵਿਸ਼ੇਸ਼ ਸਨਮਾਨ ਦਾ ਹੱਕਦਾਰ ਹੈ। ਜਦੋਂ ਕਦੇ ਵੀ ਲੋਕ ਗਾਥਾਵਾਂ ਦੀ ਗੱਲ ਚੱਲੇਗੀ ਤਾਂ ਸ਼ੌਂਕੀ ਦਾ ਜ਼ਿਕਰ ਆਪ ਮੁਹਾਰੇ ਹੀ ਛਿੜੇਗਾ। ਉਸ ਨੇ ਲੋਕ ਗਾਥਾਵਾਂ ਗਾ ਕੇ ਅਤੇ ਇਨ੍ਹਾਂ ਨੂੰ ਰਿਕਾਰਡ ਕਰਵਾ ਕੇ ਪੰਜਾਬੀ ਲੋਕ ਗਾਇਕਾਂ ਲਈ ਗਾਡੀ ਰਾਹ ਬਣਾਇਆ। ਉਸ ਦੀਆਂ ਗਾਈਆਂ ਰਚਨਾਵਾਂ ਜਦੋਂ ਟਿਕੀ ਰਾਤ ਨੂੰ ਲਾਊਡ ਸਪੀਕਰਾਂ 'ਤੇ ਵੱਜਦੀਆਂ ਤਾਂ ਕੋਠਿਆਂ 'ਤੇ ਬਿਸਤਰਿਆਂ 'ਚ ਪਏ ਲੋਕ ਵਜਦ ਵਿਚ ਆ ਜਾਂਦੇ ਤੇ ਉਸ ਦੇ ਨਾਲ ਹੀ ਇਕ ਸੁਰ ਹੋ ਜਾਂਦੇ:

-ਸਾਹਿਬਾਂ ਵਾਜਾਂ ਮਾਰਦੀ,
ਕਹਿੰਦੀ ਉਠ ਖਾਂ ਮਿਰਜ਼ਾ ਯਾਰ ਵੇ।
-ਮਿਰਜ਼ਾ ਆਖੇ ਸਾਹਿਬਾਂ,
ਤੂੰ ਕਿਉਂ ਹੋਈਓਂ ਦਿਲਗੀਰ।

ਇਸ ਅਵਸਥਾ ਵਿਚ ਜੇ ਕਿਧਰੇ ਅਚਾਨਕ ਲਾਊਡ ਸਪੀਕਰ ਬੰਦ ਹੋ ਜਾਂਦਾ ਸੀ ਤਾਂ ਉਨ੍ਹਾਂ ਦੀ ਹਾਲਤ ਪੁੱਛਿਆਂ ਹੀ ਬਣਦੀ ਸੀ। ਲੋਕ ਗਾਇਕੀ ਦੇ ਇਸ ਥੰਮ੍ਹ ਦਾ ਜਨਮ 15 ਅਗਸਤ 1916 ਨੂੰ ਮੂਲਾ ਸਿੰਘ ਦੇ ਘਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭੱਜਲ ਵਿਖੇ ਹੋਇਆ। 'ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ' ਦੇ ਅਖਾਣ ਅਨੁਸਾਰ ਉਸ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਸਕੂਲੀ ਪੜ੍ਹਾਈ ਕੋਈ ਬਹੁਤੀ ਨਹੀਂ ਕਰ ਸਕਿਆ ਪਰ ਬਾਰਾਂ ਸਾਲ ਦੀ ਉਮਰ ਵਿਚ ਸਿਆਲਕੋਟ ਦੇ ਰਾਗ ਵਿਦਿਆਲੇ ਤੋਂ ਦੋ ਸਾਲ ਦੀ ਰਾਗ ਵਿਦਿਆ ਪ੍ਰਾਪਤ ਕੀਤੀ। ਖੂਬ ਮਿਹਨਤ ਕਰ ਕੇ ਆਪਣੇ ਆਪ ਨੂੰ ਰਾਗ ਨਾਲ ਇਕਮਿਕ ਕਰ ਲਿਆ। ਸ਼ੌਂਕੀ ਨੇ ਸ਼ੁਰੂ ਵਿਚ ਵਾਜੇ (ਹਾਰਮੋਨੀਅਮ) ਅਤੇ ਢੋਲਕ ਨਾਲ ਗਾਇਆ। 'ਪੰਥ ਰੰਗੀਲੇ ਨੇ ਧੁੰਮਾਂ ਦੇਸ ਪੰਜਾਬ 'ਚ ਪਾਈਆਂ' ਉਸ ਦਾ ਢੋਲਕ ਵਾਜੇ ਨਾਲ ਹੀ ਰਿਕਾਰਡ ਹੋਇਆ ਗੀਤ ਹੈ।

ਬਾਅਦ ਵਿਚ ਉਸ ਨੇ ਢਾਡੀ ਗਾਇਕੀ ਵੱਲ ਮੋੜਾ ਪਾ ਲਿਆ। ਢਾਡੀ ਸਰਵਣ ਸਿੰਘ ਖਰੜ ਅੱਛਰਵਾਲ (ਹੁਸ਼ਿਆਰਪੁਰ) ਅਤੇ ਮੋਹਣ ਸਿੰਘ ਬਿੰਡਾ (ਡਰੌਲੀ) ਸਾਰੰਗੀ ਮਾਸਟਰ ਦਾ ਸ਼ੌਂਕੀ ਨੂੰ ਇਸ ਪਾਸੇ ਲਿਆਉਣ ਵਿਚ ਵੱਡਾ ਹੱਥ ਰਿਹਾ। ਬੁਲੰਦ ਤੇ ਸੁਰੀਲੀ ਆਵਾਜ਼ ਸਦਕਾ ਥੋੜ੍ਹੇ ਸਮੇਂ ਵਿਚ ਹੀ ਸ਼ੌਂਕੀ ਦੀ ਪ੍ਰਸਿੱਧੀ ਚੁਫੇਰੇ ਫੈਲ ਗਈ। ਹੁਣ ਤਕ ਕਈ ਢਾਡੀਆਂ ਦੀ ਰਿਕਾਰਡਿੰਗ ਹੋ ਚੁੱਕੀ ਸੀ। ਉਨ੍ਹਾਂ ਦੀ ਪ੍ਰਸਿੱਧੀ ਨੂੰ ਦੇਖ ਕੇ ਸ਼ੌਂਕੀ ਹੁਰਾਂ ਨੇ ਵੀ ਰਿਕਾਰਡਿੰਗ ਵੱਲ ਰੁਖ ਕਰ ਲਿਆ। ਪੰਜਵੇਂ ਦਹਾਕੇ ਦੇ ਵਿਚ ਵਿਚਕਾਰ ਜਿਹੇ ਸੰਸਾਰ ਪ੍ਰਸਿੱਧ ਕੰਪਨੀ ਐਚ.ਐਮ.ਵੀ. ਵਿਚ ਇਨ੍ਹਾਂ ਦੇ ਜਥੇ ਦੀ ਰਿਕਾਰਡਿੰਗ ਸ਼ੁਰੂ ਹੋ ਗਈ। ਇਕੱਠੇ ਚਾਰ ਤਵੇ ਪਹਿਲੀ ਫੇਰੀ ਵਿਚ ਹੀ ਕੰਪਨੀ ਨੇ ਰਿਕਾਰਡ ਕਰ ਲਏ। ਇਨ੍ਹਾਂ ਵਿਚ 'ਏਥੇ ਕੋਈ ਨਾ ਕਿਸੇ ਦਾ ਬੇਲੀ', 'ਜਿਹੜੇ ਪ੍ਰੇਮ ਦੀ ਨਦੀ ਵਿਚ ਤਰਦੇ', 'ਚੜ੍ਹ ਕੇ ਪੌੜੀਆਂ ਦੜਾ ਦੜ ਚੁਬਾਰੇ ਚੜ੍ਹਿਆ', 'ਖੰਡਾ ਖਿੱਚਿਆ ਬਿਧੀ ਚੰਦ ਰਾਠ ਨੇ', 'ਸਾਹਿਬਾਂ ਵਾਜਾਂ ਮਾਰਦੀ', 'ਮਿਰਜ਼ਾ ਆਖੇ ਸਾਹਿਬਾਂ', 'ਆਸ਼ਕਾਂ ਨੂੰ ਮਾਰ ਕਰ ਗਈ' ਅਤੇ 'ਮਹਿੰਦੀ ਮਹਿੰਦੀ ਸਭ ਕੋਈ ਕਹਿੰਦਾ' ਸ਼ਾਮਲ ਸਨ। ਇਹ ਰਿਕਾਰਡਿੰਗ ਮੋਹਣ ਸਿੰਘ ਐਂਡ ਸ਼ੌਂਕੀ ਪਾਰਟੀ ਦੇ ਨਾਂ ਹੇਠ ਹੈ। ਇਨ੍ਹਾਂ ਵਿਚੋਂ 'ਸਾਹਿਬਾਂ ਵਾਜਾਂ ਮਾਰਦੀ' ਸੱਦ ਨਾਲ ਤਾਂ ਸ਼ੌਂਕੀ ਦਾ ਨਾਂ ਪੰਜਾਬ ਦੇ ਕੋਨੇ-ਕੋਨੇ ਵਿਚ ਪਹੁੰਚ ਗਿਆ। ਇਸ ਤੋਂ ਬਾਅਦ ਸ਼ੌਂਕੀ ਹੁਰਾਂ ਦੇ ਉਪਰੋਥਲੀ ਅਨੇਕਾਂ ਤਵੇ ਰਿਕਾਰਡ ਹੋਏ। ਐਚ.ਐਮ.ਵੀ. ਕੰਪਨੀ ਦੇ ਨਾਲ-ਨਾਲ ਕੋਲੰਬੀਆ ਅਤੇ ਦਿ ਟਵਿਨ ਲੇਬਲ ਅਧੀਨ ਵੀ ਸ਼ੌਂਕੀ ਦੀ ਰਿਕਾਰਡਿੰਗ ਮਿਲਦੀ ਹੈ।



ਢਾਡੀ ਅਮਰ ਸਿੰਘ ਸ਼ੌਂਕੀ




ਅਮਰ ਸਿੰਘ ਸ਼ੌਂਕੀ ਦੀ ਇੱਕ ਐਲਬਮ।

ਅਮਰ ਸਿੰਘ ਸ਼ੌਂਕੀ ਨੇ ਕੇਵਲ ਲੋਕ ਗਾਥਾਵਾਂ ਹੀ ਨਹੀਂ ਗਾਈਆਂ ਸਗੋਂ ਹੋਰ ਬਹੁਤ ਸਾਰੇ ਦੇਸ਼ ਪਿਆਰ ਦੇ, ਸਮਾਜਿਕ ਅਤੇ ਧਾਰਮਿਕ ਗੀਤ ਰਿਕਾਰਡ ਕਰਵਾਏ। ਸ਼ੌਂਕੀ ਨੇ ਬਹੁਤ ਸਾਰੇ ਧਾਰਮਿਕ ਪ੍ਰਸੰਗ ਵੀ ਲਿਖੇ। ਉਸ ਦੇ ਲਿਖੇ ਗੀਤਾਂ ਵਿਚ ਪੰਜਾਬ ਦੀ ਧਰਤੀ, ਏਥੋਂ ਦੇ ਗੱਭਰੂ ਮੁਟਿਆਰਾਂ, ਹਾਲੀਆਂ ਪਾਲੀਆਂ, ਰਸਮਾਂ ਰਿਵਾਜਾਂ, ਰੁੱਤਾਂ ਆਦਿ ਦਾ ਭਰਵਾਂ ਜ਼ਿਕਰ ਹੈ। ਉਸ ਦੇ ਲਿਖੇ ਤੇ ਗਾਏ ਗੀਤ ਹਨ:

-ਰਾਂਝਾ ਜੋਗੀ ਬਣ ਗਿਆ,
ਕੰਨੀਂ ਮੁੰਦਰਾਂ ਪਾਈਆਂ
-ਰਾਂਝਾ ਆਖੇ ਹੀਰ ਨੂੰ,
ਗੱਲ ਸੁਣ ਮੁਟਿਆਰੇ
-ਮਿਰਜ਼ਾ ਆਖੇ ਸਾਹਿਬਾਂ
ਗੱਲ ਸੁਣ ਨੀਂ ਪਰੀਏ
-ਸੁਣ ਕੇ ਮਿਰਜ਼ੇ ਦੀ ਗੱਲ
ਸਾਹਿਬਾਂ ਜੱਟੀ ਬੋਲਦੀ
-ਰਾਣੀ ਸੁੰਦਰਾਂ ਦੇ ਮਹਿਲਾਂ ਹੇਠ ਆਣ ਕੇ,
ਪੂਰਨ ਦਿੱਤੀ ਅਲਖ ਜਗਾ
-ਰਾਣੀ ਸੁੰਦਰਾਂ ਬੇਨਤੀ ਕਰਦੀ,
ਜੋਗੀ ਦੀ ਬਾਂਹ ਫੜ ਕੇ
-ਦੋ ਤਾਰਾ ਵੱਜਦਾ ਵੇ,
ਰਾਂਝਣਾ ਨੂਰ ਮਹਿਲ ਦੀ ਮੋਰੀ
-ਵਜਾ ਜੋਗੀਆ ਵੇ, ਰਸ ਭਿੰਨੀਭਿੰਨੀ ਬੀਨ
-ਚਿੱਠੀਆਂ ਦਰਦਾਂ ਦੀਆਂ
-ਚੜ੍ਹਿਆ ਚੇਤ ਚਿੱਤ ਲੱਗੀ ਉਦਾਸੀ
-ਸਾਵਣ ਚੜ੍ਹਿਆ ਤੀਆਂ ਆਈਆਂ
-ਆ ਮੁੰਡਿਆ ਦੇਸ ਪੰਜਾਬ ਦਿਆ
-ਦੁਨੀਆਂ ਮਤਲਬ ਦੀ
ਏਥੇ ਕੋਈ ਨਾ ਕਿਸੇ ਦਾ ਬੇਲੀ

ਅਮਰ ਸਿੰਘ ਸ਼ੌਂਕੀ ਦੇ ਗਾਏ ਧਾਰਮਿਕ ਗੀਤਾਂ ਵਿਚ ਸ਼ਾਮਲ ਹਨ:

-ਛੋਟੇ ਲਾਲ ਦੋ ਪਿਆਰੇ,
ਵਿੱਛੜੇ ਸਰਸਾ ਦੇ ਕਿਨਾਰੇ
-ਨੀਲੇ ਘੋੜੇ ਵਾਲਿਆ
ਵਾਹ ਛੈਲ ਜੁਆਨਾਂ
-ਲੰਘਣਾ ਜੇ ਪ੍ਰੇਮ ਦੀ ਗਲੀ,
ਆਜਾ ਸੀਸ ਨੂੰ ਤਲੀ 'ਤੇ ਧਰ ਕੇ

ਹੋਰ ਅਨੇਕਾਂ ਗੀਤ ਜੋ ਬਜ਼ੁਰਗ ਪੀੜ੍ਹੀ ਦੇ ਮੂੰਹ ਚੜ੍ਹੇ ਹੋਏ ਹਨ, ਉਹ ਇਨ੍ਹਾਂ ਰਾਹੀਂ ਅੱਜ ਵੀ ਸ਼ੌਂਕੀ ਨੂੰ ਯਾਦ ਕਰਦੇ ਰਹਿੰਦੇ ਹਨ। ਪੰਜਾਬ ਦੇ ਢਾਡੀਆਂ ਵਿਚ ਸ਼ੌਂਕੀ ਦਾ ਸਥਾਨ ਮੂਹਰਲੀ ਕਤਾਰ ਵਿਚ ਰਿਹਾ ਹੈ। ਇਕ ਢਾਡੀ ਵਜੋਂ ਪੰਜਾਬ ਦੀ ਧਾਰਮਿਕ ਵਿਰਾਸਤ ਨੂੰ ਸਾਂਭਣ ਵਿਚ ਸ਼ੌਂਕੀ ਨੇ ਵੱਡਮੁੱਲਾ ਹਿੱਸਾ ਪਾਇਆ ਹੈ। ਜਦੋਂ ਵੀ ਢਾਡੀ ਇਤਿਹਾਸ ਦੀ ਗੱਲ ਚੱਲੇਗੀ ਤਾਂ ਸ਼ੌਂਕੀ ਦੇ ਜ਼ਿਕਰ ਤੋਂ ਬਿਨਾ ਇਹ ਅਧੂਰੀ ਰਹੇਗੀ। ਸ਼ੌਂਕੀ ਨੂੰ ਢਾਡੀ ਰਾਗ ਦੀਆਂ ਬਰੀਕੀਆਂ ਦੀ ਪੂਰੀ ਸਮਝ ਸੀ। ਇਸ ਲਈ ਉਸ ਨੇ ਇਸ ਨਾਲ ਸਬੰਧਤ ਹਰ ਤਰਜ਼ ਦੇ ਤੇ ਹਰ ਰੰਗ ਦੇ ਗੀਤ ਲਿਖੇ ਤੇ ਗਾਏ। ਸ਼ੌਂਕੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਮੌਲਿਕਤਾ ਹੈ। ਠੇਠ ਮੁਹਾਵਰੇ ਵਾਲੀ ਸਾਦਾ ਤੇ ਸਰਲ ਬੋਲੀ ਉਸ ਦੀ ਸ਼ਾਇਰੀ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ।

ਜਦੋਂ ਵੀ ਕਿਧਰੇ ਪਤਾ ਲੱਗਦਾ ਸੀ ਕਿ ਫਲਾਣੇ ਪਿੰਡ ਸ਼ੌਂਕੀ ਆ ਰਿਹਾ ਹੈ ਤਾਂ ਲੋਕ ਵਹੀਰਾਂ ਘੱਤ ਕੇ ਤੁਰ ਪੈਂਦੇ ਸਨ ਤੇ ਅਖਾੜੇ ਤੋਂ ਮਗਰੋਂ ਕਈ ਕਈ ਦਿਨ ਚਰਚਾ ਹੁੰਦੀ ਰਹਿੰਦੀ ਸੀ, ਬਈ ਸ਼ੌਂਕੀ, ਸ਼ੌਂਕੀ ਈ ਐ।

ਸ਼ੌਂਕੀ ਨੂੰ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਅਤੇ ਪੰਜਾਬ ਨਾਲ ਅੰਤਾਂ ਦਾ ਮੋਹ ਸੀ। ਉਸ ਨੇ ਲਗਭਗ ਪੰਜਾਹ ਸਾਲ ਸ਼ਾਇਰੀ ਅਤੇ ਗਾਇਕੀ ਨਾਲ ਮਾਂ ਬੋਲੀ ਦੀ ਸੇਵਾ ਕੀਤੀ। ਸਿਰਫ ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ ਵਿਚ ਜਾ ਕੇ ਵੀ ਪੰਜਾਬੀ ਸਭਿਆਚਾਰ ਤੇ ਪੰਜਾਬੀ ਬੋਲੀ ਦਾ ਪ੍ਰਚਾਰ ਕੀਤਾ। ਉਹ ਆਪਣੇ ਜਥੇ ਸਮੇਤ 1980 ਵਿਚ ਇੰਗਲੈਂਡ ਗਿਆ। ਉਥੇ ਆਪਣੀ ਕਲਾ ਦੇ ਜੌਹਰ ਦਿਖਾ ਕੇ ਵਾਹਵਾਹ ਖੱਟੀ ਤੇ ਪੰਜਾਬ ਦਾ ਸਿਰ ਉੱਚਾ ਕੀਤਾ। ਉਹ ਇਕ ਸਾਦਾ ਸੁਭਾਅ ਵਾਲਾ, ਸਾਫ ਦਿਲ ਤੇ ਫੱਕਰ ਕਲਾਕਾਰ ਸੀ। ਉਸ ਨੂੰ ਕਿਸੇ ਕਲਾਕਾਰ ਨਾਲ ਸਾੜਾ ਜਾਂ ਈਰਖਾ ਨਹੀਂ ਸੀ, ਸਗੋਂ ਉਹ ਕਲਾਕਾਰਾਂ ਦੀ ਕਦਰ ਕਰਦਾ ਸੀ। ਉਸ ਦਾ ਆਪਣਾ ਜ਼ਿੰਦਗੀ ਦਾ ਇਕ ਨਜ਼ਰੀਆ ਸੀ ਜਿਸ ਅਨੁਸਾਰ ਉਹ ਜਿਉਣਾ ਲੋਚਦਾ ਸੀ ਤੇ ਜੀਵਿਆ ਵੀ। ਉਹ ਕਹਿੰਦਾ ਸੀ:

ਦੋ ਦਿਨ ਘੱਟ ਜਿਉਣਾ ਪਰ ਜਿਉਣਾ ਅਣਖ ਦੇ ਨਾਲ
ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜ੍ਹਕ ਦੇ ਨਾਲ

ਸ਼ੌਂਕੀ ਦੀ ਇਹ ਤਮੰਨਾ ਸੀ ਕਿ ਉਹ ਆਪਣੇ ਲਿਖੇ ਗੀਤਾਂ ਨੂੰ ਹੋਰ ਵੱਧ ਰਿਕਾਰਡ ਕਰਵਾਏ ਅਤੇ ਉਨ੍ਹਾਂ ਨੂੰ ਕਿਤਾਬੀ ਰੂਪ ਦੇਵੇ, ਪਰ 14 ਅਗਸਤ 1981 ਨੂੰ 65 ਸਾਲਾਂ ਦੀ ਉਮਰ ਪੂਰੀ ਕਰ ਕੇ ਪੰਜਾਬ ਦਾ ਇਹ ਅਨਮੋਲ ਹੀਰਾ ਸਾਥੋਂ ਸਦਾ ਲਈ ਖੁੱਸ ਗਿਆ। ਇਸ ਵੇਲੇ ਉਸ ਦੇ ਤਿੰਨ ਪੁੱਤਰਾਂ ਵਿਚੋਂ ਇਕ ਸਵਰਾਜ ਸਿੰਘ ਸ਼ੌਂਕੀ ਰੱਬ ਨੂੰ ਪਿਆਰਾ ਹੋ ਗਿਆ, ਦੂਜਾ ਪਰਗਟ ਸਿੰਘ ਆਪਣੇ ਪਿਤਾ ਦੇ ਪਾਏ ਪੂਰਨਿਆਂ 'ਤੇ ਚੱਲਦਾ ਹੋਇਆ ਢਾਡੀ ਕਲਾ ਨਾਲ ਜੁੜਿਆ ਰਿਹਾ ਹੈ ਅਤੇ ਸਾਲ 2016 ਵਿਚ ਉਸ ਦੀ ਮੌਤ ਹੋ ਗਈ। ਇਸ ਪਰਿਵਾਰ ਵਿਚੋਂ ਸ਼ੌਂਕੀ ਦਾ ਪੋਤਰਾ (ਪੁੱਤਰ ਪਰਗਟ ਸਿੰਘ) ਇਸ ਖੇਤਰ ਵਿਚ ਕੋਸ਼ਿਸ਼ ਕਰ ਰਿਹਾ ਹੈ। ਸਾਰਿਆਂ ਤੋਂ ਛੋਟਾ ਪੁੱਤਰ ਜਸਪਾਲ ਸਿੰਘ ਸ਼ੌਂਕੀ ਅਧਿਆਪਕ ਵਜੋਂ ਆਪਣੇ ਫਰਜ਼ ਨਿਭਾ ਰਿਹਾ ਹੈ।

ਕਈ ਸਾਲ ਪਹਿਲਾਂ ਢਾਡੀ ਅਮਰ ਸਿੰਘ ਸ਼ੌਂਕੀ ਯਾਦਗਾਰੀ ਟਰੱਸਟ, ਮਹਿਲਪੁਰ ਸਥਾਪਿਤ ਹੋਇਆ ਸੀ। ਇਸ ਟਰੱਸਟ ਦਾ ਮੰਤਵ ਸ਼ੌਂਕੀ ਦੀਆਂ ਕਿਰਤਾਂ ਨੂੰ ਸਾਂਭਣਾ ਅਤੇ ਲੋਕਾਂ ਤਕ ਪਹੁੰਚਾਉਣਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਟਰੱਸਟ ਨੇ ਕੁਝ ਪ੍ਰੋਗਰਾਮ ਵੀ ਕਰਵਾਏ। ਬਾਅਦ ਵਿਚ ਆਪਸੀ ਖਿੱਚੋਤਾਣ ਕਾਰਨ ਟਰੱਸਟ ਕੋਈ ਜ਼ਿਕਰਯੋਗ ਪ੍ਰਾਪਤੀ ਨਹੀਂ ਕਰ ਸਕਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਸਤੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-445



*ਪੜ੍ਹ ਕੇ ਸੁਣਾਵੇ ਪਹਿਲਾ ਦੂਜੇ ਤਾਈਂ ਪੱਤਰੇ।
ਛੱਡੀ ਨਾ ਕਿਤਾਬ ਭਾਵੇਂ ਹੋਏ ਨੇ ਬਹੱਤਰੇ!*

## ਕੈਪਸ਼ਨ ਮੁਕਾਬਲਾ-443



ਨਾ ਮੈਂ ਕਦੇ ਦਿਖਾਵਾ ਕੀਤਾ
ਨਾ ਮੇਰੇ ਵਿਚ ਹਉਮੈ ਆਈ।
ਬਾਬੇ ਦੇ ਲੱਗ ਆਖੇ ਮੈਂ ਤਾਂ
ਦਸਾਂ ਨਹੁੰਆਂ ਦੀ ਕਰਾਂ ਕਮਾਈ।
*-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222*

---

ਤਿਆਰ-ਬਰ-ਤਿਆਰ ਸਦਾ
ਪੁੱਤ ਦਸ਼ਮੇਸ਼ ਦਾ,
ਦਸਾਂ ਨਹੁੰਆਂ ਦੀ ਕਿਰਤ ਹੈ
ਅਸੂਲ ਹਮੇਸ਼ ਦਾ।
ਕਰੀਏ ਕਮਾਈ ਨੇਕ
ਤੇ ਦਸਵੰਧ ਵੀ ਹੈ ਕੱਢਣਾ,
ਗੁਰਾਂ ਨੇ ਸਿਖਾਇਆ ਸਾਨੂੰ
ਵੰਡ ਕੇ ਹੈ ਛਕਣਾ।
*-ਸੇਵਾ ਸਿੰਘ ਨੂਰਪੁਰੀ*

---

ਕਿਰਤ ਕਰਨੀ ਤੇ ਵੰਡ ਕੇ ਖਾਣਾ,
ਮੇਰੇ ਰਹਿਬਰਾਂ ਦਾ ਫੁਰਮਾਨ ਹੈ।
ਜਾਤ ਪਾਤ-ਮਜ਼੍ਹਬਾਂ ਤੋਂ ਉਪਰ,
ਕੰਮ ਹੀ ਮੇਰੀ ਪਹਿਚਾਣ ਹੈ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ
ਫੋਨ: 91-94176-49275*

---

ਚੁਸਤ ਫੁਰਤ ਤੇ ਹਿੰਮਤੀ ਬਾਬਾ
ਰੂਪ ਖਾਲਸਾ ਕਕਾਰ ਸਜਾਕੇ।
ਰਹਿਤ ਬਹਿਤ ਵਿਚ ਪੂਰਾ ਲੱਗੇ
ਕਰੇ ਮਿਹਨਤ ਮਨ ਚਿੱਤ ਲਾ ਕੇ।
ਕਿਰਤ ਕਰੋ ਤੇ ਵੰਡ ਛਕੋ
ਕਹਿੰਦਾ ਲਗਦਾ ਅਵਾਜ਼ ਲਗਾ ਕੇ।
ਹੱਕ-ਸੱਚ 'ਤੇ ਪਹਿਰਾ ਦੇਵੋ
ਪੜ੍ਹੋ ਬਾਣੀ ਵੀ ਧਿਆਨ ਲਗਾ ਕੇ।
*-ਕੇਵਲ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)*

---

ਹੱਡ ਭੰਨਵੀਂ ਮਿਹਨਤ ਕਰਦਾਂ
ਪਹੁ ਫੁੱਟਦੇ ਹੀ ਖੇਤ ਨੂੰ ਆਉਂਦਾਂ।
ਮੋਢੇ ਕਹੀ, ਵੱਟ-ਬੰਨੇ ਗੇੜਾ ਲਾ ਕੇ
ਨੱਕੇ ਮੋੜ ਪਾਣੀ ਮੈਂ ਲਾਉਂਦਾਂ।
ਦਾਤੀ ਚੁੱਕ, ਹੱਥੀਂ ਪੱਠੇ ਵੱਢਦਾਂ
ਤ੍ਰਿਕਾਲਾਂ ਵੇਲੇ, ਘਰ ਨੂੰ ਚਾਲੇ ਪਾਉਂਦਾਂ।
ਪਿਓ, ਦਾਦੇ ਤੋਂ ਕਿਰਤ ਦਾ ਵਿਰਸਾ,
ਮਨੋਂ ਨਾ ਮੈਂ ਕਦੇ ਭੁਲਾਉਂਦਾਂ।
*-ਦਵਿੰਦਰ ਕੌਰ*

---

ਤੱਤ ਖਾਲਸੇ ਬਿਨ ਪੰਜਾਬ
ਪੰਜਾਬ ਹੀ ਨਹੀਂ ਲੱਗਦਾ।
ਕਿਰਤ ਕਮਾਈ ਲਈ
ਤਿਆਰ-ਬਰ-ਤਿਆਰ
ਚੜ੍ਹਦੀ ਕਲਾ 'ਚ ਰਹੇ ਹਮੇਸ਼ਾ ਫੱਬਦਾ।
ਜੰਗ ਦੇ ਮੈਦਾਨ 'ਚ ਦੇਸ਼ ਲਈ
ਮੂਹਰੇ ਹੋ ਕੇ ਮਰਦਾ।
ਸ਼ਕਲੋਂ ਭਾਵੇਂ ਖੌਫ ਖਾਵੇ ਹਰ ਕੋਈ
ਸੰਤ ਸਿਪਾਹੀ ਹੋ ਕੇ ਸਭ ਕੁਝ
ਆਪੇ ਪਿੰਡੇ 'ਤੇ ਜਰਦਾ।
*-ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾ, ਪਟਿਆਲਾ।
ਫੋਨ: 91-98784-69639*

---

ਸਬਕ ਸਿੱਖੋ ਉਸ ਇਨਸਾਨ ਤੋਂ
ਹੱਡਬੀਤੀ ਦਾ ਪੈਗਾਮ ਹੈ ਜੋ ਦੇ ਰਿਹਾ।
ਖੁਦ ਹੀ ਚਾਰਾ ਕੱਟਦਾ ਦਾਤੀ ਨਾਲ
ਹਲਟ ਹੱਕੇ ਖੁਦ ਹੀ ਭੱਜ ਕੇ
ਕਹੀ ਨਾਲ ਨੱਕੇ ਵੀ ਮੋੜਦਾ।
ਮਾਰਦਾ ਚੋਟ ਉਨ੍ਹਾਂ 'ਤੇ ਜੋ ਹਨ ਬੇਹਿੰਮਤੇ
ਦਿਲ ਢਾਹ ਢੇਰੀ ਬੈਠ ਜਾਂਦੇ ਹਨ ਜੋ
ਕਿਸੇ ਹੋਰ ਸਹਾਰੇ ਦੀ ਉਡੀਕ 'ਚ।
ਮਿਹਨਤ ਹੱਡ ਤੋੜਦੀ ਨਹੀਂ
ਹੱਡ ਸਥਿਰ ਹੈ ਕਰਦੀ।
ਹਿੰਮਤ, ਸਿਰੜ ਦਾ ਹੋਕਾ
ਇਹੀ ਕਿਸਾਨ ਦੇ ਰਿਹਾ।
*-ਦਰਸ਼ਨ ਪਾਲ ਦੋਸਾਂਝ*

---

ਜ਼ਿੰਦਗੀ ਮੇਰੀ ਦਾ ਚੱਲ ਰਿਹਾ
ਆਖਿਰੀ ਇਹ ਪੜਾਅ,
ਹੁਣ ਵੀ ਜ਼ਮੀਨ ਮੈਨੂੰ ਮੇਰੀ ਮਾਂ ਲੱਗਦੀ
ਦੇਖਦੇ ਹੀ ਚੜ੍ਹ ਜਾਂਦਾ ਚਾਅ।
ਮੇਰੀ ਮਿਹਨਤ ਸਦਕਾ
ਵਸਦੀ ਹਰੀ ਭਰੀ, ਭਾਰਤ ਮਾਤਾ,
ਹੱਡ ਭੰਨਵੀਂ ਮਿਹਨਤ ਕਰਦਾਂ
ਤਾਂ ਹੀ ਅਖਵਾਵਾਂ ਅੰਨਦਾਤਾ।
*-ਵਿਨੋਦ ਗਰਗ
ਫੋਨ: 91-98763-71788*

---

ਮਿਹਨਤ ਕਰ ਕੇ ਖਾਣਾ
ਗੁਰਾਂ ਦਾ ਬਾਣਾ ਪਾਉਣਾ।
ਹੱਥ ਕਾਰ ਵੱਲ, ਚਿੱਤ ਯਾਰ ਵੱਲ
ਇਹੋ ਹੈ ਕਰ ਕੇ ਦਿਖਾਉਣਾ।
*-ਇੰਦਰਜੀਤ ਮੰਗਾ
ਪਿਟਸਬਰਗ, ਕੈਲੀਫੋਰਨੀਆ।*

# ਭੁਗਤਿ ਗਿਆਨੁ ਦਇਆ ਭੰਡਾਰਣਿ

**ਗੁਰਬਾਣੀ ਵਿਆਖਿਆ**

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਗੁਰੂ ਨਾਨਕ ਨੇ ਜਪੁਜੀ ਵਿਚ ਨਾਥ ਜੋਗੀਆਂ ਦੇ ਸਬੰਧ ਵਿਚ ਕੇਵਲ 'ਮੁੰਦਾ ਸੰਤੋਖੁ ਸਰਮ ਪਤੁ' ਵਾਲੀ ਇਕੋ ਪਉੜੀ ਨਹੀਂ ਲਿਖੀ, ਸਗੋਂ ਉਨ੍ਹਾਂ ਬਾਰੇ ਕਈ ਹੋਰ ਪਉੜੀਆਂ ਵੀ ਲਿਖੀਆਂ ਹਨ। ਇਨ੍ਹਾਂ ਵਿਚੋਂ ਇਹ ਛੇ ਤਾਂ ਇਕੋ ਥਾਂ ਹਨ। ਇਨ੍ਹਾਂ ਪਉੜੀਆਂ ਵਿਚ ਗੁਰੂ ਸਾਹਿਬ ਨੇ ਨਾਥ-ਮੱਤ ਦਾ ਸੰਕਲਪ ਤੇ ਸ਼ਬਦਾਵਲੀ ਵਰਤ ਕੇ ਉਨ੍ਹਾਂ ਪ੍ਰਤੀ ਅਹਿਮ ਸੁਧਾਰਵਾਦੀ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਕਟਾਕਸ਼-ਭਰਪੂਰ ਸੁਝਾਵਾਂ ਵਿਚ ਉਨ੍ਹਾਂ ਨੇ ਨਾ ਸਿਰਫ ਉਸ ਮੱਤ ਦੇ ਪਾਖੰਡਾਂ ਦਾ ਨਿਖੇਧ ਕੀਤਾ, ਸਗੋਂ ਆਪਣੇ ਸਿੱਖਾਂ ਨੂੰ ਵੀ ਵਡਮੁੱਲੀ ਸੇਧ ਦਿੱਤੀ। ਸਮਾਜ ਦੀਆਂ ਪ੍ਰਚਲਿਤ ਵਿਚਾਰਧਾਰਾਵਾਂ, ਖਾਸ ਕਰ ਕੇ ਉਨ੍ਹਾਂ ਦੇ ਪ੍ਰਤੀਨਿਧੀ ਪੈਰੋਕਾਰਾਂ ਨਾਲ ਟਕਰਾਵੇਂ ਦਾਰਸ਼ਨਿਕ ਸੰਵਾਦ ਰਚਾ ਕੇ ਆਪਣੀ ਗੱਲ ਨੂੰ ਬਲ-ਪੂਰਵਕ ਕਹਿਣਾ ਫਲਸਫੇ ਦੀ ਇਕ ਬੜੀ ਹੀ ਰਚਨਾਤਮਿਕ ਤੇ ਪ੍ਰਭਾਵਸ਼ਾਲੀ ਵਿਧੀ ਰਹੀ ਹੈ।

ਅਰਸਤੂ ਨੇ ਪਲੈਟੋ ਨੂੰ, ਕਾਰਲ ਮਾਰਕਸ ਨੇ ਪਰੂਧਾਂ, ਬਰੂਨੋ ਬਾਵਰ ਤੇ ਫਾਰਬਾਖ ਨੂੰ ਅਤੇ ਲੈਨਿਨ ਨੇ ਆਰਨਸਟ ਮਾਖ ਤੇ ਟਰਾਸਕੀ ਨੂੰ ਇਸੇ ਤਰ੍ਹਾਂ ਕਰੜੇ ਹੱਥੀਂ ਲਿਆ ਸੀ ਤੇ ਉਨ੍ਹਾਂ ਦੇ ਪ੍ਰਤੀਪੇਖ ਵਿਚ ਆਪਣੇ ਨਰੋਏ ਵਿਚਾਰ ਰੱਖੇ ਸਨ। ਗੁਰੂ ਨਾਨਕ ਸਾਹਿਬ ਦੀਆਂ ਸਿੱਧ-ਸੰਧਰਭੀ ਪਉੜੀਆਂ ਵੀ ਇਸੇ ਰਵਾਇਤ ਦਾ ਹਿੱਸਾ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਸਮਕਾਲੀ ਸਿੱਧ ਪ੍ਰਥਾ ਤੇ ਮੰਨੂਵਾਦ ਦੇ ਆਗੂਆਂ ਨੂੰ ਸੱਚ ਦਾ ਪਾਠ ਪੜ੍ਹਾਇਆ ਸੀ। ਅਜੋਕੇ ਸਿੱਖਾਂ, ਖਾਸ ਤੌਰ 'ਤੇ ਵਿਦਵਾਨਾਂ ਲਈ ਇਹ ਵਿਸ਼ੇਸ਼ ਧਿਆਨ ਤੇ ਮਾਣ ਵਾਲੀ ਵਾਲੀ ਗੱਲ ਹੈ ਕਿ ਉਨ੍ਹਾਂ ਦਾ ਗਿਆਨ-ਗੁਰੂ ਸੰਸਾਰ ਦੇ ਉਨ੍ਹਾਂ ਚੋਣਵੇਂ ਵਿਦਵਾਨਾਂ ਵਿਚੋਂ ਇਕ ਹੈ, ਜਿਨ੍ਹਾਂ ਨੇ ਇਹ ਰੌਚਕ ਤੇ ਨਰੋਈ ਵਿਧੀ ਅਪਨਾਈ ਸੀ।

ਜਪੁਜੀ ਦੀ ਉਣੱਤੀਵੀਂ ਪਉੜੀ ਵਿਚ ਗੁਰੂ ਸਾਹਿਬ ਨੇ ਇਸ ਵਿਧੀ ਰਾਹੀਂ ਗਿਆਨ ਦੇ ਸੰਕਲਪ ਦੀ ਮਹਿਮਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗਿਆਨ ਪ੍ਰਾਪਤ ਕਰਨਾ ਮਨੁੱਖ ਦੇ ਜੀਵਨ ਦਾ ਮੂਲ ਮਨੋਰਥ ਹੈ ਤੇ ਹੋਰ ਸਭ ਕੰਮ ਵਾਧੂ (Peripheral) ਕਾਰਜ ਹਨ। ਨਾਥ ਜੋਗੀਆਂ ਤੇ ਸਿੱਧਾਂ ਲਈ ਵੀ ਗਿਆਨ ਪ੍ਰਾਪਤੀ ਇਕ ਕੇਂਦਰੀ ਮੁੱਦਾ ਸੀ, ਪਰ ਉਨ੍ਹਾਂ ਦਾ 'ਗਿਆਨ' ਵਿਧੀ ਵਿਧਾਨ ਤੋਂ ਭਟਕੇ ਮਨੁੱਖ ਦਾ ਗਿਆਨ ਸੀ। ਉਨ੍ਹਾਂ ਦਾ ਗਿਆਨ ਕਾਲੇ ਜਾਦੂ (Occult Arts) ਰਾਹੀਂ ਰਿਧੀਆਂ ਸਿਧੀਆਂ ਪ੍ਰਾਪਤ ਕਰਨ ਵਾਲਾ ਸੀ। ਉਹ ਸਮਝਦੇ ਸਨ ਕਿ ਕੁਦਰਤ ਦੇ ਨਿਯਮ ਵਸ ਕੀਤੇ ਜਾ ਸਕਦੇ ਹਨ ਤੇ ਇਸ ਦੀਆਂ ਸ਼ਕਤੀਆਂ ਨੂੰ ਮਨੁੱਖੀ ਹੱਥਾਂ ਵਿਚ ਲਿਆ ਜਾ ਸਕਦਾ ਹੈ। ਉਨ੍ਹਾਂ ਦਾ ਖਿਆਲ ਸੀ, ਮ੍ਰਿਤਕ ਲੋਕਾਂ ਦੀਆਂ ਰੂਹਾਂ (Souls), ਜੋ ਮੁਕਤੀ ਨਾ ਮਿਲਣ ਕਾਰਨ ਫਿਜ਼ਾ ਵਿਚ ਘੁੰਮਦੀਆਂ ਰਹਿੰਦੀਆਂ ਹਨ, ਨੂੰ ਅਜਿਹੇ ਕੰਮ ਕਰਨ ਲਈ ਬੁਲਾਇਆ (Invoke) ਜਾ ਸਕਦਾ ਹੈ; ਪਰ ਉਨ੍ਹਾਂ ਅਨੁਸਾਰ ਇਸ ਕਾਰਜ ਲਈ ਘੋਰ ਤਪੱਸਿਆ ਦੀ ਲੋੜ ਹੈ, ਜੋ ਅਣ-ਮਨੁੱਖੀ ਤਸੀਹੇ (Inhuman self-inflictions) ਝੱਲ ਕੇ ਤੇ ਗੈਰ-ਕੁਦਰਤੀ ਕਾਰਜ ਕਰ ਕੇ ਹੀ ਕੀਤੀ ਜਾ ਸਕਦੀ ਹੈ।

ਇਨ੍ਹਾਂ ਤਸੀਹਿਆਂ ਵਿਚ ਦੁਪਹਿਰੇ ਦੀ ਕੜਕਦੀ ਧੁਪ ਵਿਚ ਤਪਦੇ ਰੇਤ 'ਤੇ ਬੈਠ ਕੇ ਤਪੱਸਿਆ ਕਰਨੀ, ਭਖਦੇ ਧੂਣਿਆਂ ਵਿਚਕਾਰ ਨੰਗੇ ਧੜ ਬੈਠ ਕੇ ਸਮਾਧੀ ਲਾਉਣੀ, ਰਾਤ-ਰਾਤ ਭਰ ਕਿਸੇ ਨਦੀ ਦੇ ਠੰਡੇ ਪਾਣੀ ਵਿਚ ਖੜ੍ਹੇ ਰਹਿ ਕੇ ਠੰਡ, ਸਲ੍ਹਾਬੇ, ਹਨੇਰੇ, ਹੜ੍ਹ ਤੇ ਜੰਗਲੀ ਜਾਨਵਰਾਂ ਆਦਿ ਦੇ ਭੈ ਨੂੰ ਝੇਲਦਿਆਂ ਅੰਤਰ-ਧਿਆਨ ਹੋਣਾ, ਸ਼ਾਮਲ ਸਨ। ਕਈਆਂ ਨੂੰ ਤਾਂ ਬੇਹੋਸ਼ੀ ਦੀ ਹਾਲਤ ਵਿਚ ਚੁੱਕ ਕੇ ਲਿਆਉਣਾ ਪੈਂਦਾ ਸੀ ਤੇ ਬਚਾਉਣ ਹਿੱਤ ਕਈਆਂ ਨੂੰ ਠੰਡਾ ਤੇ ਕਈਆਂ ਨੂੰ ਗਰਮ ਕਰਨਾ ਪੈਂਦਾ ਸੀ। ਇਸ ਤੋਂ ਇਲਾਵਾ ਉਹ ਭੁੱਖੇ ਰਹਿ ਕੇ, ਮੋਨ ਰਹਿ ਕੇ, ਇਕਾਂਤਵਾਸ ਵਿਚ ਰਹਿ ਕੇ, ਕੰਡਿਆਂ ਜਾਂ ਕਿੱਲਾਂ 'ਤੇ ਲੇਟ ਕੇ ਤੇ ਸਰੀਰ ਦੇ ਹਿੱਸਿਆਂ ਨੂੰ ਵਿੰਨ੍ਹ-ਪਰੋ ਕੇ ਵੀ ਆਪਣੇ ਹੱਠ ਤੇ ਤਿਆਗ ਦਾ ਪ੍ਰਦਰਸ਼ਨ ਕਰਦੇ ਸਨ। ਇਹ ਉਨ੍ਹਾਂ ਦਾ ਗਿਆਨ ਪ੍ਰਾਪਤੀ ਦਾ ਢੰਗ-ਤਰੀਕਾ ਸੀ। ਲੋਕ ਸਮਝਦੇ ਸਨ ਕਿ ਇੰਨੀਆਂ ਕਠਿਨ ਤਪੱਸਿਆਵਾਂ ਰਾਹੀਂ ਜਰੂਰ ਉਨ੍ਹਾਂ ਨੇ ਕਿਸੇ ਕੁਦਰਤੀ ਤਾਕਤ ਨੂੰ ਵਸ ਕਰਨ ਦਾ ਗਿਆਨ ਹਾਸਲ ਕਰ ਲਿਆ ਹੋਵੇਗਾ। ਇਸੇ ਲਈ ਆਮ ਲੋਕ ਉਨ੍ਹਾਂ ਨੂੰ ਸਿਆਣੇ ਭਾਵ ਗਿਆਨਵਾਨ ਕਹਿੰਦੇ ਸਨ। ਗਿਆਨ ਦਾ ਇਹ ਸੰਕਲਪ ਸਦੀਆਂ ਤੀਕ ਸ਼ਰਧਾਲੂਆਂ ਨੂੰ ਸੱਚਾਈ ਪੱਖੋਂ ਗੁਮਰਾਹ ਕਰਦਾ ਰਿਹਾ। ਗੁਰੂ ਸਾਹਿਬ ਅਨੁਸਾਰ ਇਹ ਗਿਆਨ ਦੀ ਥਾਂ ਮਹਾਮੂਰਖਤਾ ਵਾਲੀ ਸੋਚ ਸੀ।

ਫਿਰ ਗਿਆਨ ਕੀ ਹੈ? ਆਮ ਸ਼ਬਦਾਂ ਵਿਚ ਕਿਸੇ ਚੀਜ਼ ਬਾਰੇ ਸੱਚੀ ਭਾਵ ਸਹੀ ਜਾਣਕਾਰੀ ਨੂੰ ਗਿਆਨ (Knowledge) ਕਹਿੰਦੇ ਹਨ। ਸਹੀ ਜਾਣਕਾਰੀ ਉਹ ਹੈ, ਜੋ ਸਾਨੂੰ ਚੀਜ਼ਾਂ ਬਾਰੇ ਉਵੇਂ ਦੱਸੇ, ਜਿਵੇਂ ਉਹ ਸੱਚੀ ਮੁੱਚੀ ਹਨ। ਜਿਨ੍ਹਾਂ ਚੀਜ਼ਾਂ ਬਾਰੇ ਸਾਡੇ ਕੋਲ ਸਹੀ ਜਾਣਕਾਰੀ ਨਹੀਂ, ਉਨ੍ਹਾਂ ਨੂੰ ਅਸੀਂ ਨਹੀਂ ਜਾਣਦੇ। ਦਿਨ ਵੇਲੇ ਅਸੀਂ ਜੋ ਚੀਜ਼ਾਂ ਦੇਖਦੇ ਹਾਂ, ਉਹ ਰਾਤ ਨੂੰ ਹਨੇਰੇ ਕਾਰਨ ਨਹੀਂ ਦਿਸਦੀਆਂ। ਉਨ੍ਹਾਂ ਨੂੰ ਰਾਤ ਵੇਲੇ ਦੇਖਣ ਲਈ ਚਾਨਣ ਦੀ ਲੋੜ ਹੈ। ਚਾਨਣ ਕਰਦਿਆਂ ਹੀ ਉਹ ਆਪਣੀ ਆਪਣੀ ਥਾਂ ਪਈਆਂ ਦਿਖ ਜਾਂਦੀਆਂ ਹਨ ਤੇ ਉਨ੍ਹਾਂ ਦੀ ਜਾਣਕਾਰੀ ਹੋ ਜਾਂਦੀ ਹੈ। ਇਸੇ ਲਈ ਕਈ ਵਾਰ ਗਿਆਨ ਦੀ ਤੁਲਨਾ ਚਾਨਣ ਨਾਲ ਕੀਤੀ ਜਾਂਦੀ ਹੈ, ਪਰ ਕਈ ਵਾਰ ਚੀਜ਼ਾਂ ਚਾਨਣ ਕਰਨ ਨਾਲ ਵੀ ਨਹੀਂ ਦਿਸਦੀਆਂ। ਗੁੱਟ 'ਤੇ ਬੰਨ੍ਹੀ ਘੜੀ ਹੀ ਲੈ ਲਵੋ, ਚਾਨਣ ਵਿਚ ਦੇਖਿਆ ਇਸ ਦੀ ਸਿਰਫ ਇੰਨੀ ਹੀ ਜਾਣਕਾਰੀ ਮਿਲਦੀ ਹੈ ਕਿ ਇਹ ਘੜੀ ਹੈ ਤੇ ਟਾਈਮ ਦੇਖਣ ਦੇ ਕੰਮ ਆਉਂਦੀ ਹੈ; ਪਰ ਚਾਨਣ ਹੋਣ ਦੇ ਬਾਵਜੂਦ ਵੀ ਇਹ ਪਤਾ ਨਹੀਂ ਲਗਦਾ ਕਿ ਇਸ ਦੇ ਅੰਦਰ ਕੀ ਹੈ।

ਹਨੇਰੇ ਵਾਂਗ ਹੀ ਇਸ ਦੇ ਬਾਹਰਲੇ ਖੋਲ ਨੇ ਇਸ ਦੇ ਅੰਦਰੂਨੀ ਤੱਥ ਛੁਪਾ ਰੱਖੇ ਹਨ। ਇਸ ਦਾ ਭਾਵ ਇਹ ਹੋਇਆ ਕਿ ਘੜੀ ਬਾਰੇ ਸਾਨੂੰ ਕੁਝ ਕੁ ਗਿਆਨ ਹੈ। ਜੋ ਗਿਆਨ ਨਹੀਂ ਹੈ, ਉਹ ਨਹੀਂ ਹੈ। ਉਸ ਨੂੰ ਝੂਠਾ ਗਿਆਨ ਨਹੀਂ ਕਹਿ ਸਕਦੇ, ਕਿਉਂਕਿ ਉਹ ਤਾਂ ਹਾਲੇ ਗਿਆਨ ਬਣਿਆ ਹੀ ਨਹੀਂ। ਹੁਣ ਜੇ ਇਸ ਜੰਤਰ ਨੂੰ ਖੋਲ੍ਹ ਕੇ ਅੰਦਰੋਂ ਦੇਖਿਆ ਜਾਵੇ ਤਾਂ ਇਸ ਵਿਚ ਬਹੁਤ ਸਾਰੇ ਛੋਟੇ ਛੋਟੇ ਕਲ ਪੁਰਜੇ ਦਿਖਾਈ ਦੇਣਗੇ, ਜੋ ਪਹਿਲਾਂ ਨਹੀਂ ਸਨ ਦਿਖਦੇ। ਕਈ ਤਾਂ ਇੰਨੇ ਛੋਟੇ ਹੋਣਗੇ ਕਿ ਹਾਲੇ ਵੀ ਸਾਫ ਨਜ਼ਰ ਨਹੀਂ ਆਉਣਗੇ। ਇਸ ਲਈ ਉਹ ਹੁਣ ਵਡ-ਦਰਸ਼ੀ ਸ਼ੀਸ਼ੇ (Magnifying Glass) ਰਾਹੀਂ ਦੇਖਣੇ ਪੈਣਗੇ; ਪਰ ਸਭ ਕੁਝ ਦਿਖਾਈ ਦੇਣ ਦੇ ਬਾਵਜੂਦ ਇਹ ਪਤਾ ਨਹੀਂ ਲੱਗੇਦਾ ਕਿ ਇਹ ਕੀ ਹਨ ਤੇ ਕਿਵੇਂ ਚਲਦੇ ਹਨ? ਇਨ੍ਹਾਂ ਉੱਤੇ ਜਿੰਨਾ ਮਰਜ਼ੀ ਤੇਜ਼ ਚਾਨਣ ਪਾਉ, ਇਹ ਜਾਣਕਾਰੀ ਨਹੀਂ ਵਧਦੀ। ਹੁਣ ਚਾਹੇ ਘੜੀ ਦੀ ਪੂਜਾ ਕੀਤੀ ਜਾਵੇ, ਇਸ ਨੂੰ ਧੂਪ ਦਿੱਤੀ ਜਾਵੇ, ਪਾਠ ਕੀਤੇ ਜਾਣ ਜਾਂ ਇਸ ਦੀ ਪਰਿਕਰਮਾ ਕੀਤੀ ਜਾਵੇ ਤਾਂ ਵੀ ਇਸ ਬਾਰੇ ਹੋਰ ਜਾਣਕਾਰੀ ਨਹੀਂ ਮਿਲੇਗੀ। ਵਰਤ, ਤਪੱਸਿਆਵਾਂ ਤੇ ਕਰਾਮਾਤਾਂ ਵੀ ਕਾਰਆਮਦ ਨਹੀਂ ਹੋਣਗੀਆਂ।

ਇਹ ਨਹੀਂ ਕਿ ਇਸ ਬਾਰੇ ਹੁਣ ਜਾਣਕਾਰੀ ਸਮਾਪਤ ਹੋ ਗਈ ਹੈ। ਜਾਣਨ ਨੂੰ ਤਾਂ ਅੱਗੇ ਬਹੁਤ ਕੁਝ ਹੈ, ਪਰ ਇਹ ਦੇਖਣ ਵਾਲਿਆਂ ਕੋਲ ਨਹੀਂ ਅਪੜ ਰਹੀ। ਇਹ ਜਾਣਕਾਰੀ ਹੁਣ ਨਾ ਹਨੇਰੇ ਨੇ ਰੋਕੀ ਹੋਈ ਹੈ, ਨਾ ਘੜੀ ਦੇ ਖੋਲ ਨੇ ਤੇ ਨਾ ਕਿਸੇ ਅਣਜਾਣ ਦੈਵੀ ਸ਼ੈ ਨੇ। ਇਹ ਹੁਣ ਦੇਖਣ ਵਾਲਿਆਂ ਦੀ ਸਮਝ ਨੇ ਸੀਮਤ ਕੀਤੀ ਹੋਈ ਹੈ, ਕਿਉਂਕਿ ਉਨ੍ਹਾਂ ਨੇ ਇਸ ਦੇ ਛੋਟੇ-ਵੱਡੇ ਅੰਦਰੂਨੀ ਪੁਰਜਿਆਂ ਨੂੰ ਪਹਿਲਾਂ ਕਦੇ ਨਹੀਂ ਦੇਖਿਆ ਤੇ ਨਾ ਹੀ ਉਨ੍ਹਾਂ ਦੇ ਆਪਸੀ ਤਾਲਮੇਲ ਨਾਲ ਚਲਣ ਜਿਹਾ ਦ੍ਰਿਸ਼ ਉਨ੍ਹਾਂ ਸਾਹਮਣੇ ਕਦੇ ਆਇਆ ਹੈ, ਇਸ ਲਈ ਨਵੀਂ ਜਾਣਕਾਰੀ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ। ਅਗਲੀ ਜਾਣਕਾਰੀ ਲਈ ਉਨ੍ਹਾਂ ਨੂੰ ਇਕ ਇਕ ਪੱਖ ਦਾ ਧਿਆਨ ਲਾ ਕੇ ਘੋਖਵਾਂ ਅਧਿਐਨ ਕਰਨਾ ਪਵੇਗਾ। ਅੰਦਾਜ਼ੇ ਲਾਉਣੇ ਪੈਣਗੇ, ਅੰਦਾਜ਼ਿਆਂ ਅਨੁਸਾਰ ਰੇਖਾ-ਚਿੱਤਰ ਬਣਾਉਣੇ ਪੈਣਗੇ, ਅਟਕਲ-ਪੱਚੂ ਲਾਉਣੇ ਪੈਣਗੇ ਤੇ ਉਨ੍ਹਾਂ ਨੂੰ ਪਰਖਣਾ ਪਵੇਗਾ। ਜੇ ਖੋਜ ਦਾ ਖਿਲਾਰਾ ਹੋਰ ਵੱਡਾ ਹੋਇਆ ਤਾਂ ਅਧਿਐਨ ਕਾਰਜ ਨੂੰ ਗਰੁੱਪਾਂ ਵਿਚ ਵੰਡਣਾ ਪਵੇਗਾ। ਕਈ ਨਵੀਆਂ ਰੁਕਾਵਟਾਂ ਆ ਗਈਆਂ ਤਾਂ ਉਨ੍ਹਾਂ ਨੂੰ ਪਹਿਲਾਂ ਦੂਰ ਕਰਨਾ ਪਵੇਗਾ। ਇਸ ਤਰ੍ਹਾਂ ਗਿਆਨ ਪ੍ਰਾਪਤੀ ਦਾ ਇਹ ਕਾਰਜ ਸਾਲਾਂ ਬੱਧੀ ਤੇ ਕਈ ਵਾਰੀ ਸਦੀਆਂ ਦਹਾਕਿਆਂ ਲਈ ਵੀ ਚਲ ਸਕਦਾ ਹੈ। ਇਸ ਕਾਰਜ ਵਿਚ ਜੋ ਚੀਜ਼ਾਂ ਸਹਾਈ ਹੋਈਆਂ, ਉਹ ਹਨ-ਜਾਣਨ ਦੀ ਜਗਿਆਸਾ, ਵਿਧੀ, ਤਕਨਾਲੋਜੀ, ਅਧਿਐਨ ਤੇ ਕਿਰਤ। ਜੋ ਚੀਜ਼ਾਂ ਹਾਸਲ ਹੋਈਆਂ ਉਹ ਹਨ-ਸਮਝ ਦਾ ਵਿਸਥਾਰ, ਜਾਣਕਾਰੀ, ਤਕਨਾਲੋਜੀ ਦਾ ਵਿਕਾਸ, ਸਮਾਜਕ ਲਾਭ ਤੇ ਗਿਆਨ। ਜਿਨ੍ਹਾਂ ਚੀਜ਼ਾਂ ਦਾ ਕੋਈ ਯੋਗਦਾਨ ਨਹੀਂ ਰਿਹਾ, ਉਹ ਹਨ-ਦੈਵੀ ਕਾਰਕ, ਵਿਸਵਾਸ਼, ਉਪਾਸ਼ਨਾ, ਅਧਿਆਤਮਵਾਦ ਤੇ ਕਰਮ-ਕਾਂਡ। ਗੁੱਟ-ਘੜੀ ਵਾਂਗ ਕਿਸੇ ਹੋਰ ਵਰਤਾਰੇ ਦਾ ਗਿਆਨ ਵੀ ਉਸ ਬਾਰੇ ਮਨੁੱਖੀ ਸਮਝ ਦੀ ਸਮਰੱਥਾ (Capability) 'ਤੇ ਨਿਰਭਰ ਕਰਦਾ ਹੈ, ਜੋ ਮਨੁੱਖੀ ਲਗਨ, ਉੱਦਮ ਤੇ ਕਿਰਤ ਨਾਲ ਵਿਸਤ੍ਰਿਤ ਹੁੰਦੀ ਹੈ। ਸਿੱਟਾ ਇਹ ਕਿ ਗਿਆਨ ਇਕ ਅਧਿਆਤਮ-ਰਹਿਤ (non-spiritual) ਧਾਰਨਾ ਹੈ, ਜੋ ਸਹੀ ਵਿਧੀ ਅਨੁਸਾਰ ਚਲਦਿਆਂ ਮਨੁੱਖ-ਕੁਦਰਤ ਅੰਤਰ-ਕਿਰਿਆ (Interaction) ਵਿਚੋਂ ਆਪਣੇ ਆਪ ਪੈਦਾ ਹੁੰਦੀ ਰਹਿੰਦੀ ਹੈ।

ਇਸ ਲਈ ਇਹ ਗੱਲ ਤਾਂ ਤੈਅ ਹੈ ਕਿ ਗਿਆਨ ਉਸੇ ਗੱਲ ਦਾ ਹੋ ਸਕਦਾ ਹੈ, ਜੋ ਸੱਚੀ ਹੈ, ਸਾਹਮਣੇ ਹੈ ਤੇ ਬੀਤ ਚੁਕੀ ਹੈ। ਜੋ ਗੱਲ ਹੋਈ ਹੀ ਨਹੀਂ, ਭਾਵ ਸੱਚ ਦੇ ਤੌਰ 'ਤੇ ਸਾਹਮਣੇ ਆਈ ਹੀ ਨਹੀਂ, ਉਸ ਦਾ ਆਉਣਾ ਸੱਚ ਨਹੀਂ ਹੈ, ਇਸ ਲਈ ਉਸ ਦਾ ਕੋਈ ਗਿਆਨ ਵੀ ਨਹੀਂ ਹੈ। ਜੇ ਕਿਸੇ ਸਕੂਲ ਨੇ ਸੌ ਬੱਚੇ ਦਾਖਲ ਕਰਨ ਦਾ ਟੀਚਾ ਮਿੱਥਿਆ ਹੈ ਤੇ ਦਾਖਲਾ ਸਿਰਫ ਦਸਾਂ ਨੇ ਲਿਆ ਹੈ ਤਾਂ ਦਾਖਲ ਹੋਏ ਦਸ ਬੱਚਿਆਂ ਦਾ ਹੀ ਗਿਆਨ ਹੋ ਸਕਦਾ ਹੈ। ਜਿਨ੍ਹਾਂ ਨੱਬੇ ਬੱਚਿਆਂ ਨੇ ਦਾਖਲਾ ਨਹੀਂ ਲਿਆ, ਉਨ੍ਹਾਂ ਦਾ ਦਾਖਲਾ ਝੂਠ ਹੈ। ਝੂਠੀ ਗੱਲ ਦਾ ਗਿਆਨ ਨਾਲ ਕੋਈ ਸਬੰਧ ਨਹੀਂ, ਕਿਉਂਕਿ ਉਸ ਦਾ ਗਿਆਨ ਸੰਭਵ ਨਹੀਂ। ਜੇ ਕੋਈ ਵਿਸਵਾਸ਼ ਨਾਲ ਕਹੇ ਕਿ ਦਾਖਲਾ ਤਾਂ ਬਾਕੀ ਦੇ ਨੱਬਿਆਂ ਦਾ ਵੀ ਹੋ ਚੁਕਾ ਹੈ, ਪਰ ਉਹ ਜੱਗ ਜਾਹਰ ਨਹੀਂ ਕੀਤਾ ਗਿਆ, ਇਹ ਗੱਲ ਵੀ ਗਿਆਨ ਨਹੀਂ ਹੋ ਸਕਦੀ, ਕਿਉਂਕਿ ਵਿਸਵਾਸ਼ ਕੇਵਲ ਇਕ ਯਕੀਨ ਹੈ, ਪ੍ਰਮਾਣਿਤ (Verified) ਅਸਲੀਅਤ ਨਹੀਂ। ਇਸ ਲਈ ਕੇਵਲ ਵਿਸਵਾਸ਼ ਨਹੀਂ, ਸਗੋਂ ਪਰਖਿਆ, ਪੜਤਾਲਿਆ ਤੇ ਸਹੀ ਪਾਇਆ ਗਿਆ ਵਿਸਵਾਸ਼ ਹੀ ਗਿਆਨ ਦਾ ਹਿੱਸਾ ਹੋ ਸਕਦਾ ਹੈ। ਵਿਸਵਾਸ਼ ਭਾਵੇਂ ਕਿੰਨਾ ਵੀ ਕੱਟੜ ਹੋਵੇ, ਗਿਆਨ ਨਹੀਂ ਹੋ ਸਕਦਾ, ਹਾਂ ਪਰਖ ਭਾਵ ਖੋਜ ਦਾ ਵਿਸ਼ਾ ਜਰੂਰ ਹੋ ਸਕਦਾ ਹੈ।

***ਗੁਰੂ ਸਾਹਿਬ ਗਿਆਨ ਦੀ ਪ੍ਰਮਾਣਿਕਤਾ ਨੂੰ ਅਤਿ ਅਹਿਮ ਸਮਝਦੇ ਹਨ। ਉਨ੍ਹਾਂ ਦਾ ਗਿਆਨ ਕੁਦਰਤ ਭਾਵ ਪਦਾਰਥ ਅਰਥਾਤ ਮਾਦੇ (ਜਿਨਸੀ ਮਾਇਆ) ਦੀ ਖੋਜ ਨਾਲ ਸ਼ੁਰੂ ਹੁੰਦਾ ਹੈ ਤੇ ਇਸ ਦੀਆਂ ਅਤਿਸੂਖਮ ਤਹਿਆਂ ਤੀਕ ਜਾਣ ਦੀ ਸਮਰੱਥਾ ਰੱਖਦਾ ਹੈ। ਉਹ ਇਸ ਗਿਆਨ ਦੀ ਪ੍ਰਾਪਤੀ ਲਈ ਦੇਖਣ-ਪਰਖਣ, ਮਨਨ, ਧਿਆਨ (ਅਧਿਐਨ), ਵਿਸ਼ਲੇਸ਼ਣ ਤੇ ਗਣਿੱਤੀ ਵਿਹਾਰ ਵਾਲੀ ਸੂਖਮ ਵਿਧੀ ਵਰਤਣ ਦੇ ਹਾਮੀ ਹਨ। ਉਨ੍ਹਾਂ ਅਨੁਸਾਰ ਇਹ ਥਾਲੀ 'ਚੋਂ ਚੁੱਕ ਕੇ ਲੱਡੂ ਖਾਣ ਵਾਂਗ ਨਹੀਂ ਹੈ, ਸਗੋਂ ਕਾਲਾਂ-ਮਹਾਕਾਲਾਂ ਤੀਕ ਚਲਣ ਵਾਲੀ ਮੁਸ਼ਕਤ ਨਾਲ ਨੇਪਰੇ ਚੜ੍ਹਨ ਵਾਲਾ ਕੰਮ ਹੈ। ਜੇ ਕੁਦਰਤ ਅਤੇ ਇਸ ਪਿਛਲੇ ਪਰਮ-ਸਤਿ ਦਾ ਗਿਆਨ ਹੋ ਜਾਵੇ, ਅਰਥਾਤ ਇਸ ਦੀ ਸੰਪੂਰਨ ਜਾਣਕਾਰੀ ਪ੍ਰਾਪਤ ਹੋ ਜਾਵੇ ਤਾਂ ਮਨੁੱਖ ਨੂੰ ਇਸ ਸੰਸਾਰ ਵਿਚ ਆਪਣੀ ਹੋਂਦ ਦਾ ਕਾਰਨ ਮਿਲ ਸਕਦਾ ਹੈ। ਇਸ ਨਾਲ ਫਿਰ ਇਹ ਕੁਦਰਤ ਦਾ ਹੁਕਮ ਸਮਝਦਾ ਹੋਇਆ ਆਪਣੇ ਜੀਵਨ ਦੇ ਮਕਸਦ ਨੂੰ ਉਸ ਅਨੁਸਾਰ ਉਲੀਕ ਸਕਦਾ ਹੈ। ਫਜ਼ੂਲ ਕਹਿੰਦੇ ਹਨ ਉਹ ਲੋਕ, ਜੋ ਬਿਨਾ ਗਿਆਨ ਹੀ ਕੁਦਰਤ ਤੇ ਹੁਕਮ ਅਨੁਸਾਰ ਚਲਣ ਦੀ ਰੱਟ ਲਾਈ ਰੱਖਦੇ ਹਨ।***

ਪਰ ਕਿੱਦਾਂ ਪਤਾ ਲੱਗੇ ਕਿ ਪ੍ਰਾਪਤ ਹੋਇਆ ਗਿਆਨ ਅਸਲ ਹੈ ਭਾਵ ਸੱਚਾਈ ਦੇ ਮੁਤਾਬਿਕ ਹੈ ਜਾਂ ਨਹੀਂ? ਗਿਆਨ ਦੀ ਪਰਖ ਲਈ ਵਿਦਵਾਨ ਸ਼ੁਰੂ ਤੋਂ ਹੀ ਚਿੰਤਿਤ ਤੇ ਸੁਚੇਤ ਰਹੇ ਹਨ। ਪਲੈਟੋ ਅਨੁਸਾਰ ਸੱਚਾ ਗਿਆਨ ਉਹ ਹੈ, ਜੋ ਅਪਰਿਵਰਤਨਸ਼ੀਲ ਹੈ, ਅਗਵਾਈ ਕਰਦਾ ਹੈ ਤੇ ਜਿਸ ਨੂੰ ਪ੍ਰਮਾਣਿਤ ਕੀਤੇ ਜਾ ਸਕਣ ਵਾਲੇ ਸੂਤਰਾਂ ਵਿਚ ਢਾਲਿਆ ਜਾ ਸਕਦਾ ਹੈ। ਇਸ ਨੂੰ ਤਰਕਪੂਰਣ ਸੰਵਾਦ ਰਾਹੀਂ ਸਹੀ ਸਾਬਤ ਕੀਤਾ ਜਾ ਸਕਦਾ ਹੈ ਤੇ ਦੂਜਿਆਂ ਨੂੰ ਸਿਖਾਇਆ ਸਮਝਾਇਆ ਜਾ ਸਕਦਾ ਹੈ। ਗਿਆਨ-ਰਹਿਤ ਜਾਣਕਾਰੀ ਵਿਚ ਇਹ ਖੂਬੀਆਂ ਨਹੀਂ ਹੁੰਦੀਆਂ। ਅਰਸਤੂ ਅਨੁਸਾਰ ਆਮ ਜਾਣਕਾਰੀ ਪਰਿਵਰਤਨਸ਼ੀਲ ਸੰਸਾਰਕ ਪ੍ਰਸਥਿਤੀਆਂ ਨਾਲ ਬੰਨ੍ਹੀ ਹੁੰਦੀ ਹੈ, ਜਦੋਂ ਕਿ ਸੱਚੇ ਗਿਆਨ ਦਾ ਕੋਈ ਨਾ ਕੋਈ ਸੰਸਾਰ-ਪੱਧਰੀ ਉਦੇਸ਼ ਹੁੰਦਾ ਹੈ ਭਾਵ ਇਸ ਵਿਚ ਸੰਸਾਰ ਪੱਧਰੀ ਸੱਚਾਈ ਹੁੰਦੀ ਹੈ। ਇਸੇ ਲਈ ਅਜਿਹਾ ਗਿਆਨ ਸੰਸਾਰ ਪੱਧਰ 'ਤੇ ਖਰਾ ਉੱਤਰਦਾ ਹੈ।

ਅਰਨਸਟ ਮਾਖ ਕਹਿੰਦਾ ਹੈ ਕਿ ਗਿਆਨ ਦੀ ਸੱਚਾਈ ਦਾ ਕੋਈ ਪੱਕਾ ਸਬੂਤ ਨਹੀਂ, ਕਿਉਂਕਿ ਅਸੀਂ ਕਿਸੇ ਚੀਜ਼ ਨੂੰ ਅਸਲੀ ਤੌਰ 'ਤੇ ਜਾਣ ਹੀ ਨਹੀਂ ਸਕਦੇ। ਜੋ ਅਸੀਂ ਜਾਣਦੇ ਸਕਦੇ ਹਾਂ, ਉਹ ਕੇਵਲ ਸਾਡੀਆਂ ਗਿਆਨ ਇੰਦਰੀਆਂ ਦੁਆਰਾ ਦਰਸਾਏ ਇਸ ਦੇ ਬਾਹਰੀ ਗੁਣ ਹਨ। ਮਿਸਾਲ ਵਜੋਂ ਇਕ ਮੇਜ ਚਾਰ ਟੰਗਾਂ, ਇਕ ਤਲ, ਭੂਰਾ ਰੰਗ ਤੇ ਸਖਤ ਛੋਹ ਤੋਂ ਬਿਨਾ ਕੁਝ ਨਹੀਂ। ਭਾਵ ਜਿਸ ਨੂੰ ਅਸੀਂ ਮੇਜ ਕਹਿੰਦੇ ਹਾਂ, ਉਹ ਪੰਜ ਚਾਰ ਗੁਣਾਂ ਦਾ ਸਮੂਹ ਹੈ, ਹੋਰ ਕੁਝ ਨਹੀਂ। ਇਸੇ ਤਰ੍ਹਾਂ ਹਵਾ ਇਕ ਠੰਡੇ ਜਾਂ ਗਰਮ ਦਬਾਅ ਦਾ ਅਹਿਸਾਸ ਹੈ, ਹੋਰ ਕੁਝ ਨਹੀਂ। ਲੈਨਿਨ ਅਨੁਸਾਰ ਮੇਜ ਪਦਾਰਥ ਹੈ, ਕੁਦਰਤ ਦਾ ਭਾਗ ਹੈ ਤੇ ਕਾਫੀ ਹੱਦ ਤੀਕ ਸਥਾਈ ਹੈ। ਇਸ ਲਈ ਇਹ ਗਿਆਨ ਇੰਦਰੀਆਂ ਤੋਂ ਪਹਿਲਾਂ ਹੈ ਤੇ ਗਿਆਨ ਇੰਦਰੀਆਂ ਬਾਅਦ ਵਿਚ ਹਨ। ਇਕੋ ਮੇਜ ਸਦੀਆਂ ਬੱਧੀ ਪਿਆ ਰਹਿੰਦਾ ਹੈ ਤੇ ਸੈਂਕੜੇ ਪੀੜ੍ਹੀਆਂ ਇਸ ਨੂੰ ਵਰਤ ਕੇ ਚਲੀਆਂ ਜਾਂਦੀਆਂ ਹਨ। ਜੇ ਗਿਆਨ ਇੰਦਰੀਆਂ ਇਸ ਬਾਰੇ ਸੰਪੂਰਨ ਗਿਆਨ ਨਹੀਂ ਦਿੰਦੀਆਂ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਮੇਜ ਹੈ ਹੀ ਨਹੀਂ। ਜਿਉਂ ਜਿਉਂ ਮਨੁੱਖੀ ਤਕਨਾਲੋਜੀ ਵਧੇਗੀ, ਮਾਦੇ ਦੇ ਹੋਰ ਗੁਣ ਉਜਾਗਰ ਹੁੰਦੇ ਰਹਿਣਗੇ ਤੇ ਇਸ ਬਾਰੇ ਵੀ ਸਾਡਾ ਗਿਆਨ ਵਧੇਗਾ। ਉਸ ਅਨੁਸਾਰ ਉਹੀ ਗਿਆਨ ਅਸਲ ਹੈ, ਜੋ ਕ੍ਰਿਆਤਮਕ ਤੌਰ 'ਤੇ ਅਸਲ ਸਾਬਤ ਹੋਵੇ। ਉਹ ਕਹਿੰਦਾ ਹੈ, ਅਮਲ ਹੀ ਗਿਆਨ ਦੀ ਆਰਸੀ ਹੈ। ਮਾਰਕਸ ਤੇ ਲੈਨਿਨ ਦੋਵੇਂ ਸਮਝਦੇ ਹਨ ਕਿ ਗਿਆਨ ਇਕ ਸਮਾਜਕ ਧਾਰਨਾ ਹੈ, ਜੋ ਸਮਾਜ ਦੇ ਇਤਿਹਾਸ ਵਿਚ ਵਧੀ ਫੁੱਲੀ ਹੈ। ਜਮਾਤਾਂ ਵਿਚ ਵੰਡੇ ਸਮਾਜ ਵਿਚ ਉਸ ਦੇ ਨਿਆਂ, ਸਭਿਆਚਾਰ, ਆਰਥਕ ਢਾਂਚੇ ਵਾਂਗ ਗਿਆਨ ਵੀ ਜਮਾਤੀ ਪ੍ਰਭੁੱਤਵ ਹੇਠ ਪਲਦਾ ਹੈ। ਲੈਨਿਨ ਤਾਂ ਇਥੋਂ ਤੀਕ ਕਹਿੰਦਾ ਹੈ ਕਿ ਜੇ ਕਿਸੇ ਜਮਾਤ ਦੇ ਹਿੱਤਾਂ ਨੂੰ ਫਾਇਦਾ ਹੁੰਦਾ ਹੋਵੇ, ਉਹ ਤਾਂ ਅੰਕੜਿਆਂ ਦੇ ਅਰਥ ਵੀ ਤੋੜ-ਮੋੜ ਕੇ ਆਪਣੇ ਹੱਕ ਵਿਚ ਕੱਢੇਗੀ ਭਾਵ ਤਿੰਨ ਤੇ ਤਿੰਨ ਨੂੰ ਪੰਜ ਸਾਬਤ ਕਰਨ ਦੀ ਕੋਸ਼ਿਸ਼ ਕਰੇਗੀ।

ਪਰ ਗੁਰੂ ਨਾਨਕ ਜਮਾਤੀ ਸੱਚ ਤੇ ਇਸ ਦੇ ਗਿਆਨ ਦੀ ਗੱਲ ਨਹੀਂ ਕਰਦੇ। ਉਹ ਉਸ ਅਧਿਆਤਮਕ ਗਿਆਨ ਦੀ ਗੱਲ ਵੀ ਨਹੀਂ ਕਰਦੇ, ਜੋ ਕਰਨੀ ਵਾਲੇ ਸੰਤਾਂ ਮਹਾਤਮਾਵਾਂ ਨੂੰ ਆਪਣੇ ਅਨੁਭਵ ਨਾਲ ਹੋ ਗਿਆ ਮੰਨਿਆ ਜਾਂਦਾ ਹੈ ਜਾਂ ਜੋ ਕੁਝ ਲੋਕਾਂ ਨੂੰ ਰੱਬੀ ਇਲਹਾਮ ਨਾਲ ਪ੍ਰਾਪਤ ਹੋਇਆ ਸਮਝਿਆ ਜਾਂਦਾ ਹੈ। ਉਨ੍ਹਾਂ ਅਨੁਸਾਰ ਇਹ ਗਿਆਨ ਇਸ ਸੰਸਾਰ ਬਾਰੇ ਹੈ, ਇਸ ਦੇ ਮੁੱਢ, ਬਣਤਰ, ਵਿਸਥਾਰ, ਸੰਚਾਲਨ, ਨਿਯਮ ਤੇ ਧੁਰਲੇ ਤੱਤ ਬਾਰੇ ਹੈ। ਉਨ੍ਹਾਂ ਦਾ ਸੱਚ ਅਸਲੀਅਤ ਦਾ ਪ੍ਰਤੀਕ ਹੈ ਤੇ ਇਹ ਸਥਾਈ ਨਿਯਮਾਂ ਦੀ ਭਾਲ ਕਰਦਾ ਹੈ ਤੇ ਵਿਗਿਆਨਕ ਹੈ। ਉਨ੍ਹਾਂ ਦਾ ਗਿਆਨ ਤਪੱਸਿਆ ਭਗਤੀ ਵਾਲਾ ਗਿਆਨ ਨਹੀਂ, ਸਗੋਂ ਬ੍ਰਹਿਮੰਡ ਦੇ ਸ੍ਰੋਤ ਪਰਮ-ਸਤਿ ਦੇ ਰੂਪ, ਸਰੂਪ, ਅਵਸਥਾ ਤੇ ਪ੍ਰਕ੍ਰਿਆ ਆਦਿ ਨਾਲ ਜੁੜਿਆ ਹੋਇਆ ਹੈ। ਇਹ ਬਾਹਰੋਂ ਕਿਤੋਂ ਨਹੀਂ ਮਿਲਦਾ, ਸਗੋਂ ਕਮਾਇਆ ਜਾਂਦਾ ਹੈ।

ਗੁਰੂ ਸਾਹਿਬ ਗਿਆਨ ਦੀ ਪ੍ਰਮਾਣਿਕਤਾ ਨੂੰ ਅਤਿ ਅਹਿਮ ਸਮਝਦੇ ਹਨ। ਉਨ੍ਹਾਂ ਦਾ ਗਿਆਨ ਕੁਦਰਤ ਭਾਵ ਪਦਾਰਥ ਅਰਥਾਤ ਮਾਦੇ (ਜਿਨਸੀ ਮਾਇਆ) ਦੀ ਖੋਜ ਨਾਲ ਸ਼ੁਰੂ ਹੁੰਦਾ ਹੈ ਤੇ ਇਸ ਦੀਆਂ ਅਤਿਸੂਖਮ ਤਹਿਆਂ ਤੀਕ ਜਾਣ ਦੀ ਸਮਰੱਥਾ ਰੱਖਦਾ ਹੈ। ਉਹ ਇਸ ਗਿਆਨ ਦੀ ਪ੍ਰਾਪਤੀ ਲਈ ਦੇਖਣ-ਪਰਖਣ, ਮਨਨ, ਧਿਆਨ (ਅਧਿਐਨ), ਵਿਸ਼ਲੇਸ਼ਣ ਤੇ ਗਣਿੱਤੀ ਵਿਹਾਰ ਵਾਲੀ ਸੂਖਮ ਵਿਧੀ ਵਰਤਣ ਦੇ ਹਾਮੀ ਹਨ। ਉਨ੍ਹਾਂ ਅਨੁਸਾਰ ਇਹ ਥਾਲੀ 'ਚੋਂ ਚੁੱਕ ਕੇ ਲੱਡੂ ਖਾਣ ਵਾਂਗ ਨਹੀਂ ਹੈ, ਸਗੋਂ ਕਾਲਾਂ-ਮਹਾਕਾਲਾਂ ਤੀਕ ਚਲਣ ਵਾਲੀ ਮੁਸ਼ਕਤ ਨਾਲ ਨੇਪਰੇ ਚੜ੍ਹਨ ਵਾਲਾ ਕੰਮ ਹੈ। ਜੇ ਕੁਦਰਤ ਅਤੇ ਇਸ ਪਿਛਲੇ ਪਰਮ-ਸਤਿ ਦਾ ਗਿਆਨ ਹੋ ਜਾਵੇ, ਅਰਥਾਤ ਇਸ ਦੀ ਸੰਪੂਰਨ ਜਾਣਕਾਰੀ ਪ੍ਰਾਪਤ ਹੋ ਜਾਵੇ ਤਾਂ ਮਨੁੱਖ ਨੂੰ ਇਸ ਸੰਸਾਰ ਵਿਚ ਆਪਣੀ ਹੋਂਦ ਦਾ ਕਾਰਨ ਮਿਲ ਸਕਦਾ ਹੈ। ਇਸ ਨਾਲ ਫਿਰ ਇਹ ਕੁਦਰਤ ਦਾ ਹੁਕਮ ਸਮਝਦਾ ਹੋਇਆ ਆਪਣੇ ਜੀਵਨ ਦੇ ਮਕਸਦ ਨੂੰ ਉਸ ਅਨੁਸਾਰ ਉਲੀਕ ਸਕਦਾ ਹੈ। ਫਜ਼ੂਲ ਕਹਿੰਦੇ ਹਨ ਉਹ ਲੋਕ, ਜੋ ਬਿਨਾ ਗਿਆਨ ਹੀ ਕੁਦਰਤ ਤੇ ਹੁਕਮ ਅਨੁਸਾਰ ਚਲਣ ਦੀ ਰੱਟ ਲਾਈ ਰੱਖਦੇ ਹਨ।

ਗਿਆਨ ਦਾ ਇਹ ਸਿਧਾਂਤ ਗੁਰੂ ਸਾਹਿਬ ਨੇ ਉੱਦੋਂ ਦਿੱਤਾ, ਜਦੋਂ ਅਜੋਕੇ ਵਿਗਿਆਨੀ ਤੇ ਫਿਲਾਸਫਰ ਹਾਲੇ ਪੈਦਾ ਵੀ ਨਹੀਂ ਸਨ ਹੋਏ। ਉਹ ਇਨ੍ਹਾਂ ਵਿਗਿਆਨੀਆਂ ਤੇ ਫਿਲਾਸਫਰਾਂ ਜਿਹੇ ਹੀ ਨਹੀਂ, ਸਗੋਂ ਇਨ੍ਹਾਂ ਦੇ ਵੱਡੇ ਵਡੇਰੇ ਹਨ। ਇਹ ਗੱਲ ਹਰ ਸਿੱਖ ਲਈ ਹਰਸੋ-ਉਲਾਸ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ, ਪਰ ਗੁਰੂ ਸਾਹਿਬ ਦੀ ਬਾਣੀ ਦੇ ਅਜੋਕੇ ਵਿਆਖਿਆਕਾਰ ਇਸ ਨੂੰ ਆਪਣੀ ਮਾਨਤਾਵਿਰਧੀ ਲਈ ਅਧਿਆਤਮਵਾਦ ਦੇ ਰੰਗ ਵਿਚ ਰੰਗ ਕੇ ਪੇਸ਼ ਕਰਦੇ ਹਨ। ਇਹ ਗੱਲ ਉਨ੍ਹਾਂ ਦੇ ਉਣੱਤੀਵੀਂ ਪਉੜੀ ਦੇ ਅਰਥਾਂ ਤੋਂ ਸਾਫ ਪ੍ਰਗਟ ਹੋ ਜਾਂਦੀ ਹੈ। ਇਹ ਪਉੜੀ ਜਪੁਜੀ ਵਿਚ ਹੇਠ ਲਿਖੇ ਸ਼ਬਦਾਂ ਵਿਚ ਦਰਜ ਹੈ,

ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ॥
ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ॥
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ॥
ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥੨੯॥

ਇਸ ਪਉੜੀ ਦੇ ਅਰਥ ਉੱਘੇ ਵਿਦਵਾਨ ਭਾਈ ਵੀਰ ਸਿੰਘ ਇਸ ਤਰ੍ਹਾਂ ਕਰਦੇ ਹਨ, "(ਸ਼ਿਵ ਅਰਾਧਨਾ ਨਾਲ ਜੋ ਭੋਜਨ ਮਿਲਦਾ ਹੈ, ਉਹ ਤਾਂ ਸਭ ਕਿਸੇ ਨੂੰ ਮਿਲ ਰਿਹਾ ਹੈ, ਪਰ ਆਦਿ ਅਨੀਲ ਦੀ ਅਰਾਧਨਾ ਨਾਲ ਸਾਨੂੰ) ਗਿਆਨ (ਰੂਪੀ) ਭੋਜਨ ਮਿਲਦਾ ਹੈ। (ਜੋ ਤ੍ਰਿਸ਼ਨਾ ਰੂਪੀ ਭੁੱਖ ਨੂੰ ਨਿਵਾਰ ਦੇਂਦਾ ਹੈ), (ਸ਼ਿਵ ਜੀ ਦੀ ਭੰਡਾਰਨ ਅੰਨ ਪੂਰਣਾ ਹੈ, ਪਰ ਗਿਆਨ ਰੂਪੀ ਭੋਜਨ ਦੀ) ਭੰਡਾਰਨ ਦਇਆ ਹੈ, (ਦਿਆਲੂ ਹੋ ਕੇ ਗੁਰੂ ਗਯਾਨ ਦੇਂਦਾ ਤੇ ਅਗੋਂ ਦਇਆ ਬ੍ਰਿਤੀ ਨਾਲ ਵੰਡੀਦਾ ਹੈ)।

(ਤੁਸਾਂ ਪਾਸ ਨਾਦੀ ਹੈ ਤੇ ਭੋਜਨ ਸਮੇਂ ਵਜਾਉਂਦੇ ਹੋ) ਹਿਰਦੇ ਹਿਰਦੇ ਵਿਚ (ਜੋ ਨਾਦ ਵੱਜ ਰਿਹਾ ਹੈ) ਇਹ ਸਾਡਾ ਨਾਦ ਹੈ। (ਤੁਸਾਡੇ ਮਨੁੱਖ-ਨਾਥਾਂ ਦੀ ਥਾਵੇਂ ਸਾਡਾ) ਨਾਥ ਆਪ (ਪ੍ਰਭੂ) ਹੈ, ਜਿਸ ਦੀ ਨੱਥੀ ਹੋਈ ਸਾਰੀ (ਸ੍ਰਿਸ਼ਟੀ) ਹੈ। (ਤੁਸੀਂ) ਰਿੱਧੀ ਸਿੱਧੀ (ਦੀਆਂ ਚੇਟਕਾਂ ਵਿਚ ਹੋ, ਅਸੀਂ ਇਨ੍ਹਾਂ ਨੂੰ ਹੋਰਨਾਂ ਦਾ (ਅਰਥਾਤ ਪਰਮਾਰਥ ਤੋਂ ਓਪਰਿਆਂ ਦਾ) ਸੁਆਦ (ਸਮਝਦੇ ਹਾਂ)। (ਤੁਹਾਡੀ ਕਾਰ ਕਾਰਬਾਰੀ ਚਲਾਉਂਦੇ ਹਨ, ਪਰ ਅਸਲ ਵਿਚ ਵਿਸ਼ਵ ਦੀ ਤੇ ਸਾਡੀ) ਕਾਰ ਸੰਜੋਗ ਤੇ ਵਿਜੋਗ ਦੋਵੇਂ ਚਲਾਉਂਦੇ ਹਨ)। (ਪਿਛਲੇ ਕਰਮਾਂ ਦੇ) ਲੇਖੇ ਅਨੁਸਾਰ ਆਪੋ ਆਪਣੇ ਛਾਂਦੇ ਚਲੇ ਆਉਂਦੇ ਹਨ। ਆਦੇਸ (ਸਾਡੀ) ਉਸੇ (ਇਕ ਨੂੰ) ਆਦੇਸ ਹੈ, (ਜੋ ਸਭ ਦਾ) ਆਦਿ (ਮੁੱਢ) ਹੈ, ਜੋ ਅਨੀਲ ਹੈ, (ਜਿਸ ਦਾ ਆਪਣਾ) ਆਦਿ ਨਹੀਂ ਹੈ (ਜਿਸ ਦਾ ਕਦੇ) ਵਿਨਾਸ਼ ਨਹੀਂ (ਹੁੰਦਾ), (ਜੋ) ਜੁਗੋ ਜੁਗੋ ਇਕੋ ਸਰੂਪ (ਹੈ)।"

ਭਾਈ ਸਾਹਿਬ ਨੇ ਅਧਿਆਤਮ ਦੀ ਲੋਰ ਵਿਚ ਉਹ ਕੁਝ ਲਿਖ ਦਿੱਤਾ, ਜੋ ਗੁਰੂ ਸਾਹਿਬ ਨੇ ਕਿਹਾ ਹੀ ਨਹੀਂ ਤੇ ਨਾ ਕਹਿ ਸਕਦੇ ਹਨ। ਜਿਵੇਂ ਇਹ ਟੀਕਾਕਾਰ ਲਿਖਦਾ ਹੈ, ਕੀ ਸਭ ਨੂੰ ਸ਼ਿਵ ਦੀ ਉਪਾਸਨਾ ਨਾਲ ਰੋਟੀ ਮਿਲਦੀ ਹੈ? ਕੀ ਗਿਆਨ ਰੂਪੀ ਭੋਜਨ ਉਪਾਸਨਾ ਨਾਲ ਮਿਲਦਾ ਹੈ? ਕੀ ਜੇ ਰਿਧੀਆਂ-ਸਿਧੀਆਂ ਨੂੰ ਜੋਗੀ ਪਰਮਾਰਥ ਲਈ ਵਰਤਣਾ ਸ਼ੁਰੂ ਕਰ ਦਿੰਦੇ ਤਾਂ ਉਹ ਠੀਕ ਮੰਨੀਆਂ ਜਾਂਦੀਆਂ? ਕੀ ਸੰਜੋਗ ਵਿਜੋਗ ਪਿਛਲੇ ਕਰਮਾਂ ਦੇ ਲੇਖੇ ਹੁੰਦੇ ਹਨ? ਕੋਈ ਪੁੱਛਦਾ ਤਾਂ ਗੁਰੂ ਸਾਹਿਬ ਕੀ ਸਬੂਤ ਦਿੰਦੇ? ਕੀ ਗੁਰੂ ਸਾਹਿਬ ਨੇ ਸਿੱਧਾਂ ਨਾਲ ਆਪਣਾ ਟਾਕਰਾ 'ਅਸਾਡੇ-ਤੁਸਾਡੇ' ਕਰ ਕੇ ਕੀਤਾ ਹੈ? ਗੁਰੂ ਸਾਹਿਬ ਦੀ ਵਿਗਿਆਨਕ ਸਿੱਖੀ ਦਾ ਉਨ੍ਹਾਂ ਨਾਲ ਕੀ ਮੁਕਾਬਲਾ ਹੋ ਸਕਦਾ ਸੀ, ਜੋ ਉਹ ਉਨ੍ਹਾਂ ਨੂੰ ਇਵੇਂ ਮੂੰਹ ਲਾਉਂਦੇ। ਸਿੱਧਾਂ ਕੋਲ ਤਾਂ ਕੂੜ ਤੇ ਪਖੰਡ ਤੋਂ ਬਿਨਾ ਹੈ ਹੀ ਕੁਝ ਨਹੀਂ ਸੀ। ਜੇ ਉਨ੍ਹਾਂ ਨੇ ਸਿੱਧੀ ਨੂੰ ਸਿੱਖੀ ਨਾਲ ਸਾਵੇ (Parallel) ਰੱਖ ਕੇ ਦੇਖਿਆ ਹੈ, ਫਿਰ ਤਾਂ ਉਨ੍ਹਾਂ ਨੇ ਸਿੱਧੀ ਮਾਰਗ ਨੂੰ ਬਦਲਣ ਦੀ ਥਾਂ ਮਾਨਤਾ ਦੇ ਦਿੱਤੀ ਹੈ! ਇਸ ਵਿਆਖਿਆ

***(ਬਾਕੀ ਅਗਲੇ ਸਫੇ 'ਤੇ)***

# ਜਾਗੋ ਸਿੱਖੋ ! ਨਹੀਂ ਤਾਂ ਨਾਮ ਤੇ ਨਿਸ਼ਾਨ ਮਿਟ ਜਾਏਗਾ

***ਦੁਨੀਆਂ ਦਾ ਸਭ ਤੋਂ ਗਿਆਨਵਾਨ ਤੇ ਮਨੁੱਖ ਜਾਤ ਨੂੰ ਸਰਬ ਪੱਖੀ ਸ਼ਕਤੀਸ਼ਾਲੀ ਬਣਾਉਣ ਵਾਲਾ ਗ੍ਰੰਥ, ਗੁਰੂ ਗ੍ਰੰਥ ਸਾਹਿਬ ਅੱਜ ਐਸ. ਜੀ. ਪੀ. ਸੀ. ਦਾ ਮੁਥਾਜ ਹੋ ਗਿਆ ਲੱਗਦਾ ਹੈ, ਕਿਉਂਕਿ ਐਸ. ਜੀ. ਪੀ. ਸੀ. ਫੈਸਲੇ ਕਰਦੀ ਹੈ, ਇਸ ਗ੍ਰੰਥ ਨੂੰ ਕੌਣ, ਕਦੋਂ ਅਤੇ ਕਿਸ ਢੰਗ ਨਾਲ ਪੜ੍ਹ ਸਕਦਾ ਹੈ। ਗ੍ਰੰਥੀਆਂ ਨੇ ਸਮਰੱਥ ਗੁਰੂ ਨੂੰ ਸ਼ਬਦਾਵਤਾਰ ਦੀ ਥਾਂ ਜਾਗਣ ਤੇ ਸੌਣ ਵਾਲਾ ਇਕ ਅਪਾਹਜ ਬਣਾ ਕੇ ਰੱਖ ਦਿੱਤਾ ਹੈ, ਜਿਸ ਨੂੰ ਜਗਾਉਣ ਤੇ ਸੁਆਉਣ ਲਈ ਇਕ ਪੁਜਾਰੀ (ਗ੍ਰੰਥੀ) ਦੀ ਲੋੜ ਹੈ। ਸਿੱਖ ਆਪਣੇ ਗੁਰੂ ਨੂੰ ਸਿੱਧਿਆਂ ਨਹੀਂ ਮਿਲ ਸਕਦਾ। ਗ੍ਰੰਥੀ ਹੀ ਬਾਬੇ ਨੂੰ ਦੱਸੇਗਾ ਕਿ ਮਿਲਣ ਵਾਲਾ ਸਿੱਖ ਹੈ ਤੇ ਤੁਸੀਂ ਉਸ ਦੇ ਸਹਾਈ ਹੋਵੋ। ਠੀਕ ਉਸੇ ਤਰ੍ਹਾਂ, ਜਿਵੇਂ ਪੁਜਾਰੀ ਮੰਦਿਰਾਂ ਵਿਚ ਕਰਦੇ ਹਨ।***

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਪਿਛਲੇ ਦਿਨੀਂ ਉੜਮੜ ਟਾਂਡਾ ਨੇੜੇ ਪਿੰਡ ਬੱਸੀ ਜਲਾਲ ਵਿਖੇ ਐਸ. ਜੀ. ਪੀ. ਸੀ. ਦੇ ਪ੍ਰਬੰਧ ਹੇਠ ਗੜ੍ਹਦੀਵਾਲਾ ਅਤੇ ਗੜ੍ਹਸ਼ੰਕਰ ਵਿਖੇ ਚਲ ਰਹੇ ਖਾਲਸਾ ਕਾਲਜਾਂ ਵਿਚ ਬਤੌਰ ਪ੍ਰਿੰਸੀਪਲ ਦੀਆਂ ਸੇਵਾਵਾਂ ਨਿਭਾਉਣ ਵਾਲੇ 78 ਸਾਲਾ ਸਾਬਕਾ ਪ੍ਰਿੰਸੀਪਲ ਜਸਵੰਤ ਸਿੰਘ ਸੰਧੂ ਦੇ ਘਰੋਂ ਪਿਛਲੇ ਦਿਨੀਂ ਬਲਬੀਰ ਸਿੰਘ ਮੁੱਛਲ ਦੀ ਅਗਵਾਈ ਵਾਲੀ 'ਸਤਿਕਾਰ ਕਮੇਟੀ' ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ, ਜੋ 1976 ਤੋਂ ਉਨ੍ਹਾਂ ਦੇ ਘਰ ਸਥਾਪਿਤ ਸੀ, ਅਨਾਦਰ ਦੇ ਦੋਸ਼ ਹੇਠ ਜ਼ਬਰਦਸਤੀ ਚੁੱਕ ਲਿਆ। ਪ੍ਰਿੰ. ਸੰਧੂ ਦਾ ਕਹਿਣਾ ਸੀ ਕਿ ਉਹ ਹਰ ਯਥਾ ਸੰਭਵ ਢੰਗ ਨਾਲ ਗੁਰੂ ਸਾਹਿਬ ਦਾ ਸਤਿਕਾਰ ਕਰਦੇ ਹਨ। ਸਤਿਕਾਰ ਕਮੇਟੀ ਦਾ ਦੋਸ਼ ਸੀ ਕਿ ਜਿਸ ਘਰ ਵਿਚ ਮੀਟ-ਆਂਡਾ ਬਣਦਾ ਹੋਵੇ, ਉੱਥੇ ਗੁਰੂ ਸਾਹਿਬ ਦਾ ਨਿਵਾਸ ਨਹੀਂ ਹੋ ਸਕਦਾ। ਪ੍ਰਿੰ. ਸੰਧੂ ਮੁਤਾਬਕ ਜਦੋਂ ਕਦੇ ਉਨ੍ਹਾਂ ਦਾ ਬੇਟਾ ਵਿਦੇਸ਼ ਤੋਂ ਆਉਂਦਾ ਹੈ ਤਾਂ ਫਿਰ ਥੋੜ੍ਹਾ ਬਹੁਤ ਸੇਵਨ ਹੁੰਦਾ ਹੈ। ਜਦੋਂ ਪ੍ਰਿੰ. ਸੰਧੂ ਨੇ ਕਿਹਾ ਕਿ ਸਿੱਖ ਰਹਿਤ ਮਰਿਆਦਾ ਵਿਚ ਮੀਟ-ਆਂਡਾ ਖਾਣ ਦੀ ਮਨਾਹੀ ਨਹੀਂ ਹੈ, ਤਾਂ ਸਤਿਕਾਰ ਕਮੇਟੀ ਨੇ ਉਨ੍ਹਾਂ ਨੂੰ ਬੁਰਾ ਭਲਾ ਕਿਹਾ। ਖਬਰ ਅਨੁਸਾਰ ਪ੍ਰਿੰ. ਸੰਧੂ ਨੇ ਹੱਥ ਜੋੜ ਕੇ ਬੇਨਤੀ ਵੀ ਕੀਤੀ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਾ ਲੈ ਕੇ ਜਾਣ, ਪਰ ਉਹ ਨਹੀਂ ਮੰਨੇ। ਹੁਣ ਪਤਾ ਲੱਗਾ ਹੈ ਕਿ ਸਾਡੇ ਸਮਰੱਥ ਗੁਰੂ ਸਾਹਿਬ 'ਮਾਸ' ਤੋਂ ਡਰਦੇ ਹਨ!

ਕਿੰਨੀ ਸ਼ਰਮਨਾਕ ਗੱਲ ਹੈ ਕਿ ਅਗਿਆਨੀ ਲੋਕ ਗਿਆਨ ਦੇ ਸਾਗਰ ਗੁਰੂ ਗ੍ਰੰਥ ਸਾਹਿਬ ਦੇ ਕਸਟੋਡੀਅਨ ਬਣ ਬੈਠੇ ਹਨ ਤੇ ਸਾਰਾ ਸਿੱਖ ਸਮਾਜ ਮੂਕ ਦਰਸ਼ਕ ਬਣਿਆ ਬੈਠਾ ਹੈ! ਲੱਗਦਾ ਹੈ, ਸਿੱਖਾਂ 'ਤੇ ਅਜਿਹੀਆਂ ਘਟਨਾਵਾਂ ਦਾ ਅਸਰ ਨਹੀਂ ਹੁੰਦਾ। ਲੱਗਦਾ ਹੈ, ਜਿਵੇਂ ਹਿੰਦੂ ਧਰਮ ਦੇ ਪੁਜਾਰੀਆਂ, ਜਿਨ੍ਹਾਂ ਨੂੰ ਧਰਮ ਮੰਨਣ ਵਾਲਿਆਂ ਨਾਲੋਂ ਧਰਮ 'ਤੇ ਆਪਣੀ ਪਕੜ ਤੇ ਫਿਰ ਮਜ਼ਬੂਤ ਜਕੜ ਵੱਧ ਪਿਆਰੀ ਰਹੀ ਹੈ, ਭਾਵੇਂ ਲੋਕ ਧਰਮ ਤਿਆਗ ਕੇ ਹੋਰਨਾਂ ਧਰਮਾਂ ਵਿਚ ਸ਼ਾਮਲ ਹੋ ਜਾਣ, ਠੀਕ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲ ਰਹੇ ਹਨ। ਸਿੱਖ ਪੁਜਾਰੀ (ਗ੍ਰੰਥੀ), ਜਿਨ੍ਹਾਂ ਨੇ ਹਰ ਹੀਲੇ-ਵਸੀਲੇ ਸਿੱਖਾਂ ਨੂੰ ਪਹਿਲਾਂ ਮਾਨਸਿਕ ਤੇ ਫਿਰ ਆਤਮਿਕ ਤੌਰ 'ਤੇ ਖੁੰਡੇ ਕਰਨ ਦੀ ਇਕ ਮੁਹਿੰਮ ਚਲਾ ਰੱਖੀ ਹੈ, ਗੁਰੂ ਨਾਨਕ ਤੇ ਉਨ੍ਹਾਂ ਦਾ ਫਲਸਫਾ ਉਨ੍ਹਾਂ (ਗ੍ਰੰਥੀਆਂ) ਨੂੰ ਠੀਕ ਨਹੀਂ ਲੱਗਦਾ, ਕਿਉਂਕਿ ਗੁਰੂ ਨਾਨਕ ਬੰਦੇ ਨੂੰ ਜੋਤੀ ਸਰੂਪ ਮੰਨਦੇ ਹਨ ਤੇ ਆਪਣਾ ਮੂਲ ਪਛਾਣਨ ਯਾਨਿ ਪੜਚੋਲ ਕਰਨ ਦੀ ਗੱਲ ਕਰਦੇ ਹਨ, ਪਰ ਗ੍ਰੰਥੀ ਚਾਹੁੰਦੇ ਹਨ ਕਿ ਸਿੱਖ ਹਰ ਗੱਲ ਲਈ ਉਨ੍ਹਾਂ ਦੇ ਕੋਲ ਗੇੜੇ ਮਾਰੇ। ਉਹ ਚਾਹੁੰਦੇ ਹਨ ਕਿ ਸਿੱਖ ਵੀ ਹਿੰਦੂ ਧਰਮ ਦੇ ਪ੍ਰਭਾਵ ਹੇਠ ਪ੍ਰਵਾਨ ਚੜ੍ਹੇ, ਦੇਹਧਾਰੀ ਕਥਿਤ ਸਮਕਾਲੀ ਸਿੱਖ ਲਿਖਾਰੀਆਂ ਵੱਲੋਂ ਹਿੰਦੂ ਦੇਵੀਆਂ ਤੇ ਦੇਵਤਿਆਂ ਦੀਆਂ ਕਲਪਿਤ ਕਰਾਮਾਤਾਂ ਦੀਆਂ ਕਥਾਵਾਂ ਦੀ ਤਰਜ਼ 'ਤੇ ਲਿਖੀਆਂ ਜਨਮ ਸਾਖੀਆਂ ਸੁਣਨ ਅਤੇ ਚਰਚਾ ਕਰਨ ਵਿਚ ਹੀ ਮਗਨ ਰਹਿਣ। ਸਿੱਖਾਂ ਨੂੰ ਸਿੱਖ ਧਰਮ ਅਤੇ ਸਿੱਖ ਗੁਰੂਆਂ ਦੀ ਅਲੌਕਿਕਤਾ ਦਾ ਗਿਆਨ ਨਾ ਆਵੇ ਤੇ ਸਿੱਖਾਂ ਨੂੰ ਖਾਲਸ ਸਿੱਖ ਬਣਨ ਦੀ ਲੋੜ ਹੀ ਮਹਿਸੂਸ ਨਾ ਹੋਏ! ਸਿੱਖਾਂ ਨੂੰ ਸਿੱਖ ਧਰਮ ਵੱਖਰਾ ਨਾ ਲੱਗ ਕੇ ਹਿੰਦੂ ਧਰਮ ਜਿਹਾ ਹੀ ਇਕ ਅੰਗ ਲੱਗੇ ਅਤੇ ਸਿੱਖ ਆਪਣੇ ਧਰਮ ਪੱਖੋਂ ਅਧੂਰੇ ਤੇ ਕੱਚੇ ਹੀ ਰਹਿਣ।

ਇਹ ਖਬਰ ਪੜ੍ਹ ਕੇ ਇੰਜ ਮਹਿਸੂਸ ਹੋਇਆ ਕਿ ਸਿੱਖ ਕੌਮ ਵਾਕੱਈ ਪੂਰਨ ਤੌਰ 'ਤੇ ਅਗਿਆਨੀਆਂ ਸਾਹਮਣੇ ਧਰਾਸ਼ਾਈ ਹੋ ਚੁਕੀ ਹੈ। ਆਮ ਸਿੱਖ ਆਪਣੇ ਗੁਰੂ ਦਾ ਮਾਣ-ਸਨਮਾਨ ਬਹਾਲ ਰੱਖਣ ਵਿਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ ਅਤੇ ਇਸੇ ਦਾ ਨਤੀਜਾ ਹੈ ਕਿ ਅਨਪੜ੍ਹ ਕਿਸਮ ਦੇ ਵਿਅਕਤੀਆਂ ਨਾਲ ਲਬਾ-ਲਬ ਭਰੀ ਹੋਈ ਐਸ. ਜੀ. ਪੀ. ਸੀ. ਤੇ ਇਸ ਦੀਆਂ ਇਕਾਈਆਂ ਅਤੇ ਟਕਸਾਲਾਂ ਨੇ ਸਿੱਖ ਧਰਮ 'ਤੇ ਪੂਰਾ ਕਬਜ਼ਾ ਤੇ ਕੰਟਰੋਲ ਲੈ ਲਿਆ ਹੈ। ਦੁਨੀਆਂ ਦਾ ਸਭ ਤੋਂ ਗਿਆਨਵਾਨ ਤੇ ਮਨੁੱਖ ਜਾਤ ਨੂੰ ਸਰਬ ਪੱਖੀ ਸ਼ਕਤੀਸ਼ਾਲੀ ਬਣਾਉਣ ਵਾਲਾ ਗ੍ਰੰਥ, ਗੁਰੂ ਗ੍ਰੰਥ ਸਾਹਿਬ ਅੱਜ ਐਸ. ਜੀ. ਪੀ. ਸੀ. ਦਾ ਮੁਥਾਜ ਹੋ ਗਿਆ ਲੱਗਦਾ ਹੈ, ਕਿਉਂਕਿ ਐਸ. ਜੀ. ਪੀ. ਸੀ. ਫੈਸਲੇ ਕਰਦੀ ਹੈ, ਇਸ ਗ੍ਰੰਥ ਨੂੰ ਕੌਣ, ਕਦੋਂ ਅਤੇ ਕਿਸ ਢੰਗ ਨਾਲ ਪੜ੍ਹ ਸਕਦਾ ਹੈ। ਗ੍ਰੰਥੀਆਂ ਨੇ ਸਮਰੱਥ ਗੁਰੂ ਨੂੰ ਸ਼ਬਦਾਵਤਾਰ ਦੀ ਥਾਂ ਜਾਗਣ ਤੇ ਸੌਣ ਵਾਲਾ ਇਕ ਅਪਾਹਜ ਬਣਾ ਕੇ ਰੱਖ ਦਿੱਤਾ ਹੈ, ਜਿਸ ਨੂੰ ਜਗਾਉਣ ਤੇ ਸੁਆਉਣ ਲਈ ਇਕ ਪੁਜਾਰੀ (ਗ੍ਰੰਥੀ) ਦੀ ਲੋੜ ਹੈ। ਸਿੱਖ ਆਪਣੇ ਗੁਰੂ ਨੂੰ ਸਿੱਧਿਆਂ ਨਹੀਂ ਮਿਲ ਸਕਦਾ। ਗ੍ਰੰਥੀ ਹੀ ਬਾਬੇ ਨੂੰ ਦੱਸੇਗਾ ਕਿ ਮਿਲਣ ਵਾਲਾ ਸਿੱਖ ਹੈ ਤੇ ਤੁਸੀਂ ਉਸ ਦੇ ਸਹਾਈ ਹੋਵੋ। ਠੀਕ ਉਸੇ ਤਰ੍ਹਾਂ, ਜਿਵੇਂ ਪੁਜਾਰੀ ਮੰਦਿਰਾਂ ਵਿਚ ਕਰਦੇ ਹਨ।

ਇਸ ਗ੍ਰੰਥੀਆਂ ਦੀ ਜਮਾਤ ਨੇ ਸਿੱਖਾਂ ਵਿਚ 'ਸ਼ਬਦ' ਦੀ ਸ਼ਕਤੀ ਨੂੰ ਖੁੰਡਾ ਕਰਨ ਲਈ ਸਮਰੱਥ ਸ਼ਬਦਾਵਤਾਰ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਉਸ ਦੀ ਸੁਰੱਖਿਆ ਲਈ ਸੰਕੇਤਕ ਤੌਰ 'ਤੇ ਸ਼ਕਤੀ ਤੇ ਸੁਰਖਿਆ ਦੇ ਚਿੰਨ੍ਹ ਵਜੋਂ ਇਕ ਸ੍ਰੀ ਸਾਹਿਬ ਵੀ ਉਨ੍ਹਾਂ ਦੇ ਸਨਮੁੱਖ ਰੱਖ ਦਿੱਤੀ ਹੈ। ਸਿੱਖ ਧਰਮ ਦੀ ਜਨਰਲ ਕੰਟ੍ਰੈਕਟਰ ਐਸ. ਜੀ. ਪੀ. ਸੀ. ਬਣ ਗਈ ਹੈ। ਵੇਖੋ ਐਸ. ਜੀ. ਪੀ. ਸੀ. ਗੁਰੂ ਸਾਹਿਬ ਦਾ ਕਿੰਨਾ ਸਤਿਕਾਰ ਕਰਦੀ ਹੈ, ਦਿਖਾਵੇ ਲਈ ਜਦੋਂ ਅਰਦਾਸ ਕੀਤੀ ਜਾਂਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਨੂੰ 'ਤਖਤ ਚਵਰ ਦੇ ਮਾਲਿਕ, ਜ਼ਾਹਰਾ ਜ਼ਹੂਰ, ਸਰਬ ਕਲਾ ਭਰਪੂਰ, ਸ਼ਬਦਾਵਤਾਰ' ਅਤੇ ਅਣਗਿਨਤ ਵਾਰ ਧੰਨ-ਧੰਨ ਕਿਹਾ ਜਾਂਦਾ ਹੈ ਤੇ ਅਨੇਕਾਂ ਹੋਰ ਲਕਬਾਂ ਨਾਲ ਵਡਿਆਇਆ ਜਾਂਦਾ ਹੈ। ਫਿਰ ਬੜੇ ਨਿਮਰ ਸ਼ਬਦਾਂ ਨਾਲ ਜੋਦੜੀਆਂ ਵੀ ਕੀਤੀਆਂ ਜਾਂਦੀਆਂ ਹਨ, ਪਰ ਕੀ ਐਸ. ਜੀ. ਪੀ. ਸੀ. ਦੇ ਕਿਰਦਾਰ ਅਤੇ ਕੰਮਾਂ ਵਿਚ ਕਦੇ ਗੁਰੂ ਸਾਹਿਬ ਦੀ ਵਡਿਆਈ ਤੇ ਸਮਰੱਥਾਵਾਂ ਝਲਕਦੀਆਂ ਹਨ? ਐਸ. ਜੀ. ਪੀ. ਸੀ. ਗੁਰੂ 'ਤੇ ਪੂਰਨ ਮਾਲਕਾਨੇ ਲਈ ਅਦਾਲਤਾਂ ਵਿਚ ਜਾਂਦੀ ਹੈ ਅਤੇ ਮਾਲਕਾਨੇ ਦੀ ਸਰਕਾਰੀ ਡਿਗਰੀ ਪ੍ਰਾਪਤ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਆਮ ਸਿੱਖ ਨਾਲੋਂ ਤੋੜ ਕੇ ਪੂਰਨ ਤੌਰ 'ਤੇ ਆਪਣੀ ਅਥਾਰਟੀ ਵਿਚ ਲੈ ਲੈਂਦੀ ਹੈ! ਸੜਦੀ, ਬਲਦੀ ਤੇ ਕੁਰਲਾਉਂਦੀ ਮਨੁੱਖਤਾ ਦੇ ਉਭਰਨ ਅਤੇ ਸਦੀਵੀ ਬਣਾਉਣ ਵਾਲਾ ਗ੍ਰੰਥ ਹੁਣ ਆਮ ਮਨੁੱਖ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਗਿਆ ਹੈ।



ਬਲਬੀਰ ਸਿੰਘ ਮੁੱਛਲ



ਸੁਖਜੀਤ ਸਿੰਘ ਖੋਸਾ

***ਵੇਖੋ ਐਸ. ਜੀ. ਪੀ. ਸੀ. ਗੁਰੂ ਸਾਹਿਬ ਦਾ ਕਿੰਨਾ ਸਤਿਕਾਰ ਕਰਦੀ ਹੈ, ਦਿਖਾਵੇ ਲਈ ਜਦੋਂ ਅਰਦਾਸ ਕੀਤੀ ਜਾਂਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਨੂੰ 'ਤਖਤ ਚਵਰ ਦੇ ਮਾਲਿਕ, ਜ਼ਾਹਰਾ ਜ਼ਹੂਰ, ਸਰਬ ਕਲਾ ਭਰਪੂਰ, ਸ਼ਬਦਾਵਤਾਰ' ਅਤੇ ਅਣਗਿਨਤ ਵਾਰ ਧੰਨ-ਧੰਨ ਕਿਹਾ ਜਾਂਦਾ ਹੈ ਤੇ ਅਨੇਕਾਂ ਹੋਰ ਲਕਬਾਂ ਨਾਲ ਵਡਿਆਇਆ ਜਾਂਦਾ ਹੈ। ਫਿਰ ਬੜੇ ਨਿਮਰ ਸ਼ਬਦਾਂ ਨਾਲ ਜੋਦੜੀਆਂ ਵੀ ਕੀਤੀਆਂ ਜਾਂਦੀਆਂ ਹਨ, ਪਰ ਕੀ ਐਸ. ਜੀ. ਪੀ. ਸੀ. ਦੇ ਕਿਰਦਾਰ ਅਤੇ ਕੰਮਾਂ ਵਿਚ ਕਦੇ ਗੁਰੂ ਸਾਹਿਬ ਦੀ ਵਡਿਆਈ ਤੇ ਸਮਰੱਥਾਵਾਂ ਝਲਕਦੀਆਂ ਹਨ? ਐਸ. ਜੀ. ਪੀ. ਸੀ. ਗੁਰੂ 'ਤੇ ਪੂਰਨ ਮਾਲਕਾਨੇ ਲਈ ਅਦਾਲਤਾਂ ਵਿਚ ਜਾਂਦੀ ਹੈ ਅਤੇ ਮਾਲਕਾਨੇ ਦੀ ਸਰਕਾਰੀ ਡਿਗਰੀ ਪ੍ਰਾਪਤ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਆਮ ਸਿੱਖ ਨਾਲੋਂ ਤੋੜ ਕੇ ਪੂਰਨ ਤੌਰ 'ਤੇ ਆਪਣੀ ਅਥਾਰਟੀ ਵਿਚ ਲੈ ਲੈਂਦੀ ਹੈ ! ਸੜਦੀ, ਬਲਦੀ ਤੇ ਕੁਰਲਾਉਂਦੀ ਮਨੁੱਖਤਾ ਦੇ ਉਭਰਨ ਅਤੇ ਸਦੀਵੀ ਬਣਾਉਣ ਵਾਲਾ ਗ੍ਰੰਥ ਹੁਣ ਆਮ ਮਨੁੱਖ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਗਿਆ ਹੈ।***

ਐਸ. ਜੀ. ਪੀ. ਸੀ. ਦੀ ਹਕੀਕਤ ਅਤੇ ਉਸ ਦੀਆਂ ਸੰਦੇਹ ਨਾਲ ਭਰਪੂਰ ਕਾਰਗੁਜ਼ਾਰੀਆਂ ਤੋਂ ਤਾਂ ਸਾਰਾ ਸਿੱਖ ਜਗਤ ਵਾਕਿਫ ਹੀ ਹੈ। ਅੰਦਰ ਕੀ ਹੁੰਦਾ ਹੈ? ਬਾਹਰ ਦੱਸਿਆ ਕੀ ਜਾਂਦਾ ਹੈ? ਅਕਾਲ ਤਖਤ ਸਾਹਿਬ ਦੀ ਰਾਜਨੀਤਿਕ ਤੇ ਨਿੱਜੀ ਪੱਧਰ 'ਤੇ ਕਿਵੇਂ ਅਤੇ ਕਿਸ ਪੱਧਰ ਤਕ ਵਰਤੋਂ ਕੀਤੀ ਹੈ, ਇਹ ਵੀ ਜੱਗ ਜਾਹਰ ਹੈ। ਐਸ. ਜੀ. ਪੀ. ਸੀ. ਦੀਆਂ ਸਿੱਖਾਂ ਪ੍ਰਤੀ ਦੁਰਨੀਤੀਆਂ ਤੇ ਮੰਦ ਭਾਵਨਾਵਾਂ ਦੀਆਂ ਹੀ ਉਪਜ ਹਨ, ਇਹ ਅਖੌਤੀ 'ਸਤਿਕਾਰ ਕਮੇਟੀਆਂ।' ਸਭ ਤੋਂ ਪਹਿਲਾਂ ਨਾਮ ਜੋ ਸੁਣਿਆ, ਉਹ ਸੁਖਜੀਤ ਸਿੰਘ ਖੋਸਾ ਸੀ, ਹੁਣ ਬਲਬੀਰ ਸਿੰਘ ਮੁੱਛਲ ਦੀ ਸਤਿਕਾਰ ਕਮੇਟੀ ਖੋਸੇ ਦੀ ਸਤਿਕਾਰ ਕਮੇਟੀ ਤੋਂ ਵੀ ਵੱਧ ਸਰਗਰਮ ਹੈ। ਕਿਸ ਨੇ ਦਿੱਤਾ ਹੈ ਇਨ੍ਹਾਂ ਨੂੰ ਸਿੱਖਾਂ ਅਤੇ ਉਨ੍ਹਾਂ ਦੇ ਇਸ਼ਟ (ਗੁਰੂ ਗ੍ਰੰਥ ਸਾਹਿਬ) ਵਿਚਾਲੇ ਆਉਣ ਦਾ ਹੱਕ?

ਜਦੋਂ ਸਤਿਕਾਰ ਕਮੇਟੀ ਦੀਆਂ ਉਪਰੋਕਤ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਤਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਬਿਆਨ ਵਿਚ ਅਜਿਹੀਆਂ ਘਟਨਾਵਾਂ ਦੀ ਨਿੰਦਿਆਂ ਕੀਤੀ ਤੇ ਕਿਹਾ ਕਿ ਸਤਿਕਾਰ ਕਮੇਟੀਆਂ ਨੂੰ ਅਜਿਹੀਆਂ ਕਾਰਵਾਈਆਂ ਕਰਨ ਦਾ ਹੱਕ ਨਹੀਂ। ਅਕਾਲ ਤਖਤ ਸਾਹਿਬ ਦੀ ਅਥਾਰਟੀ ਅਤੇ ਮਾਣ-ਸਨਮਾਨ ਕਿੰਨਾ ਹੈ ਇਨ੍ਹਾਂ ਕਮੇਟੀਆਂ ਦੀ ਨਜ਼ਰ ਵਿਚ, ਵੇਖੋ ਕਿ ਜਥੇਦਾਰ ਹਰਪ੍ਰੀਤ ਸਿੰਘ ਦੇ ਬਿਆਨ ਦੇ ਫੌਰਨ ਬਾਅਦ ਬਿਨਾ ਸੱਦੇ ਦੇ ਹੀ ਦੋਵੇਂ ਸਤਿਕਾਰ ਕਮੇਟੀਆਂ ਦੇ ਮੁਖੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲਣ ਲਈ ਅਕਾਲ ਤਖਤ ਸਾਹਿਬ ਪੁੱਜ ਜਾਂਦੇ ਹਨ। ਜਥੇਦਾਰ ਹਰਪ੍ਰੀਤ ਸਿੰਘ ਤਾਂ ਨਹੀਂ ਮਿਲੇ, ਪਰ ਉੱਥੇ ਮੌਜੂਦ ਇਕ ਟੀ. ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਸੁਖਜੀਤ ਸਿੰਘ ਖੋਸਾ ਅਤੇ ਫਿਰ ਬਲਬੀਰ ਸਿੰਘ ਮੁੱਛਲ-ਦੋਹਾਂ ਨੇ ਕਿਹਾ ਕਿ ਉਹ ਤਾਂ 2001 ਵਿਚ ਉਸ ਵੇਲੇ ਦੇ ਜਥੇਦਾਰ ਰਣਜੀਤ ਸਿੰਘ ਦੇ ਹੁਕਮਨਾਮੇ ਦੀ ਪਾਲਣਾ ਕਰ ਰਹੇ ਹਨ ਤੇ ਭਵਿੱਖ ਵਿਚ ਵੀ ਕਰਦੇ ਰਹਿਣਗੇ? ਐਸ. ਜੀ. ਪੀ. ਸੀ. ਦੀਆਂ ਬਦਨੀਤੀਆਂ ਅਤੇ ਬਦਇੰਤਜਾਮੀਆਂ ਦਾ ਵੱਡਾ ਰੋਲ ਹੈ, ਸਿੱਖਾਂ ਅਤੇ ਸਿੱਖ ਧਰਮ ਵਿਚ ਆ ਰਹੇ ਨਿਘਾਰ ਵਿਚ!

ਅਕਾਲੀਆਂ, ਅਕਾਲੀ ਦਲ ਅਤੇ ਐਸ. ਜੀ. ਪੀ. ਸੀ. ਨੇ ਸਿੱਖ ਧਰਮ ਅਤੇ ਸਿੱਖ ਹੋਣ ਦੀਆਂ ਸ਼ਾਨਾਂ ਮੱਤੀਆਂ ਪਰੰਪਰਾਵਾਂ ਤੇ ਗੌਰਵ ਨੂੰ ਘੱਟੇ ਵਿਚ ਰੋਲ ਕੇ ਰੱਖ ਦਿੱਤਾ ਹੈ। ਐਸ. ਜੀ. ਪੀ. ਸੀ. ਦੀਆਂ ਢੁੱਲ-ਮੁੱਲ ਨੀਤੀਆਂ ਤੇ ਅਕਾਲੀਆਂ ਦੀਆਂ ਵੋਟਾਂ ਪ੍ਰਤੀ ਲਿਲ੍ਹਕੜੀਆਂ ਕੱਢਣ ਵਾਲੇ ਕਿਰਦਾਰ ਨੇ ਡੇਰਾਵਾਦ ਦੀ ਅਜਿਹੀ ਪੁਸ਼ਤਪਨਾਹੀ ਕੀਤੀ ਕਿ ਸਿੱਖ ਧਰਮ ਦੀ ਰੰਗਤ ਹੌਲੀ-ਹੌਲੀ ਫਿੱਕੀ ਪੈਣ ਲੱਗ ਪਈ ਤੇ ਵੱਖ-ਵੱਖ ਡੇਰਿਆਂ ਦੀ ਰੰਗਤ ਮੁਖਰ ਹੁੰਦੀ ਜਾ ਰਹੀ ਹੈ। ਸਾਰੇ ਹੀ ਡੇਰੇ ਧਰਮ ਦੇ ਨਾਂ 'ਤੇ ਅਰਬਾਂ-ਖਰਬਾਂ ਦੀਆਂ ਜਾਇਦਾਦਾਂ ਦੇ ਮਾਲਕ ਬਣੇ ਬੈਠੇ ਹਨ। ਪ੍ਰਾਈਵੇਟ ਕੰਪਨੀਆਂ ਵਾਂਗ ਇਨ੍ਹਾਂ ਡੇਰਿਆਂ ਦੇ ਅੰਤਰਦੇਸੀ ਤੇ ਕੌਮਾਂਤਰੀ ਪੱਧਰ 'ਤੇ ਬ੍ਰਾਂਚਾਂ ਹਨ। ਕਬੂਤਰਬਾਜੀ ਦੇ ਦੋਸ਼ ਵੀ ਇਨ੍ਹਾਂ 'ਤੇ ਲੱਗੇ ਹਨ। ਸਾਰੇ ਹੀ ਡੇਰਿਆਂ ਦੀ ਅੰਦਰੂਨੀ ਤੇ ਨਿੱਜੀ ਮਰਿਆਦਾਵਾਂ ਹਨ। ਇਹ ਸਾਰੇ ਹੀ ਡੇਰੇ ਸਿੱਖਾਂ ਨੂੰ ਅਕਾਲ ਪੁਰਖ ਨਾਲੋਂ ਤੋੜ ਕੇ ਦੇਹਧਾਰੀ ਬਾਬਿਆਂ ਵੱਲ ਨੂੰ ਪ੍ਰੇਰ ਰਹੇ ਹਨ। ਬਾਬਿਆਂ ਦੇ ਡੇਰਿਆਂ 'ਤੇ ਜਥੇਦਾਰਾਂ ਵੱਲੋਂ ਲਿਫਾਫੇ ਲੈਣ ਜਾਣਾ ਤੇ ਅਕਾਲੀਆਂ/ਐਸ. ਜੀ. ਪੀ. ਸੀ. ਮੈਂਬਰਾਂ ਵੱਲੋਂ ਵੋਟਾਂ ਲਈ ਲਿਲ੍ਹਕੜੀਆਂ ਕੱਢਣ ਜਾਣ ਦੀਆਂ ਘਟਨਾਵਾਂ ਪੰਜਾਬ ਵਿਚ ਇਕ ਆਮ ਵਰਤਾਰਾ ਹੈ। ਅਜਿਹੀਆਂ ਘਟਨਾਵਾਂ ਡੇਰਿਆ ਦੇ ਪ੍ਰਚਾਰ ਤੇ ਪਸਾਰੇ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ।

ਨਿਘਾਰ ਇੱਥੇ ਹੀ ਨਹੀਂ ਰੁਕਿਆ। ਰਾਜਨੀਤੀ ਨੇ ਸਿੱਖ ਧਰਮ ਦੇ ਦੋਖੀਆਂ ਨੂੰ ਸਿੱਖ ਧਰਮ ਵਿਚ ਸਰਬ ਪੱਖੀ ਘੁਸਪੈਠ ਦੇ ਅਜਿਹੇ ਅਣਗਿਣਤ ਮੌਕੇ ਦਿੱਤੇ ਹਨ ਕਿ ਘੁਸਪੈਠੀਆਂ ਨੇ ਸਿੱਖ ਧਰਮ ਵਿਚ ਦਖਲਅੰਦਾਜ਼ੀ ਕੀਤੀ, ਸਿੱਖਾਂ ਨੂੰ ਆਪਸ ਵਿਚ ਹੀ ਭਿੜਾ ਦਿੱਤਾ। ਐਸ. ਜੀ. ਪੀ. ਸੀ. ਨੂੰ ਖੁਦ ਹੀ ਸਿੱਖ ਧਰਮ ਵਿਰੋਧੀ ਪੁਸਤਕਾਂ ਛਾਪਣ ਦਾ ਦੋਸ਼ੀ ਪਾਇਆ ਗਿਆ ਹੈ। ਰਾਜਨੀਤਿਕ ਲਾਲਸਾਵਾਂ ਦੀ ਪੂਰਤੀ ਲਈ ਸਿੱਖਾਂ ਵੱਲੋਂ ਗੁਰਬਾਣੀ ਨਾਲ ਛੇੜ-ਛਾੜ ਤੇ ਆਪਣੇ ਧਾਰਮਿਕ ਅਕੀਦੇ ਨਾਲ ਸਮਝੌਤੇ ਆਮ ਜਿਹੀਆਂ ਗੱਲਾਂ ਹੋ ਗਈਆਂ ਹਨ। ਕੋਈ ਵੀ ਕਿਸੇ ਨੂੰ ਹਟਕਾਰਨ ਵਾਲਾ ਕਿਰਦਾਰ ਨਹੀਂ ਰੱਖਦਾ, ਕਿਉਂਕਿ ਹਮਾਮ ਵਿਚ ਕੋਈ ਪੂਰਾ ਨੰਗਾ ਤੇ ਕੋਈ ਨੰਗੇ ਹੋਣ ਦੀ ਤਿਆਰੀ ਵਿਚ ਹੈ। ਮੌਜੂਦਾ ਦੌਰ ਦੇ ਸਿੱਖ ਧਰਮ ਵਿਚ ਪ੍ਰਫੁਲਿਤ ਹੋ ਰਹੀ ਅਸਹਿਨਸ਼ੀਲਤਾ, ਅਨੁਸ਼ਾਸਨਹੀਣਤਾ, ਬੇਲਗਾਮੀ, ਦੁਸ਼ਣਬਾਜ਼ੀਆਂ, ਆਪਸੀ ਭਾਈਚਾਰਕ ਅਣਹੋਂਦ ਸਾਡੇ ਨਿਘਾਰ ਵੱਲ ਜਾਣ ਦੀਆਂ ਨਿਸ਼ਾਨੀਆਂ ਹਨ, ਜੋ ਸਾਨੂੰ ਕਬੂਲਣੀਆਂ ਚਾਹੀਦੀਆਂ ਹਨ। ਜੇ ਅਸੀਂ ਆਮ ਸਿੱਖ ਖੁਦ ਨਾ ਜਾਗੇ ਤਾਂ ਫਿਰ ਸਾਨੂੰ ਅੰਤ ਵੱਲ ਨੂੰ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਜੇ ਆਮ ਸਿੱਖ ਜਾਗ ਪਵੇ ਤਾਂ ਉਹ ਗੁਰੂ ਨਾਨਕ ਦੇ ਪਦ ਚਿੰਨ੍ਹਾਂ 'ਤੇ ਚੱਲਦਾ ਹੋਇਆ ਆਪਣੇ ਅਲੋਕਾਰੀ ਤੇ ਸੰਸਾਰ ਦੇ ਸਭ ਤੋਂ ਸ੍ਰੇਸ਼ਟ ਧਰਮ ਨੂੰ ਬਚਾ ਸਕਦਾ ਹੈ ਤੇ ਆਪਣੇ ਨਿੱਜੀ ਯਤਨਾਂ ਨਾਲ ਆਪਣੇ ਧਰਮ ਨੂੰ ਸਾਰੇ ਸੰਸਾਰ ਵਿਚ ਫੈਲਾ ਵੀ ਸਕਦਾ ਹੈ, ਬਿਨਾ ਕਿਸੇ ਜਥੇਦਾਰਾਂ, ਕਮੇਟੀ ਜਾਂ ਗ੍ਰੰਥੀਆਂ ਦੀ ਜਮਾਤ ਦੇ।

ਗੁਰੂ ਨਾਨਕ ਨੇ ਸਿੱਖ ਧਰਮ ਦੀ ਸਥਾਪਨਾ ਵੇਲੇ ਕਿਸੇ ਹਕੂਮਤ, ਕ੍ਰਿਸ਼ਮੇ ਜਾਂ ਕੋਈ ਦੈਵੀ ਸ਼ਕਤੀ ਦਾ ਆਸਰਾ ਨਹੀਂ ਲਿਆ, ਸਗੋਂ ਇੱਕਲਿਆਂ ਹੀ 'ਜਿਨ ਸਚੁ ਪਲੈ ਹੋਇ' ਦੇ ਸਿਧਾਂਤ 'ਤੇ ਚੱਲਦਿਆਂ ਇੱਕ ਸੰਸਾਰ ਪੱਧਰ ਦਾ ਧਰਮ ਸਥਾਪਿਤ ਕੀਤਾ। ਹੇ ਸਿੱਖ! ਤੈਨੂੰ ਗੁਰੂ ਨਾਨਕ ਨੇ ਸਰਬ ਕਲਾ ਤੇ ਸਰਬ ਪੱਖੀ ਸਮਰੱਥ ਬਣਾਇਆ ਹੈ, ਉੱਠ ਖੜੋ ਅਤੇ ਆਪਣੇ ਤੇ ਆਪਣੇ ਪਿਆਰੇ ਸਿੱਖ ਧਰਮ ਦੁਆਲੇ ਫੈਲੇ ਭ੍ਰਿਸ਼ਟਾਚਾਰ, ਵਿਭਚਾਰ, ਤਮਾਮ ਬੁਰਾਈਆਂ ਤੇ ਗੰਦਗੀ ਨੂੰ ਉਨ੍ਹਾਂ ਦੇ ਮੂੰਹ 'ਤੇ ਵਗਾਹ ਕੇ ਮਾਰ, ਜਿਨ੍ਹਾਂ ਨੇ ਤੇਰੀ ਅਤੇ ਤੇਰੇ ਧਰਮ ਦੀ ਅਜ਼ਮਤ ਨਾਲ ਖੇਡਨ ਦਾ ਯਤਨ ਕੀਤਾ ਹੈ!

# ਭੁਗਤਿ ਗਿਆਨੁ ਦਇਆ ਭੰਡਾਰਣਿ

***(ਪਿਛਲੇ ਸਫੇ ਦੀ ਬਾਕੀ)***

ਵਿਚ ਗੁਰੂ ਸਾਹਿਬ ਬੋਲਦੇ ਨਜ਼ਰ ਨਹੀਂ ਆ ਰਹੇ, ਸਗੋਂ "ਹਮ ਹਿੰਦੂ ਨਹੀਂ" ਦੇ ਤਾਜ਼ੇ ਨਾਹਰੇ ਲਾ ਕੇ ਆਇਆ 19ਵੀਂ ਸਦੀ ਦਾ ਕੋਈ ਸਿੰਘ ਸਭੀਆ ਵਿਦਵਾਨ ਬੋਲਦਾ ਦਿਖਾਈ ਦੇ ਰਿਹਾ ਹੈ।

ਦਰਅਸਲ ਇਹ ਪਉੜੀ ਪਿਛਲੀ ਪਉੜੀ ਦਾ ਹੀ ਵਧਿਆ ਭਾਗ (Extended Part) ਹੈ, ਜਿਸ ਵਿਚ ਗੁਰੂ ਸਾਹਿਬ ਨੇ ਸਿੱਧਾਂ ਨੂੰ ਕੁਝ ਵਿਧੀਆਤਮਕ ਨੁਕਤਿਆਂ 'ਤੇ ਨਕਾਰਿਆ ਸੀ। ਉਨ੍ਹਾਂ ਕਿਹਾ ਸੀ ਕਿ ਸਾਰੀਆਂ ਜਮਾਤਾਂ ਦੀਆਂ ਪੰਥੀਆਂ ਦਾ ਸਾਰ ਇਸ ਗੱਲ ਵਿਚ ਹੈ ਕਿ ਤੁਸੀਂ ਕਿਰਤ ਦਾ ਮਾਣ (Dignity of labor) ਰੱਖੋ, ਭਾਵ ਹੱਥੀਂ ਕਾਰ ਕਰ ਕੇ ਖਾਓ, ਵਿਵੇਕੀ ਜੁਗਤ ਵਰਤ ਕੇ ਧਿਆਨ-ਅਧਿਐਨ ਕਰੋ ਤੇ ਸੰਤੋਖ ਰਾਹੀਂ ਉਲਾਰ ਮਨ ਨੂੰ ਸਾਵਾ (Balanced) ਰੱਖੋ। ਪਖੰਡ ਛੱਡੋ ਤੇ ਇਸ ਰਾਹ 'ਤੇ ਚਲ ਕੇ ਉਸ ਸਤਿ ਦੀ ਭਾਲ ਕਰੋ, ਜੋ ਆਦਿ ਕਾਲ ਤੋਂ ਇਕੋ ਰੰਗ ਵਿਚ ਵਿਚਰਦਾ ਆ ਰਿਹਾ ਹੈ।

ਇਸ ਪਉੜੀ ਵਿਚ ਉਹ ਆਪਣੀ ਟਿੱਪਣੀ ਜਾਰੀ ਰੱਖਦਿਆਂ ਸਿੱਧਾਂ ਨੂੰ ਕਹਿੰਦੇ ਹਨ ਕਿ ਗਿਆਨ ਨੂੰ ਆਪਣੀ ਖੁਰਾਕ ਬਣਾਓ। ਭਾਵ ਭੁੱਖੇ ਪੇਟ ਜਿਸ ਤਰ੍ਹਾਂ ਭੁਗਤੀ ਜਾਂ ਭੋਜਨ ਦੀ ਉਡੀਕ ਕਰਦੇ ਹੋ, ਉਵੇਂ ਦੀ ਗਿਆਨ ਦੀ ਅਭਿਲਾਸ਼ਾ ਪੈਦਾ ਕਰੋ। ਭੁਗਤੀ ਲਈ ਜਿਸ ਭੰਡਾਰੀ 'ਤੇ ਨਿਰਭਰ ਕਰਦੇ ਹੋ, ਭਾਵ ਭੁਗਤੀ ਨੂੰ ਪ੍ਰਾਪਤ ਕਰਨ ਲਈ ਜਿਸ ਵੰਡਣ ਵਾਲੇ ਵਲ ਵੇਖਦੇ ਰਹਿੰਦੇ ਹੋ, ਉਹ ਆਪ ਬਣੋ ਤੇ ਗਿਆਨ ਦੀ ਭੁਗਤੀ ਖੁੱਲ੍ਹੇ ਦਿਲ ਨਾਲ ਦੂਜਿਆਂ ਨੂੰ ਵੰਡੋ। ਜੋ ਸੰਖ, ਸਿੰਗੀ ਜਾਂ ਸਿੰਙ ਨਾਦ ਵਜਾ ਕੇ ਭੰਡਾਰੀ ਸਭ ਨਾਥਾਂ ਤੇ ਸ਼ਰਧਾਲੂਆਂ ਨੂੰ ਭੁਗਤੀ ਵਰਤਾਉਣ ਲਈ ਇੱਕਠਾ ਕਰਦਾ ਹੈ, ਉਹ ਨਾਦ ਤੁਸੀਂ ਦਇਆਵਾਨ ਹੋ ਕੇ ਗਿਆਨ ਦੇ ਵਿਚਾਰ ਵਟਾਂਦਰੇ ਲਈ ਹਰ ਜਗਿਆਸੂ ਦੇ ਮਨ ਵਿਚ ਵਜਾਓ। ਜਿਸ ਨੇ ਆਪਣੇ ਮਨੋਵੇਗਾਂ ਨੂੰ ਆਪ ਨੱਥ ਪਾ ਕੇ ਕਾਬੂ ਕਰ ਲਿਆ ਹੋਵੇ, ਉਸ ਲਈ ਬਾਹਰਲੀਆਂ ਸ਼ਕਤੀਆਂ ਵਸ ਕਰਨ ਲਈ ਰਿਧੀਆਂ-ਸਿਧੀਆਂ ਹਾਸਲ ਕਰਨਾ ਫਜ਼ੂਲ ਦਾ ਰੁਝੇਵਾਂ ਹੈ। ਰਿਧੀਆਂ-ਸਿਧੀਆਂ ਸੰਜੋਗ ਅਰਥਾਤ ਯੋਗ ਜਾਂ ਭਗਤੀ-ਤਪੱਸਿਆ ਰਾਹੀ ਹਾਸਲ ਹੋ ਹੀ ਨਹੀਂ ਸਕਦੀਆਂ, ਕਿਉਂਕਿ ਕੁਦਰਤ ਦੇ ਕਾਰਜ ਇੱਕਲੇ ਯੋਗ ਨਾਲ ਨਹੀਂ, ਸਗੋਂ ਸੰਜੋਗ (Positive) ਤੇ ਵਿਜੋਗ (Negative) ਦੋਹਾਂ ਪ੍ਰਕ੍ਰਿਤੀਆਂ ਦੇ ਪ੍ਰਭਾਵ ਨਾਲ ਚਲਦੇ ਹਨ। ਜੋ ਸੰਸਾਰ ਪੱਲੇ ਪੈਂਦਾ ਦਿਖਾਈ ਦਿੰਦਾ ਹੈ, ਉਹ ਤਾਂ ਇਨ੍ਹਾਂ ਦੇ ਘਾਟੇ ਵਾਧੇ ਦੇ ਹਿਸਾਬ (Calculation) ਤੋਂ ਨਿਕਲਿਆ ਅੰਸ਼ ਭਾਵ ਹਿੱਸਾ (Resultant) ਹੈ। ਇਸ ਲਈ ਆਦੇਸ਼ ਉਸ ਨੂੰ ਕਰਨਾ ਬਣਦਾ ਹੈ, ਜੋ ਹਮੇਸ਼ਾ ਤੋਂ ਨਿਰੋਲ, ਅਡੋਲ ਤੇ ਸਮਵੇਸੀ ਹਾਲਤ ਵਿਚ ਚੱਲਿਆ ਆ ਰਿਹਾ ਹੈ ਅਤੇ ਜਿਸ ਕਾਰਨ ਕਾਇਨਾਤ ਦਾ ਇਹ ਨਿਜ਼ਾਮ ਕਾਇਮ ਹੈ।

ਕਹਿਣ ਨੂੰ ਤਾਂ ਇਹ ਗੱਲਾਂ ਗੁਰੂ ਸਾਹਿਬ ਨੇ ਸਿੱਧਾਂ ਨੂੰ ਕਹੀਆਂ ਹਨ, ਪਰ ਘੁੰਮ ਘੁਮਾ ਕੇ ਇਹ ਸਿੱਖੀ ਸਿਧਾਂਤ ਦਾ ਹਿੱਸਾ ਬਣ ਜਾਂਦੀਆਂ ਹਨ। ਗੁਰੂ ਦਾ ਸਿੱਖ ਕਿਰਤ ਦਾ ਸਨਮਾਨ ਕਰਦਾ ਹੈ, ਸੱਚੇ ਗਿਆਨ ਦੀ ਚੇਟਕ ਰੱਖਦਾ ਹੈ, ਗਿਆਨ ਨੂੰ ਨਿਮਰਤਾ, ਆਤਮ-ਵਿਸ਼ਵਾਸ ਤੇ ਵਿਵੇਕ ਨਾਲ ਸਾਂਝਾ ਕਰਦਾ ਹੈ, ਧਿਆਨ ਨੂੰ ਪਖੰਡਾਂ ਤੋਂ ਦੂਰ ਰੱਖਦਾ ਹੈ ਤੇ ਕੁਦਰਤ ਦੀਆਂ ਪ੍ਰਕ੍ਰਿਆਵਾਂ ਨੂੰ ਦਵੰਧਵਾਦੀ ਨਜ਼ਰੀਏ ਤੋਂ ਦੇਖਦਾ ਹੋਇਆ ਪਰਮ-ਸਤਿ ਦੀ ਭਾਲ ਦਾ ਉੱਦਮ ਕਰਦਾ ਹੈ। ਅੱਜ ਕਿੰਨੇ ਕੁ ਸਿੱਖ ਹਨ, ਜੋ ਇਸ ਪਰਿਭਾਸ਼ਾ ਅਨੁਸਾਰ ਪਰਵਾਨ ਚੜ੍ਹਦੇ ਹਨ? ਆਪ ਨੂੰ ਪਰਵਾਨ ਹੋਣ ਦੀ ਲੋੜ ਹੀ ਰਹੇ, ਇਸ ਲਈ ਰਾਜਨੀਤੀ ਨੂੰ ਪ੍ਰਣਾਏ ਅਜੋਕੇ ਸਿੱਖਾਂ ਨੇ ਤਾਂ ਸਿੱਖੀ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ!

ਅਜਮੇਰ ਸਿੰਘ ਬਨਾਮ ਪ੍ਰਭਸ਼ਰਨ ਭਰਾ

# ਖਾਲਿਸਤਾਨ ਬਾਰੇ ਸਾਧਾਰਨ ਤੇ ਸਿੱਧੀਆਂ ਗੱਲਾਂ

**ਖਾਲਿਸਤਾਨ ਅਤੇ ਪੰਜਾਬ ਦੀ ਸਿੱਖ ਸਿਆਸਤ ਬਾਰੇ 'ਪੰਜਾਬ ਟਾਈਮਜ਼' ਦੇ ਪਿਛਲੇ ਕਈ ਅੰਕਾਂ ਵਿਚ ਚੱਲੀ ਬਹਿਸ ਦੇ ਪ੍ਰਸੰਗ ਵਿਚ ਅਭੈ ਸਿੰਘ ਦੀ ਇਹ ਲਿਖਤ ਪ੍ਰਾਪਤ ਹੋਈ ਹੈ। ਉਨ੍ਹਾਂ ਪੰਜਾਬ ਦੀ ਸਿਆਸਤ ਦੀਆਂ ਕੁਝ ਜ਼ਮੀਨੀ ਹਕੀਕਤਾਂ ਨੂੰ ਕੇਂਦਰ ਵਿਚ ਰੱਖ ਕੇ ਕੁਝ ਟਿੱਪਣੀਆਂ ਕੀਤੀਆਂ ਹਨ ਅਤੇ ਕੁਝ ਕੁ ਸਵਾਲ ਵੀ ਉਠਾਏ ਹਨ। ਇਕ ਵਾਰ ਫਿਰ ਅਗਾਹ ਕਰ ਦੇਈਏ ਕਿ ਸਾਡੀ ਵੱਖ-ਵੱਖ ਵਿਚਾਰਾਂ ਨਾਲ ਸਹਿਮਤੀ ਜਾਂ ਅਸਹਿਮਤੀ ਦਾ ਮਸਲਾ ਨਹੀਂ, ਸਗੋਂ ਮੁਖ ਨੁਕਤਾ ਇਹ ਹੈ ਕਿ ਉਲਝੀ ਹੋਈ ਇਸ ਤਾਣੀ ਦੀ ਕੋਈ ਤੰਦ ਫੜੀ ਜਾ ਸਕੇ ਤਾਂ ਕਿ ਇਸ ਵਿਚੋਂ ਹੀ ਕਿਸੇ ਨਵੇਂ ਰਾਹ ਦੀ ਲਿਸ਼ਕੋਰ ਪੈ ਸਕੇ। -ਸੰਪਾਦਕ**

**ਅਭੈ ਸਿੰਘ**
ਫੋਨ: 91-98783-75903

ਖਾਲਿਸਤਾਨ ਬਾਰੇ ਦਲੀਲਾਂ ਦੇਣ ਵਾਲਿਆਂ ਨੇ ਭਾਵੇਂ ਕਦੇ ਖੁੱਲ੍ਹ ਕੇ ਇਸ ਦੇ ਸਰੂਪ ਦੀ ਗੱਲ ਨਹੀਂ ਕੀਤੀ, ਪਰ ਆਮ ਸਮਝ ਮੁਤਾਬਕ ਇਸ ਦਾ ਮਤਲਬ ਪੂਰੀ ਤਰ੍ਹਾਂ ਖੁਦਮੁਖਤਾਰ ਮੁਲਕ ਦੀ ਤਜਵੀਜ਼ ਹੈ, ਜਿਸ ਵਿਚ ਜਾਂ ਤਾਂ ਸਿਰਫ ਸਿੱਖ ਹੀ ਵੱਸਦੇ ਹੋਣ, ਤੇ ਜਾਂ ਸਿੱਖਾਂ ਦੀ ਵੱਡੀ ਬਹੁਗਿਣਤੀ ਹੋਵੇ, ਜਿਸ ਨਾਲ ਕਾਨੂੰਨ ਤੇ ਵਿਧਾਨ ਦੇ ਸਾਰੇ ਫੈਸਲੇ ਸਿੱਖਾਂ ਦੀ ਆਪਣੀ ਮਰਜ਼ੀ ਨਾਲ ਹੋ ਸਕਣ। ਜੇ ਇੰਨੀ ਗੱਲ ਸਹੀ ਲੱਗਦੀ ਹੋਵੇ ਤਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਸ ਧਰਤੀ ਉਪਰ ਅਜਿਹੀ ਜਗ੍ਹਾ ਕਿਥੇ ਹੈ, ਜਾਂ ਕਿੱਥੇ ਬਣਾਈ ਜਾ ਸਕਦੀ ਹੈ? ਪ੍ਰਸਤਾਵਿਤ ਨਕਸ਼ੇ ਤੋਂ ਬਿਨਾ ਸਭ ਬਹਿਸਾਂ ਬੇਲੋੜੀਆਂ ਰਹਿ ਜਾਣਗੀਆਂ। ਉਸ ਤੋਂ ਬਿਨਾ ਅੱਗੇ ਗੱਲ ਹੀ ਨਹੀਂ ਚੱਲ ਸਕਦੀ।

ਸੁਫਨਿਆਂ ਦਾ ਕਿਲ੍ਹਾ, ਜੋ ਹਵਾ ਵਿਚ ਵੀ ਨਹੀਂ ਬਣ ਸਕਦਾ, ਕਾਗਜ਼ 'ਤੇ ਨਹੀਂ ਉਤਾਰਿਆ ਜਾ ਸਕਦਾ, ਉਹ ਜ਼ਮੀਨ ਉਪਰ ਕਿਸ ਤਰ੍ਹਾਂ ਬਣ ਸਕਦਾ ਹੋਵੇਗਾ, ਕੁਝ ਨਹੀਂ ਕਿਹਾ ਜਾ ਸਕਦਾ। ਗੱਲ ਹੋਰ ਸਾਫ ਕਰਨ ਵਾਸਤੇ ਥੋੜ੍ਹਾ ਫਰੈਂਕ ਹੁੰਦੇ ਹਾਂ, ਕੁਝ ਕਿਆਸ ਕਰਦੇ ਹਾਂ। ਬਹੁਤੇ ਲੋਕ, ਜੋ ਖਾਲਿਸਤਾਨ ਦੀ ਗੱਲ ਕਰਦੇ ਹਨ, ਉਹ ਇਸ ਬਾਰੇ ਭਾਰਤ ਦੇ ਵਰਤਮਾਨ ਪੰਜਾਬ ਦੀ ਗੱਲ ਕਰਦੇ ਹਨ। ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਤਾਂ ਹੈ, ਪਰ ਭਾਰੀ ਬਹੁਗਿਣਤੀ ਨਹੀਂ। ਤਜਵੀਜ਼ ਕਰਨ ਵਾਲਿਆਂ ਦਾ ਦੱਸਣਾ ਬਣਦਾ ਹੈ ਕਿ ਇਥੋਂ ਗੈਰ ਸਿੱਖਾਂ ਨੂੰ ਬਾਹਰ ਕੱਢਿਆ ਜਾਣਾ ਹੋਵੇਗਾ ਤੇ ਹੋਰਨਾਂ ਸੂਬਿਆਂ ਤੇ ਹੋਰਨਾਂ ਮੁਲਕਾਂ ਵਿਚ ਰਹਿੰਦੇ ਸਿੱਖਾਂ ਨੂੰ ਇਥੇ ਵਸਾਉਣਾ ਹੋਵੇਗਾ। ਆਖਰ ਕਿੱਥੇ ਤੇ ਕਿਸ ਤਰ੍ਹਾਂ ਬਣ ਸਕਦੀ ਹੈ ਨਿਰੋਲ ਸਿੱਖ ਆਬਾਦੀ ਜਾਂ ਸਿੱਖਾਂ ਦੀ ਭਾਰੀ ਬਹੁਗਿਣਤੀ ਵਾਲੀ ਕੋਈ ਧਰਤੀ? ਸਪਸ਼ਟ ਹੈ ਕਿ ਆਪਣੀ ਮਰਜ਼ੀ ਨਾਲ ਨਾ ਕੋਈ ਬਾਹਰ ਜਾਣਾ ਚਾਹੇਗਾ ਤੇ ਨਾ ਬਾਹਰੋਂ ਆਉਣਾ ਚਾਹੇਗਾ।

ਏਧਰ ਪੰਜਾਬ ਵਿਚ 15 ਅਗਸਤ ਨੂੰ ਕੁਝ ਲੋਕਾਂ, ਜਿਨ੍ਹਾਂ ਨੂੰ ਗਰਮ ਦਲੀਏ ਕਿਹਾ ਜਾਂਦਾ ਹੈ, ਨੇ ਕੁਝ ਥਾਂਵਾਂ 'ਤੇ ਖਾਲਿਸਤਾਨ ਦੇ ਨਾਅਰੇ ਲਾਏ ਅਤੇ ਕੇਸਰੀ ਝੰਡੇ ਵੀ ਲਹਿਰਾਏ। ਇਨ੍ਹਾਂ ਨੇ ਵੀ ਕੋਈ ਰੂਪ ਰੇਖਾ ਨਹੀਂ ਪੇਸ਼ ਕੀਤੀ, ਸਿਰਫ ਗੁੱਸੇ ਦਾ ਇਜ਼ਹਾਰ ਕੀਤਾ, ਆਪਣੇ ਦਿਲ ਦੇ ਗੁਬਾਰ ਕੱਢੇ। ਕੁਝ ਅਜਿਹੀਆਂ ਗੱਲਾਂ ਕੀਤੀਆਂ, ਸ਼ਿਕਾਇਤਾਂ ਕੀਤੀਆਂ, ਜਿਨ੍ਹਾਂ ਦਾ ਸਾਰ ਇਹ ਕੱਢਿਆ ਗਿਆ ਕਿ ਸਿੱਖਾਂ ਦਾ ਇਸ ਮੁਲਕ ਵਿਚ ਰਹਿਣ ਦਾ ਹੱਜ ਨਹੀਂ ਬਚਿਆ ਤੇ ਉਨ੍ਹਾਂ ਨੂੰ ਚੰਗੇ ਜੀਵਨ ਵਾਸਤੇ ਵੱਖਰਾ ਮੁਲਕ ਚਾਹੀਦਾ ਹੈ। ਵੱਖਰਾ ਮੁਲਕ ਕਿੱਥੇ, ਕਿੰਨਾ ਲੰਮਾ-ਚੌੜਾ, ਕਿਥੋਂ ਲੈ ਕੇ ਕਿਥੋਂ ਤੱਕ ਹੋਵੇ, ਕਿਸੇ ਨੂੰ ਨਹੀਂ ਪਤਾ। ਕਿਸੇ ਕੋਲ ਇਸ ਦਾ ਸਰੂਪ ਨਹੀਂ ਹੈ, ਤਸੱਵਰ ਨਹੀਂ, ਨਕਸ਼ਾ ਨਹੀਂ। ਸਿਰਫ ਭੜਕਾਹਟਾਂ ਤੇ ਗੁੱਸਾ। ਚਲੋ ਗੁੱਸੇ ਦੀਆਂ ਗੱਲਾਂ ਸੁਣਦੇ ਹਾਂ, ਸ਼ਿਕਾਇਤਾਂ ਵਾਲੀਆਂ ਦਲੀਲਾਂ ਸੁਣਦੇ ਹਾਂ।

ਗੱਲ ਇਥੋਂ ਸ਼ੁਰੂ ਕੀਤੀ ਜਾਂਦੀ ਹੈ ਕਿ ਪੰਜਾਬੀ ਸੂਬੇ ਦੇ ਮੋਰਚੇ ਮੌਕੇ ਜੇਲ੍ਹਾਂ ਭਰੀਆਂ ਗਈਆਂ, ਸਖਤੀਆਂ ਹੋਈਆਂ, ਲਾਠੀਆਂ ਚੱਲੀਆਂ ਤੇ ਗੋਲੀਆਂ ਚੱਲੀਆਂ। ਇਸ ਮੁਲਕ ਵਿਚ ਨਹੀਂ, ਸਗੋਂ ਪੂਰੇ ਉਪ ਮਹਾਦੀਪ ਵਿਚ ਥਾਂ ਥਾਂ ਮੋਰਚੇ ਲੱਗੇ, ਲਾਠੀਆਂ ਚੱਲੀਆਂ, ਗੋਲੀਆਂ ਚੱਲੀਆਂ। ਹੁਣ ਕੀ ਇਨ੍ਹਾਂ ਸਭ ਵਾਸਤੇ ਵੱਖਰੇ ਮੁਲਕ ਬਣਨ? ਇਸ ਦੇ ਨਾਲ ਹੀ ਜੋੜਿਆ ਜਾਂਦਾ ਹੈ ਕਿ ਅਖੀਰ ਲੰਗੜਾ ਪੰਜਾਬ ਮਿਲਿਆ, ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ। ਕਿਸੇ ਨੇ ਇਨ੍ਹਾਂ ਇਲਾਕਿਆਂ ਦੀ ਵੀ ਕਦੇ ਲਿਸਟ ਨਹੀਂ ਬਣਾਈ ਕਿ ਫਲਾਣੇ-ਫਲਾਣੇ ਜਿਲੇ ਜਾਂ ਪਿੰਡ ਹਨ। ਅੱਜ 50 ਸਾਲਾਂ ਤੋਂ ਉਪਰ ਹੋ ਗਿਆ, ਅਸਾਂ ਕਦੇ ਵੀ ਨਹੀਂ ਸੁਣਿਆ ਕਿ ਹਰਿਆਣਾ ਜਾਂ ਹਿਮਾਚਲ ਦੇ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੇ ਕਦੇ ਧਰਨੇ ਲਾਏ ਹੋਣ, ਮੋਰਚੇ ਲਾਏ ਹੋਣ ਕਿ ਉਨ੍ਹਾਂ ਨੂੰ ਪੰਜਾਬ ਵਿਚ ਮਿਲਾਇਆ ਜਾਵੇ। ਜੇ ਉਨ੍ਹਾਂ ਨੂੰ ਇਤਰਾਜ਼ ਨਹੀਂ ਤਾਂ ਹੋਰਨਾਂ ਦੇ ਇਤਰਾਜ਼ ਦੀ ਤਾਂ ਤੁਕ ਹੀ ਨਹੀਂ ਬਣਦੀ ਹੈ।

ਇਸ ਦੇ ਨਾਲ ਹੀ ਧਰਮ ਯੁੱਧ ਨੂੰ ਜੋੜ ਲੈਂਦੇ ਹਨ। ਕਿਸ ਗੱਲ ਦਾ ਧਰਮ ਯੁੱਧ? ਇਹ ਸਤਲੁਜ ਯਮਨਾ ਲਿੰਕ ਨਹਿਰ ਨਾਲ ਜੁੜਦਾ ਹੈ। ਇਸ ਵਿਚ ਧਰਮ ਦਾ ਮਸਲਾ ਹੀ ਕੋਈ ਨਹੀਂ, ਦੋ ਸੂਬਿਆਂ ਦਾ ਆਪਸੀ ਮਸਲਾ ਹੈ ਤੇ ਅਜਿਹੇ ਮਸਲਿਆਂ ਦੇ ਹੱਲ ਦੇ ਦੋ ਹੀ ਤਰੀਕੇ ਹੁੰਦੇ ਹਨ, ਜਾਂ ਆਪਸੀ ਗੱਲਬਾਤ ਕਰ ਕੇ ਮੁਕਾ ਲਿਆ ਜਾਵੇ ਜਾਂ ਫਿਰ ਸੁਪਰੀਮ ਕੋਰਟ ਦਾ ਸਹਾਰਾ ਲਿਆ ਜਾਵੇ। ਇਹ ਸਿਆਸੀ ਜਾਂ ਇਕ ਹੱਦ ਤੱਕ ਕਾਨੂੰਨੀ ਮਸਲਾ ਹੈ। ਦੋਵੇਂ ਪਾਸੇ ਦੋਹਾਂ ਧਰਮਾਂ ਦੇ ਲੋਕ ਵੱਸਦੇ ਹਨ, ਫਿਰ ਇਹ ਧਰਮ ਯੁੱਧ ਕਿਹੜੇ ਧਰਮ ਦਾ ਯੁੱਧ ਹੋ ਸਕਦਾ ਹੈ? ਵਿਹਾਰਕ ਮੁੱਦੇ ਨੂੰ ਖਾਹ-ਮਖਾਹ ਜਜ਼ਬਾਤੀ ਬਣਾ ਕੇ ਲੋਕਾਂ ਵਾਸਤੇ ਨਵੀਂਆਂ ਮੁਸੀਬਤਾਂ ਪੈਦਾ ਕੀਤੀਆਂ।

ਧਰਮ ਯੁੱਧ ਮੋਰਚੇ ਦਾ ਹੀ ਹਿੱਸਾ ਬਣਾ ਕੇ ਨਿਰੰਕਾਰੀਆਂ ਦੀ ਗੱਲ ਕਰਦੇ ਹਨ, 1978 ਦੀ ਖੂਨੀ ਵਿਸਾਖੀ ਦੀ ਗੱਲ ਕਰਦੇ ਹਨ। ਵਾਰ-ਵਾਰ ਗਲਤ ਗਿਣਤੀ ਦੱਸਦੇ ਹਨ। ਦੱਸਦੇ ਹਨ ਕਿ ਉਸ ਖੂਨੀ ਵਿਸਾਖੀ ਵਾਲੇ ਦਿਨ 13 ਸਿੱਖਾਂ ਦੀਆਂ ਜਾਨਾਂ ਗਈਆਂ। ਅਸਲ ਵਿਚ ਇਹ ਗਿਣਤੀ 13 ਨਹੀਂ, 16 ਬਣਦੀ ਹੈ। ਨਿਰੰਕਾਰੀ ਸੰਮੇਲਨ ਅੰਦਰ ਝੜਪਾਂ ਵਿਚ ਜਾਨਾਂ ਗੰਵਾਉਣ ਵਾਲੇ 13 ਸਿੱਖ ਅਖੰਡ ਟਕਸਾਲ ਤੇ ਕੀਰਤਨੀ ਜਥੇ ਵਾਲੇ ਸਨ ਅਤੇ 3 ਸਿੱਖ ਨਿਰੰਕਾਰੀ ਸੰਮੇਲਨ ਦੇ ਵਾਲੰਟੀਅਰ ਸਨ, ਸਾਰੇ ਸਾਬਤ ਸੂਰਤ। ਦੱਸਿਆ ਇਹ ਜਾ ਰਿਹਾ ਹੈ ਕਿ ਸਰਕਾਰ ਨੇ ਜਾਣ ਬੁੱਝ ਕੇ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਖੇ, ਗੁਰੂ ਰਾਮ ਦਾਸ ਦੀ ਨਗਰੀ 'ਚ ਸੰਮੇਲਨ ਕਰਨ ਦੀ ਆਗਿਆ ਦਿੱਤੀ, ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ।

ਪਰ ਅਜਿਹੀ ਕੋਈ ਗੱਲ ਨਹੀਂ ਸੀ। ਪੰਜ ਦਿਨ ਸੰਮੇਲਨ ਚੱਲਦਾ ਰਿਹਾ। ਅੰਮ੍ਰਿਤਸਰ ਦੇ ਲੋਕ, ਸਮੇਤ ਸਿੱਖਾਂ ਦੇ, ਸੰਮੇਲਨ ਦੇ ਕੋਲੋਂ ਦੀ ਲੰਘਦੇ ਰਹੇ, ਕੋਈ ਕਾਰ ਰਾਹੀਂ, ਕੋਈ ਸਕੂਟਰ ਸਵਾਰ ਤੇ ਕੋਈ ਪੈਦਲ; ਕਿਸੇ ਨੂੰ ਹਿਰਦੇ ਵਲੂੰਧਰੇ ਗਏ ਦੀ ਸ਼ਿਕਾਇਤ ਨਹੀਂ ਸੀ। ਹਾਂ, ਰਸਤੇ ਦੀਆਂ ਰੁਕਾਵਟਾਂ ਤੇ ਸੰਮੇਲਨ ਦੇ ਸ਼ੋਰ ਦੀ ਦਿੱਕਤ ਜ਼ਰੂਰ ਮਹਿਸੂਸ ਹੋ ਸਕਦੀ ਹੋਵੇਗੀ। ਇਹ ਤਾਂ ਜਦੋਂ ਅਖੰਡ ਕੀਰਤਨੀ ਜਥੇ ਦੇ ਕੁਝ ਲੋਕ ਸੰਮੇਲਨ ਤਕ ਜਾਣ ਦੀ ਕਸ਼ਮਕਸ਼ ਦੌਰਾਨ ਪੁਲਿਸ ਨਾਲ ਉਲਝੇ ਤਾਂ ਇਹ ਤਾਂ ਇਹ ਦੁਖਦਾਈ ਹਿੰਸਕ ਘਟਨਾ ਵਾਪਰੀ, ਜਿਸ ਵਿਚ 16 ਕੀਮਤੀ ਜਾਨਾਂ ਗਈਆਂ, ਕਈ ਜ਼ਖਮੀ ਹੋਏ ਤੇ ਬਹੁਤ ਹੀ ਗਮਗੀਨ ਵਾਤਾਵਰਣ ਬਣ ਗਿਆ।

ਉਦੋਂ ਅਸੀਂ ਇਹ ਸੁਣਦੇ ਸਾਂ ਕਿ ਨਿਰੰਕਾਰੀ ਮੰਡਲ ਦੀ ਕੋਈ ਕਿਤਾਬ ਹੈ, ਜਿਸ ਵਿਚ ਕੁਝ ਸਤਰਾਂ ਅਜਿਹੀਆਂ ਹਨ, ਜਿਨ੍ਹਾਂ ਬਾਰੇ ਕੁਝ ਸਿੱਖ ਸੰਸਥਾਵਾਂ ਨੂੰ ਗਹਿਰਾ ਇਤਰਾਜ਼ ਸੀ। ਕਿਹਾ ਜਾਂਦਾ ਸੀ, ਉਨ੍ਹਾਂ ਸਤਰਾਂ ਨਾਲ ਗੁਰਬਾਣੀ ਦਾ ਅਪਮਾਨ ਹੁੰਦਾ ਸੀ; ਲੇਕਿਨ ਹੁਣ ਅਸੀਂ ਸ. ਅਜਮੇਰ ਸਿੰਘ ਦੀ ਕੈਨੇਡਾ ਵਿਚ ਹੋ ਰਹੀ ਪੁਰਾਣੀ ਤਕਰੀਰ ਸੁਣ ਰਹੇ ਸਾਂ ਕਿ ਨਿਰੰਕਾਰੀ ਲੋਕ ਆਪਣੇ ਸੰਮੇਲਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ (ਜੋ ਕਿ ਸਰਾਸਰ ਗਲਤ ਜਾਣਕਾਰੀ ਹੈ) ਤੇ ਉਨ੍ਹਾਂ ਦਾ ਮੁਖੀ ਉਚੇ ਸਥਾਨ 'ਤੇ ਬੈਠਦਾ ਹੈ। ਦੱਸਿਆ ਜਾਂਦਾ ਰਿਹਾ ਕਿ ਅਖੰਡ ਕੀਰਤਨੀ ਜਥੇ ਵਾਲੇ ਉਨ੍ਹਾਂ ਨੂੰ ਪੁਰ ਅਮਨ ਤਰੀਕੇ ਨਾਲ ਆਪਣੀ ਗੱਲ ਸਮਝਾਉਣ ਗਏ ਹਨ, ਪਰ ਇਹ ਬੇਤੁਕੀ ਗੱਲ ਹੈ, ਤੁਸੀਂ ਚੱਲਦੇ ਹੋਏ ਸੰਮੇਲਨ ਵਿਚ ਕਿਸੇ ਨੂੰ ਕਿਵੇਂ ਕੋਈ ਗੱਲ ਸਮਝਾ ਸਕਦੇ ਹੋ! ਸੰਮੇਲਨਾਂ ਦੇ ਕਈ ਪ੍ਰੋਗਰਾਮ ਹੁੰਦੇ ਹਨ, ਉਹ ਉਨ੍ਹਾਂ ਵਿਚ ਰੁੱਝੇ ਹੋਣਗੇ, ਸਭ ਕੁਝ ਛੱਡ ਕੇ ਤੁਹਾਡੀ ਗੱਲ ਕਿਵੇਂ ਸੁਣ ਲੈਣ।

ਸਮਝਾਉਣ ਜਾਣ ਵਾਸਤੇ ਦੁਨੀਆਂ ਭਰ ਦਾ ਦਸਤੂਰ ਹੈ ਕਿ ਤੁਸੀਂ ਅਗਲਿਆਂ ਤੋਂ ਵਕਤ ਲਵੋ, ਚਿੱਠੀ ਲਿਖੋ ਜਾਂ ਸੁਨੇਹਾ ਭੇਜੋ, ਫਿਰ ਅਗਲਿਆਂ ਦੀ ਫੁਰਸਤ ਮੁਤਾਬਕ ਗੱਲਬਾਤ ਕਰੋ। ਸਮਝਾਉਣ ਦਾ ਕੰਮ ਇਕ-ਦੋ ਮਿੰਟਾਂ ਵਿਚ ਨਹੀਂ ਪੂਰਾ ਹੁੰਦਾ, ਇਸ ਵਾਸਤੇ ਖੁੱਲ੍ਹਾ ਵਕਤ ਚਾਹੀਦਾ ਹੈ, ਠਰੰਮਾ ਚਾਹੀਦਾ ਹੈ। ਸ. ਅਜਮੇਰ ਸਿੰਘ ਬਹੁਤ ਜਜ਼ਬਾਤੀ ਤਕਰੀਰ ਕਰ ਰਹੇ ਸਨ ਕਿ ਹਨੇਰ ਹੀ ਹੋ ਗਿਆ, ਮੁਕੱਦਮੇ ਵਿਚੋਂ ਨਿਰੰਕਾਰੀ ਬਾਬਾ ਸਾਫ ਬਰੀ ਹੋ ਗਿਆ ਤੇ 13 ਮੌਤਾਂ ਦਾ ਕੋਈ ਇਨਸਾਫ ਨਹੀਂ ਮਿਲਿਆ; ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਜੋ 3 ਮੌਤਾਂ ਨਿਰੰਕਾਰੀ ਸੰਮੇਲਨ ਦੇ ਵਾਲੰਟੀਅਰਾਂ ਦੀਆਂ ਹੋਈਆਂ, ਉਨ੍ਹਾਂ ਨੂੰ ਕਦੋਂ ਇਨਸਾਫ ਮਿਲਿਆ! ਅਦਾਲਤ ਦਾ ਫੈਸਲਾ ਪਤਾ ਨਹੀਂ ਕਿਸ ਤਰ੍ਹਾਂ ਹੋਇਆ, ਪਰ ਅਸੀਂ ਸਭ ਜਾਣਦੇ ਹਾਂ ਕਿ ਆਮ ਤੌਰ 'ਤੇ ਫੌਜਦਾਰੀ ਕੇਸਾਂ ਵਿਚ ਫੈਸਲੇ ਉਨ੍ਹਾਂ ਦੇ ਹੀ ਵਿਰੁਧ ਹੁੰਦੇ ਨੇ, ਜਿਨ੍ਹਾਂ ਬਾਹਰੋਂ ਜਾ ਕੇ ਦਖਲ ਦਿੱਤਾ ਹੋਵੇ। ਸ਼ਾਇਦ ਸਮਝਾਉਣ ਦੀ ਕਾਰਵਾਈ ਵਿਚ ਹੀ ਆਮ ਨਿਰੰਕਾਰੀ ਲੋਕਾਂ ਨੂੰ ਸਵੇਰ ਦੀ ਸੈਰ 'ਤੇ ਜਾਂਦਿਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ।

ਹਾਂ ਇਹ ਗੱਲ ਠੀਕ ਹੈ ਕਿ ਪੰਜਾਬ ਵਿਚ ਉਨ੍ਹਾਂ ਸਮਿਆਂ ਦੀ ਬਾਦਲ ਸਰਕਾਰ ਨੂੰ ਦਮਦਮੀ ਟਕਸਾਲ ਤੇ ਨਿਰੰਕਾਰੀਆਂ ਵਿਚਾਲੇ ਕਈ ਸਾਲਾਂ ਤੋਂ ਚਲਦੀਆਂ ਹਿੰਸਕ ਝੜਪਾਂ ਦੇ ਇਤਿਹਾਸ ਬਾਰੇ ਪਤਾ ਹੋਣਾ ਚਾਹੀਦਾ ਸੀ ਅਤੇ ਚੰਗਾ ਹੁੰਦਾ ਕਿ ਨਵੇਂ ਫਸਾਦ ਦੀ ਸੰਭਾਵਨਾ ਬਾਰੇ ਅਗਾਓਂ ਭਾਂਪਦਿਆਂ ਨਿਰੰਕਾਰੀਆਂ ਨੂੰ ਵਿਸਾਖੀ ਦੇ ਉਸ ਪਵਿਤਰ ਦਿਹਾੜੇ ਮਹਾਂਸਮਾਗਮ ਕਰਨ ਦੀ ਆਗਿਆ ਹੀ ਨਾ ਦਿਤੀ ਗਈ ਹੁੰਦੀ। ਫਿਰ ਜੇ ਇਹ ਬੱਜਰ ਗਲਤੀ ਹੋ ਹੀ ਗਈ ਸੀ ਤਾਂ ਅਗਲੇ ਦੁਖਾਂਤ ਵਾਸਤੇ ਪੰਜਾਬ ਦੀ ਪੁਲਿਸ ਗੁਨਾਹਗਾਰ ਹੈ। ਜਦੋਂ ਇਕ ਜਥਾ ਦੂਰੋਂ ਚੱਲ ਕੇ ਸੰਮੇਲਨ ਵਾਲੀ ਜਗ੍ਹਾ ਵੱਲ ਵਧ ਰਿਹਾ ਸੀ ਤਾਂ ਪੁਲਿਸ ਦਾ ਫਰਜ਼ ਸੀ, ਇਨ੍ਹਾਂ ਨੂੰ ਦੂਰ ਹੀ ਕਿਧਰੇ ਰੋਕਣਾ। ਜੇ ਪੁਲਿਸ ਨੂੰ ਪਤਾ ਨਹੀ ਲੱਗਾ ਤਾਂ ਵੀ ਉਸ ਦੀ ਨਾ-ਅਹਿਲੀਅਤ ਹੈ। ਜਦੋਂ ਸਰਕਾਰ ਨੇ ਸੰਮੇਲਨ ਦੀ ਇਜਾਜ਼ਤ ਦਿੱਤੀ ਤਾਂ ਪੁਲਿਸ ਦਾ ਪੂਰਾ ਫਰਜ਼ ਉਸ ਦੀ ਹਿਫਾਜ਼ਤ ਕਰਨੀ ਬਣਦਾ ਸੀ। ਪਤਾ ਨਹੀਂ ਇਸ ਦੀ ਜਾਂਚ ਹੋਈ ਸੀ ਕਿ ਨਹੀਂ, ਪਤਾ ਨਹੀਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਮਿਲੀਆਂ ਸਨ ਕਿ ਨਹੀਂ? ਇਹ ਵੀ ਨਹੀਂ ਪਤਾ ਕਿ ਸ. ਅਜਮੇਰ ਸਿੰਘ ਨੇ ਇਨ੍ਹਾਂ ਸਜ਼ਾਵਾਂ ਦੀ ਮੰਗ ਕੀਤੀ ਸੀ ਕਿ ਨਹੀਂ! ਸ਼ਾਇਦ ਉਹ ਖੁਸ਼ ਸਨ ਕਿ 16 ਮੌਤਾਂ ਨਾਲ ਉਨ੍ਹਾਂ ਦੇ ਭਾਗੀਂ ਇਕ ਨੁਕਤਾ ਮਿਲ ਗਿਆ ਕਿ ਸਿੱਖਾਂ ਨੂੰ ਹੁਣ ਵੱਖਰਾ ਮੁਲਕ ਚਾਹੀਦਾ ਹੈ।

ਵੱਖਰੇ ਮੁਲਕ ਦੀ ਦਲੀਲ ਵਾਸਤੇ ਵੱਡਾ ਨੁਕਤਾ ਜੂਨ ਚੁਰਾਸੀ ਵਿਚ ਵਾਪਰਿਆ ਅਪਰੇਸ਼ਨ ਨੀਲਾ ਤਾਰਾ ਗਿਣਿਆ ਜਾਂਦਾ ਹੈ। ਇਹ ਆਜ਼ਾਦ ਭਾਰਤ ਦੇ ਇਤਿਹਾਸ ਦੀ ਵੱਡੀ ਮੰਦਭਾਗੀ ਅਤੇ ਉਦਾਸਕੁਨ ਘਟਨਾ ਸੀ; ਪਰ ਇਸ ਦੇ ਪਿਛੋਕੜ ਦੀਆਂ ਬਹੁਤ ਡੂੰਘੀਆਂ ਥਿਊਰੀਆਂ ਘੜੀਆਂ ਜਾ ਰਹੀਆਂ ਹਨ। ਇਥੋਂ ਤੱਕ ਕਿਹਾ ਜਾਂਦਾ ਰਿਹਾ ਕਿ ਭਾਰਤ ਦੇ ਹਾਕਮ ਸ਼ੁਰੂ ਤੋਂ ਹੀ ਸਿੱਖਾਂ ਨੂੰ ਕੁਚਲਣ ਦੀਆਂ ਵਿਉਂਤਾਂ ਬਣਾਉਂਦੇ ਰਹੇ, ਪਰ ਉਨ੍ਹਾਂ ਨੂੰ ਕੋਈ ਮੌਕਾ ਨਹੀਂ ਮਿਲਦਾ ਰਿਹਾ। ਆਖਰ ਕਿਉਂ? ਭਾਰਤ ਦੇ ਹਾਕਮਾਂ ਦਾ ਸਿੱਖ ਧਰਮ ਵਾਲਿਆਂ ਨਾਲ ਕੋਈ ਵਿਰੋਧ ਕਿਉਂ ਹੋ ਸਕਦਾ ਸੀ? ਬਹੁਤਾ ਸਮਾਂ ਕਾਂਗਰਸ ਦੀ ਹਕੂਮਤ ਰਹੀ। ਸਿੱਖ ਵੱਡੀ ਗਿਣਤੀ ਨਾਲ ਹਮੇਸ਼ਾ ਕਾਂਗਰਸ ਨੂੰ ਵੋਟਾ ਪਾਉਂਦੇ ਰਹੇ ਤੇ ਪਾ ਰਹੇ ਹਨ। ਇਹ ਦੇਸ਼ ਦੇ ਪ੍ਰਸ਼ਾਸਨ, ਉਸਾਰੀ ਤੇ ਸਰਹੱਦਾਂ ਦੀ ਰਾਖੀ 'ਚ ਵੀ ਵਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਫਿਰ ਦੁਸ਼ਮਣੀ, ਵਿਰੋਧ ਜਾਂ ਨਫਰਤ ਦਾ ਤਾਂ ਕੋਈ ਆਧਾਰ ਹੀ ਨਹੀਂ ਹੋ ਸਕਦਾ ਸੀ।

ਕਈ ਕਿਸਮ ਦੀਆਂ ਤਿਲਕਣਾਂ, ਕਚਿਆਈਆਂ ਤੇ ਵਿਰੋਧਾਭਾਸ ਵੀ ਭਾਵੇਂ ਆਉਂਦੇ ਰਹੇ, ਪਰ ਸਮੁੱਚੇ ਤੌਰ 'ਤੇ ਭਾਰਤ ਵਿਚ ਧਰਮ ਨਿਰਪੱਖਤਾ ਦਾ ਅਸੂਲ ਕਾਇਮ ਰਿਹਾ। ਸਾਲ 2014 ਤੋਂ ਪਹਿਲਾਂ ਦੇਸ਼ ਵਿਚ ਕਦੇ ਵੀ ਧਾਰਮਿਕ ਕੱਟੜਤਾ ਵਾਲੀ ਸਰਕਾਰ ਨਹੀਂ ਬਣੀ ਸੀ। ਲੰਮੀ ਦੇਰ ਜਵਾਹਰਲਾਲ ਨਹਿਰੂ ਪ੍ਰਧਾਨ ਮੰਤਰੀ ਰਹੇ, ਉਨ੍ਹਾਂ ਵਿਚ ਧਾਰਮਿਕ ਕੱਟੜਤਾ ਤਾਂ ਕੀ, ਧਾਰਮਿਕ ਸ਼ਰਧਾ ਵੀ ਨਹੀਂ ਸੀ। ਸਭ ਜਾਣਦੇ ਹਨ ਕਿ ਉਹ ਨਾਸਤਿਕ ਵਿਚਾਰਾਂ ਦਾ ਬੰਦਾ ਸੀ। ਉਸ ਪਿਛੋਂ ਇੰਦਰਾ ਗਾਂਧੀ ਦਾ ਆਪਣਾ ਵਿਆਹ ਪਾਰਸੀ ਨਾਲ, ਇਕ ਪੁੱਤਰ ਦਾ ਇਸਾਈਆਂ ਦੇ ਘਰ ਅਤੇ ਇਕ ਦਾ ਸਿੱਖਾਂ ਦੇ ਘਰ ਹੋਇਆ। ਉਸ ਨੇ ਇਕ ਦੋ ਵਾਰ ਮੰਦਿਰਾਂ ਵਿਚ ਮੱਥਾ ਟੇਕਣ ਦੇ ਡਰਾਮੇ ਜ਼ਰੂਰ ਕੀਤੇ, ਪਰ ਸਭ ਨੂੰ ਪਤਾ ਕਿ ਉਸ ਵਿਚ ਕੋਈ ਧਾਰਮਿਕ ਭਾਵਨਾ ਨਹੀਂ ਸੀ ਤੇ ਇਸ ਵਾਸਤੇ ਧਾਰਮਿਕ ਕੱਟੜਤਾ ਜਾਂ ਕਿਸੇ ਧਰਮ ਨਾਲ ਵੈਰ ਵਿਰੋਧ ਦਾ ਕੋਈ ਸਵਾਲ ਨਹੀਂ ਬਣਦਾ।

ਨੀਲਾ ਤਾਰਾ ਕਾਰਵਾਈ ਦੇ ਕਾਰਨ ਕੁਝ ਵੀ ਹੋ ਸਕਦੇ ਹਨ, ਪਰ ਸਰਕਾਰ ਦੀ ਸਿੱਖਾਂ ਪ੍ਰਤੀ ਨੀਤੀ, ਸੋਚ ਜਾਂ ਨਫਰਤ ਵਾਲੀ ਕੋਈ ਗੱਲ ਨਹੀਂ ਹੋ ਸਕਦੀ। ਇਸ ਦਾ ਕਿਸੇ ਧਰਮ ਨਾਲ ਤੁਅੱਲਕ ਹੀ ਕੋਈ ਨਹੀਂ। ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਦਾ ਵੀ ਕੋਈ ਮਸਲਾ ਨਹੀਂ ਸੀ। ਮਸਲਾ ਸਪਸ਼ਟ ਸੀ। ਸ. ਅਜਮੇਰ ਸਿੰਘ ਲਿਖਦੇ ਹਨ ਕਿ ਹੋਰਨਾਂ ਵਾਸਤੇ ਹਰਿਮੰਦਰ ਸਾਹਿਬ ਦੇ ਅੰਦਰ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਬਣਾਉਣਾ ਗਲਤ ਹੋ ਸਕਦਾ ਹੈ, ਪਰ ਸਿੱਖਾਂ ਵਾਸਤੇ ਇਹ ਪੂਰੀ ਤਰ੍ਹਾਂ ਹੱਕ ਬਨਾਜਬ ਸੀ। ਕਿਸੇ ਹੋਰ ਵਾਸਤੇ ਵੀ ਹੱਕ ਬਨਾਜਬ ਹੋ ਸਕਦਾ ਹੋਵੇਗਾ, ਪਰ ਮੁਲਕ ਦੀ ਸਰਕਾਰ ਵਾਸਤੇ ਨਹੀਂ, ਕਿਸੇ ਵੀ ਮੁਲਕ ਦੀ ਸਰਕਾਰ ਵਾਸਤੇ ਨਹੀਂ। ਮੁਲਕ ਦੀਆਂ ਹੱਦਾਂ ਦੇ ਅੰਦਰ ਕਿਸੇ ਵੀ ਜਗ੍ਹਾ, ਕੋਈ ਵੀ ਸਰਕਾਰ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਨਹੀਂ ਸਹਿਣ ਕਰ ਸਕਦੀ। ਸ. ਅਜਮੇਰ ਸਿੰਘ, ਕਰਮਜੀਤ ਸਿੰਘ ਅਤੇ ਪ੍ਰਭਸ਼ਰਨ ਭਰਾਵਾਂ ਵਰਗੇ ਅਜ਼ੀਜ਼ਾਂ ਨੂੰ ਕੀ ਇਸ ਗੱਲ ਦਾ ਪਤਾ ਨਹੀਂ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਸੰਨ 1979, ਜਦੋਂ ਇਸੇ ਤਰ੍ਹਾਂ ਦੇ ਕੁਝ ਉਤਸ਼ਾਹੀ ਸੱਜਣਾਂ ਨੇ ਪਵਿੱਤਰ ਮੱਕੇ ਦੀ ਇਮਾਰਤ ਨੂੰ ਜੰਗ ਦਾ ਅਖਾੜਾ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਥੋਂ ਦੀ ਸ਼ੁਧ ਇਸਲਾਮੀ/ਵਹਾਬੀ ਸਰਕਾਰ ਨੇ ਕੀ ਕੀਤਾ ਸੀ। ਮੱਕੇ 'ਚ ਕਿਸੇ ਵੀ ਸੂਰਤ ਵਿਚ ਖੂਨ ਵਹਾਉਣਾ ਕੁਫਰ ਹੈ ਅਤੇ ਕਿਸੇ ਗੈਰ ਮੁਸਲਮਾਨ ਦਾ ਦਾਖਲਾ ਵਡਾ ਕੁਫਰ ਮੰਨਿਆ ਜਾਂਦਾ ਹੈ, ਪਰ ਵਹਾਬੀ ਸਰਕਾਰ ਨੇ ਮੱਕੇ ਨੂੰ ਮੁਕਤ ਕਰਾਉਣ ਲਈ ਖੂਨ ਵੀ ਵਹਾਇਆ ਤੇ ਅਗਲਾ ਵਡਾ ਕੁਫਰ ਫਰਾਂਸ ਤੋਂ ਗੈਰ ਮੁਸਲਮਾਲ ਕਮਾਂਡੋ ਦਸਤੇ ਮੰਗਵਾ ਕੇ ਉਨ੍ਹਾਂ ਹੱਥੋਂ ਕਰਵਾਇਆ। 'ਪੰਜਾਬ ਟਾਈਮਜ਼' ਦੇ ਪੰਨਿਆਂ 'ਤੇ ਹਰਚਰਨ ਸਿੰਘ ਪਰਹਾਰ ਨੇ ਅਜਿਹੇ ਉਤਸ਼ਾਹੀ ਸੱਜਣਾਂ ਕੋਲੋਂ ਬਿਲਕੁਲ ਸਹੀ ਸਵਾਲ ਪੁਛਿਆ ਹੈ ਕਿ ਸਾਕਾ ਨੀਲਾ ਤਾਰਾ ਦੀ ਕਾਰਵਾਈ ਮੰਦਭਾਗੀ ਘਟਨਾ ਤਾਂ ਸੀ, ਪਰ ਕੀ ਇੰਦਰਾ ਨੇ ਫੌਜ ਉਥੇ ਸੱਚਮੁਚ ਅਬਦਾਲੀ ਵਾਂਗੂੰ ਸ੍ਰੀ ਅਕਾਲ ਤਖਤ ਨੂੰ ਢਾਹੁਣ ਲਈ ਭੇਜੀ ਸੀ ਜਾਂ ਅਬਦਾਲੀ ਨੇ ਸਿੰਘਾਂ ਦਾ ਕਤਲੇਆਮ ਕਰਕੇ ਕੀ ਕਦੀ ਅਕਾਲ ਤਖਤ ਦੀ ਨਵੇਂ ਸਿਰਿਓਂ ਉਸਾਰੀ ਕਰਵਾ ਕੇ ਵੀ ਦਿਤੀ ਸੀ।

ਭਾਰਤ ਸਰਕਾਰ ਦਾ ਹੱਕ ਵੀ ਸੀ ਤੇ ਫਰਜ਼ ਵੀ ਕਿ ਉਹ ਦਰਬਾਰ ਸਾਹਿਬ ਦੇ ਅੰਦਰੋਂ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਹਟਾਏ, ਹਥਿਆਰਾਂ ਨੂੰ ਕਬਜ਼ੇ ਵਿਚ ਲਵੇ ਤੇ ਇਨ੍ਹਾਂ ਨੂੰ ਇਕੱਠਿਆਂ ਕਰਨ ਵਾਲਿਆਂ ਨੂੰ ਵੀ; ਪਰ ਕਹਿਣਾ ਪਵੇਗਾ ਕਿ ਇਸ ਵਾਸਤੇ ਸਰਕਾਰ ਨੇ ਮੁੱਢੋਂ ਹੀ ਗਲਤ, ਬੇਵਕੂਫਾਨਾ ਤੇ ਗੁਨਾਹਗਾਰ ਤਰੀਕਾ ਅਪਨਾਇਆ। ਇਸ ਦੇ ਹੋਰ ਤਰੀਕੇ ਹੋ ਸਕਦੇ ਸਨ ਤੇ ਤਲਾਸ਼ ਕੀਤੇ ਜਾਣੇ ਚਾਹੀਦੇ ਸਨ। ਦੇਸ਼ ਅੰਦਰ ਦੀਆਂ ਇਤਿਹਾਸਕ ਇਮਾਰਤਾਂ, ਖਾਸ ਤੌਰ 'ਤੇ ਧਾਰਮਿਕ ਮਹੱਤਵ ਵਾਲੀਆਂ ਇਮਾਰਤਾਂ ਦੀ ਹਿਫਾਜ਼ਤ ਵੀ ਸਰਕਾਰ ਦਾ ਅਹਿਮ ਫਰਜ਼ ਸੀ। ਕਿਸੇ ਵੀ ਕੀਮਤ ਉਪਰ ਅਕਾਲ ਤਖਤ ਸਾਹਿਬ ਦੀ ਇਮਾਰਤ ਤੋਪ ਦੇ ਗੋਲਿਆਂ ਦਾ ਨਿਸ਼ਾਨਾ ਨਹੀਂ ਬਣਾਉਣੀ ਚਾਹੀਦੀ ਸੀ। ਇਹ ਕਾਰਵਾਈ ਗੁਨਾਹਕੁਨ ਰਹੇਗੀ।

ਫਿਰ ਵੀ ਅਸਲ ਵਿਚ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਦਾ ਨਹੀਂ, ਕਿਸੇ ਧਰਮ ਪ੍ਰਤੀ ਸਰਕਾਰੀ ਰਵੱਈਏ ਦਾ ਨਹੀਂ, ਇਹ ਮਸਲਾ 'ਹਥਿਆਰਬੰਦ ਸਰਗਰਮੀਆਂ ਦੇ ਕੇਂਦਰ' ਦਾ ਸੀ। ਜੇ ਇਹ ਕੇਂਦਰ ਕਿਸੇ ਪਹਾੜ ਦੀ ਖੁੰਦਕ ਵਿਚ ਹੁੰਦਾ ਜਾਂ ਦਰਿਆ ਦੀ ਮੰਡ ਵਿਚ, ਤਾਂ ਇਹ ਸਾਰੀ ਕਾਰਵਾਈ ਉਥੇ ਹੋਣੀ ਸੀ ਤੇ ਇਸ ਦੀ ਤਸਵੀਰ ਕੁਝ ਹੋਰ ਹੁੰਦੀ; ਪਰ ਕੇਂਦਰ ਬਣਾਉਣ ਵਾਲਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਹੇਠਲੀ ਮੰਜ਼ਿਲ ਨੂੰ ਚੁਣਿਆ, ਇਹ ਉਨ੍ਹਾਂ ਦੀ ਚੋਣ ਸੀ। ਉਨ੍ਹਾਂ ਨੇ ਬਹੁਤ ਹੀ ਸੂਖਮ ਸਥਾਨ 'ਤੇ ਮੋਰਚੇ ਸਥਾਪਤ ਕੀਤੇ ਅਤੇ ਸਰਕਾਰ ਨੂੰ ਇਹ ਸੂਖਮਤਾ ਸਮਝਣੀ ਚਾਹੀਦੀ ਸੀ। ਇਸ ਦਾ ਹੱਲ ਸੂਖਮਤਾ ਨਾਲ ਹੀ ਕੱਢਿਆ ਜਾਣਾ ਚਾਹੀਦਾ ਸੀ। ਇੰਨੀ ਗੱਲ ਭਾਵੇਂ ਜ਼ਰੂਰ ਹੈ ਕਿ ਉਥੋਂ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਤਾਂ ਹਟਾਇਆ ਹੀ ਜਾਣਾ ਚਾਹੀਦਾ ਸੀ, ਇਹ ਸਰਕਾਰ ਦਾ ਫਰਜ਼ ਸੀ।

ਦੁਖਾਂਤ ਵਾਪਰ ਗਿਆ। ਇਸ ਨੂੰ ਦੁਖਾਂਤ ਦੇ ਰੂਪ ਵਿਚ ਹੀ ਯਾਦ ਕੀਤਾ ਜਾਵੇਗਾ। ਦੁਨੀਆਂ ਵਿਚ ਅਨੇਕਾਂ ਹਿੰਸਕ ਦੁਖਾਂਤ ਵਾਪਰੇ ਹਨ। ਧਰਤੀ ਦਾ ਚੱਪਾ ਚੱਪਾ ਭਰਿਆ ਪਿਆ ਹੈ। ਹੁਣ ਬੰਦੇ ਨੂੰ ਬਦਲਣ ਦੀ ਲੋੜ ਹੈ ਕਿ ਅਜਿਹੇ ਦੁਖਾਂਤ ਕਦੇ ਨਾ ਵਾਪਰਨ, ਕਿਧਰੇ ਵੀ ਨਾ। ਨਵੇਂ ਮੁਲਕਾਂ ਦਾ ਦੌਰ ਖਤਮ ਹੋ ਰਿਹਾ ਹੈ। ਹੁਣ ਪਹਿਲਾਂ ਦੇ ਬਣੇ ਮੁਲਕਾਂ ਦੀਆਂ ਸਰਹੱਦਾਂ ਨਰਮ ਕਰਨ ਦਾ ਵਕਤ ਆ ਗਿਆ ਹੈ। ਇਕ ਵਾਰ ਫਿਰ ਯੂਰਪ ਰਾਹ ਦਿਖਾ ਰਿਹਾ ਹੈ। ਹਾਲੈਂਡ ਤੋਂ ਚੱਲਿਆ ਬੰਦਾ ਬੱਸ, ਗੱਡੀ ਜਾਂ ਆਪਣੀ ਕਾਰ ਰਾਹੀ ਬੈਲਜੀਅਮ ਤੇ ਜਰਮਨੀ ਹੁੰਦਾ ਹੋਇਆ ਬਿਨਾ ਕਿਸੇ ਰੋਕ ਟੋਕ ਫਰਾਂਸ ਦੇ ਕਿਸੇ ਸ਼ਹਿਰ ਵੀ ਪਹੁੰਚ ਸਕਦਾ ਹੈ। ਸਰਹੱਦਾਂ ਉਪਰ ਦੀਵਾਰਾਂ, ਕੰਡੇਦਾਰ ਤਾਰਾਂ ਤੇ ਚੌਕੀਆਂ ਤੱਕ ਗਾਇਬ ਹਨ। ਅਸੀਂ ਕੌਮਾਂ ਦੀਆਂ ਪਰਿਭਾਸ਼ਾਵਾਂ ਵਿਚ ਉਲਝੇ ਪਏ ਹਾਂ, ਉਹ ਲੋਕ ਕੌਮਾਂ ਦੀਆਂ ਗੱਲਾਂ ਹੀ ਛੱਡੀ ਜਾ ਰਹੇ ਹਨ। ਮੇਰਾ ਮੁਲਕ ਜ਼ਿੰਦਾਬਾਦ, ਮੇਰਾ ਧਰਮ ਜ਼ਿੰਦਾਬਾਦ, ਮੇਰਾ ਝੰਡਾ ਬੁਲੰਦ ਰਹੇਗਾ, ਇਹ ਸਾਰੇ ਨਾਹਰੇ ਹੀ ਗਾਇਬ ਹੋ ਰਹੇ ਹਨ। ਸਰਹੱਦਾਂ ਦੇ ਰਖਵਾਲਿਆਂ ਦੇ ਗੀਤ ਖਤਮ ਹਨ, ਸ਼ਹੀਦੀਆਂ ਦੇ ਗੀਤ ਖਤਮ ਹਨ। ਹਾਂ, ਦੁਖਾਂਤਾਂ ਦੀਆਂ ਯਾਦਗਾਰਾਂ ਹਨ ਤੇ ਉਹ ਲੋਕ ਦੁਖਾਂਤਾਂ ਨੂੰ ਯਾਦ ਰੱਖਦੇ ਹਨ।

ਅਸੀਂ ਉਮੀਦ ਤਾਂ ਇਹ ਕਰਦੇ ਹਾਂ ਕਿ ਯੂਰਪ ਵਿਚ ਵੱਸੇ, ਵੱਡੀਆਂ ਪੜ੍ਹਾਈਆਂ ਕਰਦੇ ਸਾਡੇ ਲੋਕ ਸਾਨੂੰ ਵੀ ਵੱਡੀਆਂ ਸਿਖਿਆਵਾਂ ਦੇਣ; ਸਾਨੂੰ ਜਾਤਾਂ, ਧਰਮਾਂ, ਕੌਮਾਂ ਤੇ ਵਤਨਾਂ ਦੀਆਂ ਜਿੱਲਣਾਂ ਵਿਚੋਂ ਕੱਢਣ, ਪਰ ਉਹ ਪਤਾ ਨਹੀਂ ਸਾਨੂੰ ਕਿੰਨਾ ਪਿਛਾਂਹ ਸੁੱਟਣਾ ਚਾਹੁੰਦੇ ਹਨ, ਭੁੱਲੀਆਂ ਵਿਸਰੀਆਂ ਗੱਲਾਂ ਨੂੰ ਰਿੜਕੀ ਤੁਰੇ ਜਾਂਦੇ ਹਨ। ਹਾਂ, ਜਿਸ ਕਿਸੇ ਨੇ ਆਪਣਾ ਰਾਂਝਾ ਰਾਜ਼ੀ ਕਰਨਾ ਹੈ, ਕਰਦਾ ਰਹੇ ਪਰ ਬੰਦੇ ਨੇ ਅੱਗੇ ਵਧਣਾ ਹੈ, ਚਾਹੇ ਸੌ ਰੁਕਾਵਟਾਂ ਖੜ੍ਹੀਆਂ ਕਰ ਲਵੋ। ਵਕਤ ਆ ਗਿਆ ਹੈ, ਬੰਦੇ ਨੂੰ ਇਕੱਠੇ ਰਹਿਣਾ ਸਿੱਖਣਾ ਪਵੇਗਾ। ਹਰ ਧਰਮ, ਹਰ ਜਾਤ ਤੇ ਹਰ ਤਰ੍ਹਾਂ ਦੇ ਖਿਆਲਾਤ ਵਾਲਿਆਂ ਨੂੰ। ਹਾਂ, ਇਸ ਦੇ ਦਸਤੂਰ ਬਣਾਉਣੇ ਪੈਣਗੇ, ਹਰ ਇਕ ਨੂੰ ਅਪਨਾਉਣੇ ਪੈਣਗੇ ਤੇ ਹਰ ਇਕ ਤਬਕੇ ਅਤੇ ਵਿਅਕਤੀ ਨਾਲ ਇਨਸਾਫ ਕਰਨਾ ਪਵੇਗਾ। ਵਿਚਾਰ ਰੱਖਣ ਦੇ ਦਸਤੂਰਾਂ ਦੀ ਪਾਲਣਾ ਵੀ ਕਰਨੀ ਹੈ ਤੇ ਵਿਚਾਰਾਂ ਦੀ ਆਜ਼ਾਦੀ ਦਾ ਸਤਿਕਾਰ ਵੀ ਕਰਨਾ ਹੈ।

ਧਰਮਾਂ ਦੇ ਵਿਤਕਰੇ ਵੀ ਹਨ ਅਤੇ ਇਹ ਧਰਮਾਂ ਦੇ ਅੰਦਰ ਵੀ ਹਨ। ਮੁਸਲਮਾਨਾਂ ਵਿਚ ਸ਼ੀਆ ਵੀ ਹਨ, ਸੁੰਨੀ ਵੀ ਹਨ, ਅਹਿਮਦੀਏ ਵੀ ਹਨ। ਕੋਈ ਪੰਜ ਵਾਰ ਦਾ ਨਮਾਜ਼ੀ ਹੈ, ਕੋਈ ਹਫਤੇ ਵਿਚ ਇਕ, ਸਿਰਫ ਜੁੰਮੇ ਦੀ ਨਮਾਜ਼ ਪੜ੍ਹਦਾ ਹੈ, ਕੋਈ ਸਿਰਫ ਈਦ ਦੀ ਨਮਾਜ਼ ਤੇ ਕੋਈ ਕਦੇ ਵੀ ਨਮਾਜ਼ ਨਹੀਂ ਪੜ੍ਹਦਾ। ਹਰ ਧਰਮ ਵਿਚ ਸ਼ਰਧਾ ਦੀਆਂ ਵੱਖ-ਵੱਖ ਡਿਗਰੀਆਂ ਹਨ ਤੇ ਇਸ ਦੀ ਮੁਕੰਮਲ ਅਣਹੋਂਦ ਵੀ। ਇਕ ਬੰਦਾ ਮੀਟ ਦੀ ਦੁਕਾਨ ਜਾਂ ਹੋਟਲਾਂ ਦੇ ਬਾਹਰ ਲਟਕਦੇ ਮੁਰਗੇ ਦੇਖ ਕੇ ਛੀ-ਛੀ ਕਰਦਾ ਹੈ, ਦੂਜਾ ਅਰਕਾਂ ਟਿਕਾ ਕੇ ਛਕਦਾ ਹੈ। ਕਿਸੇ ਨੂੰ ਹਲਾਲ ਨਾਲ ਨਫਰਤ ਤੇ ਕਿਸੇ ਨੂੰ ਝਟਕੇ ਨਾਲ; ਤੇ ਕੋਈ ਪੁੱਛਦਾ ਹੀ ਨਹੀਂ ਕਿ ਇਹ ਝਟਕਾ ਹੈ ਜਾਂ ਹਲਾਲ। ਕੋਈ ਵੈਸ਼ਨੂੰ ਹੈ ਤੇ ਕੋਈ ਲਸਣ ਪਿਆਜ਼ ਵੀ ਨਹੀਂ ਖਾਂਦਾ। ਕਈ ਉਸ ਚੁੱਲ੍ਹੇ 'ਤੇ ਪੱਕੀ ਰੋਟੀ ਨਹੀਂ ਖਾ ਸਕਦੇ, ਜਿੱਥੇ ਕਦੇ ਪਹਿਲਾਂ ਮੀਟ ਬਣਿਆ ਸੀ। ਸਭ ਇਕ ਦੂਜੇ ਨੂੰ ਛੀ-ਛੀ ਤਾਂ ਕਰ ਸਕਦੇ ਹਨ, ਪਰ ਸਭਨਾਂ ਨੂੰ ਵੱਖਰਾ ਮੁਲਕ ਨਹੀਂ ਮਿਲ ਸਕਦਾ।

ਬੰਦੇ ਨੂੰ ਇਕੱਠਿਆਂ ਰਹਿਣਾ ਸਿੱਖਣਾ ਪਵੇਗਾ, ਭਾਵੇਂ ਅੱਜ ਸਿੱਖ ਲਵੇ, ਭਾਵੇਂ ਕੱਲ੍ਹ।

ਵਿਚਾਰ-ਚਰਚਾ

## ਹਰਿਭਜਨ ਸਿੰਘ: ਸੁਹਜਵਾਦ ਦਾ ਝੰਡਾਬਰਦਾਰ-2

# ਡਾ. ਹਰਿਭਜਨ ਦੀ ਕੈਨੇਡਾ ਫੇਰੀ

***ਪੰਜਾਬੀ ਸਾਹਿਤ ਜਗਤ ਵਿਚ ਨਿਵੇਕਲਾ ਮੁਕਾਮ ਹਾਸਲ ਕਰਨ ਵਾਲੇ ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਦਾ ਇਹ ਜਨਮ ਸ਼ਤਾਬਦੀ ਵਰ੍ਹਾ ਹੈ। ਕਵਿਤਾ, ਅਨੁਵਾਦ, ਆਲੋਚਨਾ ਅਤੇ ਅਧਿਆਪਨ ਦੇ ਖੇਤਰਾਂ ਵਿਚ ਉਨ੍ਹਾਂ ਨਵੀਆਂ ਲੀਹਾਂ ਪਾਈਆਂ। ਉਨ੍ਹਾਂ ਦੀ ਬੌਧਿਕਤਾ ਵਿਚ ਹਰ ਸ਼ਖਸ ਨੂੰ ਕਾਇਲ ਕਰਨ ਦੀ ਸਮਰੱਥਾ ਸੀ। ਪਿਛਲੀ ਵਾਰ ਡਾ. ਗੁਰੁਮੇਲ ਸਿੱਧੂ ਦੇ ਲੰਮੇ ਲੇਖ ਦੀ ਪਹਿਲੀ ਕਿਸ਼ਤ ਪਾਠਕਾਂ ਦੀ ਨਜ਼ਰ ਕੀਤੀ ਗਈ ਸੀ, ਐਤਕੀਂ ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ। ਇਸ ਲੇਖ ਵਿਚ ਡਾ. ਹਰਿਭਜਨ ਸਿੰਘ ਦੇ ਸਾਹਿਤ ਦੇ ਨਾਲ-ਨਾਲ ਉਨ੍ਹਾਂ ਦੀ ਹਯਾਤੀ ਬਾਰੇ ਭਰਵੀਂ ਚਰਚਾ ਕੀਤੀ ਗਈ ਹੈ। -ਸੰਪਾਦਕ***

**ਜਨਮ ਸ਼ਤਾਬਦੀ 'ਤੇ ਵਿਸ਼ੇਸ਼**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਹਰਿਭਜਨ ਸਿੰਘ 1977 ਵਿਚ ਮੇਰੇ ਪਾਸ ਵੈਨਕੂਵਰ ਆਇਆ। ਉਸ ਨੂੰ ਦੇਖਿਆਂ ਦਸ ਕੁ ਸਾਲ ਬੀਤ ਚੁਕੇ ਸਨ। ਹਵਾਈ ਅੱਡੇ 'ਤੇ ਉਡੀਕਦਿਆਂ ਮੈਂ ਕਿਆਸ ਲਾ ਰਿਹਾ ਸੀ ਕਿ ਉਸ ਦਾ ਚਿਹਰਾ-ਮੋਹਰਾ ਕਿਸ ਤਰ੍ਹਾਂ ਦਾ ਹੋਵੇਗਾ! ਕੈਨੇਡਾ ਆਉਣ ਵੇਲੇ ਜਦ ਮਿਲ ਕੇ ਆਇਆ ਸੀ ਤਾਂ ਦਾੜ੍ਹੀ ਵਿਚ ਕੋਈ-ਕੋਈ ਧੌਲਾ ਸੀ, ਮੂੰਹ ਭਰਿਆ ਹੋਇਆ ਅਤੇ ਮੱਥਾ ਦੀਵੇ ਵਾਂਗ ਜਗ ਰਿਹਾ ਸੀ। ਮੈਂ ਸੋਚਿਆ, ਉਸ ਨੂੰ ਆਉਣ ਸਾਰ ਪਛਾਣ ਲਵਾਂਗਾ। ਯਾਤਰੀ ਆਉਣੇ ਸ਼ੁਰੂ ਹੋ ਗਏ, ਹਰਿਭਜਨ ਕਿਤੇ ਨਜ਼ਰ ਨਹੀਂ ਸੀ ਆ ਰਹਾ। ਮੈਂ ਦਰਵਾਜ਼ੇ ਲਾਗੇ ਖਲੋ ਗਿਆ; ਉਥੋਂ ਇੰਮੀਗ੍ਰੇਸ਼ਨ ਕਾਊਂਟਰ ਦਿਸਦਾ ਸੀ। ਇੰਨੇ ਨੂੰ ਮੇਰੀ ਨਜ਼ਰ ਹਰਿਭਜਨ 'ਤੇ ਪਈ, ਇੰਮੀਗ੍ਰੇਸ਼ਨ ਅਫਸਰ ਉਸ ਤੋਂ ਕੋਈ ਫਾਰਮ ਭਰਵਾ ਰਹਾ ਸੀ। ਬਾਹਰ ਆਇਆ ਤਾਂ ਜੱਫੀ ਪਾ ਕੇ ਮਿਲਿਆ। ਗੋਰੇ ਅੱਖਾਂ ਟੱਡ-ਟੱਡ ਦੇਖਣ। ਪੁੱਛਣ 'ਤੇ ਪਤਾ ਲੱਗਾ ਕਿ ਉਸ ਪਾਸ ਕੈਨੇਡਾ ਦਾ ਵੀਜ਼ਾ ਨਹੀਂ ਸੀ। ਇੰਮੀਗ੍ਰੇਸ਼ਨ ਅਫਸਰ ਯਾਤਰੂ-ਵੀਜ਼ੇ ਦਾ ਫਾਰਮ ਭਰਵਾ ਰਿਹਾ ਸੀ। ਮੈਂ ਕਿਹਾ, ਦਿੱਲੀ ਤੋਂ ਵੀਜ਼ਾ ਲਵਾ ਕੇ ਆਉਣਾ ਸੀ। ਉਸ ਨੇ ਦੱਸਿਆ ਕਿ ਉਹਦੇ ਪਾਸ ਅਮਰੀਕਾ ਦਾ

**ਡਾ. ਗੁਰੁਮੇਲ ਸਿੱਧੂ**
gurmel.sidhu@gmail.com

ਵੀਜ਼ਾ ਹੈ, ਕਿਸੇ ਸੱਜਣ ਨੇ ਕਿਹਾ, ਜੇ ਅਮਰੀਕਾ ਦਾ ਵੀਜ਼ਾ ਹੋਵੇ ਤਾਂ ਕੈਨੇਡਾ ਦੇ ਵੀਜ਼ੇ ਦੀ ਲੋੜ ਨਹੀਂ।

ਘਰ ਪਹੁੰਚੇ ਤਾਂ ਹਰਿਭਜਨ ਨੇ ਪੱਗ ਲਾਹ ਕੇ ਮੇਜ਼ 'ਤੇ ਰੱਖੀ ਅਤੇ ਮੋਕਲਾ ਹੋ ਕੇ ਸੋਫੇ 'ਤੇ ਬਹਿ ਗਿਆ। ਮੈਂ ਪੁੱਛਿਆ, ਕੀ ਪੀਣਾ? ਕਹਿਣ ਲੱਗਾ, ਬੈਠ ਪਹਿਲਾਂ ਗੱਲਾਂ ਕਰੀਏ। ਚਾਹ ਰੱਖ ਕੇ ਮੈਂ ਉਸ ਦੇ ਸਾਹਮਣੇ ਕੁਰਸੀ ਡਾਹ ਕੇ ਬਹਿ ਗਿਆ। ਗੱਲਾਂ ਕਰਨ ਦਾ ਉਹੋ ਲਹਿਜਾ ਅਤੇ ਸ਼ਬਦਾਂ ਵਿਚ ਪਹਿਲਾਂ ਵਰਗੀ ਲੈਅ ਅਤੇ ਲੋਚ ਸੀ। ਜਦ ਉਸ ਨੇ 'ਬਈ ਗੁਰਮੇਲ' ਕਿਹਾ ਤਾਂ ਮੈਨੂੰ ਪਿਛਲੇ ਦਿਨ ਯਾਦ ਆ ਗਏ। ਮੈਂ ਕਿਹਾ, ਤੂੰ ਬਿਲਕੁਲ ਨਹੀਂ ਬਦਲਿਆ, ਤੇਰੀ ਰਫਤਾਰ, ਗੁਫਤਾਰ ਤੇ ਦਸਤਾਰ ਵਿਚ ਕੋਈ ਫਰਕ ਨਹੀਂ, ਬੱਸ ਥੋੜ੍ਹਾ ਬਜ਼ੁਰਗ ਲੱਗਣ ਲੱਗ ਪਿਆਂ। ਦਾੜ੍ਹੀ ਕਾਫੀ ਚਿੱਟੀ ਹੋ ਗਈ ਸੀ ਪਰ ਮੂੰਹ 'ਤੇ ਅਜੇ ਵੀ ਪਹਿਲਾਂ ਵਾਲੀ ਰੌਣਕ ਸੀ। ਕਹਿਣ ਲੱਗਾ, "ਬਈ ਗੁਰਮੇਲ! ਦਾੜ੍ਹੀ ਮੁੱਛ ਸਫਾਚੱਟ ਕਰਾ ਕੇ ਤੂੰ ਪਹਿਲਾਂ ਨਾਲੋਂ ਵੀ ਗੱਭਰੂ ਜੁਆਨ ਤੇ ਸੋਹਣਾ-ਸੁਨੱਖਾ ਨਿਕਲ ਆਇਆਂ; ਕਿਸੇ ਫਿਲਮੀ ਹੀਰੋ ਵਾਂਗ ਲਗਦੈਂ।" ਮੁਸਕਣੀ ਹੱਸਦਿਆਂ ਮੈਂ ਕਿਹਾ, "ਤੂੰ ਬਿਲਕੁਲ ਠੀਕ ਪਛਾਣਿਆਂ ਆਪਣੇ ਪੁਰਾਣੇ ਯਾਰ ਨੂੰ; ਤੇਰੀ ਗੱਲ ਦੀ ਤਸਦੀਕ ਗੋਰੀਆਂ ਵੀ ਕਰਦੀਆਂ ਹਨ।" ਉਸ ਨੇ ਕਿਹਾ, "ਕਹਿਣ ਦੀ ਲੋੜ ਨਹੀਂ, ਤੇਰੀ ਦੇਖਣੀ-ਪਾਖਣੀ ਹੀ ਦੱਸ ਰਹੀ ਹੈ।" ਚਾਹ ਬਣ ਗਈ ਤਾਂ ਕੱਪਾਂ 'ਚ ਪਾ ਕੇ, ਸਲੂਣੇ ਸਮੇਤ, ਮੇਜ਼ 'ਤੇ ਰੱਖ ਦਿੱਤੀ। ਚਾਹ ਪੀਂਦਿਆਂ ਕੁਝ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ।

ਸ਼ਾਮ ਹੋ ਰਹੀ ਸੀ, ਖਾਣੇ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਜੋ ਘਰ ਬਣਿਆਂ ਪਿਆ ਖਾ ਲਵਾਂਗਾ। ਮੈਂ ਕਿਹਾ, ਬਾਹਰ ਚੱਲਾਂਗੇ, ਤੂੰ ਸਿਰਫ ਇਹ ਦੱਸ, ਕੀ ਖਾਣ ਨੂੰ ਜੀ ਕਰਦਾ। ਇੰਨੇ ਨੂੰ ਫੋਨ ਆ ਗਿਆ ਜੋ ਮੇਰੀ ਦੋਸਤ-ਕੁੜੀ ਐਵਲਨ ਕੋਕਰ ਦਾ ਸੀ। ਉਸ ਨੇ ਮਿਲਣ ਆਉਣਾ ਸੀ, ਮੈਂ ਇਹ ਕਹਿ ਕੇ ਵਰਜ ਦਿੱਤਾ ਕਿ ਅੱਜ ਮੇਰੇ ਘਰ ਇੰਡੀਆ ਤੋਂ ਪੁਰਾਣਾ ਦੋਸਤ ਆਇਆ ਹੋਇਆ ਹੈ। ਹਰਿਭਜਨ ਵਿਚੋਂ ਟੋਕ ਕੇ ਕਹਿਣ ਲੱਗਾ, "ਕੋਈ ਨਹੀਂ ਆਪਣੀ ਦੋਸਤ ਨੂੰ ਵੀ ਸੱਦ ਲੈ, ਮੈਂ ਵੀ ਦੇਖਾਂ ਤੇਰੀ ਪਸੰਦ ਕਿੱਦਾਂ ਦੀ ਹੈ।" ਮੈਂ ਕਿਹਾ ਕੱਲ੍ਹ ਨੂੰ ਸਹੀ, ਅੱਜ ਆਪਾਂ ਗੱਪਾਂ ਮਾਰਾਂਗੇ। ਉਸ ਨੇ ਕਿਹਾ, ਗੱਪਾਂ ਵੀ ਨਾਲ ਦੀ ਨਾਲ ਮਾਰੀ ਜਾਵਾਂਗੇ। ਮੈਨੂੰ ਲੱਗਿਆ, ਉਹ ਐਵਲਨ ਨੂੰ ਦੇਖਣਾ ਚਾਹੁੰਦਾ ਸੀ। ਦੁਬਾਰਾ ਫੋਨ ਕਰ ਕੇ ਐਵਲਨ ਨੂੰ ਕਿਹਾ, ਅਸੀਂ ਇੰਡੀਅਨ ਰੈਸਟੋਰੈਂਟ ਵਿਚ ਖਾਣਾ ਖਾਣ ਚੱਲੇ ਹਾਂ, ਤੂੰ ਵੀ ਆ ਜਾ। ਉਸ ਨੂੰ ਇੰਡੀਅਨ ਖਾਣਾ ਬਹੁਤ ਪਸੰਦ ਸੀ। ਅੱਧੇ ਕੁ ਘੰਟੇ ਵਿਚ ਪਹੁੰਚ ਗਈ। ਐਵਲਨ ਵਲ ਭਰਵੀਂ ਨਜ਼ਰ ਮਾਰਦਿਆਂ ਹਰਿਭਜਨ ਉਸ ਦੇ ਸੁਹੱਪਣ ਦੀ ਤਾਰੀਫ ਕਰਨ ਲੱਗ ਪਿਆ। ਗੋਰੀਆਂ ਆਪਣੀ ਤਾਰੀਫ ਸੁਣ ਕੇ ਗਦ-ਗਦ ਹੋ ਜਾਂਦੀਆਂ ਹਨ ਅਤੇ ਥੈਂਕ ਯੂ ਥੈਂਕ ਯੂ ਕਹੀ ਜਾਂਦੀਆਂ ਹਨ। ਕੁੜੀ ਦੇ ਆਉਣ ਨਾਲ ਹਰਿਭਜਨ ਚਮਕ ਉਠਿਆ, ਥਕਾਵਟ ਕਿਧਰੇ ਦੌੜ ਗਈ ਅਤੇ ਚੁਕੰਨਾ ਹੋ ਕੇ ਬੈਠ ਗਿਆ। ਮੈਨੂੰ ਪੰਜਾਬੀ ਵਿਚ ਕਹੇ, "ਬਈ ਗੁਰਮੇਲ, ਤੇਰੀ ਦੋਸਤ ਵਾਕਈ ਬਹੁਤ ਸੋਹਣੀ ਹੈ, ਦੇਖ ਕੇ ਭੁੱਖ ਲਹਿੰਦੀ ਹੈ।" ਮੈਂ ਪੰਜਾਬੀ ਵਿਚ ਕਿਹਾ, "ਦੇਖ ਕੇ ਹੀ ਭੁੱਖ ਨਾ ਲਾਹ ਲਈਂ, ਖਾਣਾ ਖਾਣ ਜੋਗੀ ਵੀ ਰੱਖ ਲਈਂ।"

ਵੈਨਕੂਵਰ ਵਿਚ ਪਟਿਆਲੇ ਵਾਲੇ ਮਨਮੋਹਨ ਸਿੰਘ ਦਾ ਹੋਟਲ ਸੀ। ਉਹ ਮੈਨੂੰ ਜਾਣਦਾ ਸੀ ਅਤੇ ਹੋਟਲ ਦਾ ਖਾਣਾ ਵੀ ਲਜ਼ੀਜ਼ ਸੀ। ਜਦ ਪਹੁੰਚੇ ਤਾਂ ਉਹ ਖਿੜੇ ਮੱਥੇ ਮਿਲਿਆ। ਮੈਂ ਕਿਹਾ, ਪੰਜਾਬੀ ਦੇ ਮਹਾਨ ਕਵੀ ਹਰਿਭਜਨ ਸਿੰਘ ਨੂੰ ਮਿਲੋ। ਉਸ ਨੂੰ ਕਵਿਤਾ ਵਿਚ ਦਿਲਚਸਪੀ ਸੀ ਅਤੇ ਹਰਿਭਜਨ ਦਾ ਨਾਂ ਵੀ ਸੁਣਿਆ ਹੋਇਆ ਸੀ। ਸਾਨੂੰ ਅਲਿਹਦਾ ਕਮਰੇ ਵਿਚ ਬਿਠਾ ਕੇ ਆਪ ਵੀ ਨਾਲ ਬਹਿ ਗਿਆ। ਮੈਂ ਕਿਹਾ, ਦਿੱਲੀ ਤੋਂ ਆਏ ਮੇਰੇ ਦੋਸਤ ਨੂੰ ਇੱਦਾਂ ਦਾ ਖਾਣਾ ਖੁਆ ਕਿ ਦਿੱਲੀ ਭੁੱਲ ਜਾਵੇ। ਉਸ ਨੇ ਕਿਹਾ, "ਡਾਕਟਰ ਸਾਹਿਬ, ਇਹ ਵੀ ਕੋਈ ਕਹਿਣ ਵਾਲੀ ਗੱਲ ਹੈ, ਜਿਹੋ ਜਹੇ ਤੁਹਾਡੇ ਮਹਿਮਾਨ, ਉਹੋ ਜਿਹੇ ਮੇਰੇ। ਤੁਸੀਂ ਸਿਰਫ ਇਹ ਦੱਸੋ ਕਿ ਖਾਣਾ ਕੀ ਹੈ।" ਮੈਂ ਕਿਹਾ, "ਇਹ ਤੁਹਾਡੇ 'ਤੇ ਛੱਡਦੇ ਹਾਂ।" ਉਹ ਕਿਚਨ ਵਲ ਗਿਆ ਅਤੇ ਸਾਡੇ ਲਈ ਖਾਣਾ ਆਰਡਰ ਕਰ ਦਿੱਤਾ। ਥੋੜ੍ਹੀ ਦੇਰ ਬਾਅਦ ਬੈਰ੍ਹਾ ਖਾਣਾ ਲੈ ਕੇ ਆ ਗਿਆ ਪਰ ਮਨਮੋਹਨ ਸਿੰਘ ਨਾ ਮੁੜਿਆ, ਸ਼ਾਇਦ ਗਾਹਕਾਂ ਦੀ ਭੀੜ ਕਰ ਕੇ ਰੁੱਝ ਗਿਆ। ਜਦ ਖਾਣਾ ਖਾ ਲਿਆ ਤਾਂ ਮਨਮੋਹਨ ਸਿੰਘ ਆ ਕੇ ਪੁੱਛਣ ਲੱਗਾ,



*ਨਵੀਂ ਦਿੱਲੀ ਸਥਿਤ ਡਾ. ਹਰਿਭਜਨ ਸਿੰਘ ਦੇ ਘਰ 'ਚ ਡਾ. ਗੁਰੁਮੇਲ ਸਿੱਧੂ, ਡਾ. ਹਰਿਭਜਨ ਸਿੰਘ ਤੇ ਉਨ੍ਹਾਂ ਦੀ ਪਤਨੀ ਨਾਲ (ਇਹ ਤਸਵੀਰ ਸੰਨ 1995 ਦੀ ਹੈ।*

"ਖਾਣਾ ਕਿੱਦਾਂ ਦਾ ਲੱਗਿਆ?" ਹਰਿਭਜਨ ਬੋਲਿਆ, "ਖਾਣਾ ਬਹੁਤ ਸੁਆਦ ਸੀ, ਦਿੱਲੀ ਵਰਗਾ ਸੁਆਦਲਾ।" ਮਾਲਕ ਫੇਰ ਚਲਾ ਗਿਆ, ਅਸੀਂ ਬੈਰ੍ਹੇ ਨੂੰ ਬਿੱਲ ਲਿਆਉਣ ਲਈ ਕਿਹਾ। ਉਸ ਨੇ ਦੱਸਿਆ, "ਮਾਲਕ ਦਾ ਹੁਕਮ ਹੈ, ਤੁਹਾਨੂੰ ਬਿਲ ਨਹੀਂ ਦੇਣਾ।" ਮੈਂ ਮਨਮੋਹਨ ਸਿੰਘ ਕੋਲ ਗਿਆ ਅਤੇ ਬਿੱਲ ਦੇਣ ਲਈ ਜ਼ਿੱਦ ਕੀਤੀ। ਉਸ ਨੇ ਮੇਰਾ ਹੱਥ ਘੁੱਟਦਿਆਂ ਹੌਲੀ ਜਿਹੀ ਕਿਹਾ, "ਕਿਉਂ ਸ਼ਰਮਿੰਦਾ ਕਰਦੇ ਹੋ, ਤੁਸੀਂ ਮੇਰਾ ਪੰਜਾਬੀ ਦੇ ਸਿਰਕੱਢ ਕਵੀ ਨਾਲ ਤੁਆਰਫ ਕਰਾਇਆ ਹੈ, ਮੈਂ ਇੰਨਾ ਵੀ ਨਹੀਂ ਕਰ ਸਕਦਾ!" ਜਦ ਮੈਂ ਪੈਸੇ ਦੇਣ ਲਈ ਜ਼ਿੰਦ ਕੀਤੀ ਤਾਂ ਉਸ ਨੇ ਮੇਰਾ ਹੱਥ ਘੁਟਦਿਆਂ ਕਿਹਾ, "ਤੁਸੀਂ ਕਿਹੜੇ ਨੱਠੇ ਹੋਏ ਹੋ, ਕਿਸੇ ਦਿਨ ਦੂਣੇ ਲੈ ਲਵਾਂਗਾ।" ਖਾਣਾ ਖਾ ਕੇ ਘਰ ਪਹੁੰਚੇ, ਹਰਿਭਜਨ ਥੱਕਿਆ ਹੋਇਆ ਸੀ। ਮੈਂ ਕਿਹਾ, ਤੂੰ ਹੁਣ ਆਰਾਮ ਕਰ, ਮੈਂ ਐਵਲਨ ਨੂੰ ਤੋਰ ਕੇ ਆਉਂਦਾਂ। ਉਹ ਐਵਲਨ ਨਾਲ ਹੋਰ ਗੱਲਾਂ ਕਰਨਾ ਚਾਹੁੰਦਾ ਸੀ। ਮੈਂ ਕਿਹਾ, ਕਲ੍ਹ ਸਹੀ, ਤੂੰ ਹੁਣ ਸੌਂ ਜਾ।

ਦੂਜੇ ਦਿਨ ਹਰਿਭਜਨ ਨੂੰ ਪੁੱਛਿਆ, ਕੀ ਦੇਖਣਾ-ਪਾਖਣਾ ਹੈ? ਕੁਝ ਸਾਹਿਤਕਾਰ ਤੈਨੂੰ ਮਿਲਣਾ...।

ਗੱਲ ਵਿਚੋਂ ਟੋਕਦਿਆਂ ਉਸ ਨੇ ਕਿਹਾ, "ਸਾਹਿਤਕਾਰਾਂ ਨੂੰ ਵੀ ਮਿਲ ਲਵਾਂਗੇ, ਪਹਿਲਾਂ ਕੈਨੇਡਾ ਦੇ ਸਰਸਬਜ਼ ਬਾਗ ਤਾਂ ਦਿਖਾ।" ਮੈਂ ਕਿਹਾ, "ਵੈਨਕੂਵਰ ਬਹੁਤ ਖੂਬਸੂਰਤ ਸ਼ਹਿਰ ਹੈ, ਇਕ ਪਾਸੇ ਸਮੁੰਦਰ ਤੇ ਦੂਜੇ ਪਾਸੇ ਪਹਾੜ ਹਨ। ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਵੀ ਦੇਖਣ ਯੋਗ ਸ਼ਹਿਰ ਹੈ। ਉਥੇ ਜਾਣ ਲਈ ਫੈਰੀ (ਪਾਣੀ ਦਾ ਛੋਟਾ ਜਹਾਜ਼) ਲੈਣੀ ਪੈਂਦੀ ਹੈ। ਰਾਹ ਵਿਚ ਗੁਲਾਬ ਦੇ ਫੁੱਲਾਂ ਨਾਲ ਸਜਿਆ ਬੁੱਸ਼ਰਟ ਗਾਰਡਨ ਹੈ; ਤੂੰ ਦੱਸ ਕਿੱਥੋਂ ਸ਼ੁਰੂ ਕਰਨਾ?" ਉਸ ਨੇ ਸਵਾਲੀਆ ਲਹਿਜੇ ਵਿਚ ਕਿਹਾ, "ਇਨ੍ਹਾਂ ਨਾਵਾਂ-ਥਾਵਾਂ ਤੋਂ ਸਿਵਾਏ ਕੁਝ ਹੋਰ ਵੀ ਦੇਖਣ ਯੋਗ ਹੋਵੇਗਾ!" ਮੈਂ ਕਿਹਾ, "ਹੋਰ ਤੈਨੂੰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦਿਖਾਵਾਂਗਾ, ਜਿਥੋਂ ਮੈਂ ਪੀਐਚ.ਡੀ. ਕੀਤੀ ਹੈ ਅਤੇ ਸਾਇਮਨ ਫਰੇਜ਼ਰ ਯੂਨੀਵਰਸਿਟੀ ਵੀ ਚੱਲਾਂਗੇ ਜਿੱਥੇ ਮੈਂ ਹੁਣ ਪੜ੍ਹਾਉਂਦਾ ਹਾਂ। ਉਸ ਨੇ ਮੇਰੀ ਗੱਲ ਵਲ ਬਹੁਤਾ ਧਿਆਨ ਨਾ ਦਿੱਤਾ।" ਮੈਨੂੰ ਲੱਗਿਆ, ਉਹ ਸੈਰ-ਸਪਾਟੇ ਲਈ ਆਇਆ ਹੈ, ਸ਼ਹਿਰ ਦੀ ਚਹਿਲ-ਪਹਿਲ ਦੇਖਣਾ ਚਾਹੁੰਦਾ ਹੈ। ਮੈਂ ਕਿਹਾ, "ਤੂੰ ਸਿੱਧਾ ਕਿਉਂ ਨਹੀਂ ਕਹਿੰਦਾ ਕੋਈ ਡਾਂਸ-ਡੁਨਸ ਦੇਖਣਾ ਹੈ।" ਹਰਿਭਜਨ ਨੇ ਬਣਾ ਸੁਆਰ ਕੇ ਉਤਰ ਦਿੱਤਾ, "ਮੈਂ ਸੋਚਿਆ, ਤੈਨੂੰ ਪੱਛਮ ਦੀ ਹਵਾ ਲੱਗ ਗਈ ਹੋਵੇਗੀ, ਆਪੇ ਸਮਝ ਜਾਏਂਗਾ ਪਰ ਲਗਦਾ, ਤੂੰ ਤਾਂ ਅਜੇ ਵੀ ਪਿੰਡ ਦੀਆਂ ਗਲੀਆਂ ਦੀ ਧੂੜ ਫੱਕਦਾ ਫਿਰਦਾਂ।" ਜਦ ਮੈਂ ਸ਼ਬਦ 'ਫੱਕਦਾ' ਸੁਣਿਆ, ਮੇਰਾ ਹਾਸਾ ਨਿਕਲ ਗਿਆ।

"ਬਈ ਗੁਰਮੇਲ, ਤੇਰਾ ਹਾਸਾ ਪਹਿਲਾਂ ਵਾਂਗ ਬੇਤੁਕੱਲਫਾ, ਆਪਮੁਹਾਰਾ 'ਤੇ ਸੱਚਾ-ਸੁੱਚਾ ਹੈ।" ਉਸ ਨੂੰ ਮੇਰੇ ਹੱਸਣ ਦੇ ਕਾਰਨ ਦਾ ਪਤਾ ਨਹੀਂ ਸੀ ਲੱਗਿਆ। ਮੈਂ ਦੱਸਿਆ, "ਤੇਰੇ ਮੂੰਹੋਂ ਸ਼ਬਦ 'ਫੱਕਦਾ' ਸੁਣ ਕੇ ਹੱਸਿਆ ਸੀ ਜਿਸ ਦਾ ਅੰਗਰੇਜ਼ੀ ਅਰਥ ਬੜਾ ਖਤਰਨਾਕ ਹੈ।" ਉਸ ਨੂੰ ਫੇਰ ਵੀ ਸਮਝ ਨਾ ਆਈ ਕਿਉਂਕਿ ਪੰਜਾਬੀ ਵਿਚ ਇਸ ਸ਼ਬਦ ਦੇ ਅਰਥ ਹੋਰ ਹਨ ਅਤੇ ਅੰਗਰੇਜ਼ੀ ਵਿਚ ਹੋਰ। ਜਦ ਇਸ ਦੇ ਅੰਗਰੇਜ਼ੀ ਮਾਇਨੇ ਦੱਸੇ ਤਾਂ ਉਸ ਦੇ ਮੂੰਹ 'ਤੇ ਸ਼ਰਮੀਲਾ ਜਿਹਾ ਹਾਸਾ ਬਿਖਰ ਗਿਆ। ਮੈਂ ਮਖੌਲ ਨਾਲ ਕਿਹਾ, "ਚਾਹੇਂ ਤਾਂ ਇਸ ਦਾ ਇੰਤਜ਼ਾਮ ਵੀ ਹੋ ਸਕਦਾ ਹੈ।" ਮੁਸਕਣੀ ਹੱਸਦਿਆਂ ਉਸ ਨੇ ਸ਼ਰਾਰਤ ਨਾਲ ਕਿਹਾ, "ਤੂੰ ਬੜਾ ਲੁੱਚਾ ਹੋ ਗਿਆਂ।" ਮੈਂ ਵੀ ਉਸੇ ਲਹਿਜੇ ਵਿਚ ਜਵਾਬ ਦਿੱਤਾ, "ਕੀ ਕਰੀਏ, ਪੱਛਮੀ ਦੇਸ਼ਾਂ ਵਿਚ ਇੰਨਾ ਕੁ ਤਾਂ ਬਦਲਣਾ ਪੈਂਦਾ ਹੈ, ਨਹੀਂ ਤਾਂ ਬੰਦਾ ਬੁੱਧੂ ਲਗਦੈ। ਮੈਂ ਜਦ ਏਥੇ ਆਇਆ ਸੀ ਤਾਂ ਬੜਾ ਭੋਲਾ-ਭਾਲਾ, ਸ਼ਰਮੀਲਾ ਤੇ ਸੰਗਾਊ ਸੀ।" ਉਸ ਨੇ ਕਿਹਾ, "ਹੁਣ ਤਾਂ ਬੜਾ ਹੰਢ-ਵਰਤ ਗਿਐਂ।" ਉਸ ਦਾ ਇਸ਼ਾਰਾ ਮੇਰੀ ਦੋਸਤ ਕੁੜੀ ਐਵਲਨ ਵਲ ਸੀ। ਮੈਂ ਕਿਹਾ, "ਗੁਰਦੇਵ! ਸਮਾਂ, ਸਥਾਨ 'ਤੇ ਗਿਆਨ ਸਭ ਕੁਝ ਸਿਖਾ ਦਿੰਦੇ ਹਨ।" ਕਹਿਣ ਲੱਗਾ, "ਗੁਰਮੇਲ, ਕੈਨੇਡਾ ਆ ਕੇ ਤੂੰ ਭਾਵੇਂ ਪੜ੍ਹ ਲਿਖ ਤੇ ਬਣ ਸੰਵਰ ਗਿਐਂ, ਪਰ ਤੇਰੇ 'ਚੋਂ ਅਪਣੱਤ, ਹਮਦਰਦੀ ਤੇ ਸਾਦਗੀ ਮਨਫੀ ਨਹੀਂ ਹੋਏ। ਹੋਰ ਕਿੰਨੇ ਲਿਖਾਰੀ ਬਾਹਰ ਆਏ, ਕਿਸੇ ਨੇ ਪੜ੍ਹਨ ਵਲ ਧਿਆਨ ਨਹੀਂ ਦਿੱਤਾ, ਪੈਸੇ ਕਮਾਉਣ ਦੇ ਚੱਕਰ ਵਿਚ ਹੀ ਖਰਚ ਹੋ ਗਏ। ਇੰਗਲੈਂਡ ਵਿਚ ਕਈ ਮਿਲੇ ਜੋ ਦਾਰੂ ਪੀ ਕੇ ਫੋਕੀਆਂ ਫੜ੍ਹਾਂ ਮਾਰਦੇ, ਬੇਹੂਦਾ ਤੇ ਬੇਅਰਥਾ ਬੋਲੀ ਜਾਂਦੇ ਹਨ। ਇਕ ਦੂਜੇ ਦੀ ਚੁਗਲੀ ਨਿੰਦਾ ਕਰਨ ਲੱਗੇ ਅੱਗਾ-ਪਿੱਛਾ ਨਹੀਂ ਦੇਖਦੇ।" ਮੈਂ ਕਿਹਾ, "ਛੱਡ ਪਰ੍ਹਾਂ, ਆਪਾਂ ਉਨ੍ਹਾਂ ਤੋਂ ਕੀ ਲੈਣਾ। ਅੱਜ ਦਾ ਪ੍ਰੋਗਰਾਮ ਬਣਾਉਂਦੇ ਹਾਂ। ਅੱਜ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਚੱਲਾਂਗੇ। ਜਿਹੜੇ ਡਿਪਾਰਟਮੈਂਟ 'ਚੋਂ ਮੈਂ ਪੀਐਚ.ਡੀ. ਕੀਤੀ ਸੀ, ਉਹ ਦਿਖਾਵਾਂਗਾ ਅਤੇ ਅੰਗਰੇਜ਼ੀ ਸਾਹਿਤ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨਾਲ ਮਿਲਾਂਗੇ। ਯੂ.ਬੀ.ਸੀ. ਵਿਚ ਨਿਓ ਕ੍ਰਿਟੀਸਿਜ਼ਮ ਅਤੇ ਸੰਰਚਨਾਵਾਦ 'ਤੇ ਬਹੁਤ ਕੰਮ ਹੋ ਰਿਹਾ ਸੀ। ਹਰਿਭਜਨ ਦਿੱਲੀ ਯੂਨੀਵਰਸਿਟੀ ਦੇ ਭਾਸ਼ਾਵਾਂ ਦੇ ਡਿਪਾਰਟਮੈਂਟ ਦਾ ਮੁਖੀ ਸੀ। ਉਸ ਦੀ ਛਤਰ-ਛਾਇਆ ਹੇਠ ਸੰਰਚਨਵਾਦ ਅਤੇ ਰੂਸੀ ਰੂਪਵਾਦ 'ਤੇ ਕੰਮ ਹੋਣ ਕਰ ਕੇ 'ਦਿੱਲੀ ਸਕੂਲ ਆਫ ਕ੍ਰਿਟੀਸਿਜ਼ਮ' ਸਥਾਪਤ ਹੋਇਆ ਸੀ। ਮੈਂ ਸੋਚਿਆ, ਉਸ ਲਈ ਯੂਨੀਵਰਸਿਟੀ ਦੇ ਸਾਹਿਤ ਵਿਭਾਗ ਦੇ ਪ੍ਰੋਫੈਸਰਾਂ ਨਾਲ ਮਿਲਣਾ ਲਾਭਦਾਇਕ ਰਹੇਗਾ।

**ਯੂ.ਬੀ.ਸੀ. ਦੀ ਗੇੜਾ:** ਅਸੀਂ ਪਹਿਲਾਂ ਬਾਈਓਲੋਜੀ ਵਿਭਾਗ ਵਿਚ ਗਏ, ਜਿੱਥੇ ਮੇਰੀ ਪੀਐਚ.ਡੀ. ਦੇ ਨਿਗਰਾਨ ਪ੍ਰੋਫੈਸਰ ਸਨ। ਹਰਿਭਜਨ ਨੂੰ ਪਹਿਲਾਂ ਪ੍ਰੋ. ਡੇਵਿਡ ਸਜ਼ੁਕੀ ਨਾਲ ਮਿਲਾਇਆ। ਡੇਵਿਡ ਬੇਬਾਕ ਅਤੇ ਹਿੱਪੀਆਂ ਵਰਗੇ ਭੇਸ ਵਾਲਾ ਪ੍ਰੋਫੈਸਰ ਸੀ। ਮੈਨੂੰ ਦੇਖਦਿਆਂ ਸਾਰ ਉਸ ਨੇ ਕਿਹਾ, "How is the lover boy?" ਮੈਂ ਕਿਹਾ, "ਜੀ ਬਿਲਕੁਲ ਚੰਗਾ-ਭਲਾ ਹਾਂ।" ਜਦ ਬਾਹਰ ਨਿਕਲੇ ਤਾਂ ਹਰਿਭਜਨ ਨੇ 'ਲਵਰ ਬੁਆਏ' ਵਾਲੀ ਗੱਲ ਪੁੱਛੀ। ਮੈਂ ਕਿਹਾ, "ਇਹ ਘਰ ਚੱਲ ਕੇ ਦੱਸਾਂਗਾ, ਪਹਿਲਾਂ ਅੰਗਰੇਜ਼ੀ ਵਿਭਾਗ ਵਲ ਚਲਦੇ ਹਾਂ।" ਉਥੇ ਅੰਗਰੇਜ਼ੀ ਦੇ ਦੋ ਕਵੀ/ਆਲੋਚਕ ਪ੍ਰੋ. ਅਰਲ ਬਰਨੀ ਅਤੇ ਪ੍ਰੋ. ਮਾਈਕਲ ਬੁਲਕ ਨੂੰ ਮਿਲੇ। ਉਨ੍ਹਾਂ ਦਿਨਾਂ ਵਿਚ ਬਰਨੀ ਦੀ ਕਾਵਿ-ਪੁਸਤਕ 'Rags & Bone Shop' ਛਪੀ ਸੀ। ਇਸ ਵਿਚ ਕਾਵਿ-ਸ਼ੈਲੀ ਦੇ ਅਜੀਬ ਕਿਸਮ ਦੇ ਪ੍ਰਯੋਗ ਕੀਤੇ ਹੋਏ ਹਨ। ਕੁਝ ਕਵਿਤਾਵਾਂ ਈ.ਈ. ਕੰਮਿੰਗਜ਼ (E.E. Commings) ਦੇ ਪਰਾਯਥਾਰਥਵਾਦ (Surrealism) ਨਾਲ ਮਿਲਦੀਆਂ ਹਨ, ਕੁਝ ਬੀਟਨਿਕ ਕਵਿਤਾ (Beatnick Poetry) ਵਰਗੀਆਂ ਹਨ ਅਤੇ ਕੁਝ ਉਸ ਦੀ ਆਪਣੀ ਨਵੀਂ ਸ਼ੈਲੀ ਵਿਚ ਲਿਖੀਆਂ ਹੋਈਆਂ ਹਨ। ਯਾਦ ਰਹੇ, ਪ੍ਰੋ. ਬਰਨੀ ਨੇ ਯੂ.ਬੀ.ਸੀ. ਵਿਚ ਸਭ ਤੋਂ ਪਹਿਲਾਂ ਕ੍ਰੀਏਟਿਵ ਰਾਇਟਿੰਗ ਵਿਭਾਗ ਬਣਾਇਆ ਸੀ। ਉਹ ਜਮਾਤ ਪੜ੍ਹਾਉਣ ਚੱਲਿਆ ਸੀ, ਇਸ ਲਈ ਸੰਖੇਪ ਜਿਹੀ ਮੁਲਾਕਾਤ ਹੋਈ। ਸੰਰਚਨਾਵਾਦ ਦਾ ਮਾਹਿਰ ਪ੍ਰੋਫੈਸਰ ਕਿਸੇ ਕਾਨਫਰੰਸ ਵਿਚ ਭਾਗ ਲੈਣ ਗਿਆ ਹੋਇਆ ਸੀ। ਸਬੱਬ ਨਾਲ ਉਸ ਦੀਆਂ ਦੋ ਵਿਦਿਆਰਥਣਾਂ ਨਾਲ ਮੁਲਾਕਾਤ ਹੋ ਗਈ ਜਿਨ੍ਹਾਂ ਵਿਚੋਂ ਇਕ ਮਦਰਾਸ ਤੋਂ ਪੀਐਚ.ਡੀ. ਕਰਨ ਆਈ ਸੀ ਅਤੇ ਦੂਜੀ ਇਕ ਗੋਰੀ ਕੁੜੀ ਸੀ। ਭਾਰਤੀ ਕੁੜੀ ਦਾ ਨਾਂ ਮੀਨਾਕਸ਼ੀ ਸੀ ਅਤੇ ਗੋਰੀ ਕੁੜੀ ਦਾ ਕਾਰਲਾ ਸੀ। ਹਰਿਭਜਨ ਨੇ ਮਿਲਦਿਆਂ ਸਾਰ ਉਨ੍ਹਾਂ ਨਾਲ ਸੰਰਚਨਾਵਾਦ ਬਾਰੇ ਗੱਲ ਸ਼ੁਰੂ ਕਰ ਦਿੱਤੀ। ਉਨ੍ਹਾਂ ਨਾਲ ਲੋਰ ਵਿਚ ਹੱਥ ਉਲਾਰ ਉਲਾਰ ਕੇ ਗੱਲਾਂ ਕਰਨ ਲੱਗ ਪਿਆ। ਮੈਂ ਕਿਹਾ, "ਆਪਾਂ ਇਨ੍ਹਾਂ ਨੂੰ ਡਿਨਰ ਲਈ ਸੱਦ ਲੈਂਦੇ ਹਾਂ, ਬਾਕੀ ਗੱਲਾਂ ਉਦੋਂ ਕਰ ਲਈਂ।" ਮੈਂ ਦੋਹਾਂ ਕੁੜੀਆਂ ਨੂੰ ਸ਼ਾਮ ਦੇ ਡਿਨਰ ਦੀ ਦਾਅਵਤ ਦਿੱਤੀ ਜੋ ਉਨ੍ਹਾਂ ਨੇ ਖਿੜੇ ਮੱਥੇ ਮੰਨ ਲਈ। ਉਨ੍ਹਾਂ ਨੂੰ ਲਿਆਉਣ ਅਤੇ ਵਾਪਸ ਛੱਡਣ ਦੀ ਜ਼ਿੰਮੇਦਾਰੀ ਵੀ ਆਪਣੇ ਸਿਰ ਲੈ ਲਈ।

ਕੁੜੀਆਂ ਦੇ ਆਉਣ ਤੋਂ ਪਹਿਲਾਂ ਮੈਂ ਹਰਿਭਜਨ ਨੂੰ ਕਿਹਾ, "ਚੱਲ ਕੋਈ ਵਾਇਨ ਵਗੈਰਾ ਲੈ ਆਈਏ।" ਵਾਇਨ ਸ਼ੌਪ 'ਤੇ ਇਕ ਬੋਤਲ 'ਤੇ ਅੰਗਰੇਜ਼ੀ ਵਿਚ 'Suntry' ਲਿਖਿਆ ਹੋਇਆ ਸੀ। ਪੰਜਾਬੀ ਵਰਗੇ ਨਾਂ ਦੇ ਭੁਲੇਖੇ 'ਸੰਤਰੀ' ਦੀ ਅਤੇ ਇਕ ਰੈਡ ਵਾਇਨ ਦੀ ਬੋਤਲ ਖਰੀਦ ਲਈ। ਮੈਂ ਕੁੜੀਆਂ ਨੂੰ ਲੈਣ ਚਲਾ ਗਿਆ। ਜਾਣ ਵੇਲੇ ਹਰਿਭਜਨ ਦੇ ਤੇੜ ਪੈਂਟ ਕੋਟ ਸੀ ਅਤੇ ਚਿੱਟੀ ਪੱਗ ਬੰਨ੍ਹੀ ਹੋਈ ਸੀ; ਵਾਪਸ ਮੁੜਿਆ ਤਾਂ ਉਹ ਫਿਲਾਸਫਰਾਂ ਵਾਂਗ ਵਾਲ ਖਿਲਾਰੀ, ਚਿੱਟਾ ਕੁੜਤਾ-ਪਜਾਮਾ ਪਾ ਕੇ ਸੋਫੇ 'ਤੇ ਬੈਠਾ ਕੁਝ ਲਿਖ ਰਿਹਾ ਸੀ। ਕੁੜੀਆਂ ਨੂੰ ਖਿੜੇ ਹੋਏ ਚਿਹਰੇ ਨਾਲ ਉਠ ਕੇ ਮਿਲਿਆ। ਸਾਰੇ ਬਾਂ-ਪੁਰ-ਥਾਂ ਬਹਿ ਗਏ ਤਾਂ ਮੈਂ ਕੁੜੀਆਂ ਨੂੰ ਪੁੱਛਿਆ, "ਕੀ ਪੀਓਗੇ?" ਮੀਨਾਕਸ਼ੀ ਨੇ ਕਿਹਾ ਕਿ ਉਹ ਸ਼ਰਾਬ ਨਹੀਂ ਪੀਂਦੀ ਤੇ ਕਾਰਲਾ ਨੇ ਰੈਡ ਵਾਇਨ ਦਾ ਗਲਾਸ ਮੰਗਿਆ। ਜਦ ਮੈਂ ਰੈਡ ਵਾਇਨ ਗਲਾਸਾਂ ਵਿਚ ਪਾਉਣ ਲੱਗਾ ਤਾਂ ਹਰਿਭਜਨ ਨੇ ਕਿਹਾ, "ਬਈ ਗੁਰਮੇਲ, ਮੈਨੂੰ ਤਾਂ ਸੰਤਰੀ ਦਾ ਸੁਆਦ ਚਖਾ।" ਕਾਰਲਾ ਦਾ ਸਾਥ ਦੇਣ ਲਈ ਮੈਂ ਵੀ ਵਾਇਨ ਲੈ ਲਈ ਅਤੇ ਹਰਿਭਜਨ ਨੂੰ ਸੰਤਰੀ ਦਾ ਪੈਗ ਦੇ ਦਿੱਤਾ। ਪੈਂਦੀ ਸੱਟੇ ਉਸ ਨੇ ਕੁੜੀਆਂ ਨਾਲ ਸੰਰਚਨਾਵਾਦ ਬਾਰੇ ਗੱਲਬਾਤ ਸ਼ੁਰੂ ਕੀਤੀ। ਕੁੜੀਆਂ ਨਾਲ ਗੱਲਾਂ ਵੀ ਕਰੀ ਜਾਵੇ ਅਤੇ ਸੰਤਰੀ ਦੀਆਂ ਘੁਟਾਂ ਵੀ ਭਰੀ ਜਾਵੇ। ਦੂਜਾ ਪੈਗ ਪਾਇਆ ਤਾਂ ਅੱਧਾ ਕੁ ਪੀ ਕੇ ਲੋਰ ਵਿਚ ਆ ਗਿਆ ਤੇ ਸੰਰਚਨਾਵਾਦ ਬਾਰੇ ਆਪਣੇ ਗਿਆਨ ਦੀ ਛਹਿਬਰ ਲਾ ਦਿੱਤੀ। ਕੁੜੀਆਂ ਨੂੰ ਬੋਲਣ ਦਾ ਬਹੁਤ ਘੱਟ ਮੌਕਾ ਦਿੱਤਾ, ਖੁਦ ਹੀ ਬੋਲੀ ਗਿਆ। ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਨਾਲ ਬਹਿਸ ਕਰਦਾ, ਆਖਿਰ ਨੂੰ ਉਹ ਸੰਰਚਨਾਵਾਦ ਦੇ ਖੇਤਰ ਵਿਚ ਪੀਐਚ.ਡੀ. ਕਰ ਰਹੀਆਂ ਸਨ। ਮੀਨਾਕਸ਼ੀ ਨੇ ਉਬਾਸੀ ਲਈ, ਮੈਂ ਸਮਝਿਆ, ਜਾਂ ਤਾਂ ਉਹ ਬੋਰ ਹੋ ਰਹੀ ਸੀ, ਜਾਂ ਭੁੱਖ ਲੱਗੀ ਹੋਈ ਸੀ। ਮੈਂ ਕਿਹਾ, "ਆਉ ਖਾਣਾ ਖਾਈਏ।"

ਖਾਣਾ ਖਾਣ ਤੋਂ ਪਹਿਲਾਂ ਹਰਿਭਜਨ ਨੇ ਇਕ ਪੈਗ ਹੋਰ ਖਿੱਚ ਦਿੱਤਾ। ਉਸ ਦਾ ਜੀ ਹੋਰ ਗੱਲਾਂ ਕਰਨ ਨੂੰ ਕਰਦਾ ਸੀ। ਰਾਤ ਦੇ ਬਾਰਾਂ ਵਜ ਰਹੇ ਸਨ, ਕੁੜੀਆਂ ਨੇ ਵਾਪਸ ਜਾਣ ਲਈ ਕਿਹਾ। ਮੈਂ ਕਿਹਾ, "ਅੱਧਾ ਘੰਟਾ ਹੋਰ ਠਹਿਰ ਜਾਓ।" ਅਸੀਂ ਫੇਰ ਗੱਲੀਂ ਜੁੱਟ ਗਏ ਤਾਂ ਹਰਿਭਜਨ ਇਕ ਹੋਰ ਪੈਗ ਪਾ ਕੇ ਬਹਿ ਗਿਆ। ਉਸ ਨੂੰ ਚੜ੍ਹ ਗਈ ਸੀ ਅਤੇ ਉਬਾਸੀਆਂ ਲੈਣ ਲੱਗ ਪਿਆ। ਮੈਂ ਕਿਹਾ, "ਤੂੰ ਆਰਾਮ ਕਰ, ਮੈਂ ਕੁੜੀਆਂ ਨੂੰ ਛੱਡ ਆਵਾਂ।" ਜਦ ਛੱਡ ਕੇ ਵਾਪਸ ਮੁੜਿਆ ਤਾਂ ਹਰਿਭਜਨ ਲਟਬੌਰਾ ਜਿਹਾ ਹੋਇਆ ਘਰ ਦੇ ਅੰਦਰ ਕਾਹਲੀ-ਕਾਹਲੀ ਏਧਰ-ਓਧਰ ਗੇੜੇ ਮਾਰ ਰਿਹਾ ਸੀ। ਪੁੱਛਿਆ ਕਿ ਠੀਕ ਠਾਕ ਏਂ ਤਾਂ ਉਸ ਨੇ ਹੱਥ ਉਲਾਰ ਕੇ ਮਸਤਾਂ ਵਾਂਗ ਸਿਰ ਹਿਲਾ ਦਿੱਤਾ। ਉਸ ਨੂੰ ਕਾਫੀ ਚੜ੍ਹ ਗਈ ਸੀ, ਮੈਂ ਸੌਣ ਲਈ ਕਿਹਾ। ਥੋੜ੍ਹਾ ਚਿਰ ਪੈ ਕੇ, ਫੇਰ ਉਠ ਕੇ ਘੁੰਮਣ ਲਗ ਪਵੇ। ਸੁਣਿਆਂ ਸੀ, ਲੱਸੀ ਪੀਣ ਨਾਲ ਉਤਰ ਜਾਂਦੀ ਹੈ, ਮੈਂ ਉਸ ਨੂੰ ਲੱਸੀ ਦਾ ਗਲਾਸ ਪਲਾਇਆ। ਲੱਸੀ ਪੀ ਕੇ ਕੁਝ ਚੈਨ ਜਿਹਾ ਆਇਆ ਤਾਂ ਸੌਂ ਗਿਆ। ਦੂਜੇ ਦਿਨ ਦੁਪਹਿਰੋਂ ਬਾਅਦ ਉਠਿਆ ਤਾਂ ਕਹਿਣ ਲੱਗਾ, "ਬਈ ਤੇਰੀ ਵਾਇਨ ਬੜੀ ਸਖਤ ਸੀ।" ਜਦ ਸੰਤਰੀ ਦੀ ਬੋਤਲ ਦੇ ਲੇਵਲ ਨੂੰ ਪੜ੍ਹਿਆ ਤਾਂ ਪਤਾ ਲੱਗਿਆ ਕਿ ਉਹ ਵਾਇਨ ਨਹੀਂ, ਪੱਕੀ ਸ਼ਰਾਬ ਸੀ, ਉਹ ਵੀ 84 ਪਰੂਫ। ਹਰਿਭਜਨ ਨੂੰ ਦੱਸਿਆ, "ਰਾਤੀਂ ਤੂੰ ਵਾਇਨ ਨਹੀਂ, ਪੱਕੀ ਸ਼ਰਾਬ ਪੀ ਰਿਹਾ ਸੀ, ਆਹ ਦੇਖ ਬੋਤਲ 'ਤੇ ਲਿਖਿਆ ਹੋਇਆ ਹੈ।" ਖਰੀਦਣ ਲੱਗਿਆਂ ਨਾ ਅਸੀਂ ਦਰਿਆਫਤ ਕੀਤਾ, ਨਾ ਵੇਚਣ ਵਾਲੇ ਨੇ ਦੱਸਿਆ। ਹਰਿਭਜਨ ਨੂੰ ਪੁੱਛਿਆ, "ਤੈਨੂੰ ਕੌੜੀ ਨਹੀਂ ਲੱਗੀ", ਤਾਂ ਕਹਿਣ ਲੱਗਾ, "ਬਿਲਕੁਲ ਨਹੀਂ।" ਮੈਂ ਟੋਣਾ ਲਾਇਆ, "ਹੋ ਸਕਦਾ ਕੁੜੀਆਂ ਨਾਲ ਗੱਲਾਂ ਕਰਨ ਦੀ ਲੋਰ ਵਿਚ ਤੂੰ ਸ਼ਰਾਬ ਨੂੰ ਵਾਇਨ ਸਮਝ ਕੇ ਪੀ ਰਹਾ ਹੋਵੇਂ। ਸ਼ਬਾਬ ਦੇ ਨਸ਼ੇ ਸਾਹਮਣੇ ਸ਼ਰਾਬ ਦਾ ਨਸ਼ਾ ਮੱਠਾ ਪੈ ਜਾਂਦਾ ਹੈ।" ਮੈਂ ਬਚੀ ਹੋਈ ਸੰਤਰੀ ਦਾ ਘੁੱਟ ਭਰਿਆ ਤਾਂ ਵਾਕਈ ਉਸ ਵਿਚ ਕੋਈ ਖਾਸ ਕੁੜੱਤਣ ਨਹੀਂ ਸੀ।

**ਆਖਰੀ ਮੁਲਾਕਾਤ:** ਆਖਰੀ ਵਾਰ ਮੈਂ ਹਰਿਭਜਨ ਨੂੰ 10 ਜਨਵਰੀ, 1995 ਮਿਲਿਆ। ਉਸ ਦਾ ਸਰੀਰ ਬਿਮਾਰੀ ਦੀ ਸਿਉਂਕ ਅਤੇ ਉਮਰ

*(ਬਾਕੀ ਅਗਲੇ ਸਫੇ 'ਤੇ)*

# ਡਾ. ਹਰਿਭਜਨ ਸਿੰਘ ਦੀ ਖੇਡ ਵਾਰਤਾ

ਪੰਜਾਬੀ ਖੇਡ ਸਾਹਿਤ

4



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਡਾ. ਹਰਿਭਜਨ ਸਿੰਘ ਜਿੰਨਾ ਵਧੀਆ ਕਵੀ ਸੀ, ਉਨਾ ਹੀ ਵਧੀਆ ਵਾਰਤਕਕਾਰ। ਜਦ ਉਹ ਵਜਦ ਵਿਚ ਆਉਂਦਾ ਤਾਂ ਉਹਦੇ ਮੂੰਹ 'ਤੇ ਮੱਧਮ ਪਏ ਮਾਤਾ ਦੇ ਦਾਗ ਤਾਰਿਆਂ ਹਾਰ ਲਿਸ਼ਕਣ ਲੱਗਦੇ। ਉਸ ਨੇ ਬਤੌਰ ਕਵੀ, ਆਲੋਚਕ, ਅਨੁਵਾਦਕ, ਅਧਿਆਪਕ, ਖੋਜਕਾਰ ਤੇ ਗੋਸ਼ਟੀਕਾਰ ਵਜੋਂ ਨਾਮਣਾ ਵੀ ਖੂਬ ਖੱਟਿਆ। ਉਹਦਾ ਲੱਛੇਦਾਰ ਭਾਸ਼ਣ ਸਰੋਤਿਆਂ 'ਤੇ ਟੂਣਾ ਕਰ ਦਿੰਦਾ ਸੀ ਅਤੇ ਆਪਣੇ ਹੀ ਵੇਗ ਵਿਚ ਵਹਾ ਲਿਜਾਂਦਾ ਸੀ। ਉਹ ਬੋਲਬਾਣੀ ਦਾ ਛੱਲਾਂ ਮਾਰਦਾ ਸਰੋਵਰ ਸੀ। 18 ਅਗਸਤ 1920 ਤੋਂ 21 ਅਕਤੂਬਰ 2002 ਤਕ ਉਹ 82 ਸਾਲ 2 ਮਹੀਨੇ 3 ਦਿਨ ਜੀਵਿਆ। ਉਹ ਆਸਾਮ ਵਿਚ ਜੰਮਿਆ ਸੀ, ਲਾਹੌਰ ਪੜ੍ਹਿਆ ਅਤੇ ਦਿੱਲੀ ਰਹਿੰਦਾ ਚੜ੍ਹਾਈ ਕਰ ਗਿਆ।

1962 ਵਿਚ ਉਹ ਖਾਲਸਾ ਕਾਲਜ ਦਿੱਲੀ ਵਿਖੇ ਹਿੰਦੀ ਵਿਭਾਗ ਦਾ ਮੁਖੀ ਸੀ। ਮੈਂ ਉਸ ਤੋਂ ਕਾਲਜ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਲਈ ਕਵਿਤਾ ਮੰਗਦਿਆਂ ਆਪਣੀ ਸਿਆਣ ਕਰਾਈ ਸੀ। ਉਦੋਂ ਤੋਂ ਉਹ ਮੈਨੂੰ 'ਜੱਟਾ' ਕਹਿਣ ਲੱਗ ਪਿਆ ਸੀ। ਜਦੋਂ ਉਹ ਪਲੈਖਾਨੋਵ ਦੀ ਪੁਸਤਕ 'ਅਨਐਡਰੈੱਸਡ ਲੈਟਰਜ਼' ਦਾ 'ਚਿੱਠੀਆਂ ਬਿਨ ਸਿਰਨਾਵਿਓਂ' ਦੇ ਨਾਮ ਹੇਠ ਅਨੁਵਾਦ ਕਰਨ ਲੱਗਾ ਤਾਂ ਕਦੇ ਕਦੇ ਮੈਨੂੰ ਆਪਣੇ ਕੋਲ ਬੁਲਾ ਲੈਂਦਾ। ਉਹ ਅਨੁਵਾਦ ਬੋਲੀ ਜਾਂਦਾ, ਜੋ ਮੈਂ ਲਿਖੀ ਜਾਂਦਾ। ਉਹ ਕਰੋਲ ਬਾਗ ਗੁਰਦੁਆਰਾ ਰੋਡ ਦੀ 68 ਨਾਈਵਾਲਾ ਗਲੀ ਵਿਚ ਆਪਣੇ ਛੇ ਜੀਆਂ ਦੇ ਪਰਿਵਾਰ ਨਾਲ ਰਹਿੰਦਾ ਸੀ। ਘਰ ਉਹਦਾ ਤੰਗ ਜਿਹਾ ਸੀ, ਜਿਥੇ ਉਸ ਨੇ ਕਈ ਵਰ੍ਹੇ ਤੰਗੀ ਦੇ ਕੱਟੇ। ਕੁਝ ਕਦਮਾਂ ਦੀ ਵਿੱਥ 'ਤੇ ਕਾਫੀ ਹਾਊਸ ਸੀ, ਜਿਥੇ ਅਸੀਂ ਅਕਸਰ ਕਾਫੀ ਪੀਣ ਜਾਂਦੇ।

ਉਸੇ ਕਾਫੀ ਹਾਊਸ ਵਿਚ ਮੇਰਾ ਦੇਵਿੰਦਰ ਸਤਿਆਰਥੀ ਨਾਲ ਮੇਲ ਹੋਇਆ ਸੀ, ਜਿਸ ਦੀਆਂ ਗੱਲਾਂ ਅਲੋਕਾਰ ਸਨ। ਉਹ ਸਰੋਤੇ ਭਾਲਦਾ ਰਹਿੰਦਾ ਸੀ। ਜਿਹੜਾ ਲੱਭ ਜਾਂਦਾ, ਫਿਰ ਉਹਦਾ ਖਹਿੜਾ ਨਾ ਛੱਡਦਾ। ਉਸ ਨੂੰ ਅਜਿਹੇ ਸਰੋਤੇ ਵੀ ਟੱਕਰੇ, ਜੋ ਜੁੱਤੀ ਲਾਹ ਕੇ ਕਹਿੰਦੇ, "ਲੈ ਹੁਣ ਨੀ ਡਾਹੀ ਦਿੰਦੇ!" ਅੱਕ ਕੇ ਮੈਨੂੰ ਵੀ ਉਨ੍ਹਾਂ ਵਿਚ ਸ਼ਾਮਲ ਹੋਣਾ ਪਿਆ।

ਇਕ ਦਿਨ ਮੈਂ ਡਾ. ਹਰਿਭਜਨ ਸਿੰਘ ਕੋਲ ਬੈਠਾ ਸਾਂ। ਭਲਵਾਨੀ ਜੁੱਸੇ ਵਾਲਾ ਕਵੀ ਤਾਰਾ ਸਿੰਘ ਕਾਮਲ 'ਆਰਸੀ' ਦਾ ਨਵਾਂ ਅੰਕ ਲਿਆਇਆ। ਆਪ ਉਹ 'ਲੋਕ ਰੰਗ' ਨਾਂ ਦਾ ਨੋਕ-ਝੋਕ ਵਾਲਾ ਪਰਚਾ ਕੱਢਦਾ ਸੀ। ਉਹ ਆਉਂਦਾ ਈ ਕਹਿਣ ਲੱਗਾ, "ਡਾ. ਸਾਹਿਬ, ਆਹ ਚੇਲਾ ਕਿਥੋਂ ਮੁੰਨਿਆ?" ਡਾ. ਸਾਹਿਬ ਨੇ ਸਿਰਫ ਏਨਾ ਹੀ ਦੱਸਿਆ, "ਇਹ ਪੰਜਾਬੀ ਦਾ ਜੱਟ ਲੈਕਚਰਾਰ ਏ।"

ਕਾਮਲ ਕਹਿਣ ਲੱਗਾ, "ਆਹ 'ਆਰਸੀ' ਵਿਚ ਇਕ ਕਹਾਣੀ ਐ ਪੜ੍ਹਨ ਵਾਲੀ।"

ਜਦੋਂ ਉਸ ਨੇ ਰਸਾਲਾ ਖੋਲ੍ਹ ਕੇ ਵਿਖਾਇਆ ਤਾਂ ਮੈਨੂੰ ਕਹਾਣੀ ਦਾ ਨਾਂ 'ਨਚਾਰ' ਨਜ਼ਰੀਂ ਪੈ ਗਿਆ। ਇਸ ਨਾਂ ਦੀ ਕਹਾਣੀ ਕੁਝ ਦਿਨ ਪਹਿਲਾਂ ਹੀ ਮੈਂ ਭਾਪਾ ਪ੍ਰੀਤਮ ਸਿੰਘ ਨੂੰ ਦੇ ਕੇ ਆਇਆ ਸਾਂ। ਮੇਰੇ ਤਾਂ ਲੂੰਅ ਖੜ੍ਹੇ ਹੋ ਗਏ। ਆਰਸੀ ਵਿਚ ਛਪਣਾ ਤੇ ਤਾਰਾ ਸਿੰਘ ਕਾਮਲ ਦੇ ਮੂੰਹੋਂ ਸਿਫਤ ਸੁਣਨੀ ਕਮਾਲ ਦੀ ਗੱਲ ਸੀ! ਡਾ. ਹਰਿਭਜਨ ਸਿੰਘ ਨੇ ਕਹਾਣੀ ਹੇਠਾਂ ਨਾਂ ਪੜ੍ਹਿਆ-ਸਰਵਣ ਸਿੰਘ। ਉਹਦੇ ਮੂੰਹੋਂ ਨਿਕਲਿਆ, "ਇਹ ਸਰਵਣ ਕਿਹੜਾ ਹੋਇਆ ਪਈ?" ਹੱਦ ਹੋ ਗਈ! ਮੈਂ ਉਨ੍ਹਾਂ ਨੂੰ ਸਾਹਮਣੇ ਬੈਠਾ ਵੀ ਉਨ੍ਹਾਂ ਨੂੰ ਨਹੀਂ ਸਾਂ ਦਿਸਿਆ!

ਕਹਾਣੀ ਪੜ੍ਹਨ ਪਿੱਛੋਂ ਹਰਿਭਜਨ ਸਿੰਘ ਦੀ ਟਿੱਪਣੀ ਸੀ, "ਇਹ ਵੇ ਸਾਡਾ ਦੋਗਲਾਪਣ! ਨੱਚਣ ਗਾਉਣ ਵਾਲਿਆਂ ਨੂੰ ਅਸੀਂ ਇਨਾਮ ਦੇ ਸਕਦੇ ਆਂ, ਪਰ ਆਪਣੇ ਧੀਆਂ-ਪੁੱਤਾਂ ਨੂੰ ਉਨ੍ਹਾਂ ਨਾਲ ਨੱਚਦੇ-ਗਾਉਂਦੇ ਜਰ ਨਹੀਂ ਸਕਦੇ। ਹੋਰਨਾਂ ਦੇ ਘਰ ਜੰਮੀ ਹੀਰ ਚੰਗੀ ਏ, ਪਰ ਆਪਣੇ ਘਰ ਮਾੜੀ। ਭਗਤ ਸਿੰਘ ਕਿਸੇ ਹੋਰ ਦਾ ਪੁੱਤਰ ਹੋਵੇ ਤਾਂ ਲਾਇਕ, ਆਪਣਾ ਹੋਵੇ ਤਾਂ ਨਾਲਾਇਕ!"

1982 ਵਿਚ ਮੇਰੀ ਪੁਸਤਕ 'ਖੇਡ ਸੰਸਾਰ' ਛਪੀ ਤਾਂ ਡਾ. ਹਰਿਭਜਨ ਸਿੰਘ ਨੇ ਉਸ ਬਾਰੇ 'ਆਰਸੀ' ਵਿਚ ਇਕ ਲੇਖ ਲਿਖਿਆ। ਇਸੇ ਬਹਾਨੇ ਆਓ ਡਾ. ਹਰਿਭਜਨ ਸਿੰਘ ਦੀ ਸ਼ਤਾਬਦੀ ਮੌਕੇ ਉਸ ਨੂੰ ਯਾਦ ਕਰੀਏ ਤੇ ਉਹਦੀ ਖੇਡ ਵਾਰਤਾ ਦਾ ਅਨੰਦ ਮਾਣੀਏ:

ਸਰਵਣ ਸਿੰਘ ਦਾ ਖੇਡ ਸੰਸਾਰ: ਡਾ. ਹਰਿਭਜਨ ਸਿੰਘ

ਸਰਵਣ ਸਿੰਘ ਬਾਰੇ ਲਿਖਣਾ ਸੌ ਗਜ ਦੀ ਸਪਰਿੰਟ ਮਾਰਨਾ ਹੈ ਜਾਂ ਚਾਰ ਮਿੰਟਾਂ ਤੋਂ ਉਰ੍ਹਾਂ ਉਰ੍ਹਾਂ ਦਾ ਮੀਲ-ਦੌੜਾਕ ਬਣਨਾ ਹੈ। ਉਹ ਸਾਡੇ ਨਾਲ ਨਾਲ ਦੌੜਦਾ ਅਚਾਨਕ ਸਾਥੋਂ ਅਗਾਂਹ ਲੰਘ ਜਾਂਦਾ ਹੈ। ਉਹਦੀ ਲਿਖਤ ਹਰ ਥਾਂ ਮੁਕਾਬਲੇਬਾਜ਼ ਖੇਡ ਦਾ ਪ੍ਰਭਾਵ ਦਿੰਦੀ ਹੈ। ਉਹਦਾ ਵੇਗ ਪੈਰੋ ਪੈਰ ਤਿੱਖਿਓਂ ਤਿੱਖਾ ਹੁੰਦਾ ਜਾਂਦਾ ਹੈ।

ਉਹਦੇ ਬਾਰੇ ਲਿਖਣ ਵਾਲੇ ਦੇ ਦਿਲ ਦਿਮਾਗ ਤੇ ਤਨ, ਮਨ ਦੇ ਸਾਰੇ ਕਲ-ਪੁਰਜ਼ੇ ਠੀਕ-ਠਾਕ ਹੋਣੇ ਚਾਹੀਦੇ ਹਨ, ਸਗੋਂ ਸਿਹਤਮੰਦੀ ਤੇ ਸੁਹਿਰਦਤਾ ਦੀ ਉਚਤਮ ਪੱਧਰ ਉਪਰ ਅਡੋਲ ਟਿਕੇ ਹੋਣੇ ਚਾਹੀਦੇ ਹਨ। ਸ਼ਬਦਾਂ ਦਾ ਮੂੰਹ-ਮੁਹਾਂਦਰਾ ਨਿੱਖੜਵਾਂ ਤੇ ਉਨ੍ਹਾਂ ਨੂੰ ਵਰਤਣ ਦੀ ਜਾਚ ਅਸਲੋਂ ਨਿਵੇਕਲੀ ਹੋਣੀ ਚਾਹੀਦੀ ਹੈ। ਸਰਵਣ ਸਿੰਘ ਬਾਰੇ ਲਿਖਣ ਲੱਗਿਆਂ ਖੁਦ ਮੈਨੂੰ ਆਪਣੇ ਆਪ ਤੋਂ ਉਚੀ ਛਾਲ ਮਾਰਨੀ ਪਏਗੀ, ਪੋਲ ਵਾਲਟ ਦੇ ਟਪਾਰ ਵਾਂਗ। ਭਾਵੇਂ ਮੈਂ ਜਾਣਦਾ ਹਾਂ ਕਿ ਮੈਂ ਸਰਵਣ ਸਿੰਘ ਵਾਂਗ ਸ਼ਬਦਾਂ ਦਾ ਓਲੰਪੀਅਨ ਨਹੀਂ, ਤਾਂ ਵੀ ਮੇਰਾ ਜੀਅ ਉਹਦੇ ਨਾਲ ਨਾਲ ਦੌੜਨ ਨੂੰ ਕਰਦਾ ਹੈ। ਤਿੱਖੇ ਤੇ ਸੋਹਣੇ ਦੌੜਾਕ ਦੇ ਨਾਲ ਨਾਲ ਜਿਵੇਂ ਦਰਸ਼ਕਾਂ ਦੇ ਦਿਲ ਦੀ ਧੜਕਣ ਵੀ ਦੌੜਦੀ ਹੈ, ਬਿਲਕੁਲ ਉਵੇਂ ਹੀ ਦੌੜਾਂਗਾ ਮੈਂ ਸਰਵਣ-ਸੋਹਣੀ ਕਿਰਤ ਦੇ ਨਾਲ ਨਾਲ।

ਬਿਨਾ ਸ਼ੱਕ ਸਰਵਣ ਸਿੰਘ ਸ਼ਬਦਾਂ ਦਾ ਓਲੰਪੀਅਨ ਹੈ। ਵੇਖਣ ਨੂੰ ਉਹਦੀ ਲਿਖਤ ਸਿਧੀ ਸਾਦੀ ਜਾਪਦੀ ਹੈ, ਪਰ ਉਹਦੀ ਸ਼ਬਦ-ਘਾੜਤ ਪਿੱਛੇ ਬੜੀ ਕਰੜੀ ਘਾਲਣਾ ਦਾ ਝਉਲਾ ਪੈਂਦਾ ਹੈ। ਹਰ ਵਾਕ ਤਿੱਖੀ ਛੁੱਟੀ ਮਾਰ ਕੇ ਨੱਸਦਾ ਹੈ। ਉਹਦੇ ਵੇਗ ਤੋਂ ਤਾਂ ਇਹੋ ਜਾਪਦਾ ਹੈ ਕਿ ਉਹਨੇ ਜੱਗ ਜਿੱਤਣ ਦੇ ਮਨੋਰਥ ਨਾਲ ਕਰੜੀ ਮਸ਼ਕ ਕੀਤੀ ਹੈ। ਉਹਦੀ ਲਿਖਤ ਆਪਣੀ ਫਾਰਮ ਨਾਲ ਹੀ ਚਕਾਚੌਂਧ ਕਰ ਦਿੰਦੀ ਹੈ। ਉਸ ਵਿਚ ਕਿਤੇ ਵੀ ਕੁਝ ਵੀ ਫਾਲਤੂ ਨਹੀਂ ਜਿਵੇਂ ਮੁਕਾਬਲੇ ਵਿਚ ਉਤਰੇ ਖਿਡਾਰੀ ਦੇ ਪਿੰਡੇ 'ਤੇ ਪੋਟਾ ਭਰ ਵੀ ਮਾਸ ਵਾਧੂ ਨਹੀਂ ਹੁੰਦਾ। ਕਦੇ ਕਦੇ ਮੈਨੂੰ ਲੱਗਦਾ ਹੈ, ਉਸ ਦਾ ਹਰ ਲੇਖ ਕਿਸੇ ਐਥਲੀਟ ਦੀ ਰਿਕਾਰਡ-ਤੋੜ ਝਾਕੀ ਹੈ ਤੇ ਕਦੇ ਕਦੇ ਇਵੇਂ ਜਿਵੇਂ ਉਹ ਆਪਣੇ ਪਿੰਡ ਦੀ ਜੂਹ ਵਿਚ ਹੀ ਔਝੜੇ ਅਨਲੱਗ ਉਠ ਨੂੰ ਭਜਾਉਂਦਾ ਆਪਣੀ ਸਪਾਟ ਤਲੀ 'ਤੇ ਪਾਣੀ ਦਾ ਅਣਛਲਕਦਾ ਛੰਨਾ ਟਿਕਾਈ ਜਾ ਰਿਹਾ ਹੈ। ਉਸ ਵਿਚ ਇਕੋ ਵੇਲੇ ਪੇਂਡੂ ਠੇਠਤਾ ਤੇ ਸ਼ਹਿਰੀ ਨਫਾਸਤ ਦਾ ਜੋੜ-ਮੇਲ ਹੈ। ਉਹ ਆਪਣੇ ਲੋਕ ਵੇਦ ਦੇ ਪੁਰਾਣੇ ਪੈਟਰਨਾਂ ਨਾਲ ਏਦਾਂ ਅਸਲੋਂ ਆਧੁਨਿਕ ਕਿਸਮ ਦੇ ਚਿੱਤਰ ਉਲੀਕਦਾ ਹੈ ਕਿ ਹੈਰਤ ਹੁੰਦੀ ਹੈ!

ਆਖਰ, ਸਰਵਣ ਸਿੰਘ ਇਹ ਕ੍ਰਿਸ਼ਮਾ ਕਿਸ ਤਰ੍ਹਾਂ ਕਰ ਵਿਖਾਉਂਦਾ ਹੈ? ਸਮੁੱਚੀ ਕਾਇਨਾਤ ਵਿਚ ਸਭ ਤੋਂ ਵੱਡਾ ਕ੍ਰਿਸ਼ਮਾ ਨਿਰਮੈਲ ਮਨ ਹੈ। ਮਨ ਦੀ ਨਿਰਮੈਲਤਾ ਵਿਚੋਂ ਹੀ ਦੁਨੀਆਂ ਭਰ ਦੇ ਕ੍ਰਿਸ਼ਮੇ ਦਰਿਆ ਵਾਂਗ ਫੁੱਟ ਨਿਕਲਦੇ ਹਨ। ਮੇਰਾ ਇਹ ਬੋਲ ਲੱਗੇਗਾ ਤਾਂ ਭਾਵੁਕ, ਪਰ ਮੈਂ ਕੀ ਕਰਾਂ, ਮੈਨੂੰ ਇਹ ਪਰਮ ਸੱਚ ਜਾਪਦਾ ਹੈ।



ਡਾ. ਹਰਿਭਜਨ ਦਾ ਇਕ ਚਿੱਤਰ

ਨਿਰਮੈਲ ਮਨ ਰੱਬ ਹੈ, ਜਦੋਂ ਮਨੁੱਖ ਬੇਮੈਲ ਹੋ ਕੇ ਕੂੰਦਾ ਹੈ ਤਾਂ 'ਤਿਸ ਤੇ ਹੋਏ ਲੱਖ ਦਰੀਆਉ।'

ਸਰਵਣ ਸਿੰਘ ਦੀ ਰਚਨਾ ਦੋਖ, ਦਵੈਖ ਜਾਂ ਦੁਰਭਾਵਨਾ ਤੋਂ ਅਸਲੋਂ ਪਾਕ ਸਾਫ ਹੈ। ਉਸ ਨੂੰ ਨਾ ਕਿਸੇ ਨਾਲ ਖੁਣਸ ਹੈ, ਨਾ ਖਾਰ; ਨਾ ਕੀਨਾ, ਨਾ ਕਦੂਰਤ। ਉਹਨੇ ਜਿਸ ਕਿਸੇ ਬਾਰੇ ਜੋ ਕੁਝ ਵੀ ਲਿਖਿਆ ਹੈ, ਉਹ ਸੱਚਾ ਵੀ ਹੈ ਤੇ ਸੁੱਚਾ ਵੀ। ਸੱਚ ਦਾ ਸਬੰਧ ਤਾਂ ਉਨ੍ਹਾਂ ਨਾਲ ਹੈ, ਜਿਨ੍ਹਾਂ ਬਾਰੇ ਉਹਨੇ ਲਿਖਿਆ ਹੈ ਤੇ ਸੁੱਚ ਦਾ ਉਹਦੇ ਆਪਣੇ ਮਨ ਨਾਲ। ਉਹਨੇ ਹਰ ਕਿਸੇ ਨੂੰ ਪੂਰਾ ਤੋਲਿਆ ਹੈ ਤੇ ਉਨ੍ਹਾਂ ਬਾਰੇ ਪਿਆਰਾ ਬੋਲਿਆ ਹੈ। ਸੱਚ ਤੇ ਸੁੱਚ ਦਾ ਇਹ ਸੁਮੇਲ, ਪੂਰੇ ਤੇ ਪਿਆਰੇ ਦਾ ਗੰਢ-ਚਿਤਰਾਵਾ ਅੱਜ ਦੀ ਦੁਨੀਆਂ ਵਿਚ ਬੜਾ ਵਿਰਲਾ ਹੈ। ਸ਼ਬਦ-ਕਲਾ ਦੇ ਮਾਹਰ ਅੱਜ ਕੱਲ੍ਹ ਲੁੱਚੀਆਂ ਗੱਲਾਂ ਵੱਲ ਏਨੇ ਰੁਚਿਤ ਹੋ ਗਏ ਹਨ ਕਿ ਸੁੱਚੀਆਂ ਦਾ ਕਾਲ ਪਿਆ ਜਾਪਦਾ ਹੈ। ਕੋਈ ਅਜਬ ਨਹੀਂ ਕਿ ਅੱਜ ਦੀ ਸਾਹਿਤ ਕਿਰਤ ਵਿਚ ਸਾਹਿਤ ਤੋਂ ਵਧੀਕ ਨਿੰਦਿਆ ਦੇ ਚਿਹਨ-ਚੱਕਰ ਵਧੇਰੇ ਉਘੜ ਆਏ ਹਨ। ਇਹੋ ਜਿਹੇ ਮਾਰੂ ਮਾਹੌਲ ਵਿਚ ਸਰਵਣ ਸਿੰਘ ਜਿਹਾਂ ਦੀ ਕਿਰਤ ਕਾਲੇ ਪਾਣੀਆਂ ਵਿਚ ਇਕ ਚਿੱਟਾ ਜਜ਼ੀਰਾ ਜਾਪਦੀ ਹੈ। ਅਥਾਹ ਸਮੁੰਦਰ ਵਿਚ ਡੁਬਦੇ ਪੈਰਾਂ ਹੇਠ ਜਿਵੇਂ ਅਚਾਨਕ ਜ਼ਮੀਨ ਆ ਜਾਏ।

ਸਰਵਣ ਸਿੰਘ ਕਵਿਤਾ ਨਹੀਂ ਕਹਿੰਦਾ, ਨਾਵਲ-ਕਹਾਣੀ ਨਹੀਂ ਸੁਣਾਉਂਦਾ, ਨਾਟਕ ਨਹੀਂ ਵਿਖਾਉਂਦਾ ਤਾਂ ਵੀ ਮੈਨੂੰ ਉਸ ਵਿਚ ਸਾਹਿਤ-ਕਲਾ ਵਰਗਾ ਸੁਆਦ ਆਉਂਦਾ ਹੈ। ਕਾਰਨ? ਉਹ ਸਾਡੇ ਆਲੇ-ਦੁਆਲੇ ਫੈਲੀ ਕੌੜੀ, ਕੋਝੀ ਦੁਨੀਆਂ ਦੇ ਸਮਵਿਥ ਇਕ ਸੁਹਜਮਈ ਜ਼ਿੰਦਗੀ ਦਾ ਚਿੱਤਰ ਪੇਸ਼ ਕਰਦਾ ਹੈ। ਖੇਡ ਸਾਡੇ ਸੰਸਾਰ ਦੀ ਕਵਿਤਾ ਹੈ, ਸਾਡੀ ਜ਼ਿੰਦਗੀ ਦਾ ਸੁਹਜ। ਖੇਡ ਸਾਡੇ ਸੰਸਾਰ ਵਿਚ ਵਸ ਕੇ ਵੀ ਇਸ ਤੋਂ ਸੋਹਣੀ ਤੇ ਇਸ ਤੋਂ ਵੱਖਰੀ ਹੈ। ਇਸ ਵਿਚ ਸਾਡੀ ਦੁਨੀਆਂ ਵਰਗੀ ਹੀ ਮੁਕਾਬਲੇਬਾਜ਼ੀ ਹੈ, ਪਰ ਉਹ ਸਾਡੀ ਜਾਨ ਦਾ ਖਉ ਨਹੀਂ ਬਣਦੀ, ਕਿਉਂਕਿ ਇਹ ਪਹਿਲਾਂ ਮਿਥੇ ਤੇ ਕਬੂਲੇ ਨੇਮਾਂ ਮੁਤਾਬਿਕ ਖੇਡੀ ਜਾਂਦੀ ਹੈ।

ਸਰਵਣ ਸਿੰਘ ਦੀ ਲਿਖਤ ਵਿਚ ਫਾਊਲ ਕੋਈ ਨਹੀਂ। ਇਕ ਤਰ੍ਹਾਂ ਇਹ ਖੇਡ ਤੋਂ ਵੀ ਵਧੀਕ ਸੋਹਣੀ ਹੈ। ਖੇਡ ਵਿਚ ਕਿਤੇ ਕਿਤੇ ਖਿਡਾਰੀ ਪਾਸੋਂ ਨਾ ਚਾਹੁੰਦਿਆਂ ਵੀ ਕੋਈ ਫਾਊਲ ਹੋ ਜਾਂਦਾ ਹੈ ਤੇ ਉਹਨੂੰ ਹਰਾ, ਪੀਲਾ ਜਾਂ ਲਾਲ ਗੱਤਾ ਵਿਖਾਇਆ ਜਾਂਦਾ ਹੈ। ਸਰਵਣ ਸਿੰਘ ਦੇ ਕਿਸੇ ਇਕ ਬੋਲ ਨੂੰ ਵੀ ਗੱਤਾ ਵਿਖਾਉਣ ਦੀ ਲੋੜ ਨਹੀਂ ਪੈਂਦੀ। ਲਿਖਤ ਦੇ ਮਾਮਲੇ ਵਿਚ ਮੈਂ ਆਪ ਬੜਾ ਘੁਣਤਰੀ ਹਾਂ, ਲਿਖਤ ਵਿਚ ਕੋਤਕ ਨੂੰ ਮਾਫ ਕਰਨਾ ਮੇਰੇ ਸੁਭਾਅ ਵਿਚ ਨਹੀਂ, ਪਰ ਸਰਵਣ ਸਿੰਘ ਨੇ ਜੋ ਪਰੋਸਾ ਸਾਡੇ ਲਈ ਸਜਾਇਆ ਹੈ, ਉਹ ਕੋਤਕਾਂ ਤੋਂ ਏਨਾ ਸਾਫ ਹੈ ਕਿ ਮੈਨੂੰ ਆਪਣੇ ਜ਼ਿੰਮੇ ਲੱਗਿਆ ਕੰਮ ਮੁੱਕਿਆ ਜਾਪਦਾ ਹੈ। ਲਿਖਤ ਦੇ ਮਾਮਲੇ ਵਿਚ ਉਹ ਜਿਮਨਾਸਟ ਨਾਦੀਆ ਕੋਮੇਂਸੀ ਹੈ। ਦਸ ਬਟਾ ਦਸ। ਕਿਤੇ ਕੋਈ ਨੰਬਰ ਕੱਟਣ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ ਉਹਨੇ।

ਜੇ ਤੁਸੀਂ ਉਹਨੂੰ ਅਜੇ ਤਕ ਨਹੀਂ ਪੜ੍ਹਿਆ ਤਾਂ ਇਕ ਵਾਰ ਜ਼ਰੂਰ ਪੜ੍ਹੋ। ਤੁਸੀਂ ਕਵਿਤਾ, ਕਹਾਣੀ ਦੇ ਗਿੱਝੇ ਹੋਏ ਉਹਦੀ ਲਿਖਤ ਵੱਲ ਧਿਆਨ ਦੇਵੋਗੇ ਤਾਂ ਤੁਹਾਨੂੰ ਆਪਣੇ ਮੂੰਹ ਦਾ ਸੁਆਦ ਬਦਲਿਆ ਬਦਲਿਆ ਜਾਪੇਗਾ। ਅੱਜ-ਕੱਲ੍ਹ ਦੀ ਕਵਿਤਾ-ਕਹਾਣੀ ਵਿਚ ਕੋਤਕ ਬਹੁਤੇ ਤੇ ਚਿੱਥਣ ਜੋਗਾ ਦਾਣਾ ਕੋਈ ਕੋਈ ਹੀ ਹੁੰਦਾ ਹੈ। ਅਜਿਹੀਆਂ ਲਿਖਤਾਂ ਨੂੰ ਮੂੰਹ ਮਾਰ ਕੇ ਭੁੱਖ ਨਹੀਂ ਮਿਟਦੀ ਤੇ ਜਾਪਦਾ ਹੈ ਅਸੀਂ ਦੋਸਤਾਂ ਦਾ ਬੂਹਾ ਖੜਕਾ ਕੇ ਵੈਰੀਆਂ ਦੇ ਹੀ ਘਰ ਪਹੁੰਚ ਗਏ ਹਾਂ। ਸਾਹਿਤ ਦਿਨੋ ਦਿਨ ਨਿੰਦਣਜੋਗ, ਭੰਡਣਜੋਗ ਤੇ ਖੰਡਣਜੋਗ ਚਤੁਰਾਈ ਨਾਲ ਏਨਾ ਘਿਰ ਗਿਆ ਹੈ, ਇਸ ਨੂੰ ਪਿਆਰਯੋਗ, ਸਤਿਕਾਰਯੋਗ ਤੇ ਸਵੀਕਾਰਯੋਗ ਵਰਗੇ ਸਹਿਜ ਗੁਣਾਂ ਨਾਲ ਜਿਵੇਂ ਵਾਕਫੀ ਹੀ ਨਹੀਂ ਰਹੀ।

ਦੁਨੀਆਂ ਦੇ ਕੋਝ ਤੋਂ ਉਕਤਾ ਕੇ ਅਸੀਂ ਸੁਹਜੀਲੇ ਸਾਹਿਤ ਵੱਲ ਰੁਚਿਤ ਹੁੰਦੇ ਹਾਂ। ਜੇ ਸਾਹਿਤ ਵਿਚਲੇ ਕੋਝ ਤੋਂ ਵੀ ਤੁਹਾਡਾ ਮਨ ਉਚਾਟ ਹੋ ਜਾਵੇ ਤਾਂ ਸਰਵਣ ਸਿੰਘ ਦੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ। ਤੁਹਾਨੂੰ ਪਤਾ ਲੱਗੇਗਾ ਕਿ ਨਿਰਭਉ ਤੇ ਨਿਰਵੈਰ ਅਕਾਲ ਪੁਰਖ ਅਜੇ ਜਿਉਂਦਾ ਹੈ। ਇਸ ਦੁਨੀਆਂ ਵਿਚ ਬਹੁਤ ਕੁਝ ਪਿਆਰ ਤੇ ਸਵੀਕਾਰ ਜੋਗਰਾ ਅਜੇ ਬਾਕੀ ਹੈ। ਸਾਨੂੰ ਕਿਸੇ ਸਾਹਿਤ-ਪਾਰਖੂ ਨੇ ਦੱਸਿਆ ਹੈ ਕਿ ਨਾਵਲ ਓਦੋਂ ਹੋਂਦ ਵਿਚ ਆਇਆ, ਜਦੋਂ ਰੱਬ ਦੁਨੀਆਂ ਤੋਂ ਰੁਖਸਤ ਹੋ ਚੁਕਾ ਸੀ। ਮੈਨੂੰ ਜਾਪਦਾ ਹੈ, ਸਰਵਣ ਸਿੰਘ ਓਸ ਰੁਖਸਤਸ਼ੁਦਾ ਰੱਬ ਨੂੰ ਮੁੜ ਦੁਨੀਆਂ ਵਿਚ ਮੋੜ ਲਿਆਇਆ ਹੈ। ਉਹਨੇ ਰੱਬੀ ਮਿਹਰ ਤੇ ਮਨੁੱਖੀ ਮਰਿਆਦਾ ਵਿਚ ਸਾਡੇ ਵਿਸ਼ਵਾਸ ਨੂੰ ਮੁੜ ਪੱਕਾ ਕਰ ਦਿੱਤਾ ਹੈ।

ਉਹਦੀ ਰਚਨਾ ਮਾਨਵਤਾ ਦਾ ਨਾਹਰਾ ਨਹੀਂ ਮਾਰਦੀ, ਪਰ ਮਾਨਵਤਾ ਦਾ ਇਕ ਹੁਸੀਨ ਪੱਖ ਉਜਾਗਰ ਕਰ ਕੇ ਸਾਨੂੰ ਉਹਦੇ ਨਾਲ ਜੋੜਦੀ ਹੈ। ਉਸ ਦੀ ਲਿਖਤ ਪੜ੍ਹਨ ਵੇਲੇ ਅਸੀਂ ਜ਼ੋਰਾਵਰਾਂ ਦੇ ਹਾਣੀ ਹੋਏ ਜਾਪਦੇ ਹਾਂ। ਉਹਦੇ ਬੋਲ ਸਾਡੇ ਆਲੇ-ਦੁਆਲੇ ਕੋਸੀ ਧੁੱਪ ਵਾਂਗ ਵਿਛ ਜਾਂਦੇ ਹਨ ਤੇ ਸਾਡੇ ਮਨ ਵਿਚ ਸੁਖਾਵਾਂ ਜਿਹਾ ਨਿੱਘ ਬਣ ਕੇ ਬੈਠ ਜਾਂਦੇ ਹਨ। ਉਹਦੀ ਲਿਖਤ ਪੰਜਾਬੀ ਦਾ ਪੱਖ ਪੂਰਨ ਲਈ ਡਾਂਗ ਨਹੀਂ ਫੜਦੀ, ਪੰਜਾਬੀ ਰੰਗਾਂ ਦਾ ਖਲਾਰਾ ਪਾ ਕੇ ਵੇਖਣ-ਪੜ੍ਹਨ ਵਾਲਿਆਂ ਦਾ ਮਨ ਮੋਹਦੀ ਹੈ। ਉਹ ਪਿੰਡ ਤੋਂ ਸ਼ਹਿਰ ਤਕ ਇਕਸਾਰ ਅਪਣੱਤ ਨਾਲ ਫੈਲਦੀ ਹੈ। ਉਹਨੂੰ ਪੁਰਾਣੇ ਠੇਠ ਤੇ ਨਵੇਂ ਨਫੀਸ ਨਾਲ ਇਕੋ ਜਿੰਨਾ ਮੋਹ ਹੈ।

ਸਰਵਣ ਸਿੰਘ ਦੀ ਲਿਖਤ ਖੇਡਾਂ ਸਬੰਧੀ ਨਿਰਜਿੰਦ, ਨਿਰਭਾਵ ਜਾਣਕਾਰੀ ਨਹੀਂ ਦਿੰਦੀ, ਉਨ੍ਹਾਂ ਦੇ ਅੰਗ-ਸੰਗ ਹੱਸਦੀ ਹੈ, ਰੋਂਦੀ ਹੈ, ਡਰਦੀ ਹੈ, ਬੇਹੋਸ਼ ਹੋਣ ਤਕ ਜਾਂਦੀ ਹੈ। ਜੇ ਤੁਸੀਂ ਕੁੜੀ-ਮੁੰਡੇ ਦੇ ਘਿਸੇ-ਪਿਟੇ ਇਸ਼ਕ-ਪੇਚੇ ਦੇ ਬਗੈਰ ਸਰੋਦੀ ਰਚਨਾ ਦਾ ਅਨੰਦ ਲੈਣਾ ਚਾਹੁੰਦੇ ਹੋ, ਕਹਾਣੀ-ਪਲਾਟ ਤੋਂ ਬਗੈਰ ਬਿਰਤਾਂਤ ਨੂੰ ਸੰਭਵ ਹੋਇਆ ਵੇਖਣਾ ਚਾਹੁੰਦੇ ਹੋ ਤਾਂ ਸਰਵਣ ਸਿੰਘ ਤੇ ਖੇਡ ਸੰਸਾਰ ਵਿਚ ਪ੍ਰਵੇਸ਼ ਕਰੋ।

ਸ਼ਾਇਦ ਤੁਹਾਨੂੰ ਜਾਪੇਗਾ ਮੈਂ ਭਾਵਕ ਹੋ ਰਿਹਾਂ। ਜਾਪਦਾ ਮੈਨੂੰ ਵੀ ਹੈ। ਇਸੇ ਲਈ ਮੈਂ ਆਪਣੇ ਲਿਖੇ ਨੂੰ ਦੁਬਾਰਾ ਪੜ੍ਹ ਗਿਆ, ਪਰ ਲਿਖੇ ਹੋਏ ਵਿਚੋਂ ਕੁਝ ਵੀ ਕੱਟਣ ਦਾ ਹੀਆ ਨਹੀਂ ਪਿਆ। ਮੈਨੂੰ ਖੇਡਾਂ ਵਿਚ ਖਾਸ ਦਿਲਚਸਪੀ ਨਹੀਂ, ਪਰ ਖੇਡਾਂ ਵਿਖਾਉਂਦੇ ਸਰਵਣ ਸਿੰਘ ਨੇ ਪੰਜਾਬੀ ਬੋਲੀ ਦੇ ਸੁਹੱਪਣ ਤੇ ਸਮਰੱਥਾ ਦਾ ਸੁਖਾਵਾਂ ਨਜ਼ਾਰਾ ਵੀ ਤਾਂ ਪੇਸ਼ ਕੀਤਾ ਹੈ। ਮੈਂ ਬੋਲੀ ਦੇ ਚਸਕੇ ਦਾ ਮਾਰਿਆ ਉਹਦੀਆਂ ਅੱਖਾਂ ਥਾਣੀਂ ਖੇਡਾਂ, ਖਿਡਾਰੀਆਂ, ਖੇਡ-ਵਿਦਿਆ ਤੇ ਖੇਡ-ਵਿਗਿਆਨ ਨਾਲ ਵਾਕਫੀ ਪਾ ਗਿਆ। ਤੁਸੀਂ ਪੁੱਛੋਗੇ: ਕੀ ਸਰਵਣ ਸਿੰਘ ਏਡਾ ਹੀ ਸਮਰੱਥਾਵਾਨ ਲਿਖਾਰੀ ਹੈ, ਜਿੱਡਾ ਮੈਂ ਉਹਨੂੰ ਦੱਸ ਰਿਹਾ ਹਾਂ? ਮੈਂ ਵੀ ਇਸ ਕਿਤਾਬ ਨੂੰ ਪੜ੍ਹਦੇ ਪੜ੍ਹਦੇ ਰੁਕ ਜਾਂਦਾ ਰਿਹਾ ਹਾਂ ਤੇ ਗੈਰ-ਹਾਜ਼ਰ ਸਰਵਣ ਸਿੰਘ ਨੂੰ ਸਵਾਲ ਕਰਦਾ ਰਿਹਾਂ ਹਾਂ: ਕੀ ਤੇਰੀਆਂ ਖੇਡਾਂ ਤੇ ਖਿਡਾਰੀ ਏਨੇ ਹੀ ਸੋਹਣੇ ਹਨ? ਫੇਰ ਜਵਾਬ ਵਜੋਂ ਆਪ ਹੀ ਸੌਦਾ ਦੀ ਗਜ਼ਲ ਦਾ ਇਕ ਸ਼ੇਅਰ ਆਪਣੇ ਆਪ ਨੂੰ ਸੁਣਾਉਂਦਾ ਰਿਹਾ ਹਾਂ,

ਸੌਦਾ ਜੋ ਤਿਰਾ ਹਾਲ ਹੈ ਇਤਨਾ ਤੋ ਨਹੀਂ ਵੋਹ
ਕਿਆ ਜਾਨੀਏ ਤੂਨੇ ਉਸੇ ਕਿਸ ਆਨ ਮੇ ਦੇਖਾ।

ਕਿਸੇ ਆਨ ਵਿਚ ਵੇਖਣਾ ਅਤੇ ਵਿਖਾਉਣਾ ਹੀ ਤਾਂ ਕਲਾਕਾਰੀ ਹੈ।

# ਡਾ. ਹਰਿਭਜਨ ਦੀ ਕੈਨੇਡਾ ਫੇਰੀ

(ਪਿਛਲੇ ਸਫੇ ਦੀ ਬਾਕੀ)

ਦੇ ਘੁਣ ਨੇ ਖੋਖਲਾ ਕਰ ਦਿੱਤਾ ਸੀ। ਯਕੀਨ ਨਹੀਂ ਆਉਂਦਾ ਸੀ ਕਿ ਭਰਵੇਂ ਜੁੱਸੇ ਅਤੇ ਭਖਦੇ ਚਿਹਰੇ ਵਾਲ ਪੰਜਾਬੀ ਦਾ ਸਿਰਮੌਰ ਕਵੀ ਹਰਿਭਜਨ ਸਿੰਘ ਹੀ ਹੈ! ਘਰ ਦੇ ਖੂੰਜੇ ਵਿਚ ਡਾਹੇ ਹੋਏ ਮੰਜੇ 'ਤੇ ਪਿਆ ਉਹ ਹੱਡੀਆਂ ਦੀ ਮੁੱਠ ਲੱਗਦਾ ਸੀ। ਜਾਂਦਿਆਂ ਸਾਰ ਮੈਂ ਮੰਜੇ ਦੀ ਪੁਆਂਦੀ ਬਹਿੰਦਿਆਂ ਕਿਹਾ, "ਗੁਰਦੇਵ ਉਠੋ, ਤੁਹਾਡਾ ਸ਼ਿਸ਼ ਮਿਲਣ ਆਇਆ ਹੈ।" ਉਸ ਨੇ ਉਠਣ ਦੀ ਕੋਸ਼ਿਸ਼ ਕੀਤੀ ਪਰ ਉਠ ਨਾ ਸਕਿਆ। ਮੈਂ ਥੋੜ੍ਹਾ ਸਹਾਰਾ ਦਿੱਤਾ ਤਾਂ ਮੰਜੇ ਤੋਂ ਹੇਠਾਂ ਲੱਤਾਂ ਲਮਕਾ ਕੇ ਬੈਠ ਗਿਆ। ਐਨਕਾਂ ਲਾਈਆਂ, ਤੇ ਮੇਰੇ ਵਲ ਦੇਖ ਕੇ ਕਹਿਣ ਲੱਗਾ:

"ਕਦ ਆਇਆਂ?"

"ਤਿੰਨ ਕੁ ਹਫਤੇ ਹੋ ਗਏ, ਪੰਜਾਬੀ ਯੂਨੀਵਰਸਿਟੀ ਦੀ ਕਾਨਫਰੰਸ ਲਈ ਆਇਆ ਸੀ। ਤੇਰੀ ਸਿਹਤ ਕਿਦਾਂ?" ਮੈਂ ਰਤਾ ਕੁ ਲਾਗੇ ਹੋ ਕੇ ਪੁੱਛਿਆ।

"ਬੱਸ ਜੂਨ ਕੱਟ ਰਿਹਾਂ, ਤੂੰ ਸੁਣਾ ਹੁਣ ਕਿੱਥੇ ਹੁੰਦਾਂ?"

"ਅਮਰੀਕਾ ਵਿਚ ਕੈਲੀਫੋਰਨੀਆ ਦੀ ਇਕ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਾਂ।"

"ਕੈਨੇਡਾ ਤੋਂ ਅਮਰੀਕਾ ਕਦੋਂ ਗਿਆ?"

"1980 ਵਿਚ, ਤੇਰੇ ਕੈਨੇਡਾ ਆਉਣ ਤੋਂ ਤਿੰਨ ਕੁ ਸਾਲ ਬਾਅਦ।"

"ਬਈ ਗੁਰਮੇਲ, ਕੈਨੇਡਾ ਵਿਚ ਤੇਰੇ ਪਾਸ ਤੀਆਂ ਵਰਗੇ ਦਿਨ ਕੱਟੇ ਸਨ।"

"ਤੁਹਾਨੂੰ ਯਾਦ ਹੈ ਆਪਾਂ ਕਿੱਥੇ-ਕਿੱਥੇ ਗਏ ਸੀ?" ਮੈਂ ਪੁੱਛਿਆ।

"ਹਾਂ, ਮੈਨੂੰ ਵੈਨਕੂਵਰ ਦੀ ਫੁੱਲਾਂ ਵਾਲੀ ਪਾਰਕ, ਕੱਕੇ ਰੇਤੇ ਦੀ ਬੀਚ...।"

"ਅਮਰੀਕਾ ਦਾ ਗੇੜਾ ਵੀ ਯਾਦ ਹੈ?" ਮੈਂ ਵਿਚੋਂ ਟੋਕਦਿਆਂ ਪੁੱਛਿਆ।

"ਹਾਂ ਹਾਂ, ਉਹ ਕਿਵੇਂ ਭੁੱਲ ਸਕਦਾ। ਆਪਾਂ ਲੁੱਚੀ ਫਿਲਮ ਦੇਖੀ ਸੀ। ਉਹ ਤਾਂ ਬਈ ਸਿਰਾ ਹੀ ਸੀ। ਦਿਮਾਗ ਦੇ ਕਬਾੜ ਖੁੱਲ੍ਹ ਗਏ ਸਨ।"

ਤੁਰਨ ਲੱਗਿਆਂ ਮੈਂ ਪੁੱਛਿਆ, "ਪਿਛਲੇ ਸਾਲਾਂ ਵਿਚ ਤੇਰਾ ਹੋਰ ਕੀ-ਕੀ ਛਪਿਆ ਹੈ? ਤੇਰੀ ਪੁਸਤਕ 'ਮੇਰੀ ਕਾਵਿ-ਯਾਤਰਾ' ਮੈਂ ਪੜ੍ਹ ਚੁਕਿਆ ਹਾਂ।" ਹਰਿਭਜਨ ਨੇ ਆਪਣੀ ਬੀਵੀ ਨੂੰ ਕਿਹਾ, ਨਵੀਆਂ ਛਪੀਆਂ ਪੁਸਤਕਾਂ ਲਿਆ। ਉਹ ਇਕ ਪੁਸਤਕ 'ਚੌਥੇ ਦੀ ਉਡੀਕ' ਲੈ ਆਈ ਜਿਸ ਦੇ ਅੰਦਰਲੇ ਵਰਕੇ 'ਤੇ 'ਪ੍ਰੋਫੈਸਰ, ਕਵੀ ਤੇ ਦੋਸਤ ਗੁਰੂਮੇਲ ਲਈ' ਲਿਖ ਕੇ ਉਸ ਨੇ ਮੈਨੂੰ ਭੇਟ ਕਰ ਦਿੱਤੀ। ਬੀਵੀ ਨੂੰ ਫੇਰ ਕਿਹਾ, "'ਰੁੱਖ ਤੇ ਰਿਸ਼ੀ' ਅਤੇ 'ਚੋਲਾ ਟਾਕੀਆਂ ਵਾਲਾ' ਵੀ ਲਿਆ। ਉਹ ਜੱਕੋਤੱਕੇ ਵਿਚ ਉਠੀ ਅਤੇ ਦੋਵੇਂ ਪੁਸਤਕਾਂ ਲੈ ਆਈ। 'ਰੁੱਖ ਤੇ ਰਿਸ਼ੀ' ਦੇ ਅੰਦਰਲੇ ਸਫੇ 'ਤੇ 'ਕਵੀ ਗੁਰੂਮੇਲ ਲਈ' ਅਤੇ 'ਚੋਲਾ ਟਾਕੀਆਂ ਵਾਲਾ' 'ਤੇ 'ਕਵੀ ਦੋਸਤ ਗੁਰੂਮੇਲ ਲਈ' ਲਿਖ ਕੇ ਦੋਵੇਂ ਪੁਸਤਕਾਂ ਮੈਨੂੰ ਫੜਾ ਦਿੱਤੀਆਂ। ਮੈਂ ਸ਼ੁਕਰੀਆ ਕੀਤਾ ਅਤੇ ਪਾਕਿਸਤਾਨ ਵਿਚ ਨਵੀਂ ਛਪੀ ਆਪਣੀ ਪੁਸਤਕ 'ਕੁਹਰਾਮ' ਦੇ ਅੰਦਰਲੇ ਵਰਕੇ 'ਤੇ 'ਸਤਿਕਾਰ ਸਹਿਤ ਗੁਰਦੇਵ ਲਈ' ਲਿਖ ਭੇਟ ਕਰ ਦਿੱਤੀ। ਹਰਿਭਜਨ ਦੇ ਘਰ ਮੈਨੂੰ ਅਮਰਜੀਤ 'ਅਕਸ' ਲੈ ਕੇ ਗਿਆ ਸੀ। ਉਸ ਨੇ ਹਰਿਭਜਨ ਨੂੰ ਪੁੱਛਿਆ ਕਿ 'ਅਕਸ' ਲਈ ਐਤਕੀਂ ਵਾਲਾ ਕਾਲਮ ਲਿਖ ਦਿੱਤਾ ਹੈ? ਹਰਿਭਜਨ ਨੇ ਕਿਹਾ, "ਕੱਲ੍ਹ ਲੈ ਜਾਈਂ, ਮੈਨੂੰ ਕਾਲਮ ਦਾ ਮਸਾਲਾ ਮਿਲ ਗਿਆ ਹੈ, ਐਤਕੀਂ ਗੁਰੂਮੇਲ ਦੀ ਪੁਸਤਕ 'ਕੁਹਰਾਮ' ਬਾਰੇ ਲਿਖਾਂਗਾ। ਅਮਰੀਕਾ ਆ ਕੇ 'ਅਕਸ' ਵਿਚ ਕਾਲਮ ਪੜ੍ਹਿਆ ਜਿਸ ਵਿਚ ਮੇਰੀ ਤੇ ਮੇਰੀ ਕਵਿਤਾ ਦੀ ਉਮੀਦੋਂ ਵੱਧ ਸਿਫਤ ਕੀਤੀ ਹੋਈ ਸੀ। ਇਹ ਕਾਲਮ ਸਾਡੀ ਦੋਸਤੀ ਦਾ ਅਖੀਰਲਾ ਮੁਖਬੰਦ ਸੀ।

ਡਾ. ਹਰਿਭਜਨ ਸਿੰਘ ਨੂੰ ਭਾਰਤ ਦੇ ਉਚੇ ਤੋਂ ਉਚੇ ਇਨਾਮਾਂ-ਸਨਮਾਨਾਂ ਨਾਲ ਸਤਿਕਾਰਿਆ ਗਿਆ ਜਿਨ੍ਹਾਂ ਵਿਚ ਭਾਰਤੀ ਸਾਹਿਤ ਅਕਾਡਮੀ ਅਵਾਰਡ (1970), ਕਬੀਰ ਸਨਮਾਨ (1987), ਸਰਸਵਤੀ ਸਨਮਾਨ (1994), ਸੋਵੀਅਤ ਲੈਂਡ ਨਹਿਰੂ ਅਵਾਰਡ, ਧਾਲੀਵਾਲ ਸਨਮਾਨ ਆਦਿ ਸ਼ਾਮਿਲ ਹਨ। ਜਿਨ੍ਹਾਂ ਬੁਲੰਦੀਆਂ ਤੇ ਹਰਿਭਜਨ ਨੇ ਪੰਜਾਬੀ ਸਾਹਿਤ ਨੂੰ ਪਹੁੰਚਾਇਆ, ਇਤਿਹਾਸ ਉਸ ਦਾ ਹਮੇਸ਼ਾ ਰਿਣੀ ਰਹੇਗਾ। ਹਰਿਭਜਨ ਅਕਤੂਬਰ 21, 2002 ਨੂੰ ਸਦਾ ਲਈ ਅਲਵਿਦਾ ਆਖ ਕੇ ਇਸ ਫਾਨੀ ਦੁਨੀਆ 'ਚੋਂ ਰੁਖਸਤ ਹੋ ਗਿਆ। ਪੰਜਾਬੀ ਸਾਹਿਤ ਦਾ ਵਗਦਾ ਦਰਿਆ, ਗਿਆਨ ਸਾਗਰ ਵਿਚ ਜਾ ਰਲਿਆ।

**ਡਾ. ਹਰਿਭਜਨ ਸਿੰਘ ਮੈਮੋਰੀਅਲ ਲੈਕਚਰ:** ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਲੋਂ ਹਰ ਸਾਲ ਡਾ. ਹਰਿਭਜਨ ਸਿੰਘ ਮੈਮੋਰੀਅਲ ਲੈਕਚਰ ਕਰਾਏ ਜਾਂਦੇ ਹਨ। 9 ਮਾਰਚ, 2010 ਨੂੰ ਇਹ ਲੈਕਚਰ ਦੇਣ ਲਈ ਮੈਨੂੰ ਸੱਦਿਆ ਗਿਆ ਸੀ ਜਿਸ ਬਾਰੇ ਦਿੱਲੀ ਯੂਨੀਵਰਸਿਟੀ ਦੇ ਸਾਲਾਨਾ ਗਜ਼ਟ ਵਿਚ ਇਸ ਪ੍ਰਕਾਰ ਲਿਖਿਆ ਹੈ: Organized Prof. Harbhajan Singh Memorial Lecture on 'Genetics, Culture and Poetry', 9 March 2010; Prof. Gurumel Singh Sidhu of California State University, Fresno, USA, delivered this lecture. Hon'ble Vice-Chancellor, Delhi University, was the Chief Guest and Dr. Jaswinder Singh presided over the function.

## ਰਾਜਸਥਾਨੀ ਲੋਕ ਕਹਾਣੀਆਂ-9




ਵਿਜੇਦਾਨ ਦੇਥਾ
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਲਾਜਵੰਤੀ



***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਲਾਜਵੰਤੀ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਸਮੇਂ ਦੀ ਢਲਾਣ ਉਤੇ, ਕੁਦਰਤ ਦੀ ਗੋਦੀ ਵਿਚ ਇੱਕ ਪਿੰਡ ਵਸਿਆ ਹੋਇਆ ਸੀ। ਜਿਹੋ ਜਿਹੇ ਹੁੰਦੇ ਨੇ, ਉਸੇ ਸਾਂਚੇ ਵਿਚ ਇਹ ਪਿੰਡ ਢਲਿਆ ਹੋਇਆ। ਉਵੇਂ ਨਵੀਆਂ ਪੁਰਾਣੀਆਂ ਝੌਂਪੜੀਆਂ। ਉਵੇਂ ਗਾਰੇ ਗੋਹੇ ਨਾਲ ਲਿੱਪੀਆਂ ਕੰਧਾਂ। ਉਹੀ ਉਖੜੇ ਹੋਏ ਲਿਉੜ। ਘਰ ਘਰ ਮਿੱਟੀ ਦੇ ਚੁੱਲ੍ਹੇ। ਉਹੀ ਫਿਰੋਜ਼ੀ ਧੂੰਆਂ। ਮਰਦਾਂ ਦੇ ਸਿਰਾਂ ਉਪਰ ਉਹੀ ਬਾਂਕੇ ਸਾਫੇ। ਉਹੀ ਤਾਰਾਂ ਨਾਲ ਮੜ੍ਹੀਆਂ ਲਾਠੀਆਂ। ਜਾਤ ਮੁਤਾਬਕ ਔਰਤਾਂ ਦੇ ਅੱਡੋ-ਅੱਡ ਤਰ੍ਹਾਂ ਦੇ ਲਹਿੰਗੇ। ਉਹੀ ਛਾਤੀ ਤੱਕ ਘੁੰਡ। ਉਹੀ ਭੇਡਾਂ ਦੀ ਮੈਂ ਮੈਂ, ਉਹੀ ਖੁਰਾਂ ਨਾਲ ਉਡਦੀ ਧੂੜ। ਉਹੀ ਮੇਰੀ ਤੇਰੀ ਜਾਭਾਂ ਦਾ ਭੇੜ। ਉਹੀ ਆਪੋ ਆਪਣੇ ਝਮੇਲੇ। ਉਹੀ ਸੰਗਲ, ਉਹੀ ਪਹੇ, ਉਹੀ ਕਿੱਲੇ। ਉਹੀ ਥਾਵਾਂ, ਉਹੀ ਘਾਹ ਫੂਸ, ਉਹੀ ਗੋਹਾ ਕੂੜਾ। ਉਹੀ ਖੂਹ, ਉਹੀ ਪਾਣੀ। ਉਹੀ ਠਾਕਰ, ਉਹੀ ਠਕੁਰਾਣੀਆਂ।

ਆਪਣੀ ਮਰਿਆਦਾ ਮੁਤਾਬਕ ਇਹ ਪਿੰਡ ਕਾਫੀ ਉਪਰ ਉਚੇ ਟਿੱਬੇ 'ਤੇ ਵਸਿਆ ਹੋਇਆ ਸੀ। ਡੇਢ ਕੁ ਕੋਹ ਦੂਰ ਤਲਾਬ ਸੀ ਜਿਸ ਵਿਚ ਪਾਣੀ ਦੀਵਾਲੀ ਤੱਕ ਹੀ ਰਹਿੰਦਾ। ਤਲਾਬ ਸੁੱਕਦਾ, ਖੂਹ 'ਤੇ ਰੌਣਕ ਲੱਗਦੀ। ਫਿਰ ਉਹੀ ਘੜੇ, ਉਹੀ ਡੋਲੂ, ਉਹੀ ਲੱਜਾਂ, ਉਹੀ ਗਾਗਰਾਂ। ਉਹੀ ਪਾਣੀ ਢੋਣ ਵਾਲੀਆਂ ਨਾਰਾਂ, ਉਹੀ ਉਨ੍ਹਾਂ ਦੀਆਂ ਤੋਰਾਂ। ਛਣਨ ਛਣਨ ਝਾਂਜਰਾਂ ਦੀ ਆਵਾਜ਼ ਨਾਲ ਰਸਤਾ ਕੁਝ ਉਚਾ ਉਠ ਜਾਂਦਾ। ਗੀਤ ਗਾਉਂਦੀਆਂ ਇਨ੍ਹਾਂ ਟੋਲੀਆਂ ਦੇ ਆਸ ਪਾਸ ਹਵਾ ਤਰਸਦੀ, ਡੋਲਦੀ ਵਗਦੀ। ਸੂਰਜ ਦੀਆਂ ਕਿਰਨਾਂ ਉਨ੍ਹਾਂ ਦੇ ਰੂਪ ਜੋਬਨ ਨੂੰ ਛੂਹਦੀਆਂ। ਪੇੜ ਪੌਦੇ ਝੁਕ ਝੁਕ ਕੇ ਸਲਾਮ ਕਰਿਆ ਕਰਦੇ।

ਬਸਤੀਓਂ ਬਾਹਰ ਨਿਕਲਣ ਸਾਰ ਪਾਣੀ ਭਰਨ ਜਾਂਦੀਆਂ ਕੁੜੀਆਂ ਔਰਤਾਂ ਦੇ ਜਿਵੇਂ ਖੰਭ ਨਿਕਲ ਆਉਂਦੇ! ਜੀਭ ਨੂੰ ਖੰਭ, ਦਿਲ ਨੂੰ ਖੰਭ ਮਿਲ ਜਾਂਦੇ ਪਰ ਇੱਕ ਗੁਜਰੀ ਤਾਂ ਬਸ ਜਿਵੇਂ ਸ਼ਰਮ ਦੀ ਪੁਤਲੀ ਹੋਵੇ। ਸੁੰਨਸਾਨ ਜੰਗਲ ਵਿਚ ਸਹੇਲੀਆਂ ਨਾਲ ਜਾਂਦੀ ਹੋਈ ਵੀ ਮਜਾਲ ਐ ਘੁੰਡ ਪਰ੍ਹੇ ਸਰਕਾ ਲਏ। ਨਾ ਮਜ਼ਾਕ, ਨਾ ਚੁਹਲਬਾਜ਼ੀ, ਨਾ ਕੋਈ ਮੋੜਵਾਂ ਜਵਾਬ ਦਿੰਦੀ। ਵੀਹ ਵਾਰ ਬੁਲਾਉ, ਮਸਾਂ ਇੱਕ ਵਾਰ ਜਵਾਬ। ਗੁਲਾਬੀ ਬਾਹਾਂ ਤੇ ਪੀਲੀ ਚੁੰਨੀ। ਜਿਵੇਂ ਇੰਦਰ ਧਨੁਖ ਦੇ ਦੋ ਰੰਗਾਂ ਨੇ ਅਸਮਾਨ ਛੱਡ ਕੇ ਉਸ ਦੇ ਸਰੀਰ ਉਪਰ ਸ਼ਰਨ ਲੈ ਲਈ ਹੋਏ। ਰੰਗ ਬਰੰਗੇ ਈਨੂ ਉਪਰ ਪਿੱਤਲ ਦੀ ਲਿਸ਼ਕਦੀ ਗਾਗਰ ਤੇ ਦਮਕਦਾ ਕਲਸ਼। ਠਠੇਰੇ ਨੂੰ ਕਿਤੋਂ ਚੰਦ ਦਾ ਟੁਕੜਾ ਹੱਥ ਲੱਗ ਗਿਆ ਹੋਵੇ ਜਿਵੇਂ। ਸਹੇਲੀਆਂ ਹਰ ਕਿਸਮ ਦੇ ਮਜ਼ਾਕ ਕਰ ਕਰ ਥੱਕ ਗਈਆਂ ਪਰ ਜੇ ਉਸ ਦੀ ਗਾਗਰ ਛਲਕੇ ਤਾਂ ਉਹ ਛਲਕੇ। ਘੁੰਡ ਅੰਦਰ ਨਿਮ੍ਹੀ ਨਿਮ੍ਹੀ ਮੁਸਕਾਉਂਦੀ ਰਹਿੰਦੀ।

ਇੱਕ ਵਾਰ ਇੱਕ ਸਹੇਲੀ ਦਾ ਗੁੱਸਾ ਤਾਂ ਆਖਰ ਨੱਕ ਤੱਕ ਆ ਗਿਆ, ਉਹਨੇ ਤਾਹਨਾ ਮਾਰਿਆ- ਜੇ ਘੁੰਡ ਹੀ ਸੁਘੜ ਹੋਣ ਦੀ ਨਿਸ਼ਾਨੀ ਹੈ, ਫੇਰ ਅਸੀਂ ਬਾਕੀ ਸਾਰੀਆਂ ਬੇਸ਼ਰਮ ਹੋਈਆਂ?

ਮਿਹਣੇ ਦੀ ਇਸ ਮਾਰ ਨਾਲ ਵੀ ਉਸ ਦੇ ਹੋਠ ਨਹੀਂ ਖੁੱਲ੍ਹੇ। ਇੱਕ ਵਾਰ ਤਾਹਨੇ ਮਾਰਨ ਵਾਲੀ ਵੱਲ ਮੂੰਹ ਕਰ ਕੇ ਰਤਾ ਕੁ ਉਧਰ ਦੇਖਿਆ ਜ਼ਰੂਰ, ਫਿਰ ਸਿੱਧੇ ਰਸਤੇ ਤੁਰ ਪਈ। ਨਾਲ-ਨਾਲ ਚਲਦੀ ਦੂਜੀ ਬੋਲੀ- ਚੰਗਾ ਹੈ ਤੂੰ ਘੁੰਡ ਨਾ ਈਂ ਚੁੱਕੇਂ। ਮਰ ਜਾਣਾ ਸੂਰਜ ਤੇਰੀ ਮਿੱਠੀ ਲੈਣ ਵਾਸਤੇ ਟੁੱਟ ਕੇ ਹੇਠ ਨਾ ਡਿੱਗ ਪਵੇ ਕਿਤੇ, ਸਾਰੀ ਦਨੀਆ ਵਿਚ ਨ੍ਹੇਰ ਪੈ ਜਾਏਗਾ ਹਮੇਸ਼ ਹਮੇਸ਼!

ਨਾਲ-ਨਾਲ ਚਲਦੀ ਇੱਕ ਸਹੇਲੀ ਹਲਕਾ ਜਿਹਾ ਧੱਕਾ ਮਾਰ ਕੇ ਕਹਿੰਦੀ- ਜੇ ਕਿਸੇ ਨਰ ਪੰਛੀ ਨੇ ਗੱਲ੍ਹ ਤੇ ਚੁੰਜ ਮਾਰ ਦਿੱਤੀ ਫੇਰ?

ਦੂਜੀ ਬੋਲੀ- ਮਰਦਾਂ ਨਾਲੋਂ ਇਹਨੂੰ ਤੀਵੀਆਂ ਤੋਂ ਡਰ ਵੱਧ ਲਗਦੈ। ਨਿਕੀ ਹੁੰਦੀ ਨੂੰ ਕੋਈ ਤਕੜੀ ਸੱਟ ਲੱਗੀ ਲਗਦੀ ਹੈ...।

ਇੱਕ ਹੋਰ ਬੋਲੀ- ਕੋਈ ਦਸਦਾ ਸੀ ਜਦੋਂ ਇਹ ਜੰਮੀ, ਉਦੋਂ ਧੁਨੀ ਤੱਕ ਇਹਨੇ ਘੁੰਡ ਖਿੱਚਿਆ ਹੋਇਆ ਸੀ। ਸੋਲਾਂ ਸ਼ਿੰਗਾਰ ਕਰ ਕੇ ਜੰਮੀ ਸੀ।

ਵੱਡੀ ਉਮਰ ਦੀ ਇੱਕ ਜਣੀ ਬੋਲੀ- ਲਉ ਮੈਂ ਇਹਦੇ ਹੱਥ ਫੜ ਲੈਨੀ ਆਂ, ਤੁਸੀਂ ਘੁੰਡ ਚੁੱਕਣ ਦੀ ਹਿੰਮਤ ਕਰ ਕੇ ਅੱਖਾਂ ਦੀ ਪਿਆਸ ਬੁਝਾਉ।

-ਜੇ ਇਹ ਭੈਂਗੀ ਹੋਈ ਤਾਂ?

-ਜੇ ਚਿਹਰੇ ਉਪਰ ਮਾਤਾ ਦੇ ਦਾਗ ਹੋਏ ਫੇਰ?

-ਜੇ ਖੰਡਾ ਬੁੱਲ੍ਹ ਹੋਇਆ ਫੇਰ?

-ਜੇ ਦੰਦ...।

ਅਗਲੇ ਬੋਲ ਅਜੇ ਪੂਰੇ ਹੋਣੇ ਸਨ ਕਿ ਘੁੰਡ ਚੁੱਕਣ ਸਾਰ ਚਿਹਰੇ 'ਤੇ ਨਿਗ੍ਹਾ ਪੈ ਗਈ, ਜੀਭ ਦੰਦਾਂ ਹੇਠ ਆ ਕੇ ਟੁੱਕੀ ਗਈ। ਇਹੋ ਜਿਹਾ ਰੂਪ ਨਾ ਸੁਣਿਆ ਨਾ ਦੇਖਿਆ। ਇਹ ਰੂਪ ਢਕਿਆ ਹੀ ਠੀਕ। ਇੱਕ ਵਾਰ ਤਾਂ ਸਾਰੀਆਂ ਦੇ ਮੂੰਹ ਉਤਰ ਗਏ। ਸੂਰਜ ਚੜ੍ਹਨ ਪਿੱਛੋਂ ਚੰਦ ਦੀ ਕੀ ਔਕਾਤ! ਲੱਖ ਭਲਾ ਹੋਵੇ ਵਿਚਾਰੀ ਦਾ ਜਿਸ ਨੇ ਮੂੰਹ ਢਕ ਕੇ ਤਮਾਮ ਔਰਤਾਂ ਦੀ ਇੱਜ਼ਤ ਰੱਖ ਲਈ। ਜਿਨ੍ਹਾਂ ਦੇ ਸੱਤ-ਸੱਤ ਜ਼ਨਾਨੀਆਂ ਹਨ, ਉਹ ਵੀ ਇਸ ਦਾ ਮੂੰਹ ਦੇਖ ਕੇ ਭੱਜੇ ਆਉਂਦੇ। ਇਹੋ ਜਿਹਾ ਰੂਪ ਤਾਂ ਸੱਤ ਜੰਦਰਿਆਂ ਅੰਦਰ ਬੰਦ ਹੀ ਠੀਕ।

ਇਹ ਬੋਲ ਸੁਣਨ ਸਾਰ ਜਿਸ ਸਹੇਲੀ ਨੇ ਘੁੰਡ ਚੁੱਕਿਆ ਸੀ, ਫੌਰਨ ਹੇਠ ਸਰਕਾ ਦਿੱਤਾ, ਚੰਦ ਅੱਗੇ ਜਿਵੇਂ ਬੱਦਲੀ ਆ ਗਈ ਹੋਵੇ। ਡੂੰਘਾ ਸਾਹ ਲੈ ਕੇ ਬੋਲੀ- ਦਿਨ ਵਿਚ ਐਨਾ ਚਮਕਦੈ, ਰਾਮ ਜਾਣੇ ਰਾਤ ਨੂੰ ਕਿੰਨੀ ਅੱਗ ਲਾਉਂਦਾ ਹੋਵੇ।

-ਰਾਮ ਤੋਂ ਵੱਧ ਇਹ ਖੁਦ ਜਾਣਦੀ ਐ।

ਸਾਰੀਆਂ ਜਣੀਆਂ ਦੇ ਪੈਰ ਜਿਵੇਂ ਜ਼ਮੀਨ ਵਿਚ ਗੱਡੇ ਗਏ ਹੋਣ। ਜਿਸ ਅਧਖੜ ਔਰਤ ਨੇ ਹੱਥ ਫੜੇ ਸਨ, ਰੁਕ ਰੁਕ ਕੇ ਬੋਲੀ- ਰਸ ਦੇ ਲੋਭੀ ਭੌਰੇ ਇਹੋ ਜਿਹਾ ਰੂਪ ਦੇਖ ਕੇ ਸੁਫਨੇ ਵਿਚ ਵੀ ਹੋਰ ਫੁੱਲਾਂ ਉਪਰ ਚੱਕਰ ਨਹੀਂ ਕਟਦੇ।

ਇੱਕ ਕਹਿੰਦੀ- ਮੈਨੂੰ ਤਾਂ ਮਰਦ ਜਾਤ ਉਪਰ ਮਰ ਕੇ ਵੀ ਇਤਬਾਰ ਨਹੀਂ ਆਵੇਗਾ। ਮਿਸਰੀ ਛੱਡ ਕੇ ਇਹ ਅਫੀਮ ਖਾਂਦੇ ਫਿਰਦੇ ਨੇ, ਅਫੀਮ ਵੱਧ ਮਿੱਠੀ ਲੱਗਦੀ ਐ ਇਨ੍ਹਾਂ ਨੂੰ ਮਿਸਰੀ ਤੋਂ।

-ਲਗਦੀ ਹੋਵੇਗੀ ਅਫੀਮ ਮਿੱਠੀ, ਇੱਕ ਗੱਲ ਤਾਂ ਸੋਚੀ ਹੀ ਨਹੀਂ ਆਪਾਂ। ਜੇ ਸਾਰੇ ਭੌਰੇ ਦੂਜੇ ਫੁੱਲਾਂ ਨੂੰ ਛੱਡ ਕੇ ਇੱਕੋ ਫੁੱਲ 'ਤੇ ਮੰਡਰਾਉਣ ਲੱਗਣ, ਫੇਰ ਆਪਣੀ ਕਿੰਨੀ ਦੁਰਗਤ ਹੋਵੇ!

ਇੱਕ ਹੋਰ ਹੱਸ ਕੇ ਕਹਿਣ ਲੱਗੀ- ਆਪਣੀ ਗੱਲ ਛੱਡੋ, ਉਸ ਫੁੱਲ ਦੀ ਵੀ ਤਾਂ ਕਿੰਨੀ ਦੁਰਗਤ ਹੋਵੇ।

ਉਨ੍ਹਾਂ ਦੀ ਨਿਗ੍ਹਾ, ਸਾਹਮਣਿਓਂ ਆਉਂਦੇ ਮਰਦ ਉਪਰ ਪਈ। ਪਰ ਉਹ ਤਾਂ ਆਪਣੀ ਹੀ ਧੁਨ ਵਿਚ ਮਸਤ ਸੀ। ਉਸ ਦੇ ਦੋਵਾਂ ਹੱਥਾਂ ਵਿਚ ਦੋ ਸਫੈਦ ਕਬੂਤਰ ਸਨ। ਇੱਕ ਵਾਰ ਉਸ ਨੇ ਵੀ ਨਜ਼ਰ ਉਧਰ ਕੀਤੀ ਤਾਂ ਦੇਖਿਆ ਕੁਝ ਔਰਤਾਂ ਤੇ ਕੁੜੀਆਂ ਆ ਰਹੀਆਂ ਸਨ। ਇਉਂ ਦੇਖਿਆ ਜਿਵੇਂ ਬਿਰਖ ਬੂਟਿਆਂ ਨੂੰ ਦੇਖਿਆ ਹੋਵੇ, ਜਿਵੇਂ ਅਣਘੜੇ ਪੱਥਰ ਦੇਖੇ ਹੋਣ। ਪਰਵਾਹ ਨਹੀਂ। ਰਸਤੇ ਤੋਂ ਰਤਾ ਕੁ ਹਟ ਕੇ ਇੱਕ ਪਾਸੇ ਹੋ ਕੇ ਤੁਰਨ ਲੱਗਾ। ਸਫੈਦ ਕਮੀਜ਼, ਸਫੈਦ ਧੋਤੀ, ਆਬਨੂਸੀ ਦਾੜ੍ਹੀ। ਮੂੰਹ ਤਾਂ ਸਾਫ ਨਹੀਂ ਦਿਸਿਆ ਪਰ ਕੱਦ ਕਾਠ ਮਜ਼ਬੂਤ। ਹੱਥਾਂ ਵਿਚਲੇ ਕਬੂਤਰਾਂ ਨੂੰ ਦੇਖਦਾ-ਦੇਖਦਾ ਅੱਗੇ ਨਿਕਲ ਗਿਆ। ਪਿੱਛੇ ਮੁੜ ਕੇ ਦੇਖੇ, ਸਵਾਲ ਨਹੀਂ, ਮਤਲਬ ਨਹੀਂ ਕੋਈ।

ਸਹੇਲੀਆਂ ਇੱਕ ਦੂਜੀ ਦਾ ਮੂੰਹ ਦੇਖਣ ਲੱਗੀਆਂ ਤਾਂ ਤਮਾਮ ਸੰਨਾਟੇ ਨੂੰ ਤੋੜਦੀ ਹੋਈ ਉਹੀ ਅਧੇੜ ਉਮਰ ਦੀ ਔਰਤ ਜਿਸ ਨੇ ਸਤਵੰਤੀ ਦੇ ਹੱਥ ਫੜੇ ਸਨ, ਬੋਲੀ- ਤੇਰੇ ਰੂਪ ਦੀ ਤਾਕਤ ਤਾਂ ਮੰਨੀਏ ਜੇ ਏਸ ਭਉਰੇ ਨੂੰ ਨਚਾ ਸਕੇਂ।

ਘੁੰਡ ਚੁੱਕ ਕੇ ਮੂੰਹ ਦਿਖਾਉਣ ਵਾਲੀ ਕੁੜੀ ਬੋਲੀ- ਇਹਦੇ ਅੱਖਾਂ ਹਨ ਪਰ ਅੰਨ੍ਹਾ ਹੈ। ਮਨ ਦੀਆਂ ਅੱਖਾਂ ਵੀ ਮਿਚੀਆਂ ਹੋਈਆਂ। ਕਿਸ ਤਰ੍ਹਾਂ ਦਾ ਮਰਦ ਹੈ ਇਹ?

ਦੂਜੀ ਬੋਲੀ- ਮੈਨੂੰ ਤਾਂ ਇਸ ਦੀ ਮਰਦਾਨਗੀ ਉਪਰ ਸ਼ੱਕ ਹੈ।

ਤੀਜੀ ਬੋਲੀ- ਤੈਨੂੰ ਜਾਂਚ ਪਰਖ ਕਰਨ ਦਾ ਮੌਕਾ ਕਦ ਮਿਲਿਆ?

ਹੱਸ ਕੇ ਉਤਰ ਦਿੱਤਾ- ਸੁਫਨੇ ਵਿਚ।

ਇਰਦ ਗਿਰਦ ਜਾਂਦੀਆਂ ਕੁੜੀਆਂ ਨੇ ਕਿਹਾ- ਤਾਂ ਵੀ ਤੂੰ ਨਸੀਬਾਂ ਵਾਲੀ ਹੈਂ। ਸਾਡੇ ਤਾਂ ਸੁਫਨੇ ਵਿਚ ਵੀ ਨੀ ਆਇਆ ਕਦੇ।

ਇਸ ਵਾਰ ਲਾਜਵੰਤੀ ਦੇ ਬੁੱਲ੍ਹ ਫਰਕੇ- ਸ਼ਰਮ ਨੀ ਆਉਂਦੀ ਇਹੋ ਜਿਹੀਆਂ ਗੱਲਾਂ ਕਰਦੀਆਂ ਨੂੰ?




ਇੱਕ ਬੋਲੀ- ਸ਼ਰਮ ਅਰ ਰੂਪ ਜੇ ਪਲ ਭਰ ਛੱਡੇਂ, ਸਾਡੇ ਹਿੱਸੇ ਤਾਂ ਈ ਆਉਣ ਨਾ ਮਾੜੇ ਮੋਟੇ...?

ਸਹੇਲੀਆਂ ਨਾਲ ਉਲਝਣ ਦਾ ਕੋਈ ਫਾਇਦਾ ਨਹੀਂ। ਵੈਸੇ ਵੀ ਗੱਲ ਘੱਟ ਕਰਦੀ ਪਰ ਉਸ ਦਿਨ ਪਿੱਛੋਂ ਤਾਂ ਸਮਝੋ ਮੋਨ ਹੀ ਧਾਰ ਲਿਆ। ਇੱਧਰ ਉਧਰ ਦੀਆਂ ਗੱਲਾਂ ਉਸ ਨੂੰ ਇਉਂ ਲੱਗਿਆ ਕਰਦੀਆਂ, ਜਿਵੇਂ ਪਾਣੀ ਦੇ ਤਲ ਉਪਰ ਕਿਸੇ ਨੇ ਕੰਕਰ ਸੁੱਟ ਦਿੱਤਾ ਹੋਵੇ। ਅਗਨੀ ਦੇਵ ਨੂੰ ਦੂਰੋਂ ਪ੍ਰਣਾਮ ਠੀਕ।

ਹਰ ਰੋਜ਼ ਉਹੀ ਹੁੰਦਾ। ਹੱਥਾਂ ਵਿਚ ਦੋ ਕਬੂਤਰ, ਜੁਆਨ ਸਾਹਮਣਿਓਂ ਆਉਂਦਾ, ਰਸਤੇ ਤੋਂ ਰਤਾ ਹਟ ਕੇ ਪਰ੍ਹੇ ਦੀ ਨੀਵੀਂ ਪਾਈ ਲੰਘ ਜਾਂਦਾ। ਲਾਜਵੰਤੀ ਨਾਰ ਪਤਲੇ ਦੁਪੱਟੇ ਦੇ ਘੁੰਡ ਵਿਚਦੀ ਉਸ ਦਾ ਸਫੈਦ ਲਿਬਾਸ ਤੇ ਸਫੈਦ ਕਬੂਤਰ ਦੇਖਦੀ ਲੰਘ ਜਾਂਦੀ। ਇੱਕ ਦਿਨ ਇੱਕ ਸਹੇਲੀ ਕਹਿੰਦੀ- ਇਹ ਪਗਲਾ ਜੇ ਵਚਨ ਦੇ ਦਏ, ਮੈਂ ਔਰਤ ਜੂਨ ਛੱਡ ਕੇ ਕਬੂਤਰੀ ਬਣਨ ਵਾਸਤੇ ਤਿਆਰ ਹੋ ਜਾਵਾਂ। ਫੇਰ ਤਾਂ ਮੇਰਾ ਪਿੱਛਾ ਕਰ ਕੇ ਮੈਨੂੰ ਫੜੇਗਾ ਹੀ ਨਾ!

ਦੂਜੀ ਨੇ ਤਪਾਕ ਜਵਾਬ ਦਿੱਤਾ- ਜੇ ਉਸ ਦੇ ਕੰਨਾਂ ਤੱਕ ਤੇਰੀ ਗੱਲ ਪਹੁੰਚ ਗਈ, ਫੇਰ ਤਾਂ ਉਹ ਕਬੂਤਰ ਵੀ ਨੀ ਫੜੇਗਾ।

ਰਾਮ ਜਾਣੇ ਕੀ ਸੋਚ ਕੇ ਇੱਕ ਸਹੇਲੀ ਨੇ ਲਾਜਵੰਤੀ ਨੂੰ ਕਿਹਾ- ਕਿਉਂ ਨੀ ਤੇਰਾ ਮਨ ਕਬੂਤਰੀ ਬਣਨ ਨੂੰ ਕਰਦੈ ਕਿ ਨਾ?

ਹੌਲੀ ਦੇਣੀ ਲਾਜਵੰਤੀ ਏਨਾ ਕੁ ਬੋਲੀ- ਇਨਸਾਨੀ ਜ਼ਿੰਦਗੀ ਦਾ ਸੁਖ ਛੱਡ ਕੇ ਮੈਂ ਕਬੂਤਰੀ ਬਣਨ ਵਾਸਤੇ ਕਿਉਂ ਸੋਚਾਂ?

ਸਾਰੀਆਂ ਹੱਸਣ ਲੱਗੀਆਂ- ਲਗਦੈ, ਤੇਰੇ ਸੁਹਣੇ ਬਦਨ ਅੰਦਰ ਦਿਲ ਹੈ ਈ ਨੀ। ਤੂੰ ਤਾਂ ਸੁਹਣਾ ਘੜਿਆ ਤਰਾਸ਼ਿਆ ਹੋਇਆ ਪੱਥਰ ਹੈਂ। ਏਨਾ ਕੁ ਫਰਕ ਹੈ ਕਿ ਤੂੰ ਸਾਹ ਲੈਨੀ ਐਂ, ਤੁਰਦੀ ਫਿਰਦੀ ਐਂ। ਹਿੱਲਣ-ਜੁੱਲਣ ਨਾਲ ਕੀ ਫਰਕ ਪੈਂਦੈ?

ਹਰ ਰੋਜ਼ ਪਾਣੀ ਭਰਨ ਜਾਣਾ, ਹਰ ਰੋਜ਼ ਉਹੀ ਮਜ਼ਾਕ, ਉਹੀ ਛੇੜ-ਛਾੜ। ਰਸਤੇ ਵਿਚ ਚਲਦੇ-ਚਲਦੇ ਵੀ, ਖੂਹ ਉਤੇ ਪਾਣੀ ਭਰਦੇ ਵੀ, ਸਿਰਾਂ ਉਤੇ ਘੜੇ ਖਾਲੀ ਹੋਣ ਜਾਂ ਭਰੇ ਹੋਏ, ਉਹੀ ਚੁਹਲ, ਉਹੀ ਬਾਤਚੀਤ। ਦੁਨੀਆ ਵਿਚ ਹੋਰ ਗੱਲਾਂ ਤਾਂ ਜਿਵੇਂ ਮੁੱਕ ਗਈਆਂ ਹੋਣ।

ਆਖਰ ਇੱਕ ਦਿਨ ਬਹੁਤ ਲਾਚਾਰ ਹੋ ਕੇ ਲਾਜਵੰਤੀ ਨੇ ਆਪਣੇ ਚਿਪੇ ਹੋਏ ਬੁੱਲ੍ਹ ਕੁਝ ਖੋਲ੍ਹੇ, ਬੋਲੀ- ਇੱਕ ਪਲ ਵੀ ਤੁਹਾਡੇ ਨਾਲ ਰਹਿਣ ਦਾ ਕੋਈ ਧਰਮ ਨਹੀਂ।

ਸਹੇਲੀਆਂ ਨੂੰ ਇਹ ਗੱਲ ਬੜੀ ਬੁਰੀ ਲੱਗੀ, ਕਹਿੰਦੀਆਂ- ਜਿਵੇਂ ਤੇਰਾ ਦਿਲ ਕਰੇ, ਆਪਣਾ ਧਰਮ ਪਾਲ ਪਰ ਇਕੱਲੀ ਔਰਤ ਹੋ ਕੇ ਇਸ ਬੇਜੋੜ ਸੁਹੱਪਣ ਨਾਲ ਸੁੰਨ-ਮਸਾਣ ਜੰਗਲ ਵਿਚ ਆਪਣਾ ਧਰਮ ਕਿਵੇਂ ਨਿਭਾਏਂਗੀ? ਸਾਨੂੰ ਤਾਂ ਇਸ ਪੂਰੀ ਟੋਲੀ ਵਿਚ ਵੀ ਡਰ ਲੱਗੀ ਜਾਂਦਾ ਰਹਿੰਦੈ।

ਲਾਜਵੰਤੀ ਬੇਸੰਕੋਚ ਹੋ ਕੇ ਕਹਿਣ ਲੱਗੀ- ਜਿਸ ਦੇ ਦਿਲ ਵਿਚ ਚੋਰ ਨਹੀਂ, ਉਹ ਭਲਾ ਚਾਨਣ ਤੋਂ ਕਿਉਂ ਡਰੇ? ਮੈਨੂੰ ਆਪਣੇ ਆਪ ਉਪਰ ਭਰੋਸੈ। ਮੇਰੇ ਪਰਿਵਾਰ ਨੂੰ ਮੇਰੇ 'ਤੇ ਭਰੋਸੈ। ਜਦੋਂ ਮੈਨੂੰ ਕੋਈ ਵਹਿਮ ਨਹੀਂ, ਫਿਰ ਡਰਾਂ ਕਿਉਂ? ਡਰਾਂ ਕਿਸ ਤੋਂ? ਡਰ ਵੀ ਕੋਈ ਚੀਜ਼ ਹੁੰਦੀ ਐ, ਇਹ ਮੈਂ ਤਾਂ ਤੁਹਾਥੋਂ ਸੁਣਿਐ...।

ਉਸੇ ਦਿਨ ਤੋਂ ਸਹੇਲੀਆਂ ਨੇ ਸਮਝੋ ਲਾਜਵੰਤੀ ਨੂੰ ਛੇਕ ਹੀ ਦਿੱਤਾ। ਤਾਂ ਵੀ ਉਸ ਨੂੰ ਪਰਵਾਹ ਨਹੀਂ। ਰੁਸਦੀਆਂ ਨੇ ਰੁੱਸੀ ਜਾਣ। ਗਾਗਰ ਚੁੱਕੀ ਇਕੱਲੀ ਖੂਹ ਤੱਕ ਜਾਂਦੀ, ਪਾਣੀ ਭਰ ਲਿਆਉਂਦੀ। ਨਾ ਕੋਈ ਝਿਜਕ, ਨਾ ਕੋਈ ਸੰਕੋਚ। ਸਿਰ ਉਪਰ ਜਦੋਂ ਸੂਰਜ ਰਖਵਾਲਾ ਹੈ, ਫਿਰ ਵਿਚਾਰੇ ਬੰਦੇ ਤੋਂ ਕੀ ਡਰ? ਸਾਹਮਣੇ ਤੋਂ ਆਉਂਦਾ ਮਰਦ ਆਉਂਦੈ, ਆਈ ਜਾਵੇ; ਉਹ ਤਾਂ ਖੁਦ ਟਲ ਕੇ ਰਸਤਿਓਂ ਲੰਘਦੈ। ਅੱਖ ਨੀ ਚੁੱਕਦਾ ਕਦੀ। ਜਦੋਂ ਮੇਰੇ ਦਿਲ ਵਿਚ ਪਾਪ ਨਹੀਂ, ਫੇਰ ਕਬੂਤਰਾਂ ਦੀ ਥਾਂ ਨੰਗੀ ਤਲਵਾਰ ਹੱਥ ਵਿਚ ਫੜੀ ਹੋਵੇ ਤਾਂ ਵੀ ਮੈਨੂੰ ਕੀ ਖਤਰਾ? ਪਰ ਉਂਝ ਮਰਦ ਜਾਤ ਹੁੰਦੀ ਬੇਇਤਬਾਰੀ ਐ। ਵਿਆਹੇ ਵਰੇ ਵੀ ਏਡੇ ਬਦਨੀਤ ਜਿਵੇਂ ਹੁਣ ਤੱਕ ਕੋਈ ਔਰਤ ਵੇਖੀ ਵੀ ਨਾ ਹੋਵੇ, ਨਾਮ ਵੀ ਨਾ ਸੁਣਿਆ ਹੋਵੇ। ਇਹ ਲਫੰਗੇ, ਵਸ ਚੱਲੇ, ਸੁਹਣੀ ਔਰਤ ਦਾ ਮਾਸ ਰਿੰਨ੍ਹ ਕੇ ਕਿਹੜਾ ਨਾ ਖਾ ਜਾਣ?

ਉਸ ਖਬਤੀ ਆਦਮੀ ਦਾ ਖਿਆਲ ਵਕਤ ਬਵਕਤ ਦਿਲ ਵਿਚ ਆਉਂਦਾ ਜ਼ਰੂਰ। ਇਹੋ ਜਿਹਾ ਪਾਗਲ ਤਾਂ ਵੈਰਨ ਦੀ ਕੁੱਖੋਂ ਵੀ ਨਾ ਜੰਮੇ ਕਦੀ। ਰਾਮ ਜਾਣੇ ਇਕੱਲਤਾ ਵਿਚ ਇਸ ਨੂੰ ਕੀ ਸੁਖ ਮਿਲਦੈ! ਪਤਾ ਲੱਗਾ ਕਬੂਤਰਬਾਜ਼ੀ ਵਿਚ ਇਹਨੇ ਸਾਰੀ ਜ਼ਮੀਨ ਫੂਕ ਦਿੱਤੀ। ਪਿਛਲੇ ਜਨਮ ਵਿਚ ਇਹ ਕਮਲਾ ਕਬੂਤਰਾਂ ਦੀ ਜੂਨ ਵਿਚ ਕਬੂਤਰਾਂ ਦਾ ਸਰਦਾਰ ਰਿਹਾ ਹੋਣਾ। ਕਹਿੰਦੈ, ਹਜ਼ਾਰ ਕਬੂਤਰ ਇਕੱਠੇ ਕਰਨੇ ਨੇ। ਸਨਕੀ। ਅੱਜ ਤੱਕ ਨਾ ਕਿਸੇ ਦਾ ਆਖਾ ਮੰਨਿਆ, ਨਾ ਮੰਨੇਗਾ। ਕਬੂਤਰਾਂ ਬਿਨਾਂ ਹੋਰ ਸ਼ੌਕ ਹੈ ਈ ਨੀ। ਨਾ ਪਸ਼ੂਆਂ ਵਿਚ, ਨਾ ਖੇਤ-ਖਜ਼ਾਨੇ ਵਿਚ, ਨਾ ਧਨ ਦੌਲਤ ਜ਼ਮੀਨ ਜਾਇਦਾਦ ਵਿਚ। ਜੂਨ ਬੰਦੇ ਦੀ, ਕੱਟ ਰਿਹੈ ਕਬੂਤਰਾਂ ਵਿਚਕਾਰ!

ਜਦੋਂ ਤੱਕ ਹਰ ਰੋਜ਼ ਦੋ ਕਬੂਤਰ ਨਾ ਫੜ ਲਵੇ, ਰੋਟੀ ਦੀ ਬੁਰਕੀ ਮੂੰਹ ਵਿਚ ਨਾ ਪਾਉਂਦਾ, ਘੁੱਟ ਪਾਣੀ ਨਾ ਪੀਂਦਾ। ਰਾਮ ਜਾਣੇ ਕਿਸ ਕਿਸ ਜੰਗਲ ਦੇ ਕਿਸ ਕਿਸ ਕੋਨੇ ਵਿਚੋਂ ਕਿਵੇਂ ਕਬਤੂਰ ਫੜ ਲਿਆਉਂਦਾ। ਕਬੂਤਰ ਹੱਥ ਵਿਚ ਲੈ ਕੇ ਉਸ ਨੂੰ ਇਉਂ ਲਗਦਾ, ਜਿਵੇਂ ਚੰਦ ਸੂਰਜ ਹੱਥਾਂ ਵਿਚ ਆ ਗਏ ਹੋਣ। ਜਦੋਂ ਉਸ ਦੇ ਵਾੜੇ ਵਿਚ ਆ ਜਾਂਦੇ, ਕਬੂਤਰਾਂ ਦਾ ਉਥੇ ਹੀ ਇੰਨਾ ਜੀਅ ਲੱਗ ਜਾਂਦਾ ਕਿ ਮੁੜ ਕੇ ਹੋਰ ਕਿਧਰੇ ਜਾਂਦੇ ਈ ਨਾ। ਉਨ੍ਹਾਂ ਨੂੰ ਲਗਦਾ ਜਿਵੇਂ ਜੰਮਣ ਵਾਲੇ ਮਾਂ ਪਿਉ ਦੇ ਆਲ੍ਹਣੇ ਵਿਚ ਆ ਗਏ ਹੋਣ। ਕਬੂਤਰ ਤਾਂ ਕਬੂਤਰ, ਪਤਾ ਨਹੀਂ ਕੀ ਸੱਤਿਆ ਸੀ ਇਸ ਜੁਆਨ ਵਿਚ; ਬਾਜ, ਇੱਲ, ਕਾਂ ਅਤੇ ਸੱਪ ਤੱਕ ਉਸ ਉਪਰ ਇਤਬਾਰ ਕਰ ਲੈਂਦੇ ਪਰ ਆਪਣੀ ਪ੍ਰੀਤ ਦਾ ਪ੍ਰਸਾਦ ਸਿਵਾਇ ਕਬੂਤਰਾਂ ਦੇ ਉਸ ਨੇ ਕਿਸੇ ਨੂੰ ਨਾ ਵੰਡਿਆ। ਹਥੇਲੀਆਂ 'ਤੇ ਚੋਗਾ ਚੁਗਾਉਂਦਾ, ਹੱਥੀਂ ਪਾਣੀ ਪਿਲਾਉਂਦਾ, ਇੱਕ-ਇੱਕ ਨੂੰ ਪਿਆਰ ਨਾਲ ਪਲੋਸਦਾ।

ਕਦੀ ਕਦਾਈਂ ਲਾਜਵੰਤੀ ਸੋਚਦੀ- ਜਿਸ ਬੰਦੇ ਤੋਂ ਕਬੂਤਰ ਨਹੀਂ ਸਹਿਮਦੇ, ਉਸ ਤੋਂ ਕਿਸੇ ਨੂੰ ਕੀ ਖਤਰਾ? ਹਰ ਦੂਜੇ ਤੀਜੇ ਦਿਨ ਉਸ ਨਾਲ ਸਾਹਮਣਾ ਹੋ ਜਾਂਦਾ। ਕਦੀ ਕਦੀ ਬਰੀਕ ਦੁਪੱਟੇ ਵਿਚੋਂ ਮੂੰਹ ਠੀਕ ਨਾ ਦਿਸਦਾ ਤਾਂ ਲੰਘ ਜਾਣ ਪਿੱਛੋਂ ਘੁੰਡ ਚੁੱਕ ਕੇ ਵੀ ਦੇਖ ਲੈਂਦੀ ਪਰ ਆਪਣੀ ਧੁਨ ਵਿਚ ਗੁਆਚਿਆ ਉਹ ਬੰਦਾ ਕਦੀ ਇੱਧਰ ਉਧਰ ਨਾ ਦੇਖਦਾ। ਦਿਲ ਮਸੋਸ ਕੇ ਅੱਗੇ ਤੁਰ ਪੈਂਦੀ। ਹੋਠਾਂ ਹੀ ਹੋਠਾਂ ਵਿਚ ਸਹਿਜੇ ਆਖਦੀ- ਪਾਗਲ ਕਿਸੇ ਥਾਂ ਦਾ! ਨੌਂ ਮਹੀਨੇ ਮਾਂ ਨੇ ਕੁੱਖ ਵਿਚ ਐਵੇਂ ਭਾਰ ਢੋਇਆ। ਹੈ ਤਾਂ ਮਰਦ ਜਾਤ, ਫਿਰ ਰਸਤਾ ਛੱਡ ਕੇ ਪਰਿਉਂ ਕਿਉਂ ਲੰਘ ਜਾਂਦੈ? ਕੁੜੀਆਂ ਚਿੜੀਆਂ ਡਰਨ ਤਾਂ ਡਰਨ, ਇਸ ਦੇ ਮਨ ਵਿਚ ਕੀ ਡਰ ਬੈਠ ਗਿਆ? ਪਰ੍ਹੇ ਪਰ੍ਹੇ ਹੋ ਹੋ ਕਿਉਂ ਲੰਘਦੈ? ਪੁੱਠਾ ਦਿਮਾਗ ਬਿਲਕੁਲ।

ਪਾਣੀ ਭਰਨ ਪਿੱਛੋਂ ਇੱਕ ਦਿਨ ਲੱਜ ਇਕੱਠੀ ਕਰ ਰਹੀ ਸੀ ਕਿ ਸਾਹਮਣਿਓਂ ਆਉਂਦਾ ਦਿਸਿਆ। ਪਾਣੀ ਸੁੱਕ ਜਾਂਦੇ ਤਾਂ ਰਸਤਾ ਖੂਹ ਲਾਗਿਉਂ ਦੀ ਹੋ ਜਾਂਦਾ। ਹੋਰ ਕੋਈ ਹੁੰਦਾ, ਪਾਣੀ ਪੀਣ ਬਹਾਨੇ ਆ ਜਾਂਦਾ ਪਰ ਇਹਨੂੰ ਤਾਂ ਕਬੂਤਰਾਂ ਬਿਨਾਂ ਹੋਰ ਦਿਸਦਾ ਈ ਕੁਝ ਨਹੀਂ। ਕੋਲੋਂ ਦੀ ਲੰਘਣ ਲੱਗਾ, ਹੱਥ ਦੇ ਇਸ਼ਾਰੇ ਨਾਲ ਲਾਜਵੰਤੀ ਨੇ ਬੁਲਾ ਲਿਆ। ਗਾਗਰ ਚੁਕਾਉਣ ਵਾਸਤੇ ਕਿਹਾ। ਖੜ੍ਹਾ ਖਲੋਤਾ ਬੱਚੇ ਵਾਂਗ ਕਹਿੰਦਾ- ਪਰ ਮੇਰੇ ਦੋਹਾਂ ਹੱਥਾਂ ਵਿਚ ਤਾਂ ਕਬੂਤਰ ਨੇ? ਛੱਡੇ, ਉਡ ਜਾਣਗੇ। ਇੰਨੀ ਗੱਲ ਕਹਿ ਕੇ ਅੱਗੇ ਤੁਰ ਪਿਆ। ਪੱਥਰ ਦੀ ਮੂਰਤੀ ਵਾਂਗ ਲਾਜਵੰਤੀ ਦੇਰ ਤੱਕ ਖਲੋਤੀ ਰਹੀ। ਹੋਸ਼ ਆਈ, ਇਉਂ ਲੱਗਾ ਜਿਵੇਂ ਅਣਦੇਖੀ ਅੱਗ ਉਸ ਦੇ ਜੋਬਨ ਨੂੰ ਲੂਹ ਗਈ ਹੋਵੇ। ਇਸ ਨਾਲੋਂ ਮੌਤ ਬਿਹਤਰ। ਗਾਗਰ ਆਪਣੇ ਆਪ ਚੁੱਕ ਕੇ ਸਿਰ ਉਪਰ ਰੱਖੀ ਤਾਂ, ਪਰ ਜਿਵੇਂ ਭਾਰਾ ਪੱਥਰ ਚੁੱਕਿਆ ਹੋਵੇ।

ਪਤਾ ਨਹੀਂ ਕੀ ਸੋਚ ਕੇ ਅਗਲੇ ਦਿਨ ਉਹ ਵੱਡੀ ਗਾਗਰ ਤੇ ਵੱਡਾ ਕਲਸ਼ ਲੈ ਕੇ ਆ ਗਈ। ਹਰ ਰੋਜ਼ ਨਾਲੋਂ ਥੋੜ੍ਹਾ ਕੁ ਸਮਾਂ ਪਹਿਲਾਂ। ਇਤਫਾਕ ਇਹ ਕਿ ਲੱਜ ਵਲੇਟਣ ਲੱਗੀ, ਉਹ ਆਉਂਦਾ ਵਿਖਾਈ ਦਿੱਤਾ। ਐਤਕਾਂ ਪਿੰਡੋਂ ਜੰਗਲ ਵੱਲ ਜਾ ਰਿਹਾ। ਇੱਕ-ਦੋ ਖੇਤ ਦੂਰ। ਜਿਉਂ ਜਿਉਂ ਨੇੜੇ ਆਉਂਦਾ ਗਿਆ, ਹੱਥ ਨਾਲ ਪਿੱਠ ਪਿੱਛੋਂ ਚੁੰਨੀ ਹੇਠ ਖਿੱਚ ਕੇ ਘੁੰਡ ਉਪਰ ਨੂੰ ਹਟਾਉਂਦੀ ਗਈ। ਜਿਵੇਂ ਕਿਸੇ ਨੂੰ ਇਸ ਹਰਕਤ ਦਾ ਪਤਾ ਨਾ ਹੋਵੇ; ਜਿਵੇਂ ਉਹ ਹੱਥ, ਉਹ ਜਿਸਮ, ਉਸ ਦਾ ਨਾ ਹੋ

***(ਬਾਕੀ ਅਗਲੇ ਸਫੇ 'ਤੇ)***

# ਖੈਰ-ਸੁੱਖ ਮੰਗਦੇ ਬੋਲਾਂ ਦੀ ਤਲਾਸ਼

ਸਭ ਦੀ ਖੈਰ ਮੰਗਣਾ ਇਲਾਹੀ ਬੋਲਾਂ ਦੀ ਆਬਸ਼ਾਰ। ਕਿਸੇ ਦੇ ਸੁੱਖ ਦੀ ਕਾਮਨਾ ਕਰਨਾ ਅੰਦਰਲੀ ਭਾਵਨਾ ਦੀ ਵਡੱਤਣ। ਖੈਰ-ਸੁੱਖ ਮੰਗਣਾ ਦੂਜਿਆਂ ਦੀ ਝੋਲੀ ਬਰਕਤ ਨਾਲ ਭਰਨ ਦੀ ਅਰਜੋਈ। ਖੈਰ-ਸੁੱਖ ਦੇ ਬੋਲ ਸਰਬੱਤ ਦੇ ਭਲੇ ਦੀ ਅਰਦਾਸ। ਮਨੁੱਖ ਦੀ ਮਨੁੱਖ ਦੇ ਸਤਿਕਾਰ ਦੀ ਸੁੱਚੀ ਅਰਾਧਨਾ। ਆਪਣਾ ਦੁੱਖ ਭੁਲਾ ਕੇ ਦੂਜਿਆਂ ਦੇ ਸੁੱਖ ਨੂੰ ਚੇਤੇ ਰੱਖਣਾ। ਖੈਰ-ਸੁੱਖ ਦੂਜਿਆਂ ਦੀ ਹੋਂਦ ਲਈ ਦੁਆ। ਦੂਜਿਆਂ ਦਾ ਭਲਾ ਮੰਗਦੇ ਅਸੀਸ ਦੇ ਸੁੱਚੇ ਹਰਫ ਜਦੋਂ ਕੰਨੀ ਪੈਂਦੇ ਹਨ, ਸੁੱਤੇ ਅਰਮਾਨ ਵੀ ਜਾਗ ਪੈਂਦੇ ਹਨ। ਸੁੱਖ ਦੇ ਮਿੱਠੇ ਬੋਲ ਨਿਰਾਸ਼ਾ ਨੂੰ ਆਸ ਦੀ ਪਿਉਂਦ। ਥੱਕੇ ਹਾਰੇ ਬੰਦੇ ਲਈ ਹੌਂਸਲੇ ਦੀ ਪੇਸ਼ਗੀ।



**ਸੰਤੋਖ ਮਿਨਹਾਸ**
**ਫੋਨ: 559-283-6376**

ਸੁਪਨਿਆਂ ਦੇ ਜਿਉਂਦੇ ਰਹਿਣ ਦੀ ਆਸ। ਨਿੱਜ ਤੋਂ ਅੱਗੇ ਤੁਰਨ ਦੀ ਹਿੰਮਤ।

ਪਰ ਜਿਵੇਂ ਜਿਵੇਂ ਮਨੁੱਖ ਨੇ ਨਵੀਆਂ ਪੁਲਾਂਘਾਂ ਪੁੱਟੀਆਂ ਹਨ ਅਤੇ ਨਵੀਆਂ ਖੋਜਾਂ ਰਾਹੀਂ ਕੁਦਰਤ ਦੇ ਭੇਤਾਂ ਦੇ ਦੁਆਰ 'ਤੇ ਦਸਤਕ ਦਿੱਤੀ ਹੈ, ਉਹ ਦਿਸਹੱਦਿਆਂ ਦੀ ਭਾਲ ਵਿਚ ਵਗ ਤੁਰਿਆ ਹੈ। ਮੰਡੀਆਂ ਭਾਲਦਾ ਭਾਲਦਾ ਖੁਦ ਮੰਡੀ ਬਣ ਕੇ ਰਹਿ ਗਿਆ ਹੈ। ਦੂਜੀਆਂ ਵਸਤੂਆਂ ਦੇ ਭਾਅ ਨਿਰਧਾਰਤ ਕਰਦਾ ਕਰਦਾ ਆਪਣੇ ਮੁੱਲ ਦੀ ਬੋਲੀ ਵੀ ਕਰ ਬੈਠਾ ਹੈ। ਜਦੋਂ ਮਨੁੱਖ ਮੰਡੀ ਦੀ ਵਸਤੂ ਬਣ ਜਾਵੇ, ਉਦੋਂ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ। ਜਦੋਂ ਮੁਕਾਬਲਾ ਹੋਵੇ ਫਿਰ ਮਨੁੱਖ ਅੱਗੇ ਵਧਣ ਦੀ ਦੌੜ ਵਿਚ ਸਿਰਫ ਆਪਣੇ ਬਾਰੇ ਹੀ ਸੋਚਦਾ ਹੈ। ਮੁਨਾਫੇ ਦੀ ਦੌੜ ਵਿਚ ਸ਼ਾਮਲ ਬੰਦਾ ਦੂਜੇ ਦਾ ਭਲਾ ਨਹੀਂ ਮੰਗਦਾ, ਸਿਰਫ ਆਪਣੇ ਮੁਨਾਫੇ ਲਈ ਨਵੇਂ ਢੰਗ ਤਰੀਕੇ ਸੋਚਦਾ ਹੈ। ਇਸ ਦੌੜ ਵਿਚ ਸਾਹਮਣੇ ਵਾਲਾ ਫਿਰ ਗਵਾਂਢੀ ਜਾਂ ਦੋਸਤ ਨਹੀਂ, ਸਗੋਂ ਇੱਕ ਵੰਗਾਰ ਦਿਸਦਾ ਹੈ। ਇਹ ਵੰਗਾਰ ਬੰਦੇ ਅੰਦਰੋਂ ਪਿਆਰ ਤੇ ਸਤਿਕਾਰ ਦੀ ਭਾਵਨਾ ਮਾਰ ਦਿੰਦੀ ਹੈ। ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਬਿਰਤੀ ਪ੍ਰਬਲ ਹੋ ਜਾਂਦੀ ਹੈ। ਇਸ ਮੁਕਾਬਲੇ ਨੇ ਬੰਦੇ ਨੂੰ ਇੰਨਾ ਨਿਰਦਈ ਬਣਾ ਦਿੱਤਾ ਹੈ ਕਿ ਉਸ ਨੂੰ ਆਪਣੇ ਸੁੱਖ ਤੋਂ ਬਿਨਾ ਹੋਰ ਕੁਝ ਸੁੱਝਦਾ ਹੀ ਨਹੀਂ।

ਅੱਜ ਦੇ ਸਮੇਂ ਵਿਚ ਬੰਦੇ ਨੂੰ ਗਹੁ ਨਾਲ ਸਮਝੀਏ ਤਾਂ ਇੱਕ ਬਹੁਤ ਹੀ ਘਿਣਾਉਣੀ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ। ਅਸੀਂ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰ ਲਈ ਹੈ। ਜਿਥੇ ਬੰਦਾ ਬਾਹਰੀ ਰੂਪ ਵਿਚ ਤਾਂ ਸੇਵਕ ਦਾ ਝਉਲਾ ਪਾਉਂਦਾ ਨਜ਼ਰ ਆਉਂਦਾ ਹੈ, ਅਸਲ ਵਿਚ ਉਹ ਆਪਣੇ ਹਿੱਤ ਦੀ ਪੂਰਤੀ ਕਰ ਰਿਹਾ ਹੁੰਦਾ ਹੈ। ਸੇਵਾ ਦੇ ਨਾਂ 'ਤੇ ਵੱਡੀ ਖੈਰਾਤ, ਉਸ ਦੀ ਓਹਲੇ ਵਿਚ ਭਰੀ ਝੋਲੀ ਦੀ ਰਹਿਦ-ਖੂੰਦ ਹੁੰਦੀ ਹੈ, ਜੋ ਉਸ ਦਾ ਅਸਲ ਚਿਹਰਾ ਢੱਕ ਕੇ ਰੱਖਦੀ ਹੈ। ਸੇਵਾ ਦੇ ਨਾਂ 'ਤੇ ਖੁੱਲ੍ਹੀਆਂ ਦੁਕਾਨਾਂ ਵਿਚ ਵੀ ਮੁਕਾਬਲਾ ਹੁੰਦਾ ਹੈ। ਇੱਥੋਂ ਤੱਕ ਕੇ ਸਾਡੇ ਧਾਰਮਿਕ ਅਸਥਾਨਾਂ ਵਿਚ ਅਤੇ ਧਰਮ ਦੇ ਨਾਂ ਤੇ ਚਲਦੇ ਡੇਰਿਆਂ ਵਿਚ ਵੀ ਸ਼ਰਧਾਲੂਆਂ ਨੂੰ ਆਪਣੇ ਵੱਲ ਖਿੱਚਣ ਦੀ ਸ਼ਰੀਕੇਬਾਜ਼ੀ ਹੁੰਦੀ ਹੈ। ਭਾਵੇਂ ਵੇਖਣ ਤੇ ਪ੍ਰਚਾਰਨ ਵਿਚ ਸਾਰੀ ਮਨੁੱਖਤਾ ਦਾ ਭਲਾ ਮੰਗਦੇ ਇਹ ਪਰਮੇਸ਼ਰ ਦੁਆਰ ਲੱਗਦੇ ਹਨ, ਅਸਲ ਵਿਚ ਇਹ ਵੀ ਇੱਕ ਵਪਾਰ ਦਾ ਰੂਪ ਹੈ। ਕਿਵੇਂ ਤਿੱਥ-ਤਿਉਹਾਰਾਂ ਦੇ ਸਮੇਂ ਨਵੇਂ ਨਵੇਂ ਆਡੰਬਰ ਰਚੇ ਜਾਂਦੇ ਹਨ, ਮਨੁੱਖਤਾ ਦੇ ਭਲੇ ਦੇ ਨਾਂ 'ਤੇ ਮਾਇਆ ਇੱਕਠੀ ਕੀਤੀ ਜਾਂਦੀ ਹੈ-ਇਹ ਧਰਮ ਦਾ ਆਪਣਾ ਨਿਵੇਕਲਾ ਕਾਰੋਬਾਰ ਹੈ, ਜੋ ਅੱਜ ਦੇ ਸਮੇਂ ਬਹੁਤ ਤੇਜ਼ੀ ਨਾਲ ਵਧ ਫੁਲ ਰਿਹਾ ਹੈ।

ਸਾਡੀ ਬੋਲਚਾਲ ਨੇ ਕਰਮ ਵਿਚ ਵਿੱਥ ਸਿਰਜ ਲਈ ਹੈ। ਖੈਰ-ਸੁੱਖ ਮੰਗਦੇ ਬੋਲ ਵਿਖਾਵੇ ਦੀ ਨਿਆਈਂ ਬਣ ਕੇ ਰਹਿ ਗਏ ਹਨ। ਅਸੀਂ ਆਮ ਹੀ ਦੇਖਦੇ ਹਾਂ ਕਿ ਮਨੁੱਖ ਧਾਰਮਿਕ ਅਸਥਾਨਾਂ 'ਤੇ ਅਰਾਧਨਾ, ਪਾਠ ਪੂਜਾ ਤੇ ਚੜ੍ਹਾਵੇ ਆਪਣੇ ਸੁੱਖ ਲਈ ਭੇਟ ਕਰਦਾ ਹੈ, ਆਪਣੀ ਇੱਛਾ ਦੀ ਪੂਰਤੀ ਲਈ ਪੁਜਾਰੀ ਤੋਂ ਆਪਣੇ ਨਾਂ ਦੀ ਅਰਦਾਸ ਵੀ ਕਰਵਾਈ ਜਾਂਦੀ ਹੈ। ਮਨੁੱਖ ਰੱਬ ਨਾਲ ਆਪਣੀ ਇੱਛਾ ਪੂਰਤੀ ਦੀ ਸ਼ਰਤ ਤੈਅ ਕਰਦਾ ਹੈ। ਸੌਦਾ ਪੂਰਾ ਹੋਣ 'ਤੇ ਬੰਦਾ ਤੈਅ ਕੀਤੀ ਭੇਟਾ ਰੱਬ ਦੇ ਪੁਜਾਰੀ ਨੂੰ ਭੇਟ ਕਰਦਾ ਹੈ। ਸ਼ਬਦਾਂ ਦੇ ਭਾਰ ਨਾਲ ਲੱਦੀਆਂ ਅਰਦਾਸਾਂ ਸਾਨੂੰ ਆਮ ਹੀ ਸੁਣਨ ਨੂੰ ਮਿਲਦੀਆਂ ਹਨ, ਜੋ ਬੰਦੇ ਦੇ ਆਪਣੇ ਸੁੱਖ ਅਤੇ ਆਪਣੇ ਕਾਰੋਬਾਰ ਦੇ ਵਾਧੇ ਨਾਲ ਸਬੰਧਤ ਹੁੰਦੀਆਂ ਹਨ। ਬਹੁਤ ਘੱਟ ਵੇਖਣ ਨੂੰ ਮਿਲਦਾ ਹੈ, ਜਦੋਂ ਬੰਦੇ ਨੇ ਕੋਲੋਂ ਖਰਚ ਕਰਕੇ ਸਰਬੱਤ ਦੇ ਭਲੇ ਦੀ ਮੰਨਤ ਮੰਨੀ ਹੋਵੇ।

ਮੰਡੀ ਸਿਆਸਤ ਤੇ ਪੁਜਾਰੀ ਵਰਗ ਦੇ ਗਠਜੋੜ ਨੇ ਆਪਣੀ ਚੌਧਰ ਕਾਇਮ ਰੱਖਣ ਲਈ ਮਨੁੱਖ ਨੂੰ ਧਰਮਾਂ, ਜਾਤਾਂ ਤੇ ਫਿਰਕਿਆਂ ਵਿਚ ਵੰਡ ਦਿੱਤਾ ਹੈ। ਇਹ ਵੰਡੀਆਂ ਪਾਉਣ ਦੀ ਨੀਤੀ ਨੇ ਆਮ ਮਨੁੱਖ ਵਿਚ ਦੂਰੀਆਂ ਵਧਾ ਦਿੱਤੀਆਂ ਹਨ। ਇੱਕ ਧਰਮ ਨੂੰ ਮੰਨਣ ਵਾਲੀ ਬਹੁ-ਗਿਣਤੀ ਵਿਚ ਅਤੇ ਦੂਜੇ ਧਰਮ ਨੂੰ ਮੰਨਣ ਵਾਲੀ ਘੱਟ ਗਿਣਤੀ ਵਿਚ ਵਿਸ਼ਵਾਸ਼ ਨੂੰ ਖਤਮ ਕੀਤਾ ਜਾ ਰਿਹਾ ਹੈ। ਇੱਕ ਧਰਮ ਦੇ ਧਾਰਮਿਕ ਸਥਾਨ ਢਾਹੇ ਜਾ ਰਹੇ ਹਨ, ਦੂਜੇ ਦੇ ਉਥੇ ਬਣਾਏ ਜਾ ਰਹੇ ਹਨ। ਇਹ ਢਾਹੁਣ ਤੇ ਬਣਾਉਣ ਦੇ ਜਸ਼ਨ ਮਨਾਏ ਜਾ ਰਹੇ ਹਨ। ਭੀੜਾਂ ਆਫਰੀਆਂ ਫਿਰਦੀਆ ਹਨ, ਬੰਦਾ ਮਾਰਨਾ ਇੱਕ ਸ਼ੁਗਲ ਜਿਹਾ ਕਸਬ ਬਣ ਗਿਆ ਹੈ। ਮੁਹੱਲਿਆਂ ਦੇ ਮੁਹੱਲੇ ਸਾੜ ਕੇ ਸੁਆਹ ਕਰ ਦਿੱਤੇ ਜਾਂਦੇ ਹਨ। ਵੱਡੀਆਂ ਸਾਜ਼ਿਸ਼ਾਂ ਨੂੰ ਪੁਗਾਉਣ ਲਈ ਮਨੁੱਖਤਾ ਦਾ ਘਾਣ ਆਮ ਜਿਹੀ ਗੱਲ ਹੋ ਕੇ ਰਹਿ ਗਿਆ ਹੈ। ਬੰਦੇ ਅੰਦਰ ਇੱਕ ਡਰ ਤੇ ਸਹਿਮ ਵੱਸ ਗਿਆ ਹੈ। ਇਸ ਨੂੰ ਦਬਾਉਣ ਵਾਲੀ ਨੀਤੀ ਕਾਰਨ ਬੰਦੇ ਵਿਚੋਂ ਇਨਸਾਨੀਅਤ ਮਰ ਰਹੀ ਹੈ। ਇਸ ਵੈਰ-ਭਾਵ ਦੀ ਵਗਦੀ ਹਵਾ ਵਿਚ ਇੱਕ ਦੂਜੇ ਦੀ ਖੈਰ-ਸੁੱਖ ਮੰਗਦੇ ਹਰਫ ਕਿੱਥੋਂ ਲੱਭੋਗੇ!

ਬੰਦਾ ਆਪ ਤਾਂ ਮੰਡੀ ਦਾ ਕਾਰੋਬਾਰੀ ਬਣਿਆ ਹੀ ਹੈ, ਉਸ ਨੇ ਆਪਣੇ ਬੱਚਿਆਂ ਕੋਲੋਂ ਵੀ ਉਨ੍ਹਾਂ ਦੇ ਹਾਣੀਆਂ ਦੀ ਦੋਸਤੀ ਖੋਹ ਲਈ ਹੈ। ਇਸ ਮੁਕਾਬਲੇ ਦੀ ਪੜ੍ਹਾਈ ਨੇ ਬੱਚਿਆਂ ਵਿਚ ਹਮਦਰਦੀ ਅਤੇ ਦੋਸਤੀ ਦੀ ਅਪਣੱਤ ਮਾਰ ਦਿੱਤੀ ਹੈ। ਹਰ ਬੱਚਾ ਚਾਹੁੰਦਾ ਹੈ ਕਿ ਮੈਂ ਦੂਜੇ ਸਾਥੀਆਂ ਨਾਲੋਂ ਵੱਧ ਨੰਬਰ ਲੈ ਕੇ ਚੰਗੀ ਪੁਜੀਸ਼ਨ ਹਾਸਲ ਕਰਾਂ। ਇਸ ਨਾਲ ਦੂਜਿਆਂ ਨੂੰ ਪਛਾੜਨ ਦੀ ਲਾਲਸਾ ਪਿਆਰ ਦਾ ਤਿਆਗ ਕਰ ਦਿੰਦੀ ਹੈ। ਬੱਚਾ ਕਲਾਸ ਵਿਚ ਇੱਕਠਿਆਂ ਰਹਿੰਦਿਆਂ ਵੀ ਮਾਨਸਿਕ ਤੌਰ 'ਤੇ ਆਪਣੇ ਸਾਥੀਆਂ ਨਾਲੋਂ ਵਿੱਥ ਬਣਾ ਕੇ ਰੱਖਦਾ ਹੈ। ਉਹ ਆਪਣੇ ਲਈ ਹੀ ਚੰਗਾ ਸੋਚਦਾ ਹੈ, ਦੂਜਿਆ ਦੇ ਭਲੇ ਦੀ ਭਾਵਨਾ ਮਾਰ ਸੁੱਟਦਾ ਹੈ। ਜਦੋਂ ਬਚਪਨ ਵਿਚ ਹੀ ਬੱਚੇ ਦੀ ਨੀਂਹ ਅਸੀਂ ਨਿੱਜੀ ਹਿੱਤ ਦੇ ਆਧਾਰ 'ਤੇ ਰੱਖਦੇ ਹਾਂ, ਸਾਡੇ ਸਮਾਜ ਦੀ ਉਸਾਰੀ ਵੀ ਤਾਂ ਇਨ੍ਹਾਂ ਵਿਚਾਰਾਂ ਦੀਆਂ ਇੱਟਾਂ 'ਤੇ ਉਸਰਨੀ ਹੈ! ਫਿਰ ਅਸੀਂ ਕਿਵੇਂ ਆਸ ਰੱਖ ਸਕਦੇ ਹਾਂ ਕਿ ਸਰਬੱਤ ਦੇ ਭਲੇ ਦੀ ਗੱਲ ਸਾਡੇ ਅੰਗ-ਸੰਗ ਰਹੇਗੀ?

ਬੰਦਾ, ਬੰਦਾ ਦੇ ਡਰ ਤੋਂ ਆਪਣੀ ਸੁਰੱਖਿਆ ਲਈ ਆਪਣੀ ਆਪਣੀ ਵਲਗਣ ਵਿਚ ਕੈਦ ਹੋ ਕੇ ਰਹਿ ਗਿਆ ਹੈ। ਆਪਣੀ ਜਾਤੀ ਧਰਮ ਦੇ ਆਧਾਰ 'ਤੇ ਮੁਹੱਲੇ ਉਸਾਰ ਲਏ ਹਨ। ਆਪਣੇ ਤੇ ਬਗਾਨੇ ਦੀ ਦੀਵਾਰ ਅਸੀਂ ਉਚੀ ਕਰ ਲਈ ਹੈ। ਭਾਈਚਾਰਕ ਸਾਂਝ ਜੋੜਦੇ ਰਾਹਾਂ 'ਤੇ ਅਸੀਂ ਵਾੜ ਗੱਡ ਦਿੱਤੀ ਹੈ। ਅਸੀਂ ਤਾਂ ਬਹੁਤ ਅੱਗੇ ਲੰਘ ਆਏ ਹਾਂ, ਕਿਰਾਏ 'ਤੇ ਮਕਾਨ ਦੇਣ ਲੱਗਿਆਂ ਵੀ ਜਾਤ, ਧਰਮ ਪੁੱਛਣ ਲੱਗ ਪਏ ਹਾਂ। ਕਬੀਰ ਜੀ ਦੇ ਕਹੇ ਇਹ ਸ਼ਬਦ 'ਅਵਲਿ ਅਲਹੁ ਨੂਰੁ ਉਪਾਇਆ ਕੁਦਰਤਿ ਦੇ

## ਚਲਦੇ-ਚਲਦੇ

ਸਭ ਬੰਦੇ' ਦੇ ਅਰਥ ਹੁਣ ਧਰਾਤਲ ਪੱਧਰ 'ਤੇ ਬੇਮਾਇਨਾ ਹੋ ਕੇ ਰਹਿ ਗਏ ਹਨ। ਹੁਣ ਇਹ ਸ਼ਬਦ ਗ੍ਰੰਥਾਂ ਜੋਗਾ ਹੀ ਰਹਿ ਗਿਆ ਹੈ। ਅਸੀਂ ਜਿੰਨਾ ਮਰਜੀ ਕਹੀ ਜਾਈਏ ਕਿ ਰੱਬ ਇੱਕ ਹੈ, ਪਰ ਅਸਲ ਵਿਚ ਹਰ ਧਰਮ ਦਾ ਆਪਣਾ ਆਪਣਾ ਰੱਬ ਹੈ। ਹਰ ਧਰਮ ਦਾ ਰੱਬ ਦੂਜੇ ਧਰਮ ਨਾਲੋਂ ਸਰਵੋਤਮ ਹੈ। ਅਭਿਮਾਨ ਅਤੇ ਆਡੰਬਰ ਨੇ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੱਤਾ। ਇਸੇ ਲਈ ਦੰਗੇ ਫਸਾਦ ਤੇ ਕਤਲੋਗਾਰਤ ਵਿਚ ਮਨੁੱਖਤਾ ਦਾ ਘਾਣ ਕੀਤਾ ਜਾਂਦਾ ਹੈ। ਬੰਦੇ ਦੀ ਬੰਦੇ ਕੋਲੋਂ ਜੀਵਨ ਦੇ ਰਹਿਮ ਦੀ ਫਰਿਆਦ ਖੂਨ ਨਾਲ ਭਿੱਜ ਗਈ ਹੈ। ਅਜਿਹੇ ਘਿਣਾਉਣੇ ਮਨੁੱਖੀ ਕਾਰਨਾਮਿਆਂ ਨੇ ਖੈਰ-ਸੁੱਖ ਮੰਗਦੇ ਬੋਲਾਂ ਦੀ ਬਲੀ ਲੈ ਲਈ ਹੈ।

ਇੰਨਾ ਕੁਝ ਹੋਣ ਦੇ ਬਾਵਜੂਦ ਕਦੇ ਕਦੇ ਠੰਡੇ ਬੋਲਾਂ ਦਾ ਬੁੱਲਾ ਤਪਦੇ ਹਿਰਦਿਆਂ ਨੂੰ ਠਾਰ ਜਾਂਦਾ ਹੈ। ਜਦੋਂ ਕਦੇ ਕੋਈ ਖਬਰ ਪੜ੍ਹਨ ਜਾਂ ਸੁਣਨ ਨੂੰ ਮਿਲਦੀ ਹੈ ਕਿ ਕਿਵੇਂ ਮਨੁੱਖ ਨੇ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਦੂਜੇ ਬੰਦੇ ਦੀ ਜਾਨ ਬਚਾਈ; ਜਾਂ ਕੋਈ ਹੋਰ ਬਿਪਤਾ ਦੀ ਘੜੀ ਵਿਚ ਇੱਕ ਧਰਮ ਦੇ ਮਨੁੱਖਾਂ ਨੇ ਦੂਜੇ ਧਰਮ ਦੇ ਲੋਕਾਂ ਦੀ ਮਦਦ ਕੀਤੀ। ਇਹ ਚੰਗੀਆਂ ਗੱਲਾਂ ਮੁਹੱਬਤ ਦਾ ਪੈਗਾਮ ਹੁੰਦੀਆਂ ਹਨ। ਇਹੀ ਭਲੇ ਦੀ ਅਰਦਾਸ ਹੋ ਜਾਂਦੀਆਂ ਹਨ। ਆਮ ਬੰਦੇ ਵਿਚ ਮਨੁੱਖਤਾ ਜਾਗ ਪੈਂਦੀ ਹੈ, ਪਰ ਇਸ ਤਰ੍ਹਾਂ ਦੀ ਵਿਰਲੀ ਟਾਂਵੀ ਚੰਗੀ ਖਬਰ ਨੂੰ ਮੰਦੀਆਂ ਖਬਰਾਂ ਢਕ ਲੈਂਦੀਆਂ ਹਨ। ਮੀਡੀਆ ਵੀ ਸਨਸਨੀਖੇਜ਼ ਖਬਰਾਂ ਨੂੰ ਪਹਿਲ ਦਿੰਦਾ ਹੈ। ਝੂਠੀਆਂ ਤੇ ਮਸਾਲੇਦਾਰ ਘੜੀਆਂ ਖਬਰਾਂ ਸ਼ੱਕ ਦੀ ਬੁਨਿਆਦ ਹੁੰਦੀਆਂ ਹਨ, ਜਿਸ ਨਾਲ ਆਮ ਲੋਕਾਂ ਦੇ ਵਿਸ਼ਵਾਸ਼ ਨੂੰ ਸੱਟ ਵਜਦੀ ਹੈ। ਨੇਤਤਾ ਲਿਆਉਣ ਵਾਲੀ ਕੜੀ ਤਿੜਕ ਜਾਂਦੀ ਹੈ ਤੇ ਦੂਰੀਆਂ ਵਧਾਉਣ ਵਾਲੇ ਰਾਹ ਹੋਰ ਮੋਕਲੇ ਹੋ ਜਾਂਦੇ ਹਨ। ਲੋਕਾਂ ਦਾ ਮੇਲ-ਜੋਲ ਸੱਤਾ ਨੂੰ ਭਾਉਂਦਾ ਨਹੀਂ, ਇਹੀ ਉਹਦੀ ਮਨਸ਼ਾ ਹੁੰਦੀ ਹੈ ਕਿ ਲੋਕਾਂ ਵਿਚ ਪਾੜਾ ਵਧਿਆ ਰਹੇ।

ਅੱਜ ਲੋੜ ਹੈ, ਮਾੜੇ ਮਨਸੂਬਿਆਂ ਦੀ ਬਹੁ ਪਾ ਕੇ ਚੰਗੇ ਵਿਚਾਰਾਂ ਨਾਲ ਇਨ੍ਹਾਂ ਨੂੰ ਪਛਾੜ ਦੇਈਏ। ਆਉ, ਸਾਰੇ ਰਲ ਕੇ ਉਨ੍ਹਾਂ ਸ਼ਬਦਾਂ ਨੂੰ ਢੂੰਡੀਏ, ਜਿਸ ਅਰਦਾਸ ਵਿਚ ਸਾਰੀ ਲੁਕਾਈ ਦੀ ਸੁੱਖ ਹੋਵੇ। ਇੱਕ ਘਰ ਦੂਜੇ ਘਰ ਦਾ ਭਲਾ ਮੰਗੇ। ਐਚ. ਆਰ. ਲੋਵਲ ਇੱਕ ਥਾਂ ਲਿਖਦਾ ਹੈ, "ਸਾਨੂੰ ਆਉਣ ਵਾਲੇ ਸਮੇਂ ਦੀ ਡਿਊਟੀ ਦੇ ਜਿੰਦਰੇ ਨੂੰ ਉਸ ਚਾਬੀ ਨਾਲ ਖੋਲ੍ਹਣ ਦਾ ਯਤਨ ਨਹੀਂ ਕਰਨਾ ਚਾਹੀਦਾ, ਜੋ ਲੰਘੇ ਜ਼ਮਾਨੇ ਵਿਚ ਵਗੇ ਹੋਏ ਲਹੂ ਨਾਲ ਜੰਗਾਲੀ ਗਈ ਹੋਵੇ।"

ਹੁਣ ਲੋੜ ਹੈ, ਨਵੀਂ ਸੋਚ ਦੀ ਇਬਾਰਤ ਨੂੰ ਸਰਬਤ ਦੇ ਭਲੇ ਦੇ ਹਰਫਾਂ ਨਾਲ ਗੁੰਦਣ ਦੀ। ਆਉ, ਈਰਖਾ ਅਤੇ ਦਵੈਤ ਦੇ ਜਿੰਦਰੇ ਨੂੰ ਮੁਹੱਬਤ ਦੀ ਚਾਬੀ ਨਾਲ ਖੋਲ੍ਹੀਏ।

## 27 ਸਾਲ ਪਹਿਲਾਂ ਰਾਹੁਲ ਗਾਂਧੀ

"ਇਤਨੇ ਵਿਚ ਉਸ ਦਾ (ਇੰਦਰਾ ਗਾਂਧੀ) ਦਾ ਦੋ-ਢਾਈ ਸਾਲ ਦਾ ਪੋਤਰਾ ਰਾਹੁਲ ਨਿੱਕੀਆਂ ਨਿੱਕੀਆਂ ਪੁਲਾਂਘਾਂ ਪੁਟਦਾ ਆਇਆ ਤੇ ਗੋਡਿਆਂ ਉਤੇ ਚੜ੍ਹ ਕੇ ਉਸ ਦੀ ਗੋਦੀ ਵਿਚ ਬੈਠ ਗਿਆ। ਆਪਣੇ ਨਿੱਕੇ ਗੁਦਗੁਦੇ ਹੱਥ ਨਾਲ ਉਸ ਨੇ ਮਿਸਿਜ਼ ਗਾਂਧੀ ਦੀ ਸਾੜ੍ਹੀ ਦਾ ਪੱਲੂ ਖਿੱਚਿਆ ਤੇ ਤੋਤਲੀ ਬੋਲੀ ਵਿਚ ਆਖਣ ਲੱਗਾ, "ਦਾਦੀ...ਉਠੋ...ਤਲੋ ਨਾ...!"

ਮਿਸਿਜ਼ ਗਾਂਧੀ ਨੇ ਉਸ ਦੇ ਸਿਰ ਉਤੇ ਥਪਕੀ ਦਿੱਤੀ ਤੇ ਘੁੱਟ ਕੇ ਸੀਨੇ ਨਾਲ ਲਾ ਲਿਆ। ਆਖਣ ਲੱਗੀ, "ਬੁਰਾ ਨਾ ਮਨਾਉਣਾ। ਇਹ ਮੇਰਾ ਬਲੂੰਗੜਾ ਹੈ। "

ਥੋੜ੍ਹੇ ਚਿਰ ਪਿਛੋਂ ਰਾਹੁਲ ਬੋਰ ਹੋ ਗਿਆ ਤੇ ਗੋਦੀ ਵਿਚੋਂ ਉਤਰ ਕੇ ਉਸੇ ਤਰ੍ਹਾਂ ਨਿੱਕੀਆਂ ਨਿੱਕੀਆਂ ਪੁਲਾਂਘਾਂ ਭਰਦਾ ਚਲਾ ਗਿਆ!

**('ਕਾਸ਼ਨੀ ਵਿਹੜਾ', ਸਫਾ 124, ਬਲਵੰਤ ਗਾਰਗੀ, ਸੰਨ 1993)**

*ਪੇਸ਼ਕਸ਼-ਤਰਲੋਚਨ ਸਿੰਘ ਦੁਪਾਲਪੁਰ*



*ਇੰਦਰਾ ਗਾਂਧੀ ਤੇ ਰਾਹੁਲ ਗਾਂਧੀ ਦੀ ਇਕ ਪੁਰਾਣੀ ਤਸਵੀਰ*

## ਲਾਜਵੰਤੀ

*(ਪਿਛਲੇ ਸਫੇ ਦੀ ਬਾਕੀ)*

ਕੇ ਕਿਸੇ ਹੋਰ ਦਾ ਹੋਵੇ!

ਨੇੜੇ ਆਇਆ, ਕਹਿੰਦੀ- ਹੁਣ ਤਾਂ ਤੇਰੇ ਦੋਵੇਂ ਹੱਥ ਖਾਲੀ ਨੇ, ਹੁਣ ਕੀ ਬਹਾਨਾ ਲਾ ਕੇ ਇਨਕਾਰ ਕਰੇਂਗਾ?

ਇਨ੍ਹਾਂ ਅੰਮ੍ਰਿਤ ਬੋਲਾਂ ਤੋਂ ਚੌਂਕ ਕੇ ਲਾਜਵੰਤੀ ਵੱਲ ਦੇਖਿਆ, ਬੁੜਬੁੜਾਇਆ- ਹੁਣ ਬੱਸ ਇੱਕੀ ਕਬੂਤਰ ਘੱਟ ਨੇ।

ਲਾਜਵੰਤੀ ਨੰਗੇ ਮੂੰਹ ਹੱਸੀ- ਘੱਟ ਨੇ ਤਾਂ ਕਰਦਾ ਰਹੀਂ ਪੂਰੇ, ਹੁਣ ਗਾਗਰ ਚੁਕਵਾ।

-ਕੱਲ੍ਹ ਕਿਸ ਨੇ ਚੁਕਵਾਈ ਸੀ?

-ਤੂੰ ਨਾ ਮੰਨਿਆ ਫੇਰ ਔਖੀ ਸੌਖੀ ਨੇ ਗੁੱਸਾ ਖਾ ਕੇ ਆਪੇ ਚੁੱਕੀ।

-ਹੁਣ ਉਹ ਗੁੱਸਾ ਕਿੱਧਰ ਗਿਆ?

-ਅੱਜ ਤਾਂ ਗੁੱਸਾ ਆ ਜਾਵੇ ਤਾਂ ਵੀ ਗਾਗਰ ਨਾ ਉਠੇ।

-ਕਿਉਂ? ਅੱਜ ਕੀ ਹੋ ਗਿਆ?

-ਦਿਸਦਾ ਨੀ ਕੱਲ੍ਹ ਵਾਲੀ ਤੋਂ ਅੱਜ ਵਾਲੀ ਗਾਗਰ ਕਿੰਨੀ ਵੱਡੀ ਐ?

-ਵੱਡੀ ਗਾਗਰ ਕਿਸ ਦੇ ਭਰੋਸੇ ਲੈ ਆਈ?

-ਕਿਸੇ ਭਲੇਮਾਣਸ ਦੇ ਭਰੋਸੇ, ਜਿਸ ਦੇ ਹੱਥਾਂ ਵਿਚ ਅਜੇ ਕਬੂਤਰ ਵੀ ਨਹੀਂ।

ਹਾਂ ਵਿਚ ਸਿਰ ਹਿਲਾਉਂਦਿਆਂ ਕਹਿੰਦਾ- ਮੇਰੇ ਉਪਰ ਏਨਾ ਭਰੋਸਾ ਕੀਤਾ, ਫਿਰ ਤਾਂ ਚੁਕਵਾਉਣੀ ਹੀ ਪਏਗੀ।

ਵਾਕਈ ਉਹ ਅਰਧ ਪਾਗਲ ਗਾਗਰ ਚੁਕਵਾ ਕੇ ਫੌਰਨ ਰਵਾਨਾ ਹੋ ਗਿਆ। ਨਾ ਅੱਗੇ ਗੱਲ ਕੀਤੀ, ਨਾ ਪਿੱਛੇ ਮੁੜ ਕੇ ਵੇਖਿਆ। ਇਸ ਦੀ ਬਜਾਏ ਘੁੰਡ ਦਾ ਭਰਮ ਬਣਿਆ ਰਹਿੰਦਾ, ਚੰਗਾ ਹੁੰਦਾ। ਸ੍ਰਿਸ਼ਟੀ ਰਚਨਾ ਤੋਂ ਲੈ ਕੇ ਅੱਜ ਤੱਕ ਕਿਸੇ ਸੁਹਣੀ ਕੁੜੀ ਦੇ ਜੋਬਨ ਦੀ ਏਨੀ ਬੇਇੱਜ਼ਤੀ ਨਹੀਂ ਹੋਈ ਹੋਣੀ! ਰਸਤੇ ਦੀ ਵਾਟ ਪੂਰੀ ਕਰਨੀ ਔਖੀ ਹੋ ਗਈ।

ਦੂਜੇ ਦਿਨ ਖੁਦ ਕਬੂਤਰਾਂ ਦੇ ਵਾੜੇ ਤੱਕ ਚਲੀ ਗਈ। ਛਾਤੀ ਤੱਕ ਨੀਵਾਂ ਘੁੰਡ ਕੱਢ ਕੇ ਵਾੜੇ ਦਾ ਫਾਟਕ ਖੋਲ੍ਹਿਆ। ਅਜੀਬ, ਅਨੂਠਾ ਨਜ਼ਾਰਾ। ਅਣਗਿਣਤ ਚਿੱਟੇ ਕਬੂਤਰ ਉਸ ਦੇ ਇਰਦ ਗਿਰਦ ਚੋਗਾ ਚੁਗ ਰਹੇ! ਗੁਟਰਗੂੰ ਗੁਟਰਗੂੰ ਦੀ ਅੰਮ੍ਰਿਤ ਬਾਣੀ ਬੋਲਦੇ, ਖੰਭ ਫੜਫੜਾਉਂਦੇ। ਕਦੇ ਸਿਰ 'ਤੇ ਚੜ੍ਹ ਜਾਂਦੇ, ਕਦੇ ਮੋਢਿਆਂ 'ਤੇ ਬੈਠ ਜਾਂਦੇ। ਨੇੜੇ ਚਲੀ ਗਈ, ਕਬੂਤਰਾਂ ਨੂੰ ਕੋਈ ਪਰਵਾਹ ਨਹੀਂ; ਨਾ ਡਰੇ, ਨਾ ਉਡੇ। ਜੁਆਨ ਦੀਆਂ ਅੱਖਾਂ ਵੀ ਕਬੂਤਰਾਂ ਉਤੇ ਜੰਮੀਆਂ ਹੋਈਆਂ। ਕਿਸੇ ਵੱਲ ਤਵੱਜੋ ਦੇਵੇ ਤਾਂ ਕਿਉਂ ਦੇਵੇ?

-ਤੇਰੇ ਕਬੂਤਰਾਂ ਦਾ ਮੇਲਾ ਦੇਖਣ ਆ ਗਈ।

-ਪਹਿਲਾਂ ਆਉਣਾ ਚਾਹੀਦਾ ਸੀ। ਕਬੂਤਰਾਂ ਨਾਲੋਂ ਵੱਧ ਜਹਾਨ ਵਿਚ ਹੋਰ ਹੈ ਈ ਕੀ?

ਸੋਚਣ ਲੱਗੀ, ਘੁੰਡ ਵਿਚੋਂ ਦੀ ਕਬੂਤਰ ਠੀਕ ਦਿਸਦੇ ਵੀ ਤਾਂ ਨਹੀਂ। ਨਾਲੇ ਇਨ੍ਹਾਂ ਮਾਸੂਮਾਂ ਤੋਂ ਕੀ ਸੰਗਣਾ? ਘੁੰਡ ਚੁੱਕ ਦਿੱਤਾ। ਜੁਆਨ ਨਿਰੰਤਰ ਆਪਣੇ ਕਬੂਤਰਾਂ ਨਾਲ ਖੇਡਦਾ ਰਿਹਾ, ਚੋਗਾ ਚੁਗਾਉਂਦਾ ਰਿਹਾ। ਘਰ ਵਾਪਸ ਆਈ ਪਰ ਨਜ਼ਾਰਾ ਖੰਭ ਫੜਫੜਾਉਣੋਂ ਨਾ ਹਟਿਆ। ਰਾਤੀਂ ਸੁਫਨਿਆਂ ਵਿਚ ਵੀ ਕਬੂਤਰ ਉਡਦੇ ਰਹੇ।

ਪਾਣੀ ਭਰਨ ਜਾਂਦੀ ਨੇ ਅਜੇ ਅੱਧਾ ਪੈਂਡਾ ਮੁਕਾਇਆ ਸੀ ਕਿ ਸੁਫਨੇ ਵਾਲਾ ਉਹੀ ਜੁਆਨ ਸਾਹਮਣਿਓਂ ਆਉਂਦਾ ਨਜ਼ਰ ਪਿਆ। ਦੋਵੇਂ ਇੱਕ ਦੂਜੇ ਵੱਲ ਵਧ ਰਹੇ ਸਨ। ਔਰਤ ਦੇ ਸਿਰ 'ਤੇ ਖਾਲੀ ਗਾਗਰ ਤੇ ਜੁਆਨ ਦੇ ਹੱਥਾਂ ਵਿਚ ਦੋ ਕਬੂਤਰ ਪਰ ਅੱਜ ਉਹ ਰਸਤਿਉਂ ਪਰ੍ਹੇ ਨਹੀਂ ਹਟਿਆ, ਟਲਿਆ ਨਹੀਂ। ਲਾਜਵੰਤੀ ਦੇ ਰੋਮ ਰੋਮ ਵਿਚ ਝਰਨਾਟ ਛਿੜ ਗਈ। ਬੇਈਮਾਨ ਦੇ ਮਨ ਵਿਚ ਖੋਟ ਲਗਦੈ! ਸੁੰਨਸਾਨ ਜੰਗਲ...। ਦੂਰ-ਦੂਰ ਤੱਕ ਆਵਾਜ਼ ਸੁਣਨ ਵਾਲਾ ਵੀ ਕੋਈ ਨਹੀਂ...। ਕਰਾਂ ਤਾਂ ਕੀ ਕਰਾਂ!

ਕੁਝ ਕਰਨ ਦੀ ਲੋੜ ਈ ਨਹੀਂ ਪਈ। ਵੀਹ ਕਦਮ ਦੂਰੋਂ ਉਸ ਦੀ ਆਵਾਜ਼ ਸੁਣੀ, ਕਹਿ ਰਿਹਾ ਸੀ- ਬਸ ਦੋ ਕਬੂਤਰ ਘੱਟ ਨੇ। ਕੱਲ੍ਹ ਨੂੰ ਮੇਰਾ ਵਾੜਾ ਪੂਰਾ ਹੋ ਜਾਣੈ।

ਇਸ ਖੁਸ਼ੀ ਵਿਚ ਰਾਹ ਤੋਂ ਪਰੇ ਟਲਣਾ ਭੁੱਲ ਗਿਆ, ਸਿੱਧਾ ਲਾਜਵੰਤੀ ਵੱਲ ਤੁਰਿਆ ਆਇਆ, ਸੋਚਣ ਲੱਗਿਆ- ਪਰ ਮੈਥੋਂ ਕਿਸੇ ਨੂੰ ਡਰਨ ਦੀ ਕੀ ਲੋੜ? ਐਨੇ ਸਾਲ ਕਬੂਤਰਾਂ ਦੀ ਮੁਹੱਬਤ ਐਵੇਂ ਤਾਂ ਨੀ ਕੀਤੀ।

ਮਨ ਵਿਚਲੀ ਬੇਚੈਨੀ ਕੁਝ ਘਟੀ ਤਾਂ ਬੋਲੀ- ਕਬੂਤਰਾਂ ਦੀ ਮੁਹੱਬਤ ਵਿਚ ਕੰਕਰ ਚੁਗਣੇ ਤਾਂ ਨੀ ਸਿੱਖ ਗਿਆ?

ਮਰਦ ਧੀਮੀ ਚਾਲ ਹੋ ਗਿਆ, ਕਹਿੰਦਾ- ਕੋਸ਼ਿਸ਼ ਕੀਤੀ ਸੀ, ਕਾਮਯਾਬੀ ਨੀ ਮਿਲੀ। ਪੇਟ ਫੁੱਲ ਗਿਆ। ਮਰਦਾ ਮਰਦਾ ਮਸਾਂ ਬਚਿਆ।

ਮਨ ਦਾ ਚੋਰ ਭੱਜ ਗਿਆ ਤਾਂ ਲਾਜਵੰਤੀ ਹੌਂਸਲੇ ਵਿਚ ਹੋ ਗਈ। ਘੁੰਡ ਵਿਚੋਂ ਹੱਸਦੀ ਬੋਲੀ- ਕਬੂਤਰ ਤਾਂ ਪਲ ਵਾਸਤੇ ਕਬੂਤਰੀ ਦਾ ਸਾਥ ਨਹੀਂ ਛੱਡਦੇ ਪਰ ਤੂੰ ਹੁਣ ਤੱਕ ਵਿਆਹ ਈ ਨੀ ਕਰਾਇਆ। ਕਿਉਂ...?

ਨਾਗ ਵਰਗੀ ਕਾਲੀ ਦਾੜ੍ਹੀ ਵਿਚੋਂ ਦੁਧੀਆ ਹਾਸਾ ਖਿਲਾਰਦਾ ਕਹਿੰਦਾ- ਕੱਲ੍ਹ ਪ੍ਰਣ ਪੂਰਾ ਹੋ ਜਾਣੈ, ਕਬੂਤਰ ਇੱਕ ਹਜ਼ਾਰ ਹੋ ਜਾਣਗੇ ਨਾ। ਫੇਰ ਇਸ ਬਾਰੇ ਵੀ ਸੋਚ ਲਊਂਗਾ ਪਰ ਸੁਫਨੇ ਵਰਗੀ ਕਬੂਤਰੀ ਮਿਲੇਗੀ ਤਾਂ ਈ ਨਾ। ਬਾਈ ਸਾਲ ਪਹਿਲਾਂ ਮੈਨੂੰ ਸੁਫਨਾ ਆਇਆ ਸੀ। ਕਹਿੰਦੀ ਸੀ, ਹਜ਼ਾਰ ਕਬੂਤਰ ਹੋ ਗਏ, ਮੈਂ ਆਊਂਗੀ।

ਲਾਜਵੰਤੀ ਖਿੜ ਖਿੜਾ ਕੇ ਹਸਦੀ ਬੋਲੀ- ਪਾਗਲ ਦੇ ਸਿਰ ਉਪਰ ਸਿੰਗ ਥੋੜ੍ਹਾ ਹੁੰਦੇ ਨੇ? ਸੁਫਨੇ ਉਪਰ ਭਰੋਸਾ ਕਰ ਕੇ ਉਮਰ ਬਿਤਾ ਦਏਂਗਾ?

ਅਣਦੇਖੀ ਖੁਸ਼ੀ ਨਾਲ ਕਬੂਤਰਬਾਜ਼ ਹੌਸਲੇ ਨਾਲ ਬੋਲਿਆ- ਹਜ਼ਾਰ ਕਬੂਤਰ ਹੋ ਗਏ ਤਾਂ ਵੀ ਕੀ ਮੈਨੂੰ ਸੁਫਨੇ ਵਾਲੀ ਕਬੂਤਰੀ ਨਹੀਂ ਮਿਲੇਗੀ?

ਉਸ ਦੇ ਸਵਾਲ ਦਾ ਜਵਾਬ ਨਾ ਦੇ ਕੇ ਲਾਜਵੰਤੀ ਜਾਂਦੀ ਜਾਂਦੀ ਕਹਿੰਦੀ- ਤੂੰ ਜਾਣੇ, ਤੇਰਾ ਸੁਫਨਾ ਜਾਣੇ। ਮੈਨੂੰ ਤਾਂ ਪਾਣੀ ਭਰਨੋਂ ਦੇਰ ਹੋ ਰਹੀ ਹੈ।

ਤੁਰ ਪਈ। ਪਿੱਛੇ ਮੁੜ ਕੇ ਨਹੀਂ ਦੇਖਿਆ। ਜੁਆਨ ਦੇਰ ਤੱਕ ਖਲੋ ਕੇ ਗੁੱਤ ਨਾਲ ਲਟਕਦੀਆਂ ਰੰਗ-ਬਰੰਗੀਆਂ ਪਰਾਂਦੀਆਂ ਦੇਖਦਾ ਰਿਹਾ।

ਇਸੇ ਥਾਂ 'ਤੇ ਦੂਜੇ ਦਿਨ ਫੇਰ ਮਿਲਾਪ ਹੋਇਆ। ਹੱਥਾਂ ਵਿਚ ਫੜੇ ਦੋਵੇਂ ਕਬੂਤਰ ਘੁੰਡ ਅੱਗੇ ਕਰ ਕੇ ਕਹਿੰਦਾ- ਬਹੁਤ ਖੁਸ਼ ਹਾਂ ਅੱਜ। ਮੇਰੀ ਪ੍ਰਤਿਗਿਆ ਪੂਰੀ ਹੋਈ। ਭੋਲੇ ਕਬੂਤਰ ਮੇਰੇ ਸੁਫਨੇ ਦੀ ਲਾਜ ਰੱਖਣਗੇ।

ਇਹ ਕਹਿ ਕੇ ਉਸ ਨੇ ਲਾਜਵੰਤੀ ਦੇ ਸਿਰ ਉਪਰ ਟਿਕੀ ਖਾਲੀ ਗਾਗਰ ਦੇਖੀ ਹੀ ਸੀ ਕਿ ਗੁੱਸੇ ਵਿਚ ਘੁੰਡ ਚੁਕਦਿਆਂ ਉਚੇ ਸੁਰ ਵਿਚ ਬੋਲੀ- ਭੋਲੇ ਕਬੂਤਰਾਂ ਦੀ ਮੁਹੱਬਤ ਵਿਚ ਤੂੰ ਬਿੱਲੀ ਵਾਲੇ ਗੁਰ ਸਿੱਖੀ ਗਿਆ? ਤੇਰੀਆਂ ਅੱਖਾਂ ਵਿਚਲੀ ਬਦਨੀਤ ਮੈਨੂੰ ਸਾਫ ਦਿਸ ਰਹੀ ਐ! ਸੁੰਨਸਾਨ ਜੰਗਲ ਵਿਚ ਮੇਰੇ ਨਾਲ ਜ਼ਬਰਦਸਤੀ ਕਰਨੀ ਚਾਹੁੰਨੈ?

-ਪਰ ਮੇਰੇ ਤਾਂ ਦੋਵੇਂ ਹੱਥਾਂ ਵਿਚ ਦੋ ਕਬੂਤਰ ਨੇ?

-ਫੇਰ ਕੀ ਹੋਇਆ? ਕਬੂਤਰ ਖਾਲੀ ਗਾਗਰ ਵਿਚ ਰੱਖ ਕੇ ਕੀ ਉਪਰ ਕਲਸ਼ ਦਾ ਢੱਕਣ ਨੀ ਦਿੱਤਾ ਜਾ ਸਕਦਾ?

ਲਾਜਵੰਤੀ ਦੇ ਬੋਲ ਸੁਣ ਕੇ ਜੁਆਨ ਖੁਸ਼ੀ ਨਾਲ ਨੱਚਣ ਲੱਗਾ। ਕਹਿੰਦਾ- ਹੂਬਹੂ ਉਹੀ ਸੁਫਨਾ...। ਮੈਨੂੰ ਅੱਜ ਵਾਂਗ ਯਾਦ ਹੈ! ਓ ਮੇਰੀ ਸੁਫਨੇ ਵਾਲੀ ਕਬੂਤਰੀ, ਤੂੰ ਬਾਈ ਸਾਲ ਬਾਅਦ ਅੱਜ ਦਿਸੀ! ਉਸੇ ਰਾਤ ਤੇਰਾ ਜਨਮ ਹੋਇਆ ਹੋਣਾ। ਹੁਣ ਇਹ ਕਬੂਤਰ ਉਡਦੇ ਨੇ ਤਾਂ ਉਡ ਜਾਣ। ਸਾਰਾ ਆਕਾਸ਼ ਸਾਹਮਣੇ ਪਿਐ।

ਸੰਗ ਨਾਲ ਦੂਹਰੀ ਹੋਈ ਲਾਜਵੰਤੀ ਦੇ ਕੰਨਾਂ ਨੇ ਧੀਮੇ ਧੀਮੇ ਬੋਲ ਸੁਣੇ- ਮੇਰੇ ਸੁਫਨਿਆਂ ਦੀ ਕਬੂਤਰੀਏ, ਕਿੰਨੀ ਦੇਰ ਬਾਅਦ ਆਈ ਤੂੰ...।

ਜਦੋਂ ਗੱਲ੍ਹ ਨਾਲ ਦਾੜ੍ਹੀ ਛੂਹੀ, ਹੋਸ਼ ਹਵਾਸ ਭੁਲਦੀ ਜਾਂਦੀ ਲਾਜਵੰਤੀ ਨੇ ਪੁੱਛਿਆ- ਏਨੇ ਬਰਸ ਜੁਦਾਈ ਕਿਵੇਂ ਸਹੀ?

-ਪਰ ਮੇਰਾ ਸੁਫਨਾ ਪੂਰਾ ਜਦ ਹੋਣਾ ਹੀ ਅੱਜ ਸੀ, ਫਿਰ ਜੁਦਾਈ ਕਿਵੇਂ? ਹੱਥਾਂ ਦੀ ਬੰਦਿਸ਼ ਵਿਚੋਂ ਛੁਟਣ ਸਾਰ ਸਫੈਦ ਖੰਭ ਫੜਫੜਾਉਂਦੇ ਦੋਵੇਂ ਕਬੂਤਰ ਅਜਿਹੇ ਉਡੇ ਕਿ ਉਡਦੇ ਹੀ ਗਏ... ਅਨੰਤ ਅਸਮਾਨ ਜਾਣੇ ਜਾਂ ਉਨ੍ਹਾਂ ਦੇ ਖੰਭ ਜਾਣਨ...!!!

ਕਹਾਣੀ

# ਲੰਗੜੇ ਕਤੂਰੇ

"ਗੈਟ ਅੱਪ ਡੈਨੀ! ਯੂ ਸਲੀਪ ਲਾਈਕ ਏ ਪਿੱਗ। ਸੂਰ ਵਾਂਗਰ ਸੁੱਤਾ ਰਹਿੰਦਾ ਏਂ ਤੂੰ...।" ਚਰਚ ਦੇ ਪਾਦਰੀ ਫਾਦਰ ਵਿਲੀਅਮ ਨੇ ਗੁੱਸੇ ਨਾਲ ਡੈਨੀ ਦਾ ਮੋਢਾ ਝੰਜੋੜਿਆ।

ਡੈਨੀ ਥੋੜਾ ਜਿਹਾ ਹਿਲ-ਜੁਲ ਕੇ ਮੂੰਹ ਦੂਜੇ ਪਾਸੇ ਫੇਰ ਕੇ ਮੁੜ ਸੌਂ ਗਿਆ। ਗੁੱਸੇ ਨਾਲ ਫੁੰਕਾਰਦੇ ਫਾਦਰ ਵਿਲੀਅਮ ਨੇ ਡੈਨੀ ਨੂੰ ਘਸੀਟ ਕੇ ਬਿਸਤਰੇ 'ਚੋਂ ਬਾਹਰ ਵਗਾਹ ਮਾਰਿਆ ਤੇ ਬੁੜਬੁੜਾਉਂਦਾ ਕਮਰੇ 'ਚੋਂ ਬਾਹਰ ਨਿਕਲ ਗਿਆ। ਡੈਨੀ ਅੱਖਾਂ ਮਲਦਾ ਚੁੱਪ-ਚਾਪ ਫਰਸ਼ ਤੋਂ ਉਠਿਆ ਤੇ ਬਾਥਰੂਮ ਵੱਲ ਨੂੰ ਹੋ ਤੁਰਿਆ।

ਹਰ ਐਤਵਾਰ ਸੂਰਜ ਦੀ ਪਹਿਲੀ ਕਿਰਨ ਕਰੀਬ ਇਸੇ ਤਰ੍ਹਾਂ ਹੀ ਡੈਨੀ ਦਾ ਸਵਾਗਤ ਕਰਦੀ। ਹਰ ਐਤਵਾਰ ਡੈਨੀ ਸਵੇਰੇ ਤਿਆਰ ਹੋ ਕੇ ਚਰਚ ਦੇ ਵੱਡੇ ਹਾਲ ਵਿਚ ਜਾ ਬੈਠਦਾ।



**ਅਮਰਜੀਤ ਕੌਰ ਪੰਨੂੰ**
amarjitpannu@sbcglobal.net
Whatsapp 1-510-759-4009

ਲੋਕ ਆਉਣੇ ਸ਼ੁਰੂ ਹੁੰਦੇ, ਇਕ-ਇਕ, ਦੋ-ਦੋ ਕਰਕੇ ਤੇ ਕਈ ਪਰਿਵਾਰਾਂ ਸਮੇਤ ਆਉਂਦੇ। ਅੰਦਰਲੇ ਹਾਲ ਵਿਚ ਸੂਲੀ ਚੜ੍ਹੇ ਜੀਸਸ ਦੇ ਬੁੱਤ ਸਾਹਮਣੇ ਬੈਂਚਾਂ 'ਤੇ ਬੈਠਦੇ ਜਾਂਦੇ। ਕੋਈ ਜੀਸਸ ਦੇ ਬੁੱਤ ਵੱਲ ਵੇਖਦਾ...ਤੇ ਕੋਈ ਬੁੱਤ ਬਣੇ ਬੈਠੇ ਡੈਨੀ ਵੱਲ।

...ਤੇ ਫੇਰ ਫਾਦਰ ਵਿਲੀਅਮ ਹਾਲ ਵਿਚ ਪ੍ਰਵੇਸ਼ ਕਰਦਾ। ਉਸ ਦੇ ਚਿਹਰੇ 'ਤੇ ਕੋਈ ਅਦੁੱਤੀ ਜਲੌ, ਆਵਾਜ਼ ਵਿਚ ਸ਼ਹਿਦ ਜਿਹੀ ਮਿਠਾਸ ਤੇ ਉਸ ਦੇ ਬੋਲਾਂ ਵਿਚ ਨਿਮਰਤਾ ਹੀ ਨਿਮਰਤਾ ਤੇ ਉਹ ਆਖਦਾ, "ਜੀਸਸ ਦੁਨੀਆਂ ਦਾ ਚਾਨਣ ਹੈ।...ਜੀਸਸ ਮਨੁੱਖਤਾ ਦਾ ਰਖਵਾਲਾ ਹੈ।" ਤੇ ਹੋਰ ਕਿੰਨਾ ਕੁਝ ਉਹ ਆਖਦਾ। ਉਸ ਦੀ ਸਪੀਚ ਉਲਝੇ ਹੋਏ ਮਨਾਂ ਨੂੰ ਸੇਧ ਦਿੰਦੀ। ਬੁਝ ਚੁਕੇ ਦਿਲਾਂ ਦੇ ਚਿਰਾਗ ਮੁੜ ਜਗਾ ਦਿੰਦੀ, ਭਟਕੇ ਹੋਇਆਂ ਨੂੰ ਰਾਹੇ ਪਾਉਂਦੀ। ਗਿਰਜੇ ਦਾ ਹਾਲ ਤਾੜੀਆਂ ਨਾਲ ਗੂੰਜ ਉੱਠਦਾ, ਤੇ ਫੇਰ ਉਹ ਡੈਨੀ ਵੱਲ ਇਸ਼ਾਰਾ ਕਰਕੇ ਆਖਦਾ, "ਇਹ ਬੱਚੇ ਗੰਦਗੀ ਦਾ ਕੀੜਾ ਨਹੀਂ, ਇਹ ਮਨੁੱਖਤਾ ਦਾ ਭਵਿੱਖ ਹਨ।" ਇਸ ਤਰ੍ਹਾਂ ਫਿਰ ਮਨੁੱਖਤਾ ਦੇ ਭਵਿੱਖ ਬਾਰੇ ਉਸ ਦਾ ਦੂਜਾ ਲੈਕਚਰ ਸ਼ੁਰੂ ਹੋ ਜਾਂਦਾ।

ਪਰ ਡੈਨੀ ਨੂੰ ਇਹ ਸਾਰਾ ਕੁਝ ਉੱਕਾ ਹੀ ਨਾ ਸੁਣਦਾ। ਉਹ ਇੰਜ ਬੈਠਾ ਰਹਿੰਦਾ, ਜਿਵੇਂ ਸਭ ਕਾਸੇ ਤੋਂ ਦੂਰ ਆਪਣੀ ਇਕ ਵੱਖਰੀ ਹੀ ਦੁਨੀਆਂ ਵਿਚ ਪਹੁੰਚਿਆ ਹੋਇਆ ਹੋਵੇ। ਫਾਦਰ ਵਿਲੀਅਮ ਦੇ ਭਾਸ਼ਨ ਅਤੇ ਲੋਕਾਂ ਦੀਆਂ ਤਾੜੀਆਂ ਦਾ ਉਸ ਉੱਤੇ ਕੋਈ ਅਸਰ ਨਾ ਹੁੰਦਾ। ਲੋਕ ਰੱਜ ਕੇ ਦਾਨ ਦਿੰਦੇ ਤੇ ਚਰਚ ਤੋਂ ਬਾਹਰ ਜਾ ਕੇ ਕੋਈ ਆਖਦਾ, "ਫਾਦਰ ਵਿਲੀਅਮ ਤਾਂ ਆਪ ਮਸੀਹਾ ਹੈ।...ਇਹ ਤਾਂ 'ਰੱਬ ਦਾ ਰੂਪ' ਹੈ।" ਕੋਈ ਆਖਦਾ, "ਇਹ ਮਨੁੱਖਤਾ ਦੇ ਭਵਿੱਖ ਦੇ ਲੇਲਿਆਂ ਦਾ ਚਾਰਵਾਹਾ ਹੈ।"

ਫਾਦਰ ਵਿਲੀਅਮ ਦੇ ਦੋ ਰੂਪ ਸਨ। ਰੂਪ ਤਾਂ ਪਤਾ ਨਹੀਂ ਉਸ ਦੇ ਕਿੰਨੇ ਕੁ ਸਨ, ਪਰ ਡੈਨੀ ਨੂੰ ਉਸ ਦੇ ਦੋ ਹੀ ਰੂਪਾਂ ਦਾ ਪਤਾ ਸੀ-ਚਰਚ ਦੇ ਵੱਡੇ ਹਾਲ ਵਿਚ ਲੋਕਾਂ ਸਾਹਮਣੇ ਲੈਕਚਰ ਦੇਣ ਵਾਲਾ ਰੂਪ ਤੇ ਦੂਜਾ, ਜਦ ਪਤਾ ਨਹੀਂ ਉਸ ਨੂੰ ਜਿਵੇਂ ਕੋਈ ਜਿੰਨ ਚੰਬੜ ਜਾਂਦਾ, ਉਹ ਭੁੱਖੇ ਬਘਿਆੜ ਵਾਂਗ ਡੈਨੀ ਦੀਆਂ ਬੋਟੀਆਂ ਨੋਚਦਾ ਤੇ ਆਪਣੀ ਹਵਸ ਪੂਰੀ ਕਰਦਾ; ਪਰ ਡੈਨੀ ਇਸ ਬਾਰੇ ਕਿਸੇ ਕੋਲ ਧੂੰ ਵੀ ਨਾ ਕੱਢ ਸਕਦਾ।

ਸਕੂਲ ਵਿਚ ਵੀ ਡੈਨੀ ਦਾ ਕੋਈ ਦੋਸਤ ਨਹੀਂ ਸੀ। ਉਹ ਆਪ ਹੀ ਕਿਸੇ ਨਾਲ ਗੱਲ ਨਹੀਂ ਸੀ ਕਰਦਾ। ਉਸ ਨੂੰ ਜਾਪਦਾ, ਜਿਵੇਂ ਕੋਈ ਵੀ ਉਸ ਦਾ ਮਦਦਗਾਰ ਨਹੀਂ ਸੀ। ਸਕੂਲ ਤੋਂ ਛੁੱਟੀ ਹੋਣ ਸਾਰ ਹੀ ਉਹ ਇੱਕ ਲੰਗੜੇ ਕਤੂਰੇ ਵਾਂਗਰ ਲੱਤਾਂ ਘਸੀਟਦਾ ਆਪਣੇ ਕਮਰੇ ਵਿਚ ਚਲੇ ਜਾਂਦਾ। ਅੰਦਰ ਬੈਠਾ ਸਕੂਲ ਦੀ ਲਾਇਬਰੇਰੀ ਵਿਚੋਂ ਲਈਆਂ ਕਿਤਾਬਾਂ ਪੜ੍ਹਦਾ ਰਹਿੰਦਾ ਜਾਂ ਫਿਰ ਚਰਚ ਦੇ ਪਿਛਵਾੜੇ ਵਾਲੇ ਗਾਰਡਨ ਵਿਚ ਸਮਾਂ ਬਤੀਤ ਕਰਦਾ। ਦਸਾਂ ਵਰ੍ਹਿਆਂ ਦੇ ਡੈਨੀ ਦੀ ਦੁਨੀਆਂ ਇਸ ਗਾਰਡਨ ਵਿਚ ਸੀ। ਪੰਛੀ ਉਸ ਦੇ ਦੋਸਤ ਸਨ ਤੇ ਰੁੱਖਾਂ ਨਾਲ ਉਸ ਦੀ ਸਾਂਝ ਸੀ।

ਗਾਰਡਨ ਵਿਚ ਕਿੰਨੀਆਂ ਹੀ ਕਿਸਮਾਂ ਦੇ ਰੁੱਖ ਸਨ। ਕੁਝ ਚੀੜ ਦੇ ਰੁੱਖ, ਕੁਝ ਬਰਚੇ ਦੇ, ਕੁਝ ਪੋਪਲਰ ਅਤੇ ਕੁਝ ਮੇਪਲ ਦੇ ਰੁੱਖ। ਰੁੱਖਾਂ ਦੀਆਂ ਟਾਹਣੀਆਂ ਨੂੰ ਡੈਨੀ ਪਲੋਸਦਾ, ਰੁੱਖਾਂ ਦੇ ਪੱਤਿਆਂ ਨੂੰ ਉਹ ਨੀਝ ਲਾ ਕੇ ਵੇਖਦਾ। ਹਵਾ ਨਾਲ ਹਿੱਲਦੇ ਰੁੱਖਾਂ ਵੱਲ ਵੇਖ ਕੇ ਉਹ ਝੂਮ ਉੱਠਦਾ ਤੇ ਉਸ ਦਾ ਨਿੱਕਾ ਜਿਹਾ ਆਪਾ ਇਸ ਸੁਹਾਣੀ ਕੁਦਰਤ ਨਾਲ ਇੱਕ-ਮਿੱਕ ਹੋ ਜਾਂਦਾ।

ਗਾਰਡਨ ਦੀ ਖੱਬੀ ਨੁੱਕਰ ਲਾਗੇ ਇੱਕ ਵਿੱਲੋ ਦਾ ਰੁੱਖ ਸੀ, ਜੋ ਸਭ ਤੋਂ ਪਰੇ ਕਰਕੇ ਇਕੱਲਾ ਹੀ ਉੱਗਿਆ ਹੋਇਆ ਸੀ। ਇਸ ਰੁੱਖ ਦੀਆਂ ਬਾਰੀਕ ਬਾਰੀਕ ਟਾਹਣੀਆਂ ਆਪਣੇ ਨਿੱਕੇ-ਨਿੱਕੇ ਪੱਤਿਆਂ ਦਾ ਭਾਰ ਨਾ ਸਹਿੰਦੀਆਂ ਹੇਠਾਂ ਵੱਲ ਨੂੰ ਝੁਕੀਆਂ ਹੋਈਆਂ ਸਨ, ਜਿਵੇਂ ਮੁੜ ਧਰਤੀ ਵਿਚ ਧਸ ਜਾਣਾ ਚਾਹੁੰਦੀਆਂ ਹੋਣ। ਲੋਕ ਇਸ ਰੁੱਖ ਨੂੰ 'ਵੀਪਿੰਗ ਵਿੱਲੋ' ਆਖਦੇ ਹਨ, ਪਰ ਡੈਨੀ ਨੂੰ ਇਸ ਰੁੱਖ ਕੋਲੋਂ ਜਿਵੇਂ ਕੋਈ ਨਿੱਘ ਜਿਹਾ ਮਿਲਦਾ। ਪਤਾ ਨਹੀਂ ਕਿਉਂ, ਇਹ ਰੁੱਖ ਉਸ ਨੂੰ ਆਪਣੀ ਮਾਂ ਦਾ ਭੁਲੇਖਾ ਪਾਉਂਦਾ!

ਕਿੰਨੀ ਅਜੀਬ ਸੀ ਉਸ ਦੀ ਮਾਂ। ਕਦੇ ਤਾਂ ਡੈਨੀ ਨੂੰ ਆਪਣੀ ਛਾਤੀ ਨਾਲ ਇੰਜ ਘੁਟਦੀ, ਜਿਵੇਂ ਡੈਨੀ ਨੂੰ ਉਸ ਕੋਲੋਂ ਕੋਈ ਖੋਹ ਰਿਹਾ ਹੋਵੇ, ਪਰ ਅਗਲੇ ਹੀ ਪਲ ਪਤਾ ਨਹੀਂ ਉਸ ਨੂੰ ਕੀ ਹੋ ਜਾਂਦਾ ਤੇ ਉਹ ਡੈਨੀ ਨੂੰ ਇਕਦਮ ਪਰੇ ਧੱਕ ਦਿੰਦੀ, ਜਿਵੇਂ ਕਿਸੇ ਨੇ ਭਖਦਾ ਅੰਗਿਆਰ ਉਸ ਦੀ ਬੁੱਕਲ ਵਿਚ ਧਰ ਦਿੱਤਾ ਹੋਵੇ ਤੇ ਉਹ ਢਿੱਲੀਆਂ ਜਿਹੀਆਂ ਲੱਤਾਂ ਵਾਲੇ ਡਿੱਕੋ-ਡੋਲੇ ਖਾਂਦੇ ਮੇਜ 'ਤੇ ਸਿਰ ਸੁੱਟ ਕੇ ਪੈ ਜਾਂਦੀ। ਕਦੇ ਜ਼ਾਰੋ-ਜ਼ਾਰ ਰੋਂਦੀ ਤੇ ਕਦੇ ਬੇਸੁੱਧ ਹੋਈ ਪਈ ਰਹਿੰਦੀ। ਉਸ ਦੇ ਵਾਲ ਉਸ ਦੇ ਮੂੰਹ ਅੱਗੇ ਆ ਪੈਂਦੇ ਤੇ ਉਸ ਦਾ ਚਿਹਰਾ ਕੱਜ ਲੈਂਦੇ। ਡੈਨੀ ਬਿਟ-ਬਿਟ ਉਸ ਵਲ ਝਾਕਦਾ ਕਦੇ ਸਹਿਮ ਕੇ ਬੈਠਾ ਰਹਿੰਦਾ ਅਤੇ ਕਦੇ ਉੱਠ ਕੇ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਉਸ ਦੇ ਚਿਹਰੇ ਤੋਂ ਵਾਲ ਹਟਾਉਂਦਾ ਤੇ ਉਸ ਦੇ ਅੱਥਰੂ ਪੂੰਝਦਾ। ਉਹ ਫਿਰ ਡੈਨੀ ਨੂੰ ਛਾਤੀ ਨਾਲ ਲਾ ਲੈਂਦੀ। ਉਸ ਦਾ ਮੱਥਾ ਚੁੰਮਦੀ, ਉਸ ਦੀਆਂ ਅੱਖਾਂ ਚੁੰਮਦੀ ਤੇ ਉਸ ਦੇ ਨਿੱਕੇ-ਨਿੱਕੇ ਹੱਥ ਕਦੇ ਆਪਣੀਆਂ ਅੱਖਾਂ ਨਾਲ ਛੁਹਾਉਂਦੀ ਤੇ ਕਦੇ ਆਪਣੇ ਬੁੱਲਾਂ ਨਾਲ।

ਡੈਨੀ ਨੂੰ ਜਾਪਦਾ ਜਿਵੇਂ ਗਾਰਡਨ ਵਿਚਲੇ ਵਿੱਲੋ ਰੁੱਖ ਦੀਆਂ ਪਤਲੀਆਂ ਪਤਲੀਆਂ ਟਾਹਣੀਆਂ ਉਸ ਦੀ ਮਾਂ ਵਾਂਗ ਸਿਰ ਸੁੱਟੀ ਰੋ ਰਹੀਆਂ ਹੋਣ। ਉਹ ਹੇਠਾਂ ਲਟਕਦੀਆਂ ਟਾਹਣੀਆਂ ਪਰੇ ਹਟਾਉਂਦਾ, ਜਿਵੇਂ ਆਪਣੀ ਰੋ ਰਹੀ ਮਾਂ ਦੇ ਚਿਹਰੇ ਤੋਂ ਵਾਲ ਹਟਾ ਰਿਹਾ ਹੋਵੇ, ਤੇ ਕੁਝ ਪਲਾਂ ਲਈ ਉਹ ਰੁੱਖ ਦੇ ਅੰਦਰ ਸਮਾ ਜਾਂਦਾ, ਕੁਝ ਪਲਾਂ ਲਈ ਉਹ ਫਾਦਰ ਵਿਲੀਅਮ ਦੀ ਦੁਨੀਆਂ ਤੋਂ ਅਲੋਪ ਹੋ ਜਾਂਦਾ।

ਪਰ ਫਿਰ ਉਸ ਨੂੰ ਆਪਣੀ ਮਾਂ ਦਾ ਉਹ ਰੂਪ ਯਾਦ ਆਉਂਦਾ, ਜਦ ਕਿਸੇ ਕਿਸੇ ਦਿਨ ਉਹ ਦੁਪਹਿਰ ਹੀ ਸ਼ਰਾਬ ਦੀ ਬੋਤਲ ਖੋਲ੍ਹ ਬੈਠਦੀ। ਸਾਰਾ ਦਿਨ ਪੀਂਦੀ ਤੇ ਨਾਲੇ ਆਪਣੇ ਬਾਪ ਨੂੰ ਗਾਲ੍ਹਾਂ ਕੱਢਦੀ। ਉਸ ਦਿਨ ਉਹ ਆਪਣੀ ਮਾਂ ਕੋਲੋਂ ਡਰਦਾ ਇੱਕ ਖੂੰਜੇ ਵਿਚ ਬੈਠਾ ਰਹਿੰਦਾ, ਪਰ ਅਗਲੇ ਦਿਨ ਫੇਰ ਉਹ ਡੈਨੀ ਨੂੰ ਆਪਣੀ ਹਿੱਕ ਨਾਲ ਘੁੱਟ ਲੈਂਦੀ ਤੇ ਉਸ ਦੇ ਹੱਥ ਚੁੰਮਦੀ।

ਫਿਰ ਇੱਕ ਆਦਮੀ ਰਹਿਣ ਲੱਗ ਪਿਆ ਸੀ ਉਨ੍ਹਾਂ ਦੇ ਘਰ। ਉਸ ਦੇ ਡੌਲਿਆਂ ਅਤੇ ਛਾਤੀ ਉੱਤੇ ਕਈ ਕਿਸਮਾਂ ਦੇ ਡਰਾਉਣੇ 'ਟੈਟੂ' ਉੱਕਰੇ ਹੋਏ ਸਨ। ਉਸ ਦੀਆਂ ਅੱਖਾਂ ਵਿਚ ਉੱਭਰੇ ਹੋਏ ਲਾਲ ਡੋਰੇ ਤੇ ਵੱਡੀਆਂ ਵੱਡੀਆਂ ਕੱਕੀਆਂ ਮੁੱਛਾਂ ਵੱਲ ਵੇਖ ਕੇ ਡੈਨੀ ਭੈਅ ਨਾਲ 'ਕੱਠਾ ਜਿਹਾ ਹੋ ਜਾਂਦਾ। ਉਹ ਆਦਮੀ ਸ਼ਰਾਬ ਦੀਆਂ ਬੋਤਲਾਂ ਤੇ ਹੋਰ ਕਿੰਨਾ ਨਿੱਕ-ਸੁੱਕ ਜਿਹਾ ਨਿੱਕੀਆਂ ਨਿੱਕੀਆਂ ਪੁੜੀਆਂ ਵਿਚ ਲੈ ਕੇ ਆਉਂਦਾ। ਕਈ ਵਾਰ ਤਾਂ ਆਉਂਦਿਆਂ ਹੀ ਉਸ ਦੀ ਮਾਂ ਨੂੰ ਏਨੇ ਜ਼ੋਰ ਨਾਲ ਗਲਵੱਕੜੀ ਵਿਚ ਘੁੱਟਦਾ ਕਿ ਉਸ ਦਾ ਸਾਹ ਬੰਦ ਹੋਣ ਤੱਕ ਚਲਾ ਜਾਂਦਾ ਤੇ ਕਈ ਵਾਰ ਸ਼ਰਾਬ ਪੀ ਕੇ ਉਸ ਦੀ ਮਾਂ ਨੂੰ ਲੱਤਾਂ, ਮੁੱਕਿਆਂ ਨਾਲ ਕੁੱਟਦਾ। ਡੈਨੀ ਆਪਣੀਆਂ ਨਿੱਕੀਆਂ ਨਿੱਕੀਆਂ ਮੁੱਕੀਆਂ ਨਾਲ ਉਸ ਨੂੰ ਪਰੇ ਧੱਕਣ ਦਾ ਯਤਨ ਕਰਦਾ, ਪਰ ਉਹ ਤਾਂ ਹੱਟੇ-ਕੱਟੇ ਦੈਂਤ ਜਿਹਾ ਸੀ। ਫਿਰ ਇਕ ਦਿਨ ਝਟਕੇ ਨਾਲ ਉਸ ਡੈਨੀ ਨੂੰ ਪਰ੍ਹਾਂ ਵਗਾਹ ਮਾਰਿਆ। ਡੈਨੀ ਦਾ ਸਿਰ ਮੇਜ਼ ਦੀ ਨੁੱਕਰ ਵਿਚ ਵੱਜਣ ਨਾਲ ਸਭ ਪਾਸੇ ਚੁੱਪ ਤੇ ਹਨੇਰਾ ਛਾ ਗਿਆ।

ਜਦ ਡੈਨੀ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਇੱਕ ਪਿਆਰੇ ਜਿਹੇ ਮੂੰਹ ਵਾਲੀ ਨਰਸ ਉਸ ਕੋਲ ਬੈਠੀ ਸੀ। ਡੈਨੀ ਜਿਵੇਂ ਨੀਂਦ ਤੋਂ ਜਾਗਿਆ ਹੋਵੇ, ਪਰ ਉਸ ਦੇ ਸਿਰ ਵਿਚ ਚੀਸਾਂ ਪੈ ਰਹੀਆਂ ਸਨ।

ਨਰਸ ਨੇ ਡੈਨੀ ਦਾ ਸਿਰ ਪਲੋਸ ਕੇ ਆਖਿਆ, "ਡੈਨੀ ਡਰਨ ਦੀ ਲੋੜ ਨਹੀਂ, ਇਥੇ ਹੁਣ ਤੈਨੂੰ ਕੋਈ ਖਤਰਾ ਨਹੀਂ।"

ਡੈਨੀ ਨੇ ਆਪਣੀ ਮਾਂ ਬਾਰੇ ਪੁੱਛਣਾ ਚਾਹਿਆ, ਪਰ ਉਹ ਬੋਲ ਨਾ ਸਕਿਆ ਤੇ ਬਿਸਤਰੇ 'ਤੇ ਪਿਆ ਆਪਣੀ ਮਾਂ ਨੂੰ ਉਡੀਕਣ ਲੱਗਾ, ਉਹ ਨਾ ਆਈ। ਤੇ ਕੁਝ ਦਿਨਾਂ ਪਿਛੋਂ ਫਾਦਰ ਵਿਲੀਅਮ ਡੈਨੀ ਨੂੰ ਹਸਪਤਾਲ 'ਚੋਂ ਇਸ ਚਰਚ ਵਿਚ ਲੈ ਆਇਆ ਤੇ ਹੁਣ ਦੋ ਸਾਲ ਹੋ ਗਏ ਸਨ, ਡੈਨੀ ਨੂੰ ਇਸ ਪਾਦਰੀ ਕੋਲ ਰਹਿੰਦਿਆਂ।

ਸ਼ੁਰੂ ਵਿਚ ਜਦ ਉਸ ਨੇ ਪਾਦਰੀ ਨੂੰ ਆਪਣੀ ਮਾਂ ਬਾਰੇ ਪੁੱਛਿਆ ਉਹ ਕਹਿਣ ਲੱਗਾ, "ਯੋਅਰ ਮਦਰ? ਜੇਲ੍ਹ ਵਿਚ ਹੈ ਤੇਰੀ ਬਿੱਚ ਮਾਂ, ਗਲਤ ਕੰਮਾਂ ਕਰਕੇ; ਪਰ ਤੂੰ ਹੁਣ ਇਥੇ ਹੀ ਰਹੇਂਗਾ, ਮੇਰੇ ਕੋਲ।"

ਡੈਨੀ ਗੁੱਸੇ ਵਿਚ ਚੀਕਿਆ, "ਸ਼ੀ ਇਜ਼ ਨਾਟ ਏ ਬਿੱਚ!" ਪਰ ਫਾਦਰ ਵਿਲੀਅਮ ਦੀਆਂ ਅੱਖਾਂ ਵਿਚ ਅੰਗਿਆਰੇ ਵੇਖ ਕੇ ਚੁੱਪ ਹੋ ਗਿਆ? ਉਸ ਦਿਨ ਪਿਛੋਂ ਉਸ ਨੇ ਕਦੇ ਆਪਣੀ ਮਾਂ ਬਾਰੇ ਨਾ ਪੁੱਛਿਆ, ਪਰ ਧਿਆਨ ਉਸ ਦਾ ਹਮੇਸ਼ਾ ਆਪਣੀ ਮਾਂ ਵੱਲ ਰਹਿੰਦਾ। ਉਸ ਦਾ ਮਾਸੂਮ ਦਿਲ ਇਹ ਸਮਝਣ ਵਿਚ ਅਸਮਰਥ ਸੀ ਕਿ ਕਿਉਂ ਲੋਕ ਉਸ ਦੀ ਮਾਂ ਨੂੰ ਏਨੀ ਬੁਰੀ ਆਖਦੇ ਸਨ ਤੇ ਕਿਉਂ ਫਾਦਰ ਵਿਲੀਅਮ ਨੂੰ ਏਨਾ ਚੰਗਾ? ਕਿਉਂ ਉਸ ਦੀ ਮਾਂ ਨੂੰ ਜੇਲ੍ਹ ਵਿਚ ਤਾੜਿਆ ਗਿਆ ਤੇ ਕਿਉਂ ਫਾਦਰ ਵਿਲੀਅਮ ਨੂੰ ਲੋਕ ਪੂਜਦੇ ਹਨ?

ਚਰਚ ਵਿਚ ਰਹਿੰਦਿਆਂ ਡੈਨੀ ਦੇ ਕੰਨਾਂ ਨੇ ਵਾਰ ਵਾਰ ਸੁਣਿਆ ਹੋਇਆ ਸੀ, "ਜੀਸਸ ਪਿਆਰ ਹੈ...ਜੀਸਸ ਰਖਵਾਲਾ ਹੈ।" ਪਰ ਉਸ ਨੂੰ ਸਮਝ ਨਾ ਪੈਂਦੀ ਕਿ ਬਾਹਰਲੇ ਹਾਲ ਵਿਚ ਗਿਰਜ਼ੇ ਦੀ ਤਿਕੋਨੀ ਛੱਤ ਨੂੰ ਛੂੰਹਦਾ, ਉਤਾਂਹ ਨੂੰ ਬਾਹਾਂ ਫੈਲਾਈ ਜੀਸਸ ਦਾ ਸੰਗਮਰਮਰੀ ਬੁੱਤ ਅਤੇ ਅੰਦਰਲੇ ਹਾਲ ਵਿਚ ਸੂਲੀ ਟੰਗਿਆ ਜੀਸਸ, ਜਿਸ ਦਾ ਸਿਰ ਇੱਕ ਪਾਸੇ ਨੂੰ ਲਟਕਿਆ ਹੋਇਆ



ਸੀ, ਕਿਵੇਂ ਕਿਸੇ ਦਾ ਰਖਵਾਲਾ ਹੋ ਸਕਦਾ ਹੈ? ਕਿਵੇਂ ਉਹ ਡੈਨੀ ਨੂੰ ਫਾਦਰ ਵਿਲੀਅਮ ਦੀਆਂ ਨਹੁੰਦਰਾਂ ਤੋਂ ਬਚਾ ਸਕਦਾ ਹੈ? ਉਸ ਨੂੰ ਜਿੰਨਾ ਗੁੱਸਾ ਫਾਦਰ ਵਿਲੀਅਮ 'ਤੇ ਆਉਂਦਾ, ਓਨਾ ਹੀ ਜੀਸਸ ਉੱਤੇ ਵੀ। ਇਸੇ ਕਰਕੇ ਇਕ ਦਿਨ ਉਸ ਨੇ ਬਾਹਰਲੇ ਹਾਲ ਵਿਚ ਖੜ੍ਹੇ ਜੀਸਸ ਦੇ ਪੈਰ ਉੱਤੋਂ ਇਕ ਚਿੱਪਰ ਲਾਹ ਸੁੱਟੀ। ਫਾਦਰ ਵਿਲੀਅਮ ਨੇ ਉਸ ਨੂੰ ਠੁੱਡਾਂ ਨਾਲ ਮਾਰਿਆ ਸੀ ਤੇ ਉਹ ਰੋਂਦਾ ਰੋਂਦਾ ਉਸ ਰਾਤ ਭੁੰਜੇ ਹੀ ਸੌਂ ਗਿਆ।

ਉਸ ਰਾਤ ਡੈਨੀ ਨੂੰ ਸੁਪਨਾ ਆਇਆ ਕਿ ਉਸ ਦੀ ਪਿੱਠ ਵਿਚੋਂ ਨਿੱਕੀਆਂ ਨਿੱਕੀਆਂ ਸੁੰਡੀਆਂ ਨਿਕਲ ਕੇ ਉਸ ਦੇ ਪਿੰਡੇ ਅਤੇ ਢਿੱਡ ਉਤੋਂ ਦੀ ਰੀਂਗਦੀਆਂ ਉਸ ਦੇ ਕੰਨਾਂ ਵਿਚ ਵੜ ਰਹੀਆਂ ਸਨ। ਸੁੰਡੀਆਂ ਉਸ ਦੇ ਮੂੰਹ, ਅੱਖਾਂ ਤੇ ਨੱਕ ਵਿਚ ਵੜਨ ਲੱਗੀਆਂ। ਡੈਨੀ ਨੇ ਚੀਖਣਾ ਚਾਹਿਆ, ਪਰ ਉਸ ਦੀ ਆਵਾਜ਼ ਨਾ ਨਿਕਲੀ। ਉਸ ਹੱਥਾਂ ਨਾਲ ਸੁੰਡੀਆਂ ਨੂੰ ਝਾੜਨਾ ਚਾਹਿਆ, ਪਰ ਉਸ ਦੀਆਂ ਬਾਹਾਂ ਪੱਥਰ ਵਾਂਗ ਪਈਆਂ ਰਹੀਆਂ ਤੇ ਪਰੇ ਖਲੋਤਾ ਪਾਦਰੀ ਮੁਸਕੜੀਏਂ ਹੱਸ ਰਿਹਾ ਸੀ।

ਅਚਾਨਕ ਸਾਰਾ ਕਮਰਾ ਇੱਕ ਵਚਿੱਤਰ ਚਾਨਣ ਨਾਲ ਭਰ ਗਿਆ। ਫਾਦਰ ਵਿਲੀਅਮ ਕਮਰੇ 'ਚੋਂ ਭੱਜਣ ਲਈ ਆਪਣੀਆਂ ਟੁੱਟੀਆਂ ਲੱਤਾਂ ਘਸੀਟਣ ਲੱਗਾ। ਜਦ ਡੈਨੀ ਦਾ ਧਿਆਨ ਪਾਦਰੀ ਤੋਂ ਪਰੇ ਹਟਿਆ ਤਾਂ ਕੋਈ ਝੁਕ ਕੇ ਉਸ ਦੇ ਵਾਲਾਂ ਨੂੰ ਪਲੋਸ ਰਿਹਾ ਸੀ। ਉਸ ਦੇ ਚਿਹਰੇ 'ਤੇ ਨਿੱਘੀ ਜਿਹੀ ਮੁਸਕਾਨ ਤੇ ਅੱਖਾਂ ਵਿਚ ਪਿਆਰ ਹੀ ਪਿਆਰ, ਉਸ ਦੀ ਦਾਹੜੀ ਡੈਨੀ ਦੇ ਪਿੰਡੇ ਨੂੰ ਛੂਹ ਰਹੀ ਸੀ। ਇਹ ਚਿਹਰਾ ਬਾਹਰਲੇ ਹਾਲ ਵਿਚ ਖੜੇ ਜੀਸਸ ਜਿਹਾ ਸੀ ਤੇ ਉਸ ਮਾਂ ਵਾਂਗ ਘੁੱਟ ਕੇ ਡੈਨੀ ਨੂੰ ਆਪਣੀ ਛਾਤੀ ਨਾਲ ਲਾ ਲਿਆ।

ਉਸ ਦਿਨ ਤੋਂ ਬਾਅਦ ਡੈਨੀ ਨੂੰ ਫਾਦਰ ਵਿਲੀਅਮ ਕੋਲੋਂ ਉੱਕਾ ਹੀ ਡਰ ਨਾ ਲਗਦਾ ਤੇ ਉਹ ਵੀ ਜਿਵੇਂ ਡੈਨੀ ਕੋਲੋਂ ਝਿਜਕਣ ਲੱਗ ਪਿਆ ਸੀ। ਕੁਝ ਚਿਰ ਪਿੱਛੋਂ ਫਾਦਰ ਵਿਲੀਅਮ ਪੀਟਰ ਨੂੰ ਲੈ ਆਇਆ ਸੀ, ਜੋ ਡੈਨੀ ਤੋਂ ਦੋ ਕੁ ਸਾਲ ਛੋਟਾ ਸੀ। ਬਹੁਤ ਵਾਰੀ ਪੀਟਰ ਦੀਆਂ ਅੱਖਾਂ ਸਵੇਰ ਨੂੰ ਸੁੱਜੀਆਂ ਹੁੰਦੀਆਂ ਤੇ ਕਈ ਵਾਰੀ ਉਸ ਲਈ ਤੁਰਨਾ ਵੀ ਔਖਾ ਹੁੰਦਾ। ਡੈਨੀ ਨੂੰ ਸਮਝ ਨਾ ਪੈਂਦੀ ਕਿ ਉਹ ਕਿਵੇਂ ਪੀਟਰ ਨੂੰ ਫਾਦਰ ਵਿਲੀਅਮ ਦੀ ਹਵਸ ਤੋਂ ਬਚਾਵੇ।

ਇਕ ਐਤਵਾਰ ਪੀਟਰ ਦਾ ਪਿੰਡਾ ਭੱਠੇ ਵਾਂਗਰ ਤਪ ਰਿਹਾ ਸੀ ਤੇ ਡੈਨੀ ਇਕੱਲਾ ਹੀ ਹਾਲ ਵਿਚ ਆਇਆ। ਜਿਉਂ ਹੀ ਫਾਦਰ ਵਿਲੀਅਮ ਨੇ ਲੋਕਾਂ ਸਾਹਮਣੇ ਆਪਣੀ ਮਾਖਿਓਂ ਮਿੱਠੀ ਆਵਾਜ਼ ਵਿਚ ਸਪੀਚ ਸ਼ੁਰੂ ਕੀਤੀ, ਮਾੜੂਆ ਜਿਹਾ ਡੈਨੀ ਉੱਡ ਕੇ ਫਾਦਰ ਵਿਲੀਅਮ 'ਤੇ ਝਪਟ ਪਿਆ, "ਯੂ ਸੰਨ ਆਫ ਏ ਬਿੱਚ, ਆਈ ਵਿਲ ਕਿੱਲ ਯੂ। ਅੱਜ ਤੇਰੀ ਮੌਤ ਆ ਗਈ ਏ, ਕੁੱਤੇ...।" ਡੈਨੀ ਚੰਘਾੜਿਆ ਤੇ ਦੰਦੀਆਂ ਨਾਲ ਉਸ ਦਾ ਚੋਲਾ ਲੀਰੋ-ਲੀਰ ਕਰ ਸੁੱਟਿਆ। ਪਤਾ ਨਹੀਂ ਕਿੱਥੋਂ ਸੁਕੜੇ ਜਿਹੇ ਡੈਨੀ ਵਿਚ ਲੋਹੜੇ ਦਾ ਜ਼ੋਰ ਆ ਗਿਆ ਕਿ ਜੇ ਲੋਕਾਂ ਦਾ ਪੂਰਾ ਟੋਲਾ ਉਸ ਨੂੰ ਤੋੜ ਕੇ ਵੱਖ ਨਾ ਕਰਦਾ ਤਾਂ ਉਹ ਖੌਰੇ ਫਾਦਰ ਵਿਲੀਅਮ ਨੂੰ ਖਾ ਹੀ ਜਾਂਦਾ। ਪਾਦਰੀ ਭਵੰਤਰਿਆ ਜਿਹਾ ਦੌੜ ਕੇ ਹਾਲ ਵਿਚੋਂ ਬਾਹਰ ਚਲਾ ਗਿਆ। ਲੋਕ ਮੂੰਹ ਵਿਚ ਉਂਗਲਾਂ ਪਾਈ ਖੜ੍ਹੇ ਕੋਈ ਡੈਨੀ ਨੂੰ 'ਗੰਦਗੀ ਦਾ ਕੀੜਾ' ਆਖੇ ਤੇ ਕੋਈ 'ਪਾਪ ਦੀ ਔਲਾਦ' ਆਖੇ ਅਤੇ ਕੋਈ ਫਾਦਰ ਵਿਲੀਅਮ ਦੀਆਂ ਚੰਗਿਆਈਆਂ ਨੂੰ ਦੁਹਰਾਈ ਜਾਵੇ।

ਉਸੇ ਦਿਨ ਹੀ ਡੈਨੀ ਪਾਦਰੀ ਦੀ ਜੇਲ੍ਹ 'ਚੋਂ ਛੁੱਟ ਕੇ 'ਜੁਵਿਨਾਇਲ ਹੋਮ' ਜਾਂ ਬੱਚਿਆਂ ਦੀ ਜੇਲ੍ਹ ਵਿਚ ਪਹੁੰਚ ਗਿਆ। ਇਸ ਜੇਲ੍ਹ ਵਿਚ ਕਈ ਮੁੰਡੇ ਉਸ ਤੋਂ ਵੱਡੇ ਤੇ ਕਈ ਛੋਟੇ। ਕਈਆਂ ਨੇ ਦਿਨ ਦਿਹਾੜੇ ਡਾਕੇ ਮਾਰੇ ਸਨ, ਕਈਆਂ ਨੇ ਰਾਹ ਜਾਂਦਿਆਂ ਨੂੰ ਲੁੱਟਿਆ ਸੀ ਅਤੇ ਕਈਆਂ ਨੇ ਨਿੱਕੀਆਂ ਨਿੱਕੀਆਂ ਕੁੜੀਆਂ ਤੇ ਕਮਜ਼ੋਰ ਬੁਢੜੀਆਂ ਨੂੰ ਪਲੀਤ ਕੀਤਾ ਸੀ।

ਡੈਨੀ ਦਾ ਪਾਪ ਵੀ ਕੋਈ ਘੱਟ ਨਹੀਂ ਸੀ। ਉਸ ਨੇ 'ਰੱਬ ਦੇ ਰੂਪ' ਪਾਦਰੀ 'ਤੇ ਹਮਲਾ ਕੀਤਾ ਸੀ। ਇਥੇ ਇਨ੍ਹਾਂ ਸਾਰੇ 'ਗੁਨਾਹਗਾਰ' ਬੱਚਿਆਂ ਤੋਂ ਸਖਤ ਕੰਮ ਲਿਆ ਜਾਂਦਾ ਤੇ ਪੜ੍ਹਨ ਲਈ ਕਲਾਸਾਂ ਵੀ ਲਗਦੀਆਂ। ਜੇਲ੍ਹ ਵਿਚ ਤਾੜੇ ਬਹੁਤ ਸਾਰੇ ਬੱਚਿਆਂ ਨਾਲ ਵੀ ਉਹੋ ਕੁਝ ਹੁੰਦਾ, ਜੋ ਗਿਰਜੇ ਵਿਚ ਤਾੜੇ ਬੱਚਿਆਂ ਨਾਲ। ਇਥੇ ਜੇਲ੍ਹ ਦੇ ਕਰਮਚਾਰੀ ਤੇ ਉੱਥੇ ਗਿਰਜੇ ਦਾ ਪਾਦਰੀ। ਕੰਮ ਕਰਦਿਆਂ ਤੇ ਪੜ੍ਹਦਿਆਂ ਡੈਨੀ ਦੇ ਅੱਠ ਨੌਂ ਵਰ੍ਹੇ ਲੰਘ ਗਏ ਤੇ ਫਿਰ ਉਸ ਨੂੰ ਜੇਲ੍ਹ ਦੇ ਬਾਹਰ ਦੀ ਅਣਜਾਣੀ ਦੁਨੀਆਂ ਵਿਚ ਖੁੱਲ੍ਹਾ ਛੱਡ ਦਿੱਤਾ ਗਿਆ। ਉਸ ਨੂੰ ਜੇਲ੍ਹ ਦੇ ਬਾਹਰ ਦੀ ਦੁਨੀਆਂ ਤੋਂ ਜੇਲ੍ਹ ਦੇ ਅੰਦਰ ਦੀ ਦੁਨੀਆਂ ਨਾਲੋਂ ਵੀ ਵੱਧ ਡਰ ਲਗਦਾ। ਉਹ ਰਾਤ ਵੇਲੇ ਕੰਮ ਕਰਦਾ ਤੇ ਦਿਨ ਵੇਲੇ ਪੜ੍ਹਨ ਜਾਂਦਾ।

ਜਿਉਂ-ਜਿਉਂ ਵਕਤ ਬੀਤਿਆ, ਉਸ ਨੂੰ ਜੇਲ੍ਹ ਵਿਚ ਤਾੜੇ ਬੱਚਿਆਂ ਦੀ ਜ਼ਿੰਦਗੀ ਦੇ ਪਿਛੋਕੜ ਤੇ ਉਨ੍ਹਾਂ ਹਾਲਤਾਂ ਦਾ ਅਹਿਸਾਸ ਹੋਇਆ, ਜਿਨ੍ਹਾਂ ਮਾਸੂਮ ਬੱਚਿਆਂ ਨੂੰ ਗੁਨਾਹਗਾਰੀ ਦੇ ਹਨੇਰੇ ਖੂਹਾਂ ਵਿਚ ਧੱਕ ਦਿੱਤਾ ਸੀ। ਉਸ ਨੂੰ ਆਪਣੀ ਮਾਂ ਦੀ ਜ਼ਿੰਦਗੀ ਦੇ ਦੁਖਾਂਤ ਦਾ ਅਹਿਸਾਸ ਹੋਇਆ, ਜਿਸ ਦੀਆਂ ਖੰਭੜੀਆਂ ਅਜੇ ਉਡਾਰੀ ਮਾਰਨ ਜੋਗੀਆਂ ਵੀ ਨਹੀਂ ਸਨ ਹੋਈਆਂ ਅਤੇ ਉਸ ਦੇ ਬਾਪ ਨੇ ਹੀ ਮਰੁੰਡ ਸੁੱਟੀਆਂ ਸਨ, ਤੇ ਉਸ ਪਾਪ 'ਚੋਂ ਉਪਜੀ ਸੀ ਡੈਨੀ ਦੀ ਹੋਂਦ। ਉਹ ਇਸ ਸਭ ਕਾਸੇ ਤੋਂ ਦੂਰ ਭੱਜ ਜਾਣਾ ਚਾਹੁੰਦਾ ਸੀ, ਪਰ ਆਪੇ ਤੋਂ ਭੱਜ ਕੇ ਜਾਵੇ ਕਿੱਥੇ?

ਉਸ ਆਪਣੇ ਆਪ ਨੂੰ ਕਿਤਾਬਾਂ ਵਿਚ ਡੁਬੋ ਲਿਆ। ਲਾਇਬਰੇਰੀ ਉਸ ਦਾ ਅਨਿੱਖੜਵਾਂ ਅੰਗ ਬਣ ਗਈ। ਉਸ ਨੇ 'ਵੱਡੇ' ਲੇਖਕਾਂ ਦੀਆਂ ਲਿਖਤਾਂ ਨੂੰ ਵਿਚਾਰਿਆ, 'ਛੋਟੇ' ਲੇਖਕਾਂ ਦੀਆਂ ਲਿਖਤਾਂ ਪੜ੍ਹੀਆਂ ਤੇ ਘੋਖੀਆਂ। ਉਸ ਨੇ ਦੁਨੀਆਂ ਦੇ ਸਾਰੇ ਦੇਸ਼ਾਂ ਬਾਰੇ ਤੇ ਲੋਕਾਂ ਬਾਰੇ ਪੜ੍ਹਿਆ। ਧਰਮਾਂ ਤੇ ਸਮਾਜਾਂ ਬਾਰੇ ਪੜ੍ਹਿਆ, ਉਨ੍ਹਾਂ ਦੇ ਰਿਸ਼ਤਿਆਂ ਤੇ ਰਿਵਾਜ਼ਾਂ ਬਾਰੇ ਪੜ੍ਹਿਆ।

ਡੈਨੀ ਲਾਇਬਰੇਰੀ ਦੇ ਇੱਕ ਕੋਨੇ ਵਿਚ ਬੈਠਾ ਸਾਰੀ ਦੁਨੀਆਂ ਘੁੰਮ ਆਉਂਦਾ। ਬਰਫੀਲੇ ਪਹਾੜਾਂ ਤੇ ਹਨੇਰੀਆਂ ਗੁਫਾਵਾਂ ਦੀਆਂ ਕੁੰਦਰਾਂ ਨਾਪ ਆਉਂਦਾ। ਨੀਲੇ ਅੰਬਰੀਂ ਤਾਰੀਆਂ ਲਾਉਂਦਾ ਉਹ ਚੰਦ-ਤਾਰਿਆਂ ਤੀਕ ਪਹੁੰਚ ਜਾਂਦਾ। ਮਾਰੂਥਲਾਂ ਦੀ ਤਪਦੀ ਰੇਤ ਦੇ ਕਿਣਕਿਆਂ ਤੇ ਵਹਿੰਦੇ ਦਰਿਆਵਾਂ ਦੇ ਕਲ-ਕਲ ਕਰਦੇ ਪਾਣੀਆਂ ਨਾਲ ਗੁਫਤਗੂ ਕਰ ਆਉਂਦਾ, ਪਰ ਧੜ ਉਸ ਦਾ ਲਾਇਬਰੇਰੀ ਦੇ ਕੋਨੇ ਵਿਚ ਡਿੱਠੇ ਮੇਜ਼ 'ਤੇ ਪਿਆ ਰਹਿੰਦਾ।

ਵੀਹ-ਬਾਈ ਵਰ੍ਹਿਆਂ ਦੀ ਉਮਰੇ ਡੈਨੀ ਦੇ ਚਿਹਰੇ 'ਤੇ ਗਿਆਨ ਦਾ ਜਲੌ, ਉਸ ਦੀਆਂ ਅੱਖਾਂ ਵਿਚ ਜ਼ਿੰਦਗੀ ਦੇ ਦੁਖਾਂਤ ਦੀ ਗੰਭੀਰਤਾ ਤੇ ਉਸ ਦੇ ਬੋਲਾਂ ਵਿਚ ਵਿੱਦਿਅਕ ਗੁਣਾਂ ਦੀ ਗਹਿਰਾਈ, ਪਰ ਕਦਮ ਉਸ ਦੇ ਅਜੇ ਵੀ ਲੜਖੜਾਉਂਦੇ। ਇਸ ਦੁਨੀਆਂ ਵਿਚ ਵਿਚਰਦਿਆਂ ਉਹ ਅਜੇ ਵੀ ਲੰਗੜੇ ਕਤੂਰੇ ਵਾਂਗਰ ਲੱਤਾਂ ਘਸੀਟਦਾ।

ਇਕ ਦਿਨ ਲਾਇਬਰੇਰੀ ਵਿਚ ਇਕ ਸੌਲੇ ਜਿਹੇ ਰੰਗ ਦੀ ਹਿਰਨੀ ਜਿਹੀਆਂ ਅੱਖਾਂ ਤੇ ਲੰਮੇ ਕਾਲੇ ਵਾਲਾਂ ਵਾਲੀ ਸੁਬਕ ਜਿਹੀ ਕੁੜੀ ਨੇ ਬੇਧਿਆਨੇ ਹੀ ਉਸ ਦਾ ਧਿਆਨ ਖਿੱਚ ਲਿਆ ਤੇ ਉਹ ਰੋਜ਼ ਉਸ ਵੱਲ ਹੋਰ ਖਿੱਚੀਦਾ ਗਿਆ। ਇੱਕ ਦਿਨ ਬੇਧਿਆਨੇ ਹੀ ਉਹ ਗੱਲਾਂ ਕਰਨ ਲੱਗੇ ਤੇ ਫਿਰ ਉਹ ਰੋਜ਼ ਗੱਲਾਂ ਕਰਦੇ ਗਏ।

ਪਿਆਰ ਦੀ ਤੇ ਇਕਰਾਰ ਦੀ ਗੱਲ ਚੱਲੀ। ਇਨਸਾਫ ਤੇ ਬੇਇਨਸਾਫੀ ਦੀ ਗੱਲ ਚੱਲੀ। ਗਿਰਜੇ ਵਿਚ ਹੋਏ ਗੁਨਾਹਾਂ ਤੇ ਗੁਰਦੁਆਰੇ ਵਿਚ ਚੱਲੀ ਗੋਲੀ ਦੀ ਗੱਲ ਚੱਲੀ। ਦੋਹਾਂ ਦੇਸ਼ਾਂ ਤੇ ਦੋਹਾਂ ਸਮਾਜਾਂ ਦੀ ਗੱਲ ਚੱਲੀ ਤੇ ਇੱਕ ਦਿਨ ਡੈਨੀ ਨੇ ਕਿਹਾ, "ਪ੍ਰੀਤੀ ਕਿੰਨਾ ਚੰਗਾ ਏ ਤੇਰਾ ਸਮਾਜ, ਬਾਪ ਧੀ ਦਾ ਰਖਵਾਲਾ ਏ ਤੇ ਉਸ ਲਈ ਆਪ ਵਰ ਟੋਲਦਾ ਏ।"

ਪ੍ਰੀਤੀ ਦਾ ਧਿਆਨ ਉਨ੍ਹਾਂ ਮਾਸੂਮ ਜਿੰਦਾਂ ਵੱਲ ਗਿਆ, ਜੋ ਦਹੇਜ ਦੀ ਸਲੀਬੇ ਚੜ੍ਹੀਆਂ ਤੇ ਕੁਝ ਉਹ ਮਾਸੂਮ ਜਿੰਦਾਂ, ਜਿਨ੍ਹਾਂ ਦੀ ਸਲੀਬ ਮਾਂ ਦੀ ਕੁੱਖ ਵਿਚ ਹੀ ਪਹੁੰਚਾ ਦਿੱਤੀ ਗਈ। ਇੱਕ ਦੱਬੀ ਹੋਈ ਕੁਰਲਾਹਟ ਨੇ ਉਸ ਦੀ ਸੋਚ ਦੇ ਠਹਿਰ ਚੁਕੇ ਪਾਣੀਆਂ ਵਿਚ ਪਰਲੋ ਲੈ ਆਂਦੀ। ਉਸ ਨੂੰ ਚੇਤਾ ਆਇਆ, ਜਦ ਉਸ ਦੇ ਲੱਖਪਤੀ ਸਹੁਰਿਆਂ ਵੱਲੋਂ ਉਸ ਦੀ ਆਪਣੀ ਸਲੀਬ ਦੀ ਘੁਸਰ-ਮੁਸਰ ਸੁਣੀ ਤਾਂ ਉਹ ਰਾਤ ਹੀ ਘਰੋਂ ਨਿਕਲ ਤੁਰੀ ਸੀ। ਕਿਸੇ ਨੇ ਉਸ ਨੂੰ 'ਉੱਧਲ ਗਈ' ਆਖਿਆ ਤੇ ਕਿਸੇ ਉਸ ਨੂੰ 'ਛੁੱਟੜ' ਆਖਿਆ, ਪਰ ਉਹ ਕਾਲਜ ਦੀ ਡਿਗਰੀ ਚੁੱਕੀ ਡਿੱਗਦੀ-ਢਹਿੰਦੀ ਇਥੇ ਪਹੁੰਚ ਗਈ, ਇਸ ਸਮਾਜ ਵਿਚ, ਜਿੱਥੇ ਧੀ ਨੂੰ ਜਨਮ ਦੇ ਕੇ ਮਾਂ ਸ਼ਰਮਿੰਦਾ ਨਹੀਂ ਹੁੰਦੀ ਤੇ ਉਹ ਅਮਰੀਕਾ ਦੇ ਇਸ ਖੁੱਲ੍ਹੇ-ਡੁੱਲੇ ਸਮਾਜ ਵਿਚ ਸਮਾ ਜਾਣਾ ਚਾਹੁੰਦੀ ਸੀ।

ਡੈਨੀ ਨੂੰ ਆਪਣੀ ਮਾਂ ਚੇਤੇ ਆਈ। ਢਿੱਲੀਆਂ ਜਿਹੀਆਂ ਲੱਤਾਂ ਵਾਲੇ ਡਿੱਕੋ-ਡੋਲੇ ਖਾਂਦੇ ਮੇਜ਼ 'ਤੇ ਸਿਰ ਸੁੱਟ ਕੇ ਪਈ ਨਜ਼ਰੀਂ ਆਈ, ਜਿਸ ਨੇ ਜੇਲ੍ਹ ਜਾਂਦਿਆਂ ਹੀ ਫਾਹਾ ਲੈ ਲਿਆ ਸੀ।

ਉਹ ਰੋਜ਼ ਮਿਲਦੇ ਤੇ ਰੋਜ਼ ਗੱਲਾਂ ਕਰਦੇ, ਇਕ ਦੂਜੇ ਦੇ ਸਮਾਜ ਦੀਆਂ, ਰਿਸ਼ਤਿਆਂ ਤੇ ਰਿਵਾਜ਼ਾਂ ਦੀਆਂ, ਇਸ ਦੁਨੀਆਂ ਵਿਚ ਹੋ ਰਹੇ ਗੁਨਾਹਾਂ ਤੇ ਮਾਂ ਦੀ ਕੁੱਖ ਵਿਚ ਬਣੀਆਂ ਕਤਲਗਾਹਾਂ ਦੀਆਂ। ਫਿਰ ਉੱਠ ਕੇ ਆਪੋ ਆਪਣੇ ਰੈਣ ਬਸੇਰੇ ਨੂੰ ਤੁਰ ਪੈਂਦੇ, ਲੰਗੜੇ ਕਤੂਰਿਆਂ ਵਾਂਗ ਲੱਤਾਂ ਘਸੀਟਦੇ ਹੋਏ।

ਅੱਜ ਜਦ ਡੈਨੀ ਪ੍ਰੀਤੀ ਨੂੰ ਮਿਲਿਆ ਤਾਂ ਬੋਲਿਆ, "ਪ੍ਰੀਤੀ, ਪਤਾ ਈ ਕੱਲ ਮੈਂ ਇੱਕ ਕਿਤਾਬ ਵਿਚ ਕੀ ਪੜ੍ਹਿਆ?"

"ਡੈਨੀ ਕਿਤਾਬਾਂ ਵਿਚ ਤਾਂ ਆਪਾਂ ਰੋਜ਼ ਹੀ ਕਿੰਨਾ ਕੁਝ ਪੜ੍ਹਦੇ ਆਂ!" ਪ੍ਰੀਤੀ ਦਾ ਚਿਹਰਾ ਅੱਜ ਅੱਗੇ ਨਾਲੋਂ ਵੀ ਮਾਯੂਸ ਲੱਗ ਰਿਹਾ ਸੀ; ਪਰ ਡੈਨੀ ਬੋਲਦਾ ਗਿਆ, "ਆਖਦੇ ਨੇ, ਇੱਕ ਆਦਮੀ ਇਸ ਦੁਨੀਆਂ 'ਤੇ ਹੋ ਰਹੀ ਬੇਇਨਸਾਫੀ ਤੇ ਅੱਤਿਆਚਾਰ ਨੂੰ ਵੇਖ ਅਤਿਅੰਤ ਦੁਖੀ ਹੋਇਆ ਤੇ ਉਹ ਰੱਬ ਦੇ ਸਾਹਮਣੇ ਜਾ ਖਲੋਤਾ...।"

ਪ੍ਰੀਤੀ ਦੀਆਂ ਮੋਟੀਆਂ ਮੋਟੀਆਂ ਅੱਖਾਂ ਹੋਰ ਵੀ ਅੱਡੀਆਂ ਗਈਆਂ ਤੇ ਉਹ ਡੈਨੀ ਵੱਲ ਇੰਜ ਵੇਖਣ ਲੱਗੀ, ਜਿਵੇਂ ਕਿਸੇ ਹੋ ਰਹੇ ਚਮਤਕਾਰ ਵੱਲ ਵੇਖ ਰਹੀ ਹੋਵੇ।

ਡੈਨੀ ਕਹਿ ਰਿਹਾ ਸੀ, "ਉਸ ਰੱਬ ਨੂੰ ਨਿਹੋਰਾ ਮਾਰਿਆ, ਰੱਬਾ ਕੀ ਤੈਨੂੰ ਤੇਰੀ ਬਣਾਈ ਹੋਈ ਦੁਨੀਆਂ ਵਿਚ ਹੋ ਰਹੇ ਅੱਤਿਆਚਾਰ ਦੀ ਕੁਰਲਾਹਟ ਨਹੀਂ ਸੁਣਦੀ? ਤੂੰ ਕੋਈ ਮਦਦ ਕਿਉਂ ਨਹੀਂ ਭੇਜਦਾ।' ਤੇ ਆਖਦੇ ਹਨ ਕਿ ਰੱਬ ਨੇ ਉਸ ਵੱਲ ਵੇਖਿਆ ਤੇ ਕਿਹਾ, ਮਦਦ ਤਾਂ ਮੈਂ ਭੇਜੀ ਸੀ...ਮੈਂ ਤੈਨੂੰ ਜੁ ਭੇਜਿਆ ਸੀ।"

ਡੈਨੀ ਦੀ ਗੱਲ ਮੁੱਕਦੇ ਹੀ ਦੋਵੇਂ ਇੰਜ ਤ੍ਰਬਕ ਕੇ ਉੱਠੇ, ਜਿਵੇਂ ਕਿਸੇ ਗੂੜ੍ਹੀ ਨੀਂਦ ਤੋਂ ਜਾਗ ਪਏ ਹੋਣ। ਇੱਕ ਰੂਹਾਨੀ ਪਿਆਰ ਨਾਲ ਉਨ੍ਹਾਂ ਦੀ ਗਲਵੱਕੜੀ ਪਈ, ਤੇ ਫੇਰ ਪ੍ਰੀਤੀ ਦੇ ਪੈਰ ਆਪ ਮੁਹਾਰੇ ਏਅਰ ਪੋਰਟ ਵੱਲ ਚੱਲ ਪਏ ਤੇ ਡੈਨੀ ਦੇ ਠੋਸ ਕਦਮ ਉਸ ਰਾਹ ਵੱਲ, ਜਿੱਥੇ ਪਤਾ ਨਹੀਂ ਕਿੰਨੇ ਕੁ ਲੰਗੜੇ ਕਤੂਰਿਆਂ ਜਿਹੇ ਡੈਨੀ ਤੇ ਪੀਟਰ ਉਸ ਨੂੰ ਪੁਕਾਰ ਰਹੇ ਸਨ।

# ਸੁਖਦੇਵ ਸਿੰਘ ਸ਼ਾਂਤ ਦੀਆਂ 4 ਬਾਲ ਪੁਸਤਕਾਂ ਪੜ੍ਹਦਿਆਂ...


ਬੱਚਿਆਂ ਨੂੰ ਸੰਸਾਰ ਦਾ ਭਵਿੱਖ ਕਿਹਾ ਜਾਂਦਾ ਹੈ। ਇਹ ਭਵਿੱਖ ਤਦ ਹੀ ਨਰੋਆ ਹੋ ਸਕਦਾ ਹੈ, ਜੇ ਬੱਚਿਆਂ ਨੂੰ ਨਰੋਏ ਬਾਲ ਸਾਹਿਤ ਨਾਲ ਜੋੜਿਆ ਜਾਵੇ। ਭਾਵੇਂ ਵਿਸ਼ਵ ਬਾਲ ਸਾਹਿਤ ਦੇ ਮੁਕਾਬਲੇ ਵਿਚ ਪੰਜਾਬੀ 'ਚ ਨਿੱਗਰ ਬਾਲ ਸਾਹਿਤ ਦੀ ਬਹੁਤ ਘਾਟ ਹੈ, ਪਰ ਫਿਰ ਵੀ ਕੁਝ ਸਿਰੜੀ ਅਤੇ ਸੂਝਵਾਨ ਸਾਹਿਤਕਾਰ ਲਗਾਤਾਰ ਪੰਜਾਬੀ ਬਾਲ ਸਾਹਿਤ ਵਿਚ ਨਿੱਗਰ ਸਾਹਿਤ ਲੈ ਕੇ ਆ ਰਹੇ ਹਨ, ਜੋ ਨਾ ਸਿਰਫ ਬੱਚਿਆਂ ਨੂੰ ਸੇਧ ਦਿੰਦਾ ਹੈ, ਸਗੋਂ ਹੋਰ ਸਾਹਿਤ ਪੜ੍ਹਨ ਦੀ ਚੇਟਕ ਵੀ ਲਾਉਂਦਾ ਹੈ। ਸੁਖਦੇਵ ਸਿੰਘ ਸ਼ਾਂਤ ਅਜਿਹੇ ਹੀ ਸਮਰਪਿਤ ਲੇਖਕ ਹਨ, ਜਿਨ੍ਹਾਂ ਦੀ ਹਰੇਕ ਬਾਲ ਰਚਨਾ ਬਾਲਾਂ

## ਪੁਸਤਕ ਚਰਚਾ

**ਜਸਪ੍ਰੀਤ ਸਿੰਘ ਜਗਰਾਓਂ**
jaspreetjagraon@hotmail.com

ਦੇ ਪੱਧਰ ਤੱਕ ਜਾਂਦੀ ਹੋਈ ਬਾਲਾਂ ਨੂੰ ਆਪਣੇ ਨਾਲ ਤੋਰ ਕੇ ਅਦਭੁਤ ਅਤੇ ਅਣਦੇਖੇ ਸੰਸਾਰ ਦੀ ਸੈਰ 'ਤੇ ਤਾਂ ਲੈ ਹੀ ਜਾਂਦੀ ਹੈ, ਨਾਲ ਹੀ ਉਨ੍ਹਾਂ ਨੂੰ ਜੀਵਨ ਦੇ ਵਿਭਿੰਨ ਸਰੋਕਾਰਾਂ ਪ੍ਰਤੀ ਸਚੇਤ ਵੀ ਕਰਦੀ ਹੈ। ਪਿੱਛੇ ਜਿਹੇ ਹੀ ਸ਼ਾਂਤ ਜੀ ਦੀਆਂ ਚਾਰ ਨਵੀਆਂ ਬਾਲ ਪੁਸਤਕਾਂ ਛਪ ਕੇ ਆਈਆਂ ਹਨ, ਜਿਨ੍ਹਾਂ ਨੇ ਆਉਂਦਿਆਂ ਹੀ ਆਪਣੀ ਰੰਗਦਾਰ ਤੇ ਸਚਿੱਤਰ ਨੁਹਾਰ ਅਤੇ ਸਾਹਿਤਕ ਮਿਆਰ ਕਰਕੇ ਬਾਲ ਪਾਠਕਾਂ ਵਿਚ ਆਪਣੀ ਥਾਂ ਬਣਾ ਲਈ ਹੈ।

ਪਹਿਲੀ ਪੁਸਤਕ ਹੈ, 'ਅਮਰ ਕਥਾਵਾਂ', ਜਿਸ ਵਿਚ ਵੱਖ-ਵੱਖ ਧਰਮਾਂ ਜਾਂ ਮੱਤਾਂ ਨਾਲ ਸਬੰਧਤ ਮਹਾਪੁਰਸ਼ਾਂ ਦੇ 26 ਜੀਵਨ-ਪ੍ਰਸੰਗ ਦਰਜ ਹਨ, ਜੋ ਕਿ ਨੈਤਿਕ ਸਿੱਖਿਆ ਦਿੰਦਿਆਂ ਸੁਚਿਆਰਾ ਜੀਵਨ ਜੀਣ ਦੀ ਸੇਧ ਤੇ ਪ੍ਰੇਰਨਾ ਦਿੰਦੇ ਹਨ। ਪੁਸਤਕ ਵਿਚ ਜਿਨ੍ਹਾਂ ਅਵਤਾਰਾਂ/ਮਹਾਪੁਰਸ਼ਾਂ ਦੇ ਪ੍ਰੇਰਨਦਾਇਕ ਜੀਵਨ-ਪ੍ਰਸੰਗ ਦਿੱਤੇ ਗਏ ਹਨ, ਉਹ ਹਨ- ਈਸਾ ਮਸੀਹ, ਮਹਾਤਮਾ ਬੁੱਧ, ਸ੍ਰੀ




ਕ੍ਰਿਸ਼ਨ, ਜੋਗੀ ਭਰਥਰੀ ਹਰੀ, ਬਾਬਾ ਫਰੀਦ, ਭਗਤ ਰਵਿਦਾਸ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੇ ਸਵਾਮੀ ਵਿਵੇਕਾਨੰਦ ਆਦਿ। ਸਭ ਤੋਂ ਵੱਧ ਪ੍ਰੇਰਕ-ਪ੍ਰਸੰਗ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚਰਿੱਤਰ ਨਾਲ ਸਬੰਧਿਤ ਹਨ। ਮਹਾਪੁਰਸ਼ਾਂ ਦੇ ਆਦਰਸ਼ ਜੀਵਨ ਨਾਲ ਸਬੰਧਿਤ ਇਹ ਪ੍ਰੇਰਕ-ਪ੍ਰਸੰਗ ਸਾਨੂੰ ਖਿਮਾ ਦੀ ਮਹਾਨਤਾ, ਅਮਲ ਕਰਨ ਦੀ ਅਹਿਮੀਅਤ, ਸਾਦਗੀ ਦੀ ਮਹੱਤਤਾ, ਸੁਹਣੇ ਹੱਥਾਂ ਦੀ ਸੁੰਦਰਤਾ, ਗਿਆਨ ਦੀ ਹੱਦ, ਲਾਲਚ ਦਾ ਤਿਆਗ, ਅਸਲ ਤਿਆਗ, ਵੰਡ ਛਕਣ ਦੀ ਕਰਾਮਾਤ, ਨਿਮਰਤਾ ਦੀ ਮਹਾਨਤਾ, ਅਧਿਆਪਕ ਦਾ ਸਤਿਕਾਰ, ਹੁਕਮ ਮੰਨਣ ਦੀ ਜਾਚ, ਸਭ ਤੋਂ ਵੱਡਾ ਦਾਨ, ਸ਼ੁੱਧ ਉਚਾਰਨ ਦੀ ਮਹੱਤਤਾ, ਅਸਲੀ ਆਗਿਆਕਾਰੀ ਕੌਣ, ਦਲੇਰੀ ਅਤੇ ਸਮਝ ਦੀ ਪਰਖ ਆਦਿ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਦਿੰਦੇ ਹਨ। ਨਾ ਸਿਰਫ ਬਾਲਾਂ ਦੇ ਸਗੋਂ ਬਾਲਗਾਂ ਦੇ ਵੀ ਪੜ੍ਹਨ ਤੇ ਵਿਚਾਰਨਯੋਗ ਹੈ, ਇਹ ਪੁਸਤਕ।

ਦੂਜੀ ਪੁਸਤਕ ਹੈ, 'ਕਿੰਨਾ ਪਿਆਰਾ ਲੱਗਦਾ ਬਚਪਨ', ਜੋ 27 ਖੂਬਸੂਰਤ ਬਾਲ ਕਵਿਤਾਵਾਂ ਦਾ




ਇਕ ਦਿਲ-ਖਿੱਚਵਾਂ ਗੁਲਦਸਤਾ ਹੈ। ਇਨ੍ਹਾਂ ਬਾਲ ਕਵਿਤਾਵਾਂ ਦੀ ਵਿਲੱਖਣਤਾ ਤੇ ਵਡਿਆਈ ਇਹ ਹੈ ਕਿ ਇਨ੍ਹਾਂ ਵਿਚ ਕਵੀ ਨਹੀਂ ਬੋਲ ਰਿਹਾ, ਸਗੋਂ ਉਸ ਨੇ ਆਪਣੇ ਭਾਵਾਂ ਨੂੰ ਬਾਲਾਂ ਦੀ ਜ਼ੁਬਾਨੀ ਬਿਆਨ ਕੀਤਾ ਹੈ। ਬਾਲਾਂ ਅਤੇ ਬਚਪਨ ਨਾਲ ਸਬੰਧਿਤ ਵਿਭਿੰਨ ਵਿਸ਼ਿਆਂ ਅਤੇ ਵਰਤਾਰਿਆਂ 'ਤੇ ਕੇਂਦ੍ਰਿਤ ਇਹ ਕਵਿਤਾਵਾਂ ਸੌਖਿਆਂ ਹੀ ਮੂੰਹ ਚੜ੍ਹਨ ਅਤੇ ਚੇਤਿਆਂ ਵਿਚ ਵਸਣ ਵਾਲੀਆਂ ਹਨ। ਕਵੀ ਨੂੰ ਬਾਲ-ਮਨ ਦੀ ਕਿੰਨੀ ਸਮਝ ਹੈ, ਇਸ ਦਾ ਪਤਾ ਇਨ੍ਹਾਂ ਕਵਿਤਾਵਾਂ ਵਿਚ ਬਾਲਾਂ ਦੇ ਮੂੰਹੋਂ ਪ੍ਰਗਟਾਏ ਮਾਸੂਮੀਅਤ ਅਤੇ ਚੇਤੰਨਤਾ ਭਰੇ ਬੋਲਾਂ ਤੋਂ ਭਲੀਭਾਂਤ ਲੱਗ ਜਾਂਦਾ ਹੈ। ਜਿਵੇਂ ਕਿ ਪਹਿਲੀ ਹੀ ਕਵਿਤਾ 'ਮਾਏ ਮੈਨੂੰ ਕਾਇਦਾ ਲੈ ਦੇ' ਵਿਚ ਇਕ ਧੀ ਦੇ ਸਿਆਣੇ ਬੋਲ ਦੇਖੋ,

ਪੜ੍ਹ ਜਾਊ ਪਰਿਵਾਰ
ਮਾਏ ਮੈਨੂੰ ਕਾਇਦਾ ਲੈ ਦੇ।
ਰੱਖੂੰ ਨਾ ਤੇਰਾ ਉਧਾਰ
ਮਾਏ ਮੈਨੂੰ ਕਾਇਦਾ ਲੈ ਦੇ।
ਕਹਿ ਨਾ ਮੈਨੂੰ ਧੀ-ਧਿਆਣੀ,
ਮੈਂ ਹਾਂ ਤੇਰੀ ਧੀ ਸਿਆਣੀ।
ਵਿੱਦਿਆ ਦਾ ਮੈਂ ਪਾਉਣਾ ਗਹਿਣਾ,
ਸਾਰਾ ਦਿਨ ਮੈਂ ਘਰ ਨਾ ਬਹਿਣਾ।
ਵਿੱਦਿਆ ਮੇਰਾ ਸ਼ਿੰਗਾਰ
ਮਾਏ ਮੈਨੂੰ ਕਾਇਦਾ ਲੈ ਦੇ।

ਇਸੇ ਤਰ੍ਹਾਂ 'ਸਭ ਵਹਿਮ ਨੇ' ਕਵਿਤਾ ਵਿਚ ਅੱਜ ਦੇ ਬੱਚੇ ਵਹਿਮਾਂ-ਭਰਮਾਂ ਪ੍ਰਤੀ ਕਿੰਨੇ ਸਚੇਤ ਹਨ, ਇਸ ਨੂੰ ਦਰਸਾਇਆ ਗਿਆ ਹੈ,

ਨਿੱਛ ਆਵੇ ਤਾਂ ਜਾਣ ਨਾ ਦਿੰਦੀ,
ਪਾਊਡਰ ਮੈਨੂੰ ਲਾਣ ਨਾ ਦਿੰਦੀ।
ਮੇਰੇ ਮੱਥੇ ਟਿੱਕਾ ਲਾਵੇ,
ਮਿਰਚਾਂ ਉੱਤੇ ਦੀ ਛੁਹਾਵੇ।
ਦੇਖ-ਦੇਖ ਮੈਂ ਸਭ ਕੁਝ ਹੱਸਾਂ,
'ਸਭ ਵਹਿਮ ਨੇ' ਮਾਂ ਨੂੰ ਦੱਸਾਂ।

ਇਸੇ ਤਰ੍ਹਾਂ ਬੱਚਿਆਂ ਅੰਦਰਲੀ ਸਾਂਝੀਵਾਲਤਾ, ਜਾਗਰੂਕਤਾ ਅਤੇ ਨਿਰਸੁਆਰਥਤਾ ਨੂੰ ਦਰਸਾਉਂਦੀਆਂ ਕਈ ਕਵਿਤਾਵਾਂ ਹਨ, ਜਿਨ੍ਹਾਂ ਵਿਚ ਬੱਚੇ ਅਮਨ-ਪਿਆਰ, ਗੁਲਾਮੀ ਨਾ ਕਬੂਲ ਕਰਨ ਅਤੇ ਵੰਡ ਕੇ ਖਾਣ ਦੀ ਗੱਲ ਕਰਦੇ ਹਨ। ਸਿਰਲੇਖ ਕਵਿਤਾ 'ਕਿੰਨਾ ਪਿਆਰਾ ਲੱਗਦਾ ਬਚਪਨ' ਬਹੁਤ ਹੀ ਪਿਆਰੀ ਕਵਿਤਾ ਹੈ, ਜਿਸ 'ਚ ਬਚਪਨ ਦਾ ਸੱਚਾ ਗੁਣਗਾਣ ਕੀਤਾ ਗਿਆ ਹੈ,

ਇਸ ਉਮਰ ਵਿਚ ਵਲ ਨਾ ਕੋਈ।
ਇਸ ਉਮਰ ਵਿਚ ਛਲ ਨਾ ਕੋਈ।
ਇਸ ਦੇ ਵਿਚ ਨਾ ਕੋਈ ਭਟਕਣ।
ਕਿੰਨਾ ਪਿਆਰਾ ਲੱਗਦਾ ਬਚਪਨ!

ਤੀਜੀ ਪੁਸਤਕ ਵੀ ਬਾਲ ਕਵਿਤਾਵਾਂ ਦੀ ਹੈ, 'ਗਾਓ ਬੱਚਿਓ ਗਾਓ।' ਇਹ ਪੁਸਤਕ ਅਸਲ ਵਿਚ ਦੂਜੀ ਵਾਰ ਛਪੀ ਹੈ, ਪਹਿਲੀ ਵਾਰ ਇਹ ਪੁਸਤਕ 1997 ਵਿਚ ਛਪੀ ਸੀ ਅਤੇ ਇਸ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 1997 ਦੀ ਪੰਜਾਬੀ ਬਾਲ-ਸਾਹਿਤ ਦੀ ਸਰਬੋਤਮ ਪੁਸਤਕ ਵਜੋਂ 'ਸ੍ਰੀ ਗੁਰੂ ਹਰਿਕ੍ਰਿਸ਼ਨ ਬਾਲ ਸਾਹਿਤ ਪੁਰਸਕਾਰ-1998' ਦਿੱਤਾ ਗਿਆ ਸੀ। ਇਹ ਇਕ ਵੱਡਆਕਾਰੀ ਪੁਸਤਕ ਹੈ, ਜਿਸ ਵਿਚ 57 ਬਾਲ ਕਵਿਤਾਵਾਂ ਸ਼ਾਮਲ ਹਨ। ਇਨ੍ਹਾਂ ਕਵਿਤਾਵਾਂ ਵਿਚ ਸਾਂਝੀਵਾਲਤਾ ਦਾ ਸੁਨੇਹਾ (ਏਕਤਾ ਦਾ ਗੀਤ, ਕੁੱਲ ਦੁਨੀਆਂ ਦੇ ਬੱਚੇ ਸਾਰੇ, ਨੇਕੀ ਦੇ ਤੁਸੀਂ ਦੀਵੇ ਬਾਲੋ), ਕਿਰਤ ਦੀ ਵਡਿਆਈ (ਹੱਥ ਮਜ਼ਦੂਰ ਦੇ, ਇਹੋ ਜ਼ਿੰਦਗੀ ਹੈ), ਦਿਨ-ਵਾਰਾਂ ਦੇ ਵਹਿਮਾਂ ਦਾ ਖੰਡਨ (ਦਿਨ) ਤੇ ਗੁਲਾਮੀ ਨੂੰ ਲਾਹਨਤ ਪਾਉਣ (ਪਿੰਜਰਾ ਬਨਾਮ ਰੁੱਖ) ਵਰਗੇ ਚੇਤੰਨ ਵਿਸ਼ਿਆਂ ਦੇ ਨਾਲ-ਨਾਲ ਕਈ ਹਲਕੇ-ਫੁਲਕੇ ਚੰਚਲ ਵਿਸ਼ੇ (ਲੰਘ ਗਏ ਨੇ ਇਮਤਿਹਾਨ, ਛੁੱਟੀਆਂ ਦਾ ਚਾਅ, ਖੇਡਾਂਗੇ ਬਈ ਖੇਡਾਂਗੇ, ਸਕੂਲ ਵਾਲੀ ਖੇਡ ਆਦਿ) ਵੀ ਹਨ, ਜੋ ਇਸ ਪੁਸਤਕ ਨੂੰ ਬਹੁਰੰਗੀ ਬਣਾਉਂਦੇ ਹਨ। 'ਹੱਥ ਮਜ਼ਦੂਰ ਦੇ' ਕਵਿਤਾ ਵਿਚ ਕਵੀ ਬਾਲਾਂ ਨੂੰ ਕਿੰਨੇ ਸਹਿਜ ਨਾਲ ਕਿਰਤੀ ਦੀ ਕਦਰ ਕਰਨੀ ਸਿਖਾ ਰਿਹਾ ਹੈ, ਦੇਖੋ ਕਾਵਿ-ਟੋਟਾ,

ਹੱਥ ਇਹ ਮਹਾਨ ਨੇ, ਆਓ ਸਤਿਕਾਰੀਏ।
ਹੱਕ ਇਨ੍ਹਾਂ ਹੱਥਾਂ ਦਾ, ਕਦੇ ਵੀ ਨਾ ਮਾਰੀਏ।
ਬਰਕਤਾਂ ਲਿਆਉਂਦੇ ਨੇ, ਹੱਥ ਮਜ਼ਦੂਰ ਦੇ।
ਦੇਸ਼ ਨੂੰ ਸਜਾਉਂਦੇ ਨੇ, ਹੱਥ ਮਜ਼ਦੂਰ ਦੇ।
ਕਾਇਆ ਪਲਟਾਉਂਦੇ ਨੇ, ਹੱਥ ਮਜ਼ਦੂਰ ਦੇ।

ਮੈਂ ਇਹ ਪੁਸਤਕਾਂ ਪੜ੍ਹਦਿਆਂ ਸੋਚ ਰਿਹਾ ਸਾਂ ਕਿ ਸ. ਸ਼ਾਂਤ ਦੇ ਮਨ ਵਿਚ ਬੱਚਿਆਂ ਲਈ ਪਿਆਰ ਅਤੇ ਫਿਕਰ ਦੀ ਸ਼ਿੱਦਤ ਨੂੰ ਸ਼ਬਦਾਂ ਵਿਚ ਕਿਵੇਂ ਬਿਆਨ ਕਰਾਂ, ਪਰ ਉਨ੍ਹਾਂ ਨੇ ਆਪਣੀ ਕਵਿਤਾ 'ਮੈਂ ਬੱਚਿਆਂ ਲਈ ਗੀਤ ਲਿਖਾਂਗਾ' ਨਾਲ ਮੇਰਾ ਕੰਮ ਸੌਖਾ ਕਰ ਦਿੱਤਾ। ਤੁਸੀਂ ਵੀ ਦੇਖੋ ਇਹ ਸ਼ਿੱਦਤ,

ਗੀਤ ਲਿਖਾਂਗਾ ਸੂਰਜ ਵਰਗਾ
ਅਗਿਆਨ ਹਨੇਰ ਮਿਟਾਵੇ।
ਗੀਤ ਲਿਖਾਂਗਾ ਰੁੱਖਾਂ ਵਰਗਾ
ਸਬਰ ਦਾ ਪਾਠ ਪੜ੍ਹਾਵੇ।
ਹੋ ਇੱਕਾਗਰ-ਚਿੱਤ ਲਿਖਾਂਗਾ।
ਮੈਂ ਬੱਚਿਆਂ ਲਈ ਗੀਤ ਲਿਖਾਂਗਾ।


ਸ. ਸ਼ਾਂਤ ਦੀ ਚੌਥੀ ਬਾਲ ਪੁਸਤਕ ਹੈ, 'ਪਿੰਕੀ ਦੀ ਪੈਨਸਿਲ,' ਜੋ ਅਸਲ ਵਿਚ ਦੂਜੀ ਵਾਰ ਛਪੀ ਹੈ। ਪਹਿਲੀ ਵਾਰ ਇਹ ਪੁਸਤਕ 2003 ਵਿਚ ਛਪੀ ਸੀ ਅਤੇ ਇਸ ਨੂੰ ਵੀ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 2003 ਦੀ ਪੰਜਾਬੀ ਬਾਲ-ਸਾਹਿਤ ਦੀ ਸਰਬੋਤਮ ਪੁਸਤਕ ਵਜੋਂ 'ਸ੍ਰੀ ਗੁਰੂ ਹਰਿਕ੍ਰਿਸ਼ਨ ਬਾਲ ਸਾਹਿਤ ਪੁਰਸਕਾਰ-2004' ਦਿੱਤਾ ਗਿਆ ਸੀ। ਬਾਲ ਕਹਾਣੀਆਂ ਦੀ ਇਸ ਪੁਸਤਕ ਵਿਚ 14 ਕਹਾਣੀਆਂ ਦਰਜ ਹਨ। 'ਪਿੰਕੀ ਦੀ ਪੈਨਸਿਲ' ਇਕ ਦੋਸਤ ਵੱਲੋਂ ਦੂਜੇ ਦੋਸਤ ਦੀ ਪੈਨਸਿਲ ਚੋਰੀ ਕਰਨ ਅਤੇ ਫੇਰ ਅਪਰਾਧਬੋਧ ਹੋਣ 'ਤੇ ਵਾਪਸ ਕਰਨ ਦੀ ਕਹਾਣੀ ਹੈ।

'ਮੁਗਲ-ਕਾਲ ਦੀ ਤਲਵਾਰ' ਇਕ ਕਬਾੜੀਏ ਵੱਲੋਂ ਇਕ ਅੰਗਰੇਜ਼ ਨੂੰ ਠੱਗਣ ਦੀ ਬਣਾਈ ਅਸਫਲ ਯੋਜਨਾ ਦੀ ਕਹਾਣੀ ਹੈ। 'ਸੋਨੇ ਦੀ ਚਮਕ' ਗਹਿਣੇ ਲਿਸ਼ਕਾਉਣ ਦੇ ਬਹਾਨੇ ਸੋਨਾ ਲਾਹ ਕੇ ਲੈ ਜਾਣ ਵਾਲੇ ਠੱਗਾਂ ਦੀ ਕਹਾਣੀ ਹੈ। 'ਜੋਤਸ਼ੀ' ਪਾਖੰਡੀ ਜੋਤਸ਼ੀਆਂ ਦਾ ਝੂਠ ਉਜਾਗਰ ਹੋਣ ਦੀ ਕਹਾਣੀ ਹੈ। 'ਮਿਹਨਤ ਦੇ ਨੰਬਰ' ਕਹਾਣੀ ਸਾਨੂੰ ਨਕਲ ਮਾਰ ਕੇ ਨਹੀਂ, ਸਗੋਂ ਮਿਹਨਤ ਕਰ ਕੇ ਸਫਲ ਹੋਣ ਦਾ ਸੁਨੇਹਾ ਦਿੰਦੀ ਹੈ। 'ਚੰਗਾ ਬੱਚਾ' ਇਕ ਬੱਚੇ ਦੀ ਈਮਾਨਦਾਰੀ ਦੀ ਕਹਾਣੀ ਹੈ, ਜਿਸ ਵਿਚ ਦੁਕਾਨਦਾਰ ਵੱਲੋਂ ਗਲਤੀ ਨਾਲ ਉਸ ਨੂੰ ਵੱਧ ਪੈਸੇ ਮੋੜਨ 'ਤੇ ਪਹਿਲਾਂ ਉਸ ਦੇ ਮਨ ਵਿਚ ਲਾਲਚ ਆ ਜਾਂਦਾ ਹੈ, ਪਰ ਫੇਰ ਗਲਤੀ ਦਾ ਅਹਿਸਾਸ ਹੋਣ 'ਤੇ ਉਹ ਵਾਧੂ ਪੈਸੇ ਦੁਕਾਨਦਾਰ ਨੂੰ ਵਾਪਸ ਕਰ ਦਿੰਦਾ ਹੈ। 'ਜਨਮ-ਦਿਨ ਦਾ ਤੋਹਫਾ' ਇਕ ਬੱਚੇ ਵੱਲੋਂ ਮਾੜੀ ਸੰਗਤ ਵਿਚ ਪੈ ਕੇ ਸਿਗਰਟ ਪੀਣੀ ਸ਼ੁਰੂ ਕਰਨ ਅਤੇ ਫਿਰ ਆਪਣੇ ਜਨਮ-ਦਿਨ 'ਤੇ ਆਪਣੇ ਪਿਤਾ ਵੱਲੋਂ ਮਿਲੇ ਰਹੱਸਮਈ ਤੋਹਫੇ ਕਰਕੇ ਹਮੇਸ਼ਾ




ਲਈ ਸਿਗਰਟ ਤੋਂ ਤੌਬਾ ਕਰਨ ਦੀ ਕਹਾਣੀ ਹੈ। 'ਛੁੱਟੀ ਦਾ ਮਜ਼ਾ' ਦੋ ਬੱਚਿਆਂ ਵੱਲੋਂ ਸਕੂਲ ਤੋਂ ਚੋਰੀਓਂ ਛੁੱਟੀ ਮਾਰਨ ਅਤੇ ਫੇਰ ਘਰੇ ਫੜੇ ਜਾਣ ਦੀ ਸਬਕ ਸਿਖਾਊ ਕਹਾਣੀ ਹੈ।

'ਸੌਖਾ ਢੰਗ' ਜਾਅਲੀ ਪੇਪਰ ਖਰੀਦ ਕੇ ਇਮਤਿਹਾਨ ਦੇਣ ਵਾਲੇ ਬੱਚਿਆਂ ਦੀ ਕਹਾਣੀ ਹੈ, ਜਿਨ੍ਹਾਂ ਨੂੰ ਅਖੀਰ ਅਸਫਲਤਾ ਹੀ ਮਿਲਦੀ ਹੈ। 'ਫੋਟੋਗ੍ਰਾਫਰ' ਕਾਲਜ ਦੇ ਸਾਲਾਨਾ ਇਨਾਮ-ਵੰਡ ਸਮਾਗਮਾਂ ਵੇਲੇ ਖਿੱਚੀਆਂ ਜਾਂਦੀਆਂ ਫੋਟੋਆਂ ਦੀ ਮਜ਼ੇਦਾਰ ਕਹਾਣੀ ਹੈ। 'ਭੂਤ ਦਾ ਮੂੰਹ' ਹਨੇਰੇ ਕਮਰੇ ਵਿਚ ਉੱਡ ਰਹੇ ਕੈਲੰਡਰ ਦੀ ਅਵਾਜ਼ ਨੂੰ ਭੂਤ ਸਮਝਣ ਦੀ ਹਾਸੋਹੀਣੀ ਕਹਾਣੀ ਹੈ।




'ਤਾੜੀਆਂ' ਇਮਤਿਹਾਨਾਂ ਵਿਚ ਸਿਖਰਲੇ ਸਥਾਨ ਪ੍ਰਾਪਤ ਕਰ ਕੇ ਮਿਲਣ ਵਾਲੀਆਂ ਤਾੜੀਆਂ 'ਤੇ ਕੇਂਦ੍ਰਿਤ ਪ੍ਰੇਰਨਾਦਾਇਕ ਕਹਾਣੀ ਹੈ। 'ਮਾਇਆ ਦੇ ਰੰਗ' ਸਮੇਂ ਦੇ ਚੱਕਰ ਨਾਲ ਭਰਨ ਜਾਂ ਖਾਲੀ ਹੋਣ ਵਾਲੇ ਮਾਇਆ (ਧਨ-ਦੌਲਤ) ਦੇ ਭੰਡਾਰ ਅਤੇ ਰਿਸ਼ਤਿਆਂ ਦੇ ਦੋਗਲੇ ਵਿਹਾਰ ਦੀ ਕਹਾਣੀ ਹੈ। 'ਸਬਕ' ਇਕ ਬੱਚੇ ਵੱਲੋਂ ਆਪਣੇ ਦੋਸਤ ਨੂੰ ਪੇਪਰ ਵਿਚ ਨਕਲ ਕਰਵਾਉਂਦਿਆਂ ਫੜੇ ਜਾਣ 'ਤੇ ਸ਼ਰਮਸਾਰ ਹੋਣ ਅਤੇ ਸਬਕ ਸਿੱਖਣ ਦੀ ਕਹਾਣੀ ਹੈ। ਇੰਜ ਹਰ ਕਹਾਣੀ ਸੇਧ ਦੇਣ ਅਤੇ ਸਚੇਤ ਕਰਨ ਵਾਲੀ ਕਹਾਣੀ ਹੈ, ਜੋ ਬਾਲਾਂ ਨੂੰ ਹੀ ਨਹੀਂ, ਵੱਡਿਆਂ ਨੂੰ ਵੀ ਪੜ੍ਹਨੀਆਂ ਚਾਹੀਦੀਆਂ ਹਨ।

ਸੁਖਦੇਵ ਸਿੰਘ ਸ਼ਾਂਤ ਦੀਆਂ ਇਨ੍ਹਾਂ ਚਾਰੇ ਬਾਲ ਪੁਸਤਕਾਂ ਦਾ ਪਾਠ ਕਰਨ ਉਪਰੰਤ ਜੋ ਸਮੁੱਚਾ ਪ੍ਰਭਾਵ ਮਨ 'ਤੇ ਪੈਂਦਾ ਹੈ, ਉਸ ਦੀ ਰੌਸ਼ਨੀ ਵਿਚ ਇਹ ਗੱਲ ਬਹੁਤ ਹੀ ਪ੍ਰਤੱਖ ਰੂਪ ਵਿਚ ਉਜਾਗਰ ਹੁੰਦੀ ਹੈ ਕਿ ਬੱਚਿਆਂ ਪ੍ਰਤੀ ਸ. ਸ਼ਾਂਤ ਦੇ ਮਨ ਵਿਚ ਅਥਾਹ ਲਗਾਓ, ਫਿਕਰਮੰਦੀ ਅਤੇ ਜ਼ਿੰਮੇਦਾਰੀ ਦੀ ਭਾਵਨਾ ਹੈ। ਉਨ੍ਹਾਂ ਵੱਲੋਂ ਰਚਿਆ ਬਾਲ ਸਾਹਿਤ ਉਨ੍ਹਾਂ ਦੇ ਨਾਂ ਦੀ ਹੀ ਤਰ੍ਹਾਂ ਸ਼ਾਂਤ ਤੇ ਸਹਿਜ ਭਾਵ ਦਾ ਧਾਰਨੀ ਹੈ, ਇਸੇ ਕਰਕੇ ਉਹ ਵੱਡੇ ਤੋਂ ਵੱਡਾ ਸੁਨੇਹਾ ਤੇ ਡੂੰਘੀ ਤੋਂ ਡੂੰਘੀ ਚੇਤਨਾ ਵੀ ਬੜੇ ਸਰਲ-ਸਹਿਜ ਢੰਗ ਨਾਲ ਬੱਚਿਆਂ ਨੂੰ ਦੇ ਜਾਂਦੇ ਹਨ। ਹਥਲੀਆਂ ਪੁਸਤਕਾਂ ਨੂੰ ਰੰਗਦਾਰ ਅਤੇ ਸਚਿੱਤਰ ਰੂਪ ਵਿਚ ਬੇਹੱਦ ਰੀਝ ਅਤੇ ਨਿਪੁੰਨਤਾ ਨਾਲ ਛਾਪਣ ਵਾਲੇ 'ਸੰਗਮ ਪਬਲੀਕੇਸ਼ਨਜ਼, ਸਮਾਣਾ' ਦੀ ਟੀਮ ਵੀ ਪ੍ਰਸ਼ੰਸਾ ਤੇ ਵਧਾਈ ਦੀ ਹੱਕਦਾਰ ਹੈ।

# 'ਖਿਸਕਦੇ ਪਲ'

ਹੀਰਾ ਸਿੰਘ ਤੂਤ ਪੰਜਾਬੀ ਸਹਿਤ ਜਗਤ ਦਾ ਉਹ ਸਿਤਾਰਾ ਹੈ, ਜਿਸ ਦੀ ਚਮਕ ਦਿਨੋਂ ਦਿਨ ਵੱਧ ਰਹੀ ਹੈ। ਹਥਲੇ ਕਾਵਿ ਸੰਗ੍ਰਿਹ ਤੋਂ 'ਖਿਸਕਦੇ ਪਲ' ਪਹਿਲਾਂ ਉਹ ਅੱਠ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁਕਾ ਹੈ। ਪਹਿਲੀ



ਕਿਤਾਬ 2017 ਵਿਚ 'ਫਿੱਕੇ ਰੰਗ' ਆਈ ਸੀ। ਉਸ ਪਿਛੋਂ ਹੀਰਾ ਸਿੰਘ ਤੂਤ ਨੇ 2019 ਤੱਕ ਅੱਠ ਕਿਤਾਬਾਂ ਸਾਹਿਤ ਦੀ ਝੋਲੀ ਪਾ ਦਿੱਤੀਆਂ। ਤੂਤ ਨੂੰ

**ਪਰਗਟ ਸਿੰਘ ਜੰਬਰ**
ਫੋਨ: 91-88377-26702

ਪਾਠਕਾਂ ਦਾ ਬਹੁਤ ਪਿਆਰ ਮਿਲਿਆ। ਕਿੱਤੇ ਵਜੋਂ ਸਰਕਾਰੀ ਅਧਿਆਪਕ ਹਨ। ਉਸ ਦੀਆਂ ਰਚਨਾਵਾਂ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਸਮਾਜਕ ਨਾ ਬਰਾਬਰੀ, ਆਰਥਕ ਕਾਣੀ ਵੰਡ ਅਤੇ ਰਾਜਨੀਤਿਕ ਚੌਧਰਾਂ ਖਾਤਿਰ ਅਨੈਤਿਕਤਾ, ਉਸ ਨੂੰ ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨ ਕਰਦੀ ਹੈ। ਉਹ ਤਬਦੀਲੀ ਲੋਚਦਾ ਹੈ। ਉਸ ਦੀ ਸਿੱਧੀ ਸਾਦੀ ਕਵਿਤਾ ਸਮਾਜ ਵਿਚ ਵਾਪਰ ਰਹੇ ਵਰਤਾਰੇ ਨੂੰ ਰੋਕਣਾ ਚਾਹੁੰਦੀ ਹੈ। ਗੁਰਬਤ ਬਾਰੇ ਕਵਿਤਾ ਦੀਆਂ ਕੁਝ ਸਤਰਾਂ ਹਨ,

ਤੂੰ ਵੀ ਕਾਮਾ
ਤੇਰਾ ਟੱਬਰ ਵੀ ਕਾਮਾ
ਵੱਡਿਆਂ ਸੰਗ ਸੀਰ ਪੁਗਾਈ।
ਪੱਠਿਆਂ ਖਾਤਿਰ
ਕੁਝ ਬਾਲਣ ਖਾਤਿਰ
ਤੂੜੀ-ਪੰਡ ਖਾਤਿਰ
ਵੇ ਮੈਂ ਹੋ ਕਮਾਦੋਂ ਆਈ।

'ਵਾਰਤਾਲਾਪ' ਕਵਿਤਾ ਵਿਚ ਧੀ ਨਾਲ ਵਾਰਤਾਲਾਪ ਇਸ ਤਰ੍ਹਾਂ ਹੈ,

ਧੀਏ ਨੀ ਧੀਏ! ਸੁਣੀਂ ਗੱਲ ਮੇਰੀ
ਹੁਣ ਨਹੀਂ ਲੱਗਦੀਆਂ ਤੀਆਂ
ਵਿਚ ਗਟਰਾਂ ਦੇ ਸੁੱਤੀਆਂ ਪਈਆਂ




ਗੱਲ ਗਈਆਂ ਹਜ਼ਾਰਾਂ ਧੀਆਂ।

ਰਾਜਨੀਤਿਕਾਂ 'ਤੇ ਚੋਟ ਕਰਦਿਆਂ ਤੂਤ ਲਿਖਦਾ ਹੈ,

ਕੁਝ ਵੋਟਾਂ ਨੇ ਸਾਂਝਾ ਤੋੜੀਆਂ
ਪੱਕੀਆਂ ਸੀ ਵਿਚ ਜੋ ਯਾਰਾਂ।

ਵਧੀਆ ਲੇਖਕ ਹੋਣ ਲਈ ਲੇਖਕ ਨੂੰ ਸਮਾਜਕ, ਆਰਥਕ ਅਤੇ ਰਾਜਨੀਤਿਕ ਸਮਝ ਹੋਣੀ ਬਹੁਤ ਜਰੂਰੀ ਹੈ। ਹੀਰਾ ਸਿੰਘ ਤੂਤ ਦਾ ਕਾਵਿ ਸੰਗ੍ਰਿਹ 'ਖਿਸਕਦੇ ਪਲ' ਪੜ੍ਹਦਿਆਂ ਮਹਿਸੂਸ ਹੋਇਆ ਕਿ ਉਹ ਡੂੰਘੀ ਸੋਚ ਰੱਖਦਾ ਹੈ। 'ਖਿਸਕਦੇ ਪਲ' ਵਿਚ ਵੱਡੀਆਂ ਛੋਟੀਆਂ ਕੁੱਲ 74 ਰਚਨਾਵਾਂ ਹਨ। 'ਮਾੜੀ ਗੱਲ' ਕਵਿਤਾ ਵਿਚ ਲਿਖਦਾ ਹੈ,

ਦੀਵੇ ਦੇ ਸੇਕੇ ਨੂੰ ਜੋ
ਸਹਿਣ ਨਹੀਂ ਸੀ ਕਰਦਾ,
ਤੇ ਮਾੜੀ ਗੱਲ ਹੋਈ
ਹੱਥ ਸੂਰਜ ਨੂੰ ਪਾ ਲਿਆ

ਇਸ ਕਾਵਿ ਸੰਗ੍ਰਿਹ ਵਿਚ ਸ਼ਾਮਿਲ ਹਾਰਾਂ, ਸਹਿਯੋਗ, ਕੁਝ ਗੱਲਾਂ, ਸੱਜਣ ਤੁਰ'ਗੇ, ਕੁਝ ਚਿਹਰੇ, ਦੋਸਤੋ ਕੀ ਕਰੀਏ ਫਰਕ, ਮੇਰੇ ਰੰਗ, ਈਦ, ਅੱਖ ਦਾ ਵਾਲ, ਆਤਮ ਚਿੰਤਨ ਵਣਜਾਰਿਆਂ, ਝੱਲੇ ਚੰਗੇ, ਪੰਜਾਬੀ, ਖਿਸਕਦੇ ਪਲ, ਮਾੜੀ ਗੱਲ, ਸਫਰ, ਹੌਸਲਾ, ਮੁਹੱਬਤ, ਅਣਖ, ਬਕਵਾਸ ਵਾਣੀ, ਸੱਜਣ ਜੀ ਅਤੇ ਬੇਸ਼ਰਮੀ ਸਮੇਤ ਬਹੁਤ ਸਾਰੀਆਂ ਰਚਨਾਵਾਂ ਉਚ ਕੋਟੀ ਦੀਆਂ ਰਚਨਾਵਾਂ ਹਨ।

ਪਰਵਾਸ ਦੇ ਦੁੱਖ ਨੂੰ 'ਪਰਦੇਸੀ' ਕਵਿਤਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ,

ਕੁਝ ਜਖਮ ਤਾਂ ਬਾਹਰ ਪਏ ਨੇ
ਕੁਝ ਅੰਦਰੋਂ ਮਾਰ ਰਹੇ ਨੇ
ਕਿਉਂ ਜਾਂਦੇ ਨਹੀਂ ਲਕੋਏ
ਤੂੰ ਹੀ ਦੱਸ ਖਾਂ ਮੇਰੀਏ ਮਾਏ
ਅਸੀਂ ਕਿਉਂ ਪਰਦੇਸੀ ਹੋਏ।

ਹੀਰਾ ਸਿੰਘ ਤੂਤ ਮਿਹਨਤੀ ਲੇਖਕ ਹੈ, ਜੋ ਲਿਖਣ ਨੂੰ ਇਬਾਦਤ ਮੰਨਦਾ ਹੈ। ਸਮਾਜ ਦਾ ਦੁੱਖ ਆਪਣਾ ਮੰਨਦਾ ਹੈ। 'ਖਿਸਕਦੇ ਪਲ' ਚੰਗੀਆਂ ਕਵਿਤਾਵਾਂ ਨਾਲ ਸ਼ਿੰਗਾਰੀ ਹੋਈ ਕਿਤਾਬ ਹੈ। ਹਰ ਸੁਹਿਰਦ ਪਾਠਕ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ। ਪੰਜਾਬੀ ਸਾਹਿਤ ਜਗਤ ਵਿਚ ਇਸ ਨੂੰ ਜੀ ਆਇਆ ਕਹਿਣਾ ਬਣਦਾ ਹੈ। ਇਹ ਕਾਵਿ ਸੰਗ੍ਰਿਹ 'ਕੈਫੇ ਵਰਲਡ' ਨੇ ਪ੍ਰਕਾਸ਼ਿਤ ਕੀਤਾ ਹੈ।

# ਕਾਵਿ-ਜਗਤ

## ਮੈਂ ਬਾਗੀ ਹੋ ਜਾਵਾਂਗਾ

ਇਸ ਵਾਰ ਬੂਹੇ 'ਤੇ ਆ ਕੇ
ਇਹ ਨਾ ਆਖਿਉ
ਤੈਨੂੰ ਮੇਰੀ ਬਹੁਤ ਚਿੰਤਾ ਹੈ।
ਤੂੰ ਮੇਰਾ ਫਿਕਰ ਕਰਦੈਂ।
ਸੱਚ ਕਹਿੰਦਾ ਹਾਂ
ਮੈਂ ਬਾਗੀ ਹੋ ਜਾਵਾਂਗਾ,
ਹੱਥਾਂ 'ਚ ਕਿਰਪਾਨ ਚੁੱਕ ਲਵਾਂਗਾ।

ਮੈਂ ਅਸੰਖ, ਮੈਂ ਅਨੰਤ ਹਾਂ।
ਮੈਂ ਸੜਕ, ਮੈਂ ਪਗਡੰਡੀ ਹਾਂ।
ਮੈਂ ਭੀੜ ਹਾਂ, ਮੈਂ ਬੇਚੈਨ ਹਾਂ।
ਮੈਂ ਖੇਤ ਹਾਂ, ਖਲਵਾੜ ਹਾਂ।
ਮੈਂ ਭੁੱਖ, ਮੈਂ ਪਿਆਸ ਹਾਂ।
ਮੈਂ ਪਾਟਿਆ ਵਸਤਰ,
ਮੈਂ ਤ੍ਰਿਸ਼ਨਾ ਹਾਂ।
ਮੈਂ ਵੋਟ, ਮੈਂ ਝੰਡਾ ਹਾਂ।
ਤੇਰੀ ਰਖਵਾਲੀ ਦਾ ਡੰਡਾ ਹਾਂ।
ਸ਼ਤਰੰਜ ਦੀ ਚੌਪਟ ਤੇ
ਤੇਰੀ ਜਿੱਤ ਦਾ ਮੰਤਰ ਹਾਂ।

ਤੂੰ ਵਪਾਰੀ, ਤੂੰ ਸੌਦਾਗਰ ਹੈਂ।
ਤੂੰ ਮੈਨੂੰ ਹਰ ਕੀਮਤ 'ਤੇ ਵੇਚਿਆ ਹੈ।
ਇਸ ਵਾਰੀ
ਇਹ ਨਾ ਕਹੀਂ ਫੇਰ...
ਮੈਂ ਬਾਗੀ ਹੋ ਜਾਵਾਂਗਾ।
ਮੈਂ ਕੂੜਾ, ਮੈਂ ਕਚਰਾ
ਮੈਂ ਰੇੜ੍ਹਾ, ਮੈਂ ਰੇਤਾ
ਮੈਂ ਮੇਲਾ, ਮੈਂ ਭੀੜ ਦਾ ਰੇਲਾ ਹਾਂ।
ਤੂੰ ਵਿਲਾਸ, ਤੂੰ ਮਹਿਲ
ਤੂੰ ਸ਼ਾਨ ਸ਼ੌਕਤ ਹੈਂ
ਪਰ ਤੇਰੀਆਂ ਕੰਧਾਂ 'ਤੇ
ਸਦੀਆਂ ਤੋਂ
ਮਜਬੂਰਾਂ ਦੀ ਰੱਤ ਲਿੱਪੀ ਹੈ।
ਤੂੰ ਰੇਸ਼ਮ ਵਿਚ ਜੋਕ ਵਾਂਗ ਲਿਪਟਿਆ
ਪਰਜੀਵੀ, ਰੱਤਪੀਣਾ
ਤੂੰ ਵੱਡੇ ਜੁਰਮਾਂ ਦਾ ਦੋਸ਼ੀ ਹੈਂ।
ਮੈਂ ਧੂੜ ਚਿੱਕੜ 'ਚ ਲਿਪਟਿਆ
ਮਿੱਟੀ ਦਾ ਢੇਲਾ ਹਾਂ।
ਪਰ ਸੱਚ ਕਹਿੰਦਾ ਹਾਂ
ਹੱਥਾਂ 'ਚ ਕਿਰਪਾਨ ਲਈ
ਮੈਂ ਰਣ ਸਿੰਘੇ ਦੀ ਅਵਾਜ਼ ਨਾਲ
ਅੰਬਰ ਗੁੰਜਾਰ ਦਿਆਂਗਾ।
ਹਾਹਾਕਾਰ ਮੱਚ ਜਾਵੇਗੀ।
ਅਸੰਖ ਬਣ ਕੇ ਤਾਂਡਵ ਨਾਚ ਨੱਚਾਂਗਾ।
ਫਿਰ ਕਹਿੰਦਾ ਹਾਂ
ਇਸ ਵਾਰ ਮੈਨੂੰ ਕੁਝ ਨਾ ਕਹਿਣਾ।
ਮੈਂ ਬਾਗੀ ਹੋ ਜਾਵਾਂਗਾ।

*-ਵਿਕਰਮ ਜੋਸ਼ੀ*
*ਪੰਜਾਬੀ ਰੂਪ: ਗੁਰਭਜਨ ਗਿੱਲ*

---

## ਮੈਂ ਪੰਜਾਬ ਬੋਲਦਾਂ

ਸੁਣਦੇ ਓ, ਮੈਂ ਪੰਜਾਬ ਬੋਲ ਰਿਹਾ ਹਾਂ
ਤੁਹਾਡਾ ਆਪਣਾ ਪੰਜਾਬ
ਉਹੀ ਪੰਜਾਂ ਦਰਿਆਵਾਂ ਵਾਲਾ ਪੰਜਾਬ
ਨਹੀਂ ਭੁੱਲੇ, ਹੋਵੇਗਾ ਯਾਦ
ਦੁਖੀ ਹਾਂ ਬੇਚੈਨ ਹਾਂ, ਪੁੱਛੋ ਨਾ ਕੀ ਦੱਸਾਂ
ਮਨ ਵੀ ਏ ਡਾਢਾ ਉਦਾਸ
ਕਿਉਂ ਮੇਰੇ ਹੀ ਲੇਖਾਂ 'ਚ ਲਿਖਿਆ ਏ
ਨਿੱਤ ਨਵਾਂ ਨਵਾਂ ਅਜ਼ਾਬ
ਕਦੀ ਹੱਸਦਾ, ਵੱਸਦਾ, ਟਹਿਕਦਾ ਸਾਂ
ਗਈ ਨਜ਼ਰ ਭੈੜੀ ਲੱਗ
ਪੁੱਤਰਾਂ ਮੇਰਿਆਂ ਵਿਹੜਾ ਵੰਡ ਲਿਆ
ਸਭ ਹੋ ਗਏ ਵਖੋ ਵੱਖ
ਮੇਰਾ ਜਿਸਮ ਵੀ ਗਿਆ ਨਾਲ ਵੰਡਿਆ
ਧੁਰ ਕਾਲਜੇ ਉੱਠੀ ਚੀਸ
ਅੱਖੀਂ ਹੰਝੂਆਂ ਦਾ ਹੜ੍ਹ ਵਹਿ ਟੁਰਿਆ
ਨਹੀਂ ਸੁਕਿਆ ਅਜੇ ਤੀਕ
ਅੱਗੇ ਤਾਜਾਂ ਤਖਤਾਂ ਵਾਲਿਆਂ ਹੋਰ ਵੀ
ਮੈਨੂੰ ਕੀਤਾ ਰੱਜ ਖੁਆਰ
ਆਪਣੀਆਂ ਕੁਰਸੀਆਂ ਗੱਦੀਆਂ ਲਈ
ਮੇਰੇ ਟੁਕੜੇ ਕੀਤੇ ਚਾਰ
ਮੈਂ ਚੁੱਪ ਚੁਪੀਤੇ ਬੇਵੱਸ ਇਹ ਪੀੜ ਵੀ
ਹੌਸਲਾ ਕਰ ਲਈ ਜਰ
ਪਰ ਹੁਣ ਸਬਰ ਮੇਰੇ ਦਾ ਬੰਨ੍ਹ ਟੁੱਟਿਆ
ਵੇਖ ਕੇ ਉਜੜਦੇ ਘਰ
ਨਿੱਤ ਨਵਿਆਂ ਡੂੰਘਿਆਂ ਜ਼ਖਮਾਂ ਮੇਰਾ
ਸੀਨਾ ਛਣਨੀ ਕੀਤਾ
ਸਿਰ ਤੋਂ ਪਾਣੀ ਲੰਘ ਗਿਆ ਹੁਣ ਤਾਂ
ਕਿੰਵ ਰਵ੍ਹਾਂ ਚੁੱਪ ਚੁਪੀਤਾ
ਅੱਜ ਸਰਕਾਰਾਂ ਦੁਸ਼ਮਣ ਹੋ ਗਈਆਂ
ਜ਼ਹਿਰ ਦਾ ਕਰਨ ਵਪਾਰ
ਮਾਰੂ ਭੈੜੇ ਨਸ਼ੇ, ਸ਼ਰਾਬਾਂ ਨਕਲੀ ਵੇਚ
ਰਹੀਆਂ ਨੇ ਘਰ ਉਜਾੜ
ਮੌਤ ਦੇ ਵਪਾਰੀ, ਇਹ ਵੱਡੇ ਸੌਦਾਗਰ
ਘਰ ਘਰ ਵੰਡਣ ਜ਼ਹਿਰ
ਮਿਹਨਤਕਸ਼, ਗਰੀਬ, ਮਜ਼ਦੂਰਾਂ ਉੱਤੇ
ਢਾਹੁੰਦੇ ਪਏ ਨੇ ਕਹਿਰ
ਰਲੀ ਮਿਲੀ ਹੈ ਭੁਗਤ ਸਭ ਦੀ ਵੇਖ ਲੌ
ਮੁਹਾਫਿਜ਼ ਸਣੇ ਮੁਸ਼ੀਰ
ਇਸ ਕਾਲੇ ਧੰਦੇ 'ਚ ਮੂੰਹ ਸਭ ਦਾ ਕਾਲਾ
ਕੀ ਅਹਿਲਕਾਰ, ਵਜ਼ੀਰ
ਮੇਰੇ ਧੀਆਂ-ਪੁੱਤਰ ਇਨ੍ਹਾਂ ਸਭ ਰਲ ਕੇ
ਨਸ਼ਿਆਂ ਦੀ ਚਾਟੇ ਲਾਏ
ਇਹ ਬੇਗੈਰਤ, ਬੇਈਮਾਨ ਪੈਸੇ ਖਾਤਰ
ਸਭ ਫਿਰਦੇ ਨੇ ਹਲਕਾਏ
ਮਿਹਨਤਕਸ਼, ਗਰੀਬ, ਬੇਵੱਸ, ਬੇ-ਕੱਸ
ਮਰੇ ਪੀ ਜ਼ਹਿਰੀ ਸ਼ਰਾਬ
ਪੁੱਛਣ ਵਾਲਾ ਕੋਈ ਕਿਤੇ ਨਹੀਂ ਦਿਸਦਾ
ਲਵੇ ਇਨ੍ਹਾਂ ਤੋਂ ਹਿਸਾਬ
ਘਰ ਘਰ ਮਾਤਮਾ ਦੇ ਸੱਥਰ ਵਿਛ ਗਏ
ਲੋਕ ਰੋਵਣ, ਕੁਰਲਾਵਣ
ਕਿਹੜੇ ਗਮਖਾਰ, ਹਮਦਰਦ ਨੂੰ ਜਾ ਕੇ
ਆਪਣਾ ਦੁੱਖ ਸੁਣਾਵਣ
ਦੱਸੋ, ਅਣਮੁਲੀਆਂ ਕੀਮਤੀ ਜਾਨਾਂ ਦੀ
ਕਿਹਨੇ ਕਰਨੀ ਭਰਪਾਈ
ਕਮੇਟੀਆਂ, ਸਿੱਟਾਂ, ਕਮਿਸ਼ਨ ਬਣਨਗੇ
ਜਾਵੇਗੀ ਗੱਲ ਦਬਾਈ
ਬਹੁਤਾ ਈ ਹੋਵੇਗਾ ਦੇ ਲਾਲਚ ਪੈਸੇ ਦਾ
ਮੂੰਹ ਬੰਦ ਜਾਣਗੇ ਕੀਤੇ
ਨਹੀਂ ਡਰਾ ਧਮਕਾ ਜੋਰ ਡੰਡੇ ਦੇ ਨਿਆਂ
ਕਰ ਦੇਣਗੇ ਫੀਤੇ ਫੀਤੇ
ਜਾਨ ਕੌਡੀਓਂ ਸਸਤੀ ਹੋ ਗਈ ਸੱਚ ਹੈ
ਮਿਲਣਾ ਕੀ ਇਨਸਾਫ
ਸਰਕਾਰੀ ਅਸਰ ਰਸੂਖ ਵਰਤ ਏਥੇ ਵੀ
ਨਿਕਲ ਜਾਣਗੇ ਆਪ
ਸਾਵਧਾਨ, ਸੋਹਣਿਉਂ, ਬਹਾਦਰੋ ਪੁੱਤਰੋ
ਵਕਤ ਨਾ ਤੁਸੀਂ ਗੁਆਉ
ਇਨ੍ਹਾਂ ਬੇ-ਗੈਰਤਾਂ, ਚੋਰਾਂ ਦੀ ਵਹੀਰ ਨੂੰ
ਫੜ ਗੱਦੀਉਂ ਥੱਲੇ ਲਾਹੋ।

*-ਚੰਨ*
*ਫੋਨ: 908-788-8427*

---

## ਭੱਠ ਪੈਣੀ ਭੱਠੀਏ

*(ਪੰਜਾਬ ਦੀ ਵਿਗੜੀ ਹਾਲਤ ਉਤੇ)*

ਭੱਠੀਏ ਨੀ ਭੱਠ ਪੈਣੀ ਭੱਠੀਏ
ਸਿਵਿਆਂ ਦੀ ਅੱਗ ਨੀ ਅੰਗੀਠੀਏ
ਮਿੱਠੇ ਗੁੜ ਨੂੰ ਬਣਾਵੇਂ ਤੂੰ ਤੇਜਾਬ
ਦਸ ਤੈਨੂੰ ਤਰਸ ਨਾ ਆਇਆ
ਸਾਡਾ ਰੋਲ ਦਿੱਤਾ ਵਸਦਾ ਪੰਜਾਬ
ਦਸ ਤੈਨੂੰ ਤਰਸ ਨਾ ਆਇਆ!

ਕਿੱਕਰੇ ਨੀ ਰੋਹੀ ਦੀਏ ਕਿੱਕਰੇ
ਸੱਕ ਬਿਖ ਨੀਂ ਕੰਡੇ ਤੇਰੇ ਬਿਖਰੇ
ਤੇਰੇ ਸੱਕ ਨੇ ਲਾਇਆ ਏ ਜਾਗ
ਦਸ ਤੈਨੂੰ ਤਰਸ ਨਾ ਆਇਆ,
ਸਾਰਾ ਪੰਜਾਬ ਕੀਤਾ ਖਿੰਦ-ਖਰਾਬ
ਦਸ ਤੈਨੂੰ ਤਰਸ ਨਾ ਆਇਆ।

ਮਾਂਵਾਂ ਹੰਝੂਆਂ ਦਾ ਮੰਗਦੀਆਂ ਭਾੜਾ ਨੀ
ਟੱਬਰ ਰੋਲ ਦੇਵੇਂ ਪਾਵੇਂ ਤੂੰ ਪੁਆੜਾ ਨੀ
ਦੁਰਦਸ਼ਾ ਦਾ ਨਾ ਲਗਦਾ ਹਿਸਾਬ
ਦਸ ਤੈਨੂੰ ਤਰਸ ਨਾ ਆਇਆ,
ਨੰਨ੍ਹੇ ਰੋਲ ਦਿੱਤੇ ਬੀਵੀਆਂ ਦਾ ਬਾਬ
ਦਸ ਤੈਨੂੰ ਤਰਸ ਨਾ ਆਇਆ!

ਸੱਕ ਕਿੱਕਰਾਂ ਦੇ ਬਣਦੇ ਸੀ ਦੰਦਾਸੇ
ਇਸ ਨੇ ਲੁੱਟੇ ਅੱਜ ਹੁਸਨਾਂ ਦੇ ਹਾਸੇ
ਓਹੀ ਰੋਂਦੇ ਅੱਜ ਚਿਹਰੇ ਸੁਰਖਾਬ
ਦਸ ਤੈਨੂੰ ਤਰਸ ਨਾ ਆਇਆ,
ਕਿਉਂ ਰੋਲ ਦਿੱਤੇ ਜਿੰਦ ਦੇ ਖੁਆਬ
ਦਸ ਤੈਨੂੰ ਤਰਸ ਨਾ ਆਇਆ!

ਜਵਾਨੀ ਸਿਵਿਆਂ ਦਾ ਰਾਹ ਨੀ ਫੜਿਆ
ਕਿਹੜਾ ਭੂਤ ਇਹ ਸਿਰ ਉੱਤੇ ਚੜ੍ਹਿਆ
ਅੱਗੇ ਹੀ ਚਿੱਟੇ ਨੇ ਸੀ ਮਿੱਧਿਆ ਗੁਲਾਬ
ਦਸ ਤੈਨੂੰ ਤਰਸ ਨਾ ਆਇਆ,
ਅੰਨੇ ਕਰ ਦੇਵੇਂ ਗਜ਼ਬ ਅਜ਼ਾਬ
ਦਸ ਤੈਨੂੰ ਤਰਸ ਨਾ ਆਇਆ!

ਗੂੜ੍ਹ ਗਿਆਨ ਸੀ ਨਾਨਕ ਦਾ, ਭੁੱਲ ਗਏ
ਕਾਇਆ ਲਾਹਣ ਦੇ ਭੜੋਲੇ ਡੁੱਲ੍ਹ ਗਏ



'ਕਰਣੀ ਕਸੁ' ਭੁੱਲਿਆ ਅਦਬ ਆਦਾਬ
ਦਸ ਤੈਨੂੰ ਤਰਸ ਨਾ ਆਇਆ,
ਡੋਬਿਆ 'ਕਰਮਾਂ' ਦਾ ਸਾਡਾ ਆਫਤਾਬ
ਦਸ ਤੈਨੂੰ ਤਰਸ ਨਾ ਆਇਆ!

*-ਕਰਮ ਲੁਧਿਆਣਵੀ*
*ਹਿਊਸਟਨ, ਟੈਕਸਸ*
*ਫੋਨ: 1-832-766-8742*

---

## ਲੋਕ ਪੀੜਾਂ

ਮੇਰੇ ਸੋਹਣੇ ਦੇਸ਼ ਪੰਜਾਬ 'ਚ
ਕਿਸ ਫੈਲਾਇਆ ਜ਼ਹਿਰ,
ਰੱਜ ਰੱਜ ਖਾਂਦੇ ਪੀਂਦੇ ਲੋਕੀਂ
ਵਿਚਰਨ ਵਿਚ ਅੱਜ ਕਹਿਰ।

ਘੁੱਪ ਹਨੇਰੇ ਬੁੱਕਲਾਂ ਮਾਰੀ
ਉਹ ਅੰਦਰ ਜਦ ਆ ਵੜਦੇ,
ਉਂਗਲੀ ਧਰ ਜਿਸ ਨੂੰ ਵੀ ਮਰਜੀ
ਝੱਟ ਨਾਲ ਲੈ ਖੜਦੇ।

ਨਾ ਚੰਗਾ, ਨਾ ਮਾੜਾ ਦੇਖਣ
ਆਪਣਾ ਨਾ ਬੇਗਾਨਾ,
ਅੰਧਾ ਧੁੰਦ ਤੜ ਤੜ ਕਰ ਦਿੰਦੇ
ਬਿਨ ਸਿਨਿਓਂ ਨਿਸ਼ਾਨਾ।

ਭਗਦੜ ਮਚਦੀ ਲੋਕੀਂ ਡਰਦੇ
ਨੱਠ ਅੰਦਰ ਵੜ ਲਾ ਕੁੰਡੇ,
ਔਹ ਗਏ ਔਹ ਗਏ ਮਗਰੋਂ
ਹੁੰਦੀ ਏਧਰ ਨੂੰ ਗਏ ਮੁੰਡੇ।

ਇਹ ਜ਼ਹਿਰ ਇੱਕ ਵਾਰੀ ਵੀ ਸੀ
ਅੱਗੇ ਚਿਰ ਹੋਇਆ ਬੋਇਆ,
ਹਰ ਇੱਕ ਬੰਦਾ ਉਸ ਵੇਲੇ ਵੀ
ਜ਼ਾਰੋ ਜ਼ਾਰ ਸੀ ਰੋਇਆ।

ਤੜਫਣ ਲੋਕੀਂ ਸੁੰਨੇ ਵਿਹੜੇ
ਭਾਂ ਭਾਂ ਕਰਦੀਆਂ ਗਲੀਆਂ,
ਅੰਧਾ ਧੁੰਦ ਮਾਰ ਵੱਢ ਹੋਈ
ਕੋਈ ਕਿਸੇ ਨਾ ਸੁਣੀਆਂ।

ਚੜ੍ਹ ਕਾਫਲੇ ਗਾਰਦਾਂ ਆਈਆਂ
ਫੜ ਲਈ ਲੰਡੀ ਬੁੱਚੀ,
ਕੁੱਟ ਕਰੇੜਾ ਚਾੜ੍ਹ ਲੱਦ ਲਏ
ਨਾ ਪੁੱਛੀ, ਨਾ ਦੱਸੀ।

ਸਹਿਮੇ ਲੋਕੀ ਜੁਆਕ ਤੜਫਦੇ
ਵਿਲਕਣ ਮਾਂਵਾਂ-ਭੈਣਾਂ,
ਇਹ ਨਾਦਰਸ਼ਾਹੀ ਰਾਜ ਪਤਾ ਨਹੀਂ
ਹੋਰ ਕਿੰਨਾ ਚਿਰ ਰਹਿਣਾ?

ਦੋ ਪੁੜਾਂ ਦੇ ਵਿਚ ਵਿਚਾਲੇ
ਪੀਸੀ ਜਾਏ ਲੁਕਾਈ,
ਏਧਰ ਵੀ ਡਰ, ਓਧਰ ਵੀ ਡਰ
ਹੈ ਨਾ ਕੋਈ ਸੁਣਵਾਈ।

*-ਕਲਵੰਤ ਸਿੰਘ ਸਹੋਤਾ*
*ਫੋਨ: 1-604-589-5919*

---

## ਅੱਗ ਦੀ ਰੁੱਤ

ਰੁੱਤਾਂ ਬਦਲਦੀਆਂ ਸਨ
ਇਕ ਰੁੱਤ ਜਾਂਦੀ ਸੀ
ਇਕ ਰੁੱਤ ਆਉਂਦੀ ਸੀ
ਨਵਾਂ ਰੰਗ ਲਿਆਉਂਦੀ ਸੀ
ਰੁੱਤਾਂ ਰੰਗ ਸਨ
ਤੇ ਰੰਗ ਜ਼ਿੰਦਗੀ।

ਪਰ ਹੁਣ
ਰੁੱਤਾਂ ਨਹੀਂ ਬਦਲਦੀਆਂ
ਨਵੇਂ ਰੰਗ ਨਹੀਂ ਲਿਆਉਂਦੀਆਂ
ਇੱਕੋ ਰੁੱਤ ਹੈ
ਅੱਗ ਦੀ ਰੁੱਤ ਹੈ
ਪੂੰਜੀਵਾਦ ਦੀ ਰੁੱਤ
ਹਫੜਾ ਦਫੜੀ ਦੀ ਰੁੱਤ
ਲੁੱਟ-ਖਸੁੱਟ ਦੀ ਰੁੱਤ।

ਇਹ ਰੁੱਤ ਵਿਹਲ ਨਹੀਂ ਦਿੰਦੀ
ਯਾਰਾਂ ਨੂੰ ਰਲ ਕੇ ਬੈਠਣ ਦੀ
ਇਹ ਰੁੱਤ ਵਿਹਲ ਨਹੀਂ ਦਿੰਦੀ
ਯਾਰਾਂ ਨੂੰ ਰਲ ਕੇ ਸੋਚਣ ਦੀ
ਸਾਰੇ ਇਸ ਰੁੱਤ ਨੇ
ਦੱਬ ਲਏ ਨੇ
ਆਪਣੇ ਰੰਗ ਵਿਚ
ਰੰਗ ਲਏ ਨੇ।

ਇਹ ਰੁੱਤ ਤਾਂ
ਅੱਗ ਦੇ ਖਿਡੌਣੇ ਬਣਾਉਂਦੀ ਹੈ
ਦੂਰ ਬੇਦੋਸ਼ਿਆਂ 'ਤੇ ਸੁੱਟਦੀ ਹੈ
ਤੇ ਰੱਜ ਕੇ ਮਨੁੱਖਤਾ ਨੂੰ
ਲੁੱਟਦੀ ਹੈ।

ਇਸ ਰੁੱਤੇ ਸਮਾਂ ਤੁਰਦਾ ਹੈ
ਤੁਰਨਾ ਹੀ ਪੈਣਾ ਹੈ
ਕਿਉਂਕਿ ਇਸ ਤੋਰ ਕਾਰਨ ਹੀ
ਇਹ ਸਮਾਂ ਹੈ।

ਪਰ, ਸਮਾਂ ਹੈ ਬਹੁਤ ਉਦਾਸ
ਸਮੇਂ ਦੀ ਅਵਾਜ਼ 'ਚ
ਦਰਦ, ਬੁਖਲਾਹਟ ਤੇ ਕੁਰਲਾਹਟ
ਸਮਾਂ ਲੰਗੜਾ ਹੋ ਗਿਆ ਹੈ
ਸਮੇਂ ਦੇ ਪੈਰ 'ਚ
ਕੋਈ ਸੂਲ ਨਹੀਂ ਖੁੱਭੀ
ਜੋ ਸੂਈ ਕਧੂੰਈ ਨਾਲ
ਕੱਢੀ ਜਾ ਸਕੇ।

ਸਮੇਂ ਦਾ ਪੈਰ ਤਾਂ
ਕਿਸੇ ਲੈਂਡ ਮਾਈਨ 'ਤੇ
ਟਿੱਕ ਗਿਆ ਹੈ
ਤੇ ਹੁਣ ਅਪਾਹਜ ਸਮਾਂ
ਤੇ ਇਹ ਡਰੀਆਂ ਸਹਿਮੀਆਂ
ਲੁਕ ਕੇ ਬੈਠੀਆਂ ਰੁੱਤਾਂ
ਇਕ ਦੂਜੀ ਦੇ ਗਲ ਲੱਗ ਕੇ
ਵਿਲਕ ਨੇ ਰਹੀਆਂ।

ਕਹੋ ਕੋਈ
ਇਸ ਅੱਗ ਦੀ ਰੁੱਤ ਨੂੰ
ਕਿ ਉਹ ਕੰਨ ਕਰੇ।

*-ਸੁਰਿੰਦਰ ਗੀਤ*

---

## ਧਰਤੀ ਦੀ ਫੁਲਕਾਰੀ

ਧਰਤੀ ਕਾਗਜ਼ ਬਣ'ਜੇ ਸਾਰੀ
ਮੁੱਕੇ ਨਾ, ਲਿਖਦਾ ਜਾਵਾਂ।
ਪੌਣਾਂ ਦੇ ਹੋਠਾਂ ਦੀ ਸੁਰਖੀ
ਲੈ ਕਲਮ ਦੀ ਚੁੰਝ ਛੁਹਾਵਾਂ।

ਸਾਗਰ ਦਵਾਤ 'ਚੋਂ ਲੈ ਟੋਭੇ
ਖੁਸ਼ਖਤ ਮਜ਼ਮੂਨ ਬਣਾਵਾਂ।
ਸੂਰਜ ਕਿਰਨਾਂ ਦੀ ਟੋਹ ਲੈ ਕੇ
ਉਕਰ ਦਿਆਂ ਸਿਰਨਾਵਾਂ।

ਹੂੰਝ ਲਵਾਂ ਸ੍ਰਿਸ਼ਟੀ ਦੀ ਗਰਦਿਸ਼
ਆਪਣੀ ਝੋਲੀ ਪਾਵਾਂ।
ਸਤਰੰਗੀ ਪੀਂਘ ਹੁਲਾਰੇ ਪਾ ਕੇ
ਅਰਸ਼ਾਂ ਵੱਲ ਉਡ ਜਾਵਾਂ।

ਅੰਬਰ ਦੀ ਛੱਤ ਉਤੇ ਖੜ੍ਹ ਕੇ
ਪੰਡ ਤਾਰੇ ਤੋੜ ਲਿਆਵਾਂ।
ਉਗਾਵਾਂ ਸਦਾ ਬਹਾਰ ਪਨੀਰੀ
ਧਰਤੀ ਦਾ ਸੀਨਾ ਵਾਹਵਾਂ।

ਅਮਨਾਂ ਦਾ ਗੁਲਸ਼ਨ ਨਿੱਸਰੇ ਮੌਲੇ
ਮੁਹੱਬਤ ਬੀਜ ਖਿੰਡਾਵਾਂ।
ਰੰਗ-ਭੂਮੀ ਬਣ ਜਾਏ ਬ੍ਰਹਿਮੰਡ ਸਾਰਾ
ਸੋਨੇ ਤਖਤ ਮੜ੍ਹਾਵਾਂ।

ਤਿਤਲੀਆਂ, ਭੌਰਿਆਂ ਕੋਇਲਾਂ ਸੰਗ
ਮੈਂ ਨਾਦ ਇਲਾਹੀ ਗਾਵਾਂ।
ਨਜ਼ਰ ਨਿਵਾਰਨ ਕਾਲੀ ਬਿੰਦੀ
ਪ੍ਰਕਿਰਤੀ ਦੀ ਮਾਂਗ ਸਜਾਵਾਂ।

ਗੋਲੇ ਬਰੂਦ ਤੇ ਪਾਵਾਂ ਮਿੱਟੀ
ਜਬਰ ਜ਼ੁਲਮ ਨੂੰ ਦੂਰ ਭਜਾਵਾਂ।
ਹਰਫਾਂ ਦੀ ਫੁਲਕਾਰੀ ਪਾ ਕੇ
ਧਰਤੀ ਪ੍ਰਦੂਸ਼ਣ ਮੁਕਤ ਕਰਾਵਾਂ।

ਪੱਤਝੜ ਲੋਆਂ ਨਾ ਝਾੜਨ ਪੱਤੇ
ਨਾ ਤੱਤੀਆਂ ਵਗਣ ਹਵਾਵਾਂ।
ਟਹਿਕਦੀ ਰਹੇ 'ਪੰਨੂ' ਫੁਲਵਾੜੀ
ਨਾ ਨਿਕਟ ਖੰਘਣ ਖਿਜ਼ਾਵਾਂ।

*-ਚਰਨਜੀਤ ਸਿੰਘ ਪੰਨੂ*

---

## ਬਰਸਾਤ

ਬੜੇ ਸ਼ੌਕ ਨਾਲ ਸੁਬਾਹ ਸਵੇਰੇ
ਪਿੰਡ ਆਪਣੇ ਦੀ ਗੇੜੀ ਲਾਈ,
ਤੁਰ ਪਿਆ ਮੈਂ ਸੜਕੋ ਸੜਕੀ
ਤੱਕਿਆ ਚੜ੍ਹਿਆ ਰੂਪ ਸਵਾਈ।

ਦੋਨੋਂ ਪਾਸੇ ਹਰਿਆਲੀ ਛਾਈ
ਜਾਣੋ ਮਖਮਲ ਦੀ ਕਰੀ ਵਿਛਾਈ,
ਮੌਸਮ ਗੁੰਮਸੁੰਮ ਡਰਿਆ ਜਾਪੇ
ਰੁੱਤ ਸਾਉਣ ਦੀ ਰੰਗ ਲਿਆਈ।

ਝੋਨਾ ਚੜ੍ਹ ਗਿਆ ਗੋਡੇ ਗੋਡੇ
ਦੇਖੋ ਮੋਢੇ ਮੋਢੇ ਮੱਕੀ ਚੜ੍ਹ ਗਈ,
ਸਿਰ ਉੱਤੋਂ ਕਮਾਦ ਹੈ ਲੰਘਿਆ
ਚਰੀ, ਬਾਜਰੇ ਹੈ ਸ਼ਰਤ ਲਗਾਈ।

ਇੱਕ ਪਾਸੇ ਹੁੰਮ ਨੇ ਵੱਟ ਕੱਢੇ
ਛੱਲੀਆਂ ਗੱਠ ਫੁੱਟਣ 'ਤੇ ਖੜ੍ਹੀਆਂ,
ਮੋਠ, ਮੂੰਗੀ ਨੇ ਜਾੜ੍ਹ ਮਾਰਿਆ
ਮਾਂਹ, ਤਿਲਾਂ ਕਰੀ ਪੂਰੀ ਚੜ੍ਹਾਈ।

ਭਿੰਡੀ ਤੋਰੀ, ਕਪਾਹੀਂ ਫੁੱਲ ਲੱਗੇ
ਰਾਜ ਮਾਂਹ, ਰੌਂਗੀ, ਪੱਕੀਆਂ ਫੁੱਟਾਂ,
ਰਾਮਾ ਤੋਰੀ, ਬੱਡ ਫਲ ਫੁੱਲੀਆਂ
ਪੇਠਿਆਂ, ਕੱਦੂਆਂ ਹੈ ਵੇਲ ਵਧਾਈ।

ਬੈਂਗਣ, ਕਰੇਲੇ ਸਾਥ ਨਿਭਾਉਂਦੇ
ਅਰਬੀ, ਕਚਾਲੂ, ਹਲਦੀ ਦੇ ਬੂਟੇ,
ਗੁੱਡ ਗੁਡਾਈ ਤੋੜ ਤੁੜਾਈ ਚੱਲੇ
ਕਿਸਾਨ, ਕਾਮਿਆਂ ਰੌਣਕ ਲਾਈ।

ਤੂਤ ਟਾਹਲੀਆਂ ਭਰ ਜੋਬਨ 'ਤੇ
ਪਰ ਅੱਕ, ਭੰਗ ਦੀ ਹੋਈ ਸੁਕਾਈ,
ਕਾਨੇ, ਨੜੇ, ਕਾਹੀ ਨੂੰ ਫੁੱਲ ਸੀ
ਤੱਕ ਕੇ ਰੂਹ ਡਾਢੀ ਮੁਸਕਰਾਈ।

ਲੰਘਿਆ ਸੀ ਜਦੋਂ ਬਾਗ ਦੇ ਕੋਲੋਂ
ਮਿੱਠੀ ਮਹਿਕ ਅੰਬਾਂ ਦੀ ਆਈ,
ਜਾਮੁਣ, ਜਮੋਏ ਦਾ ਜ਼ਾਇਕਾ ਵੱਖ
ਅਮਰੂਦਾਂ ਨੇ ਖੁਸ਼ਬੋਅ ਉਡਾਈ।

ਤੱਕਦੇ ਤੱਕਦੇ ਗਹਿਰ ਬਣ ਉੱਠੀ
ਘਟਾ ਘਨਘੋਰ ਅਕਾਸ਼ੀਂ ਛਾ ਕੇ,
ਮੀਂਹ ਬਰਸਿਆ ਛਮ ਛਮ ਕਰਕੇ
ਸਭ ਚਿਹਰਿਆਂ 'ਤੇ ਰੌਣਕ ਛਾਈ।

ਪਿਆ ਮੈਨੂੰ ਸਵਰਗ ਦਾ ਝਉਲਾ
ਤਨ ਦੇ ਸੰਗ ਰੂਹ ਜਦੋਂ ਭਿੱਜੀ ਤਾਂ,
ਲੋਰ ਅਗੰਮੀ ਨਸ ਨਸ ਚੜ੍ਹ ਗਈ
ਆ ਕੇ ਅਨਹਦ ਨਾਦ ਵਜਾਈ।

*-ਸੇਵਾ ਸਿੰਘ ਨੂਰਪੁਰੀ*

# ਪਿਉ-ਪੁੱਤ ਦੇ ਗੁੰਝਲਦਾਰ ਰਿਸ਼ਤੇ ਦੀ ਗਾਥਾ 'ਫਾਦਰ'

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਫਾਦਰ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਹਿਜਰਤ ਅਤੇ ਉਜਾੜੇ ਦੀ ਦਾਸਤਾਨ ਬਹੁਤ ਮਾਰਮਿਕ ਢੰਗ ਨਾਲ ਸੁਣਾਈ ਗਈ ਹੈ। -ਸੰਪਾਦਕ***


ਇਰਾਨੀ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਫਾਦਰ' ਗੁੰਝਲਦਾਰ ਅਤੇ ਮਨੋਵਿਗਿਆਨਕ ਤੌਰ 'ਤੇ ਉਲਝੀਆਂ ਤੰਦਾਂ ਵਾਲੀ ਫਿਲਮ ਹੈ। ਇਸ ਫਿਲਮ ਵਿਚ ਮਾਜਿਦ ਨੇ ਪਿਉ-ਪੁੱਤ ਦੇ ਰਿਸ਼ਤੇ ਦੀਆਂ ਬੇਹੱਦ ਨਾਜ਼ੁਕ ਅਤੇ ਸੰਵੇਦਨਸ਼ੀਲ ਪਰਤਾਂ ਨੂੰ ਨਾ ਸਿਰਫ ਉਘਾੜਿਆ ਹੈ ਸਗੋਂ ਇਸ ਰਿਸ਼ਤੇ ਵਿਚ ਮੌਜੂਦ ਆਪਸੀ ਟਕਰਾਉ, ਦੋ ਮਰਦਾਂ ਵਿਚ ਸਮਾਜਿਕ ਤੌਰ 'ਤੇ ਸਦੀਆਂ ਤੋਂ ਚਲੀ ਆ ਰਹੀ ਮਰਦਾਨਗੀ ਦੇ ਅੰਦਰੂਨੀ ਕਲੇਸ਼ ਅਤੇ ਸਮਾਜਿਕ ਤੌਰ ਤੇ ਪਿਤਾ-ਪੁੱਤਰ ਦੀਆਂ ਭੂਮਿਕਾਵਾਂ ਦੇ ਦਵੰਦਾਂ ਨੂੰ ਕੋਮਲਤਾ ਨਾਲ ਫਿਲਮਾਇਆ ਹੈ। ਇਸ ਫਿਲਮ ਦੇ ਸਾਰੇ ਕਿਰਦਾਰ ਹਾਲਾਤ ਅਤੇ ਸਮਾਜਿਕ ਨੇਮਾਂ ਦੇ ਬੱਝੇ ਅਜਿਹੇ ਰਿਸ਼ਤਿਆਂ ਨੂੰ ਨਿਭਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਿਨ੍ਹਾਂ ਨੂੰ ਨਾ ਛੱਡਿਆ ਸਰ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਵਿਚ ਖਪ ਕੇ ਜ਼ਿੰਦਗੀ ਵਿਚ ਜਿਊਣ ਜੋਗਾ ਕੁਝ ਬਚਦਾ ਹੈ।

ਇਸ ਫਿਲਮ ਦੀ ਕਹਾਣੀ ਮੁਤਾਬਿਕ ਚੌਦਾਂ ਸਾਲਾਂ ਦਾ ਮੁੰਡਾ ਮਹਿਰੌਲਾ ਚਾਰ ਮਹੀਨਿਆਂ ਬਾਅਦ ਘਰ ਵਾਪਿਸ ਆਇਆ ਹੈ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਘਰ ਚਲਾਉਣ ਦੀ ਸਾਰੀ ਜ਼ਿੰਮੇਵਾਰੀ ਉਸ ਉਪਰ ਆਣ ਪਈ ਹੈ ਅਤੇ ਉਹ










*ਫਿਲਮ 'ਫਾਦਰ' ਦੇ ਤਿੰਨ ਵੱਖ-ਵੱਖ ਪੋਸਟਰ।*

ਇਨ੍ਹਾਂ ਹਾਲਾਤ ਕਾਰਨ ਨਾ ਸਿਰਫ ਆਪਣਾ ਬਚਪਨ ਗੁਆ ਬੈਠਿਆ ਹੈ ਸਗੋਂ ਉਸ ਦਾ ਦਿਲ ਅੰਦਰੋ-ਅੰਦਰੀ ਮੁਰਝਾ ਚੁੱਕਿਆ ਹੈ। ਜ਼ਿੰਦਗੀ ਦੀ ਨਿਰੰਤਰ ਚੱਲਦੀ ਚੱਕੀ ਵਿਚ ਉਸ ਦੀ ਕੋਮਲਤਾ ਅਤੇ ਨਿੱਘ ਈਰਖਾ, ਸਾੜੇ ਅਤੇ ਕੁੜੱਤਣ ਵਿਚ ਵੱਟ ਚੁੱਕੇ ਹਨ। ਉਸ ਨੂੰ ਪਿੰਡ ਆ ਕੇ ਪਤਾ ਲੱਗਦਾ ਹੈ ਕਿ ਉਸ ਦੀ ਮਾਂ ਨੇ ਆਪਣਾ ਅਤੇ ਆਪਣੀਆਂ ਤਿੰਨ ਕੁੜੀਆਂ ਦਾ ਪੇਟ ਪਾਲਣ ਲਈ ਦੂਜਾ ਵਿਆਹ ਕਰਵਾ ਲਿਆ ਹੈ। ਉਥੋਂ ਦੇ ਸਮਾਜਿਕ ਵਰਤਾਰੇ ਅਤੇ ਉਸ ਦੀ ਮਾਂ ਕੋਲ ਆਮਦਨ ਦਾ ਕੋਈ ਬੱਝਵਾਂ ਜ਼ਰੀਆ ਨਾ ਹੋਣ ਕਾਰਨ ਹੋਰ ਸੰਭਾਵਨਾ ਹੀ ਕੋਈ ਨਹੀਂ ਬਚਦੀ ਸੀ। ਮਹਿਰੌਲਾ ਦੀ ਸਵੈ-ਹੋਂਦ ਅਤੇ ਕੋਮਲ ਮਨ ਨੂੰ ਇਸ ਅਚਾਨਕ ਵਾਪਰੀ ਘਟਨਾ ਕਾਰਨ ਇੰਨੀ ਗਹਿਰੀ ਸੱਟ ਵੱਜਦੀ ਹੈ ਕਿ ਉਹ ਆਪਣੇ ਆਲੇ-ਦੁਆਲੇ ਅਤੇ ਆਪਣੇ ਨਵੇਂ ਬਣੇ ਪਿਉ ਨੂੰ ਅੰਤਾਂ ਦੀ ਨਫਰਤ ਕਰਨ ਲੱਗ ਜਾਂਦਾ ਹੈ। ਉਹ ਆਪਣੀ ਮਾਂ ਨੂੰ ਹਰ ਤਰੀਕੇ ਦੁਖੀ ਅਤੇ ਪ੍ਰੇਸ਼ਾਨ ਕਰਨ ਦੀ ਕੋਸ਼ਿਸ ਕਰਦਾ ਹੈ ਅਤੇ ਪਿਉ ਨੂੰ ਕਤਲ ਕਰਨ ਦੀਆਂ ਸਾਜ਼ਿਸ਼ਾਂ ਘੜਨ ਲੱਗਦਾ ਹੈ। ਉਸ ਨੂੰ ਜਾਪਦਾ ਹੈ ਕਿ ਇਸ ਬੰਦੇ ਨੂੰ ਮਾਰਨ ਨਾਲ ਹੀ ਉਸ ਦੀ ਰੂਹ ਨੂੰ ਸਕੂਨ ਮਿਲ ਸਕਦਾ ਹੈ।

ਆਪਣੀ ਉਮਰ ਤੋਂ ਪਹਿਲਾਂ ਹੀ ਜੁਆਨ ਹੋਏ ਮੁੰਡੇ ਲਈ ਉਸ ਦੀ ਮਾਂ ਦਾ ਪੁਲਿਸ ਵਾਲੇ ਨਾਲ ਵਿਆਹ ਕਰਵਾ ਲੈਣਾ ਜੱਗੋਂ ਤੇਰਵੀਂ ਗੱਲ ਹੈ। ਉਹ ਆਪਣੇ ਪੁਰਾਣੇ ਅਤੇ ਢਹੇ ਘਰ ਨੂੰ ਹੀ ਆਪਣਾ ਟਿਕਾਣਾ ਬਣਾ ਲੈਂਦਾ ਹੈ ਪਰ ਜਲਦੀ ਹੀ ਮੌਸਮ, ਖਾਣ-ਪੀਣ ਦੀ ਕਮੀ ਅਤੇ ਲਗਾਤਾਰ ਚਿੰਤਾ ਵਿਚ ਰਹਿਣ ਕਾਰਨ ਉਹ ਬੁਰੀ ਤਰ੍ਹਾਂ ਬਿਮਾਰ ਹੋ ਜਾਂਦਾ ਹੈ। ਮਾਂ ਅਤੇ ਬਾਕੀ ਪਰਿਵਾਰ ਉਸ ਦੀ ਸਾਂਭ-ਸੰਭਾਲ ਲਈ ਉਸ ਨੂੰ ਜ਼ਬਰਦਸਤੀ ਨਵੇਂ ਘਰ ਵਿਚ ਲੈ ਆਉਂਦੇ ਹਨ। ਉਹ ਠੀਕ ਤਾਂ ਹੋ ਜਾਂਦਾ ਹੈ ਪਰ ਪਿਤਾ ਨਾਲ ਉਸ ਦੀ ਨਫਰਤ ਦਿਨੋ-ਦਿਨ ਵਧਦੀ ਜਾਂਦੀ ਹੈ। ਇੱਕ ਰਾਤ ਮੌਕਾ ਤਾੜ ਕੇ ਉਹ ਪਿਤਾ ਦਾ ਸਰਵਿਸ ਰਿਵਾਲਵਰ ਚੋਰੀ ਕਰ ਲੈਂਦਾ ਹੈ ਅਤੇ ਉਸ ਨੂੰ ਗੋਲੀ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਪਿਤਾ ਦੀ ਜਾਗ ਖੁੱਲ੍ਹਣ 'ਤੇ ਉਹ ਅਤੇ ਉਸ ਦਾ ਦੋਸਤ ਸ਼ਹਿਰ ਦੌੜ ਜਾਂਦੇ ਹਨ। ਹੁਣ ਪਿਤਾ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਉਹ ਮੁਜਰਿਮ ਹੈ। ਪਿਤਾ ਸਾਰੇ ਸ਼ਹਿਰ ਵਿਚ ਪੁਲਿਸ ਦੇ ਨਾਕੇ ਲਗਵਾ ਕੇ ਉਸ ਨੂੰ ਕਾਬੂ ਕਰ ਲੈਂਦਾ ਹੈ ਅਤੇ ਆਖਿਰ ਮੋਟਰ ਸਾਇਕਲ 'ਤੇ ਉਸ ਨੂੰ ਬੰਨ੍ਹ ਕੇ ਘਰ ਚੱਲ ਪੈਂਦਾ ਹੈ। ਘਰ ਦਾ ਰਸਤਾ ਲੰਮਾ ਹੋਣ ਦੇ ਨਾਲ-ਨਾਲ ਬੇਹੱਦ ਦੁਸ਼ਵਾਰ ਤੇ ਊਬੜ-ਖਾਬੜ ਵੀ ਹੈ। ਉਪਰੋਂ ਉਨ੍ਹਾਂ ਦੋਵਾਂ ਕਿਰਦਾਰਾਂ ਦੇ ਅੰਦਰ ਚੱਲ ਰਿਹਾ ਆਪਸੀ ਕਲੇਸ਼ ਹਾਲਾਤ ਨੂੰ ਅਸਹਿਣਯੋਗ ਬਣਾ ਧਰਦਾ ਹੈ। ਪਿਤਾ ਲਈ ਉਹ ਜ਼ਰੂਰੀ ਜ਼ਿੰਮੇਵਾਰੀ ਹੈ ਜਿਸ ਰਾਹੀ ਸਮਾਜ ਅਤੇ ਉਸ ਦੀ ਪਤਨੀ ਸਾਹਮਣੇ ਉਸ ਦੇ ਸੱਚ ਅਤੇ ਨੈਤਕਿਤਾ ਨੇ ਕੋਈ ਸ਼ਕਲ ਲੈਣੀ ਹੈ ਪਰ ਮੁੰਡੇ ਲਈ ਉਹ ਤਾਨਾਸ਼ਾਹੀ ਅਤੇ ਉਸ ਦੀ ਸ਼ਖਸੀ ਆਜ਼ਾਦੀ 'ਤੇ ਹੋਇਆ ਸਿੱਧਾ ਹਮਲਾ ਹੈ ਜਿਸ ਨੂੰ ਉਹ ਹਰ ਹੀਲੇ ਪਛਾੜ ਦੇਣਾ ਚਾਹੁੰਦਾ ਹੈ। ਕੁਦਰਤ ਉਨ੍ਹਾਂ ਦੋਵਾਂ ਦੀਆਂ ਸਾਰੀਆਂ ਭਾਵਨਾਵਾਂ ਤੇ ਇੱਕ-ਦੂਜੇ ਬਾਰੇ ਬਣਾਈਆਂ ਧਾਰਨਾਵਾਂ ਦਾ ਨਾ ਸਿਰਫ ਇਮਤਿਹਾਨ ਲੈਂਦੀ ਹੈ ਸਗੋਂ ਉਨ੍ਹਾਂ ਨੂੰ ਆਪਣੇ ਹੁਣ ਤੱਕ ਦੇ ਸਾਰੇ ਤਜਰਬਿਆਂ ਤੇ ਜ਼ਿੰਦਗੀ ਦੀ ਜਾਚ ਨੂੰ ਮੂਲੋਂ ਹੀ ਬਦਲਣ ਲਈ ਮਜਬੂਰ ਕਰ ਦਿੰਦੀ ਹੈ।

ਮਾਜਿਦ ਮਾਜੀਦੀ ਉਨ੍ਹਾਂ ਅੰਦਰ ਆਏ ਇਨ੍ਹਾਂ ਬਦਲਾਵਾਂ ਨੂੰ ਜਿੰਨੀ ਸਹਿਜਤਾ ਅਤੇ ਕੋਮਲਤਾ ਨਾਲ ਫਿਲਮਾਉਂਦਾ ਹੈ, ਉਹ ਉਸ ਨੂੰ ਦੁਨੀਆ ਦੇ ਬਿਹਰਤੀਨ ਫਿਲਮਸਾਜ਼ਾਂ ਵਿਚ ਲਿਆ ਖੜ੍ਹਾ ਕਰਦਾ ਹੈ। ਮਹਿਰੌਲਾ ਵਾਰ-ਵਾਰ ਉਸ ਤੋਂ ਹੱਥ ਛੁਡਾ ਕੇ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਹਰ ਵਾਰ ਪਿਤਾ ਉਸ ਨੂੰ ਵਾਪਿਸ ਰਸਤੇ 'ਤੇ ਲੈ ਆਉਂਦਾ ਹੈ। ਹੌਲੀ-ਹੌਲੀ ਕੁਦਰਤ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੰਦੀ ਹੈ। ਰਸਤਾ ਬੇਹੱਦ ਕਠਿਨ ਅਤੇ ਮੌਸਮ ਬੇਹੱਦ ਖਰਾਬ ਹੋਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦਾ ਮੋਟਰ ਸਾਈਕਲ ਰੁਕ ਜਾਂਦਾ ਹੈ। ਖਾਣ-ਪੀਣ ਦਾ ਸਾਮਾਨ ਖਤਮ ਹੋ ਜਾਂਦਾ ਹੈ। ਕਾਲੀਆਂ ਹਨੇਰੀਆਂ ਸਾਰੇ ਮਾਰੂਥਲ ਨੂੰ ਆਪਣੀ ਲਪੇਟ ਵਿਚ ਲੈ ਲੈਂਦੀਆਂ ਹਨ ਅਤੇ ਓਹ ਰਸਤਾ ਭਟਕ ਜਾਂਦੇ ਹਨ। ਆਖਿਰ ਪਾਣੀ ਦੀ ਆਖਰੀ ਬੂੰਦ ਵੀ ਸਮਾਪਤ ਹੋ ਜਾਂਦੀ ਹੈ। ਦੂਰ-ਦੂਰ ਤੱਕ ਸਿਵਾਏ ਮ੍ਰਿਗ-ਤ੍ਰਿਸ਼ਨਾ ਤੋਂ ਕੁਝ ਵੀ ਨਜ਼ਰ ਨਹੀਂ ਆ ਰਿਹਾ। ਦਰਖਤਾਂ ਦੇ ਪੱਤੇ ਵੀ ਕਾਲੇ ਪੈ ਗਏ ਹਨ। ਕਿਸੇ ਪਾਸੇ ਵੀ ਬੰਦਾ ਤਾਂ ਕੀ, ਕੋਈ ਜੀ-ਜਨੌਰ ਵੀ ਦਿਖਾਈ ਨਹੀਂ ਦੇ ਰਿਹਾ। ਸਾਰਾ ਕੁਝ ਧੁੰਦ ਅਤੇ ਗੁਬਾਰ ਦੀ ਲਪੇਟ ਵਿਚ ਹੈ। ਕੁਦਰਤ ਆਪਣਾ ਜ਼ੋਰ ਦਿਖਾ ਰਹੀ ਹੈ। ਪਿਉ ਇਹ ਮਾਰ ਨਾ ਝੱਲਦਿਆਂ ਬੇਹੋਸ਼ ਹੋ ਕੇ ਡਿਗ ਪੈਂਦਾ ਹੈ। ਮੁੰਡੇ ਲਈ ਜਿਵੇਂ ਕਿਸੇ ਨਵੀਂ ਦੁਨੀਆ ਦੀ ਸੰਭਾਵਨਾ ਅੱਖਾਂ ਅੱਗੇ ਢਹਿ-ਢੇਰੀ ਹੋ ਰਹੀ ਹੈ। ਉਹ 'ਅਸੰਭਵ' ਨਾਲ ਲੜਨ ਦਾ ਫੈਸਲਾ ਕਰਦਾ ਹੈ। ਉਹ ਪਿਉ ਨੂੰ ਹੋਸ਼ ਵਿਚ ਲਿਆਉਣ ਲਈ ਪਾਣੀ ਦੀ ਤਲਾਸ਼ ਵਿਚ ਦੌੜਦਾ ਹੈ। ਇੱਕ ਜਗ੍ਹਾ ਪਹਾੜ ਦੇ ਪਿੱਛੇ ਉਸ ਨੂੰ ਪਾਣੀ ਦਾ ਤਲਾਬ ਮਿਲ ਜਾਂਦਾ ਹੈ ਪਰ ਬੇਹੋਸ਼ ਪਿਤਾ ਤੱਕ ਪਾਣੀ ਕਿਵੇਂ ਪਹੁੰਚੇ? ਮੁੰਡੇ ਦੇ ਸਰੀਰ ਦੇ ਮੁਕਾਬਲੇ ਪਿਤਾ ਦਾ ਵਜ਼ਨ ਅਤੇ ਕੱਦ ਪਹਾੜ ਵਾਂਗ ਹੈ ਪਰ ਉਹ ਪਿਤਾ ਅੰਦਰ ਧੜਕ ਰਹੇ ਕੋਮਲ ਅਤੇ ਨਿੱਘੇ ਦਿਲ ਦੀ ਨੇੜਤਾ ਮਾਣ ਚੁੱਕਾ ਹੈ। ਜਿਸ ਇਨਸਾਨ ਨੂੰ ਮਾਰਨ ਦੇ ਇਰਾਦੇ ਨੇ ਉਸ ਨੂੰ ਹੁਣ ਤੱਕ ਜ਼ਿੰਦਾ ਰੱਖਿਆ ਸੀ, ਹੁਣ ਉਸ ਨੂੰ ਹਰ ਹੀਲੇ ਬਣਾਉਣ ਦਾ ਜਨੂਨ ਉਸ ਦੇ ਸਿਰ 'ਤੇ ਸਵਾਰ ਹੋ ਜਾਂਦਾ ਹੈ। ਉਹ ਪਿਤਾ ਨੂੰ ਪਾਣੀ ਤੱਕ ਘੜੀਸਣ ਲਈ ਆਪਣੀ ਛੋਟੀ ਜਿਹੀ ਜ਼ਿੰਦ ਦਾਅ 'ਤੇ ਲਗਾ ਦਿੰਦਾ ਹੈ। ਇਸ ਫਿਲਮ ਦਾ ਇਹ ਆਖਰੀ ਦ੍ਰਿਸ਼ ਬੇਹੱਦ ਮਾਰਮਿਕ ਹੈ। ਮਾਜਿਦ ਮਾਜੀਦੀ ਨੇ ਵਿਸ਼ਾਲ ਮਾਰੂਥਲ ਵਿਚ ਪਿਉ-ਪੁੱਤ ਦੇ ਅਕਸ, ਜਿੰਨੀ ਮੁਹਾਰਤ ਨਾਲ ਖਿੱਚੇ ਹਨ, ਉਹ ਕਮਾਲ ਹਨ। ਫਿਲਮ ਦੇ ਅੰਤ ਵਿਚ ਪਿਤਾ ਪਾਣੀ ਦੇ ਤਲਾਬ ਵਿਚ ਮੂਧਾ ਪਿਆ ਹੈ ਤੇ ਉਸ ਦੀਆਂ ਉਂਗਲਾਂ ਹਰਕਤ ਕਰਦੀਆਂ ਹਨ। ਪਾਣੀ ਉਸ ਦੇ ਸਾਹ ਵਾਪਿਸ ਮੋੜ ਲਿਆਉਂਦਾ ਹੈ।

ਮਾਜਿਦ ਮਾਜੀਦੀ ਦੀਆਂ ਫਿਲਮਾਂ ਦਾ ਸਭ ਤੋਂ ਖੂਬਸੂਰਤ ਗੁਣ ਉਹ ਰੂਹਾਨੀ ਅਤੇ ਆਤਮਿਕ ਮੋੜ ਹਨ ਜਿਨ੍ਹਾਂ ਰਾਹੀਂ ਉਹ ਕੁਦਰਤ ਅਤੇ ਬੰਦੇ ਨੂੰ ਇੱਕੋ ਲੜੀ ਵਿਚ ਪਰੋ ਦਿੰਦਾ ਹੈ। ਉਸ ਦੀਆਂ ਫਿਲਮਾਂ ਵਿਚ ਬੰਦੇ ਦੀ ਰੂਹ ਅਤੇ ਉਸ ਦੇ ਸਰੀਰ ਦਾ ਸੰਵਾਦ ਲਗਾਤਾਰ ਚਲਦਾ ਰਹਿੰਦਾ ਹੈ। ਇਨ੍ਹਾਂ ਫਿਲਮਾਂ ਵਿਚ ਕਿਰਦਾਰ ਕਿਤੇ ਵੀ ਗਰੀਬੀ ਜਾਂ ਨਿਰਾਸ਼ਾ ਵਿਚ ਡੁੱਬ ਕੇ ਜ਼ਿੰਦਗੀ ਤਤ ਭੱਜਦੇ ਨਹੀਂ ਸਗੋਂ ਉਹ ਆਪਸੀ ਮੁਹੱਬਤ ਅਤੇ ਖਲੂਸ ਰਾਹੀ ਇਨ੍ਹਾਂ ਹੀ ਤੰਗੀਆਂ ਤੇ ਦੁਸ਼ਵਾਰੀਆਂ ਵਿਚ ਜਿਊਣ ਤੇ ਖੁਸ਼ੀ ਮਾਣਨ ਦੇ ਨਵੇਂ ਢੰਗ ਲੱਭ ਲੈਂਦੇ ਹਨ। ਇਸ ਤੋਂ ਇਲਾਵਾ ਉਸ ਦੀਆਂ ਫਿਲਮਾਂ ਵਿਚ ਮਨੁੱਖੀ ਰਿਸ਼ਤਿਆਂ ਅਤੇ ਸਮਾਜਿਕ ਮੋਹ ਤੇ ਸਿਆਣਪ ਨੂੰ ਜਿੰਨੀ ਸਪੇਸ ਦਿੱਤੀ ਜਾਂਦੀ ਹੈ, ਉਸ ਦਾ ਸਿਨੇਮਾ ਅੱਜ ਦੇ ਦਰਸ਼ਕਾਂ ਨੂੰ ਪੁਰਾਣੀਆਂ ਪਰੀ-ਕਹਾਣੀਆਂ ਵਰਗਾ ਜ਼ਰੂਰ ਲੱਗ ਸਕਦਾ ਹੈ ਪਰ ਕੋਈ ਵੀ ਮਨੁੱਖ ਮਿੱਥਕਾਂ, ਚਿੰਨ੍ਹਾਂ, ਸੂਚਕਾਂ, ਕਹਾਣੀਆਂ, ਯਾਦਾਂ ਤੇ ਚੇਤਿਆਂ ਤੋਂ ਬਿਨਾ ਹੈ ਵੀ ਕੀ?



*ਫਿਲਮ 'ਫਾਦਰ' ਵਿਚ ਮਾਰੂਥਲ ਵਿਚ ਜਾ ਰਹੇ ਪਿਉ-ਪੁੱਤਰ।*



*ਫਿਲਮ 'ਫਾਦਰ' ਵਿਚ ਪਿਉ ਨੂੰ ਸੰਭਾਲ ਰਿਹਾ ਪੁੱਤਰ।*

# ਸਰਵਤ ਗਿਲਾਨੀ ਦਾ ਝੋਰਾ

ਮਸ਼ਹੂਰ ਸ਼ੋਅ 'ਚੁੜੇਲਜ਼' ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਪਾਕਿਸਤਾਨੀ ਕਲਾਕਾਰ ਸਰਵਤ ਗਿਲਾਨੀ ਨੂੰ ਪ੍ਰਸਿੱਧ ਅਦਾਕਾਰ ਇਰਫਾਨ ਖਾਨ ਨਾਲ ਕੰਮ ਨਾ ਕਰਨ ਦਾ ਬਹੁਤ ਜ਼ਿਆਦਾ ਅਫਸੋਸ ਹੈ। ਸਰਵਤ ਨੇ ਦਾਅਵਾ ਕੀਤਾ ਕਿ ਉਸ ਨੂੰ ਇਰਫਾਨ ਖਾਨ ਨਾਲ ਫਿਲਮ ਦੀ ਪੇਸ਼ਕਸ਼ ਮਿਲੀ ਸੀ ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਕਾਰਨ ਇਹ ਪ੍ਰਾਜੈਕਟ ਸਿਰੇ ਨਹੀਂ ਚੜ੍ਹ ਸਕਿਆ। ਉਸ ਨੇ ਕਿਹਾ ਕਿ ਇਰਫਾਨ ਖਾਨ ਜਿਸ ਦਾ ਅਪਰੈਲ 'ਚ ਦੇਹਾਂਤ ਹੋ ਗਿਆ ਸੀ, ਪਾਕਿਸਤਾਨ ਵਿਚ ਵੀ ਮਕਬੂਲ ਸੀ। ਉਸ ਦੱਸਿਆ, "ਇਰਫਾਨ ਖਾਨ ਦੀ ਟੀਮ ਪਾਕਿਸਤਾਨ ਤੋਂ ਕਲਾਕਾਰ ਦੀ ਭਾਲ ਕਰ ਰਹੀ ਸੀ। ਉਨ੍ਹਾਂ 'ਮਾਤਾ-ਏ-ਜਾਨ ਹੈ ਤੂ' ਵਿਚ ਮੇਰਾ ਕੰਮ ਪਸੰਦ ਕੀਤਾ ਸੀ। ਉਨ੍ਹਾਂ ਮਹਿਰੀਨ ਜੱਬਾਰ ਨਾਲ ਸੰਪਰਕ ਕੀਤਾ ਜੋ ਸਾਡੇ ਸ਼ੋਅ ਦੀ ਡਾਇਰੈਕਟਰ ਹੈ। ਮਹਿਰੀਨ ਨੇ ਮੈਨੂੰ ਦੱਸਿਆ ਸੀ ਕਿ ਇਰਫਾਨ ਖਾਨ ਨਾਲ ਭੂਮਿਕਾ ਲਈ ਉਹ ਹੀਰੋਇਨ ਲੱਭ ਰਹੇ ਹਨ ਪਰ ਦੋਵੇਂ ਮੁਲਕਾਂ ਵਿਚਕਾਰ ਸਿਆਸੀ ਡਰਾਮੇ ਨੇ ਕੀਤੇ-ਕਰਾਏ 'ਤੇ ਪਾਣੀ ਫੇਰ ਦਿੱਤਾ।"

ਸਰਵਤ ਨੇ ਦੱਸਿਆ ਕਿ ਜਦੋਂ ਇਰਫਾਨ ਦੀ ਮੌਤ ਹੋਈ ਤਾਂ ਉਸ ਦੀ ਮਾਂ ਦੇ ਹੰਝੂ ਰੁਕ ਨਹੀਂ ਰਹੇ ਸਨ। ਦੋਹਾਂ ਗੁਆਂਢੀ ਮੁਲਕਾਂ ਦੇ ਲੋਕ ਇਕ-ਦੂਜੇ ਦੇ ਵਿਰੁਧ ਨਹੀਂ ਹਨ ਪਰ ਸਿਆਸਤ



ਅਕਸਰ ਕਲਾ ਅਤੇ ਸੰਗੀਤ ਦੇ ਆਦਾਨ-ਪ੍ਰਦਾਨ 'ਚ ਅੜਿੱਕੇ ਖੜ੍ਹੇ ਕਰਦੀ ਹੈ। ਸਰਵਤ ਗਿਲਾਨੀ ਭਾਵੇਂ ਇਰਫਾਨ ਖਾਨ ਵਰਗੇ ਉਮਦਾ ਕਲਾਕਾਰ ਨਾਲ ਕੰਮ ਨਹੀਂ ਕਰ ਸਕੀ, ਪਰ ਉਸ ਨੇ ਆਸ ਜਤਾਈ ਹੈ ਕਿ ਪਾਕਿਸਤਾਨ ਅਤੇ ਭਾਰਤ ਵਿਚਕਾਰ ਸਬੰਧ ਸੁਖਾਵੇਂ ਹੋ ਜਾਣਗੇ ਅਤੇ ਦੋਹਾਂ ਮੁਲਕਾਂ ਦੇ ਕਲਾਕਾਰਾਂ ਨੂੰ ਇਕ ਦੂਜੇ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ 1947 ਵਿਚ ਹੋਈ ਵੰਡ ਤੋਂ ਪਹਿਲਾਂ ਦੋਵੇਂ ਮੁਲਕ ਇਕੋ ਹੀ ਹਨ, ਇਸ ਲਈ ਦੋਹਾਂ ਮੁਲਕਾਂ ਦੇ ਬਾਸ਼ਿੰਦਿਆਂ ਵਿਚਕਾਰ ਦੂਰੀਆਂ ਬਿਲਕੁਲ ਨਹੀਂ ਹਨ। ਹਾਂ, ਦੋਹਾਂ ਮੁਲਕਾਂ ਦੇ ਵੱਖ-ਵੱਖ ਲੀਡਰਾਂ ਦੀ ਆਪੋ-ਆਪਣੀ ਸਿਆਸਤ ਕਾਰਨ ਦੋਹਾਂ ਮੁਲਕਾਂ ਦੇ ਆਮ ਲੋਕਾਂ ਵਿਚਕਾਰ ਦੂਰੀਆਂ ਪੈ ਗਈਆਂ ਹਨ। ਉਂਜ, ਲੋਕ ਹੁਣ ਸਿਆਸਤਦਾਨਾਂ ਦੀਆਂ ਅਜਿਹੀਆਂ ਕਾਰਵਾਈਆਂ ਨੂੰ ਹੁਣ ਬਹੁਤ ਚੰਗੀ ਤਰ੍ਹਾਂ ਸਮਝਣ ਲੱਗੇ ਹਨ।

ਸਰਵਤ ਗਿਲਾਨੀ ਨੇ ਦਾਅਵਾ ਕੀਤਾ ਕਿ ਦੋਹਾਂ ਮੁਲਕਾਂ ਦੇ ਲੋਕ ਇਕ ਦੂਜੇ ਨੂੰ ਬਹੁਤ ਪਿਆਰ ਅਤੇ ਮੁਹੱਬਤ ਕਰਦੇ ਹਨ। ਇਸ ਦਾ ਇਜ਼ਹਾਰ ਵੱਖ-ਵੱਖ ਮੌਕਿਆਂ 'ਤੇ ਸਾਹਮਣੇ ਵੀ ਆਉਂਦਾ ਰਹਿੰਦਾ ਹੈ। ਸ਼ਾਲਾ! ਆਉਣ ਵਾਲਾ ਸਮਾਂ ਦੋਹਾਂ ਮੁਲਕਾਂ ਲਈ ਮੁਹੱਬਤਾਂ ਦੇ ਪੈਗਾਮ ਲੈ ਕੇ ਆਵੇ। ਉਸ ਨੇ ਕਿਹਾ ਕਿ ਦੋਹਾਂ ਮੁਲਕਾਂ ਦੇ ਕਲਾਕਾਰਾਂ ਵਿਚਕਾਰ ਜਿੰਨਾ ਜ਼ਿਆਦਾ ਰਾਬਤਾ ਬਣੇਗਾ, ਓਨੀ ਹੀ ਆਮ ਲੋਕਾਂ ਵਿਚ ਨੇੜਤਾ ਦਾ ਸਬਬ ਬਣੇਗਾ। ਇਸ ਵਿਚ ਦੋਹਾਂ ਮੁਲਕਾਂ ਦੀ ਅਵਾਮ ਦੀ ਭਲਾਈ ਹੈ। **-ਆਮਨਾ ਕੌਰ**


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 45 Cent + Team 52 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com